# ਦਸਮ ਗ੍ਰੰਥ ਦਰਸ਼ਨ

ਪਿਆਰਾ ਸਿੰਘ ਪਦਮ

WWW.SIKHBOOKCLUB.COM

# ਦਸਮ ਗ੍ਰੰਥ ਦਰਸ਼ਨ

SIKHBOOKCLUB.COM

ਪਿਆਰਾ ਸਿੰਘ ਪਦਮ

WWW.SIKHBOOKCLUB.COM


2008

DASAM GRANTH DARSHAN

*A critique on the Granth of Guru Gobind Singh*

*by*

PIARA SINGH PADAM

ਪਹਿਲੀ ਵਾਰ 1969
ਦੂਜੀ ਵਾਰ 1982
ਤੀਜੀ ਵਾਰ 1990
ਚੌਥੀ ਵਾਰ 1998
ਪੰਜਵੀਂ ਵਾਰ 2008

SIKHBOOKCLUB.COM

ਮੁੱਲ : 100-00 ਰੁਪਏ

*ਮਿਲਣ ਦਾ ਪਤਾ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਪ੍ਰਕਾਸ਼ਕ :*

ਕਲਮ ਮੰਦਿਰ, ਲੋਇਰ ਮਾਲ, ਪਟਿਆਲਾ



ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਬੇਨਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਦ ਸ੍ਰੀ ਦਸਮ ਗ੍ਰੰਥ ਸਿੱਖਾਂ ਲਈ ਮਾਨਨੀਕ ਗ੍ਰੰਥ ਹੈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਬਾਣੀ ਤੇ ਹੋਰ ਰਚਨਾ ਸੰਗ੍ਰਹਿਤ ਹੈ। ਇਸ ਬਾਣੀ ਨੇ ਜਿਥੇ ਧਰਮ ਜੁੱਧ ਦਾ ਚਾਉ ਪੈਦਾ ਕਰਕੇ ਸੰਗ੍ਰਾਮੀਏ ਖ਼ਾਲਸੇ ਨੂੰ ਤਿਆਰ-ਬਰ-ਤਿਆਰ ਕੀਤਾ ਹੈ, ਉਥੇ ਮਨੁੱਖ ਨੂੰ ਸੱਚੇ ਧਰਮ, ਜ਼ਿੰਦਗੀ ਦੀ ਏਕਤਾ ਅਤੇ ਪ੍ਰੇਮ ਪਿਆਰ ਦਾ ਸਬਕ ਵੀ ਦ੍ਰਿੜ੍ਹਾਇਆ ਹੈ। ਇਹ ਪ੍ਰੇਮ ਪਿਆਰ ਦਾ ਹਥਿਆਰ ਐਸਾ ਹੈ, ਜੋ ਹਰ ਯੁਗ ਤੇ ਹਰ ਦੇਸ ਕਾਲ ਵਿਚ ਮਨੁੱਖਤਾ ਨੂੰ ਵਿਜਈ ਬਣਾਉਂਦਾ ਆਇਆ ਹੈ। ਸ੍ਰੀ ਦਸਮੇਸ਼ ਗੁਰੂ ਬੁਨਿਆਦੀ ਨੁਕਤਾ ਸਮਝਾ ਗਏ ਸਨ ਕਿ ਪਰਮੇਸ਼ਰ ਪ੍ਰੇਮ ਬਣ ਕੇ ਸਰਬ-ਵਿਆਪਕ ਹੋ ਰਿਹਾ ਹੈ ਤੇ ਉਸਨੂੰ ਪਾਉਣ ਦਾ ਸਾਧਨ ਵੀ ਇਕੋ ਇਕ ਪ੍ਰੇਮ-ਮਾਰਗ ਹੈ।

ਕਈ ਵਾਰ ਸਮਕਾਲੀ ਪਰਿਸਥਿਤੀਆਂ ਐਸੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਨੂੰ ਦੂਰ ਕਰਕੇ ਹੀ ਇਸ ਮਾਰਗ ਨੂੰ ਵਧੇਰੇ ਸਪੱਸ਼ਟ, ਸਿੱਧਾ ਤੇ ਸ਼ਕਤੀਵਾਨ ਕੀਤਾ ਜਾ ਸਕਦਾ ਹੈ। ਮਹਾਂਪੁਰਸ਼ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਦੇ, ਸਗੋਂ ਆਈਆਂ ਰੁਕਾਵਟਾਂ ਨੂੰ ਪਰ੍ਹੇ ਹਟਾਉਣ ਦਾ ਵੀ ਉਪਰਾਲਾ ਕਰਦੇ ਹਨ। ਉਸ ਸਮੇਂ ਦੇ ਹਿੰਦੀ ਸਮਾਜ ਵਿਚ ਸਾਹਸਹੀਨਤਾ ਤੇ ਆਲਸ ਘਰ ਕਰ ਗਿਆ ਸੀ। ਇਸਨੂੰ ਦੂਰ ਕਰਨ ਲਈ ਸਤਿਗੁਰਾਂ 'ਬਚਿੱਤ੍ਰ ਨਾਟਕ' ਵਿਚ ਦੇਸ ਦੇ ਸਾਰੇ ਮਾਨਨੀਕ ਨਾਇਕ/ਨਾਇਕਾਵਾਂ ਦੇ ਪ੍ਰਸੰਗ ਜੁਝਾਰ ਸ਼ੈਲੀ ਵਿਚ ਲਿਖੇ, ਤਾਂਕਿ ਲੋਕ ਉਸ ਤੋਂ ਪ੍ਰੇਰਨਾ ਲੈ ਕੇ ਅੱਗੇ ਆਉਣ। ਇਸ ਤਰ੍ਹਾਂ ਕੁਝ ਲੋਕ ਸਦਾਚਾਰ ਤੋਂ ਹਟਕ ਕੇ ਵਿਭਚਾਰ ਦੇ ਟੋਏ ਵਿਚ ਡਿਗ ਰਹੇ ਸਨ, ਉਨ੍ਹਾਂ ਨੂੰ ਤਾੜਨਾ ਕਰਨ ਲਈ ਸੈਂਕੜੇ ਕਹਾਣੀਆਂ ਜੋੜ ਕੇ 'ਚਰਿਤ੍ਰ ਪਖ੍ਯਾਨ' ਗ੍ਰੰਥ ਤਿਆਰ ਕੀਤਾ ਗਿਆ। ਮਨੋਰਥ ਇਤਨਾ ਹੀ ਸੀ ਕਿ ਜਨ-ਸਾਧਾਰਨ ਹਰ ਕਿਸਮ ਦੀ ਬੁਰਿਆਈ ਤੋਂ ਸਾਵਧਾਨ ਹੋ ਜਾਵੇ।

ਸੋ, ਜਿਸ ਮੰਤਵ ਲਈ ਇਹ ਗ੍ਰੰਥ ਲਿਖੇ ਗਏ, ਉਸੇ ਨੂੰ ਮੁਖ ਰੱਖ ਕੇ ਇਨ੍ਹਾਂ ਦਾ ਪਾਠ ਵਿਚਾਰ ਕਰਨਾ ਚਾਹੀਦਾ ਹੈ। ਬਾਕੀ ਝਗੜੇ ਕਰਨਾ ਨਿਰਮੂਲ ਹੈ। ਤਿੰਨ ਸਦੀਆਂ ਤੋਂ ਸਿਖ ਇਨ੍ਹਾਂ ਗ੍ਰੰਥਾਂ ਦੀਆਂ ਵਿਸ਼ੇਸ਼ ਟੂਕਾਂ ਨੂੰ ਬਾਣੀ ਸਮਝ ਕੇ ਪੜ੍ਹਦੇ ਤੇ ਮੰਨਦੇ ਆ ਰਹੇ ਹਨ। ਅੱਜ ਇਸ ਬਾਰੇ ਵਾਦ-ਵਿਵਾਦ ਖੜ੍ਹਾ ਕਰਨਾ, ਨਾ ਇਤਿਹਾਸਕ ਸਚਾਈ ਹੈ ਤੇ ਨਾ ਹੀ ਗੁਣਕਾਰੀ।

5 ਜਨਵਰੀ, 1998 — ਪਿਆਰਾ ਸਿੰਘ ਪਦਮ
(ਪੋਹ ਸੁਦੀ ਸਪਤਮੀ)

# ਇਕ ਪ੍ਰਸ਼ੰਸਾ

ਡਾ. ਬਲਬੀਰ ਸਿੰਘ ਡੇਹਰਾਦੂਨ

'ਸੋਧਕ ਕਮੇਟੀ ਨੇ 30 ਜਾਂ 32 ਬੀੜਾਂ ਦੇ ਮੇਲ-ਮਿਲਾਪ ਦੁਆਰਾ ਸੁਧਾਈ ਦੇ ਸਬੰਧ ਵਿਚ ਏਸ ਗੱਲ ਉਪਰ ਧਿਆਨ ਦੁਆਇਆ ਤੇ ਇਸ ਸਿੱਟੇ ਉਪਰ ਪਹੁੰਚੇ ਕਿ ਸਾਰੀ ਬੀੜ ਗੁਰ-ਲਿਖਤ ਹੈ। ਥੋੜਾ ਚਿਰ ਹੋਇਆ ਤੇ ਅੰਗ੍ਰੇਜ਼ੀ ਵਿਚ ਇਕ ਖੋਜ-ਪੁਸਤਕ ਛਪੀ (The Poetry of Dasam Granth by D. P. Ashta) (1959) ਇਸ ਵਿਚ ਏਸੇ ਪੱਖ ਨੂੰ ਮੰਨਿਆ ਗਿਆ, ਕਿ ਸਾਰੀ ਬੀੜ ਗੁਰਲਿਖਤ ਹੈ। ਇਸ ਤੋਂ ਪਿਛੋਂ ਫੇਰ ਇਕ ਪੁਸਤਕ ਛਪਦੀ ਹੈ 'ਦਸਮ ਗ੍ਰੰਥ ਦਾ ਕਰਤ੍ਰਿਤਵ' ਕਰਤਾ ਡਾਕਟਰ ਰਤਨ ਸਿੰਘ ਜੱਗੀ (1966)। ਇਸ ਵਿਚ ਉਸ ਪੱਖ ਦਾ ਖੰਡਨ ਹੈ, ਜੋ ਸੋਧਕ ਕਮੇਟੀ ਨੇ ਪੇਸ਼ ਕੀਤਾ ਤੇ ਅਸ਼ਟਾ ਜੀ ਨੇ ਅਪਨਾਯਾ। ਇਸ ਤੋਂ ਬਾਦ ਫੇਰ ਇਕ ਹੋਰ ਰਚਨਾ ਹੈ ਜੋ ਅਜ ਕੱਲ ਦੇ ਲਿਹਾਜ਼ ਨਾਲ ਆਖਰੀ ਹੈ, ਇਹ ਹੈ, 'ਦਸਮ ਗ੍ਰੰਥ ਦਰਸ਼ਨ'-ਲੇਖਕ ਪਿਆਰਾ ਸਿੰਘ ਪਦਮ (1968)। ਇਸ ਵਿਚ ਜੋ ਰਤਨ ਸਿੰਘ ਜੱਗੀ ਨੇ ਖੰਡਨ ਕੀਤਾ ਹੈ,ਉਸ ਖੰਡਨ ਦਾ ਖੰਡਨ ਹੈ।

ਹੁਣ ਵਕਤ ਆ ਰਿਹਾ ਹੈ ਕਿ ਦਸਮ ਗ੍ਰੰਥ ਦੇ ਸਾਹਿਤ ਦਾ ਪ੍ਰਭਾਵ ਫਿਰ ਮਹਿਸੂਸ ਕੀਤਾ ਜਾਵੇ। ਜਿਸ ਉਦੇਸ਼ ਨੂੰ ਲੈ ਕੇ ਗੁਰੂ ਜੀ ਨੇ ਸਾਹਿਤ-ਰਚਨਾ ਕੀਤੀ ਸੀ, ਉਸ ਨੂੰ ਮੁੜ ਸੁਰਜੀਤ ਕੀਤਾ ਜਾਏ। ਗੁਰੂ ਜੀ ਦਾ ਆਸ਼ਾ ਸੀ ਕਿ ਗਿਰੀ ਹੋਈ ਸ੍ਰੇਣੀ ਨੂੰ ਉੱਚਾ ਕਰਨ ਲਈ ਬਲਵਾਨ ਸਾਹਿਤ ਦੀ ਲੋੜ ਹੈ। ਉਨ੍ਹਾਂ ਸਾਹਿਤ ਵੀ ਰਚਿਆ ਤੇ ਉਸ ਰਚਨਾ ਦਾ ਅਸਰ ਵੀ ਪ੍ਰਤੱਖ ਕਰਕੇ ਦਿਖਾ ਦਿਤਾ। ਅਸੀਂ ਜਿਸ ਵੇਲੇ ਦਿਮਾਗੀ ਬਹਿਸ ਵਿਚ ਪੈ ਜਾਂਦੇ ਹਾਂ ਤਾਂ ਸਾਰ ਵਸਤੂ ਤੋਂ ਉਖੜ ਜਾਂਦੇ ਹਨ। ਸਾਨੂੰ ਕੁਛ ਸਬਕ ਪੱਛਮੀਆਂ ਕੋਲੋਂ ਲੈ ਲੈਣਾ ਚਾਹੀਦਾ ਹੈ। ਇੰਗਲੈਂਡ ਵਿਚ ਦੋ ਸ਼ੈਕਸਪੀਅਰ ਦੀ ਹਸਤੀ ਬਾਰੇ ਸ਼ੰਕੇ ਹਨ। ਪਰ ਇਸ ਦੇ ਬਾਵਜੂਦ ਸ਼ੈਕਸਪੀਅਰ ਦੀ ਰਚਨਾ ਦਾ ਪ੍ਰਭਾਵ ਵੈਸੇ ਦਾ ਵੈਸਾ ਹੀ ਹੈ। ਅਸੀਂ ਜਿਸ ਵੇਲੇ ਧਰਮ-ਪੁਸਤਕਾਂ ਸੰਬੰਧੀ ਨਿਜੀ ਸੰਦੇਹ ਪ੍ਰਗਟ ਕਰਦੇ ਹਾਂ ਤਾਂ ਸਤਿਕਾਰ ਦਾ ਸਾਰਾ ਵਾਯੂ ਮੰਡਲ ਵਿਗਾੜ ਲੈਂਦੇ ਹਾਂ। ਜ਼ਰੂਰਤ ਹੈ, ਦਸਮ ਗ੍ਰੰਥ ਦੇ ਉਦੇਸ਼ ਨੂੰ ਸਮਝਣ ਦੀ, ਤੇ ਉਸ ਮੰਤਵ ਨੂੰ ਪ੍ਰਾਪਤ ਕਰਨ ਲਈ ਹੰਭਲਾ ਮਾਰਨ ਦੀ ਜਿਹੜਾ ਇਨਕਲਾਬੀ ਟੀਚਾ ਇਸ ਸਾਹਿਤ ਨੇ ਸਾਡੇ ਸਾਹਮਣੇ ਰਖਿਆ।

ਇਹ ਗੱਲ ਕਦੇ ਵੀ ਅੱਖੋਂ ਉਹਲੇ ਨਹੀਂ ਹੋਣੀ ਚਾਹੀਦੀ ਕਿ ਗੁਰੂ ਗੋਬਿੰਦ ਸਿੰਘ ਵਰਗੀ ਕ੍ਰਾਂਤੀਕਾਰੀ ਹਸਤੀ ਦੀ ਰਚਨਾ ਵਿਚ ਕੁਛ ਖਾਸ ਵਿਚਿਤ੍ਰਤਾ ਹੈ। ਚਾਹੇ ਸਾਡੀ ਅਣਗਹਲੀ ਜਾਂ ਅਰੁਚੀ ਕਾਰਣ ਇਹ ਰਚਨਾ ਸਾਡੇ ਪ੍ਰਚਾਰ ਦੇ ਦਾਇਰੇ ਤੋਂ ਬਾਹਰਵਾਰ ਰਹੀ ਹੈ ਪਰ ਇਸ ਰਚਨਾ ਦੀ ਬੁਝੀ ਹੋਈ ਭਸਮ ਵਿਚ ਵੀ ਦੱਬੇ ਹੋਏ ਲਾਲ ਅੰਗਾਰੇ ਹਨ। ਜੇ ਲੋਕ ਸਮੇਂ ਸਿਰ ਕਦਰ ਕਰਦੇ ਹਨ ਤੇ ਅੰਦੋਲਨ ਦਾ ਕਾਰਜ ਸੰਪੂਰਣਤਾ ਤਕ ਲਿਜਾ ਸਕਦੇ ਹਨ। 8—11—69 ['ਦਸਮ ਗ੍ਰੰਥ ਰੂਪ-ਰਤਕਰਾ', ਦੀ ਭੂਮਿਕਾ ਵਿਚੋਂ]

WWW.SIKHBOOKCLUB.COM

ਪੰਥਾਂ ਦੀ ਰਾਇ—

(1) ਅਣਜਾਣ ਤੇ ਅਧਪੜ੍ਹੇ ਲੋਕਾਂ ਦਸਮ ਗਰੰਥ ਨੂੰ ਵਾਧੂ ਵਾਦ ਵਿਵਾਦ ਦਾ ਵਿਸ਼ਾ ਬਣਾ ਲਿਆ ਹੈ ਜਦੋਂ ਕਿ ਦਸਮ ਪਾਤਸ਼ਾਹ ਦੀ ਇਹ ਬਲਵਾਨ ਰਚਨਾ ਇਤਿਹਾਸ, ਰਵਾਇਤ ਤੇ ਸੰਪ੍ਰਦਾਈ ਟਕਸਾਲਾਂ ਦੀ ਮੰਨਤ ਅਨੁਸਾਰ ਗੁਰੂ ਜੀ ਦੀ ਆਪਣੀ ਕਿਰਤ ਹੈ। ਪਦਮ ਜੀ ਸਿਖ ਪੰਥ ਦੇ ਉਘੇ ਵਿਦਵਾਨ ਹਨ। ਉਨ੍ਹਾਂ ਬੜੀ ਸਪਸ਼ਟਤਾ ਤੇ ਤਰਕ ਸ਼ਕਤੀ ਨਾਲ ਵਾਦੀਆਂ ਦੀਆਂ ਸ਼ੰਕਾਵਾਂ ਦਾ ਸਮਾਧਾਨ ਕੀਤਾ ਹੈ। ਆਪਨੇ ਪ੍ਰਾਚੀਨ ਬੀੜਾਂ ਦੇ ਪ੍ਰਮਾਣੀਕ ਹਵਾਲਿਆਂ ਨਾਲ ਜਿਥੇ ਸਾਰੀ ਚਰਚਾ ਕੀਤੀ ਹੈ, ਉਥੇ ਪਹਿਲੀ ਵਾਰ ਹਰ ਬਾਣੀ ਦਾ ਸੁਤੰਤਰ ਵਿਵੇਚਨ ਵੀ ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਖਾਲਸਾ ਪੰਥ, ਦਸਮੇਸ਼-ਬਾਣੀ ਦੀ ਸਪ੍ਰਿਟ ਨੂੰ ਅਪਣਾਵੇ ਤੇ ਕਮਾਵੇ ਤਾਂ ਹੀ ਉਹ 'ਗਰੀਬ ਗੰਜਨ ਦੁਸ਼ਟ ਭੰਜਨ' ਵਰਗੇ ਸਿੰਘ-ਕਰੱਤਵ ਦੀ ਪਾਲਣਾ ਕਰ ਸਕਦਾ ਹੈ।

ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

(2) ਡਾ. ਬਲਬੀਰ ਸਿੰਘ ਡੇਹਰਾਦੂਨ ਵਾਲਿਆਂ ਠੀਕ ਕਿਹਾ ਸੀ ਕਿ ਦਸਮ ਗਰੰਥ ਦੇ ਮਸਲੇ ਤੇ ਪਦਮ ਜੀ ਦੀ ਪੁਸਤਕ ਇਕ ਤਰ੍ਹਾਂ ਆਖਰੀ ਚੀਜ਼ ਹੈ। ਜਿਵੇਂ ਵਿਦ-ਵਾਨ ਕਰਤਾ ਨੇ ਵਿਰੋਧੀਆਂ ਦੀਆਂ ਘੁੰਡੂਬਾਜ਼ੀਆਂ ਦਾ ਖੰਡਨ ਕੀਤਾ ਹੈ, ਉਹ ਸਚ-ਮੁਚ ਬੇਮਿਸਾਲ ਹੈ। ਅਸਾਂ ਕਿਸੇ ਇਕ ਪੁਸਤਕ ਵਿਚ ਦਸਮ ਗਰੰਥ ਬਾਰੇ ਇਤਨੀ ਸਮੱਗਰੀ ਨਹੀਂ ਡਿਠੀ ਜਿਤਨੀ ਕਿ ਇਥੇ ਦਿਤੀ ਹੈ। ਹਰ ਸਿਖ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਖ ਸਰਦਾਰ ਯਾ ਸਿੰਘ ਸਰਕਾਰ ਸਭ 'ਦਸਮ ਗਰੰਥ' ਦਾ ਚਮਤਕਾਰ ਸੀ। ਇਸੇ ਪ੍ਰਚੰਡ ਬਾਣੀ ਸਦਕੇ ਪੰਜਾਬ ਵਿਚ ਕ੍ਰਾਂਤੀ ਆਈ ਤੇ ਇਸੇ ਆਸਰੇ ਖਾਲਸਾ ਪੰਥ ਕਾਇਮ ਹੈ। ਜੋ ਲੋਕ ਮਨੋ ਕਲਪਿਤ ਸ਼ੰਕੇ ਉਠਾਕੇ ਸੰਦੇਹ ਪੈਦਾ ਕਰ ਰਹੇ ਹਨ, ਉਹ ਸਾਡੀਆਂ ਬੁਨਿਆਦਾਂ ਨੂੰ ਠੇਸ ਲਾ ਰਹੇ ਹਨ। ਪਦਮ ਜੀ ਨੇ ਇਹ ਰੇਤ ਦੀਆਂ ਦੀਵਾਰਾਂ ਢਾਹ ਕੇ ਸ਼ਲਾਘਾ ਯੋਗ ਕੰਮ ਕੀਤਾ ਹੈ। ਗੁਰੂ, ਖੁਸ਼ੀਆਂ ਬਖਸ਼ੇ।

ਜਥੇਦਾਰ ਸੰਤਾ ਸਿੰਘ ਅਕਾਲੀ
ਬੁੱਢਾ ਦਲ ਪੰਜਵਾਂ ਤਖਤ ਛਿਨਵੇਂ ਕ੍ਰੋੜੀ

(3) This book indicates by itself as to how much labour writer have put in, and how vastly he must have studied to understand the philosophy of the multifacted personality of the stature of Guru Govind Singh who brought about revolution in the Sikh religion and giving it, its final shape.

It is extremely difficult to understand the contents of Dasam Granth, for it has got not only spiritual but also social and cultural elements, Padam ji has studied in depth and has tried to present a true picture of the poetry of the holy book which reflects its revolutionary and spiritual echo.

Dr. Khushdeva Singh

(4) ਦਸਮ ਗਰੰਥ ਤੇ ਖਾਲਸਾ ਪੰਥ ਦਾ ਡੂੰਘਾ ਰਿਸ਼ਤਾ ਹੈ। ਦਸਮ ਗਰੰਥ ਧਰਮ-ਯੁੱਧ ਉਭਾਰਨ ਲਈ ਹੈ ਅਤੇ ਪੰਥ, ਦੁਸ਼ਟ ਸੰਘਾਰਨ ਲਈ। ਇਨ੍ਹਾਂ ਡੂੰਘੇ ਸਬੰਧਾਂ ਦੀ ਪਛਾਣ ਜ਼ਰੂਰੀ ਹੈ ਤੇ ਵਿਦਵਾਨ ਲੇਖਕ ਦੀ ਇਹ ਪੁਸਤਕ ਇਸੇ ਦਾ ਪ੍ਰਮਾਣ ਹੈ। ਇਕ ਗੱਲ ਹੋਰ, ਧਰਮਯੁੱਧੀਆਂ ਦੇ ਇਸ ਗੂੜ੍ਹ ਦੀ ਰਮਜ਼ ਕਾਇਰ ਨਹੀਂ ਸਮਝ ਸਕਦੇ।

ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ

(5) ਪਦਮ ਸਾਹਿਬ ਸਿਖ ਸਾਹਿਤ ਉਤੇ ਅਥਾਰਿਟੀ ਹਨ। ਦਸਮ ਗਰੰਥ ਦੇ ਪੇਚੀਦਾ [illegible] ਤਾਰੀਖ ਤੇ ਤਰਕ ਨਾਲ ਸੁਲਝਾਕੇ ਪੇਸ਼ ਕੀਤਾ, ਉਹ ਕਮਾਲ ਹੈ।

ਪ੍ਰਿੰ. ਸਤਿਬੀਰ ਸਿੰਘ

WWW.SIKHBOOKCLUB.COM Page 6

# Foreword

In this compedium on the Dasam Granth, entitled 'Dasam Granth Darshan', Sardar Piara Singh Padam, a veteran writer on Sikh Religion and Panjabi culture, has presented this important Scripture in its historical perspective, along with a detailed study of its contents and poetic art. Padamji is authority on Sikh literature who has already about fifty books to his credit, expression of his deep devotion to learning and his sincere attempts at going to the original, manuscript sources to establish authenticity. With regard to the Dasam Granth he has tried to come to grips with the great controversy about its authorship, which hvs divided Sikh scholarship into two campes.

To seek a definitive solution to this controversy whocld in the present state of our scholarship. perhaps be posing a virtually irsoluble question. But if at any time this issue is to be resolved, it must be on the basis of proven historical facts from various sources and not on conjectures as to probability and style. There is weight in Padamji's argument that Guru Gobind Singh composed partly devotional work and partly what may only be termed his reinterpretation of Indian heroic and Puranic literature. About Charitropakhyan the 404 tales on the wiles of women, his thesis is that these tales are meant as instructive literature. Be that as it may, the point here is that his thesis is ably argued, and supported, as for as it goes, by manuscript sources. He has studied nearly a dozen old manuscripts of Daram Granth, and his arguments deserve respect. In any case, some day this controversy musl be set at rest this way.

In the other part of the book Padamji has with learning analysed the contents of the various works of Dasam Granth and pointed out the poetic quality of each. With his total work he has added considerably to the stock of learning on Sikhism. He has a chaste and readable styale of writing, and while learned, avoids being difficult.

I heartly commend this research work to the reader interested in the deeper study of Sikhism and its literature.

Patiala    Gurbachan Singh Talib

# ਦੋ ਸ਼ਬਦ

ਸਿਖ ਸਾਹਿਤਕ ਗਗਨ ਦੇ ਸਤਾਰੇ ਅਨੇਕ ਗ੍ਰੰਥ ਹਨ ਪਰੰਤੂ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੀ ਹੈਸੀਅਤ-ਸੂਰਜ ਚੰਦ ਸਮਾਨ ਹੈ, ਇਨ੍ਹਾਂ ਦੇ ਤੁਲ ਹੋਰ ਨਹੀਂ । ਸਿਖਾਂ ਵਿਚ ਆਦਿ ਗ੍ਰੰਥ ਦਾ ਸਨਮਾਨ ਬਤੌਰ ਗੁਰੂ ਦੇ ਹੋਣ ਕਰਕੇ ਇਸ ਦਾ ਪਾਠ ਵਿਚਾਰ ਤੇ ਅਧਿਐਨ ਕਾਫੀ ਹੁੰਦਾ ਆਇਆ ਹੈ ਪਰ ਦਸਮ ਗ੍ਰੰਥ ਵਲ ਧਿਆਨ ਕਝ ਘਟ ਦਿਤਾ ਗਿਆ ਹੈ । ਇਸ ਦਾ ਕਾਰਣ ਭਾਸ਼ਾ ਦੀ ਕਠਿਨਾਈ ਤੇ ਵਿਸ਼ਿਆਂ ਦੀ ਵਿਵਿਧਤਾਈ ਹੈ—ਅਕਾਲ ਚਰਿਤਰ, ਅਵਤਾਰ ਚਰਿਤਰ ਤੋਂ ਤ੍ਰਿਯਾ ਚਲਿਤ੍ਰ ਤਕ ਇਸ ਦਾ ਪਸਾਰ ਹੈ । ਪਰਮਾਰਥਕ ਤੇ ਅਪਰਮਾਰਥਕ ਦੋਵੇਂ ਤਰ੍ਹਾਂ ਦੀਆਂ ਰਚਨਾਵਾਂ ਦਾ ਸੰਗਮ ਹੋਣ ਕਰਕੇ ਧਾਰਮਕ ਭਾਵ ਨਾਲ ਸਾਰੇ ਦਾ ਪਾਠ-ਵਿਚਾਰ ਸੰਭਵ ਵੀ ਨਹੀਂ । ਜਿਸ ਚੀਜ਼ ਨੂੰ ਨ ਪੜ੍ਹਿਆ ਜਾਵੇ ਤੇ ਨਾ ਸਮਝਿਆ ਜਾਵੇ, ਉਸ ਬਾਰੇ ਸ਼ੰਕੇ ਤੇ ਭੁਲੇਖੇ ਪੈਦਾ ਹੋਣੇ ਸਾਧਾਰਣ ਗੱਲ ਹੈ ਤੇ ਦਸਮ ਗ੍ਰੰਥ ਸਬੰਧੀ ਇਵੇਂ ਹੀ ਹੋਇਆ ।

ਇਹ ਠੀਕ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਕਲਮ ਤੇ ਤੇਗ ਦੋਹਾਂ ਦੇ ਧਨੀ ਸਨ । ਅੱਧੇ ਤੋਂ ਵਧ ਕੰਮ ਉਨ੍ਹਾਂ ਕਲਮ ਨਾਲ ਕੀਤਾ ਤੇ ਬਾਕੀ ਤੇਗ ਨਾਲ । ਦਸਮਗ੍ਰੰਥ ਆਪ ਦੀ ਬਲਵਾਨ ਕਲਮ ਦਾ ਕ੍ਰਿਸ਼ਮਾ ਹੈ ਜੋ ਇਕ ਵਿਸ਼ੇ ਦਾ ਇਕ ਗ੍ਰੰਥ ਨਹੀਂ ਬਲਕਿ ਅਨੇਕ -ਪਰਕਾਰੀ ਹਿੰਦੀ, ਪੰਜਾਬੀ ਫ਼ਾਰਸੀ ਰਚਨਾਵਲੀ ਦਾ ਸਮੂੰਹ ਹੈ । ਇਸ ਲਈ ਇਹਨਾਂ ਸਾਰੀਆਂ ਨੂੰ 'ਗੁਰਬਾਣੀ' ਵਾਂਗ ਇਕ ਪੱਧਰ ਤੇ ਵਿਚਾਰਨਾ ਠੀਕ ਨਹੀਂ, 'ਜਾਪੁ' ਦਾ ਦਰਜਾ ਹੋਰ ਹੈ, 'ਅਵਤਾਰ ਕਥਾ' ਯਾ 'ਚਰਿਤ੍ਰੁਪਖਯਾਨ' ਦਾ ਹੋਰ । ਜਿਵੇਂ ਕਿਸੇ ਗੁਰੀਲਾ ਸਿਪਾਹੀ ਦੇ ਥੈਲੇ ਵਿਚ ਆਟਾ, ਖੰਡ, ਬਾਰੂਦ, ਮੱਲ੍ਹਮ, ਦਵਾਈ ਆਦਿ ਸਭੋ ਕੁਝ ਹੋ ਸਕਦਾ ਹੈ ਪਰ ਜੇ ਕੋਈ ਭੁੱਲਤ ਬਾਰੂਦ ਤੇ ਮੱਲ੍ਹਮ ਨੂੰ ਖੁਰਾਕ ਸਮਝ ਲਵੇ ਤਾਂ ਇਸਦੇ ਸਿਟੇ ਸਹੀ ਨਿਕਲਣ ਦੀ ਸੰਭਾਵਨਾ ਨਹੀਂ ਹੋ ਸਕਦੀ । ਇਸੇ ਤਰ੍ਹਾਂ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਉਸੇ ਦ੍ਰਿਸ਼ਟੀਕੋਣ ਤੋਂ ਪੜ੍ਹਨ ਵਿਚਾਰਨ ਦੀ ਲੋੜ ਹੈ ਜਿਸ ਮਕਸਦ ਨਾਲ ਗੁਰੂ ਸਾਹਿਬ ਨੇ ਉਦੋਂ ਲਿਖੀਆਂ ।

ਸਿਖ-ਸਾਹਿਤ ਵਿਚ ਹੀ ਨਹੀਂ, ਇਹ ਗ੍ਰੰਥ ਭਾਰਤੀ ਸਾਹਿਤ ਵਿਚ ਵੀ ਇਕ ਗੌਰਵ-ਪੂਰਣ ਅਸਥਾਨ ਰਖਦਾ ਹੈ ਜੋ ਕਿ ਅਧਿਆਤਮਕ ਗਿਆਨ, ਦਾਰਸ਼ਨਿਕ ਵਿਸ਼ਲੇਸ਼ਣ, ਆਚਾਰ ਵਿਉਹਾਰ, ਰਸਮ ਰਿਵਾਜ, ਸਮਾਜਕ ਰਹੁ-ਰੀਤਿ, ਮਤ ਮਤਾਂਤਰ, ਪੁਰਾਣਿਕ ਇਤਿਹਾਸ, [illegible] ਕਹਾਣੀਆਂ, ਸਾਹਿਤਕ ਸ਼ੈਲੀਆਂ ਤੇ

WWW.SIKHBOOKCLUB.COM

ਭਾਸ਼ਾ-ਵੰਨਗੀਆਂ ਦਾ ਅਨੋਖਾ ਭੰਡਾਰ ਹੈ। ਗੁਰੂ ਦਸਮੇਸ਼ ਦਾ ਵਿਅਕਤਿਤਵ—ਰੂਹਾਨੀ ਗੁਰੂ, ਬੀਰ ਯੋਧੇ ਤੇ ਮਹਾਨ ਕਵੀ ਦਾ ਵਿਅਕਤਿਤਵ ਸੀ। ਉਨ੍ਹਾਂ ਦੀ ਕਲਮ—ਭਾਰਤੀ ਤੱਤ ਗਿਆਨ, ਇਸਲਾਮੀ ਢੰਗ ਦੀ ਸ਼ਾਹੀ ਰਹਿਣੀ ਬਹਿਣੀ, ਕਲਾ-ਕੌਸ਼ਲ ਅਤੇ ਗੁਰੂ ਨਾਨਕ ਵਿਚਾਰਧਾਰਾ ਦੇ ਕ੍ਰਾਂਤੀਕਾਰੀ ਢੰਗ ਦਾ ਸੰਗਮ ਸੀ। ਇਸ ਲਈ ਦਸਮ ਗ੍ਰੰਥ ਦਾ ਬਚਿਤ੍ਰ ਰੰਗ ਢੰਗ ਕੋਈ ਗ਼ੈਰ ਕੁਦਰਤੀ ਘਟਨਾ ਨਹੀਂ, ਸੱਝੀਵਾਨ ਪਾਠਕ ਫ਼ੌਰਨ ਪਛਾਣ ਲੈਂਦਾ ਹੈ ਕਿ ਇਸ ਦੀ ਤਾਨ ਕਿਥੇ ਟੁਟਦੀ ਹੈ, ਪਰ ਇਸ ਸੋਝੀ ਲਈ ਅਧਿਐਨ ਬਹੁਤ ਜ਼ਰੂਰੀ ਹੈ, ਇਸ ਤੋਂ ਬਿਨਾਂ ਮੁਲੰਕਣ ਸੰਭਵ ਵੀ ਨਹੀਂ। ਇਸ ਮਨੋਰਥ ਲਈ ਹਰ ਰਚਨਾ ਦਾ ਆਲੋਚਨਾਤਮਕ ਅਧਿਐਨ ਅਤਿਅੰਤ ਜ਼ਰੂਰੀ ਹੈ ਤਾਂ ਹੀ ਅਸੀਂ ਇਨ੍ਹਾਂ ਦਾ ਉਚਿਤ ਅਸਥਾਨ ਮਿਥ ਸਕਦੇ ਹਾਂ। ਇਹ ਪੁਸਤਕ ਇਸੇ ਤਰ੍ਹਾਂ ਦਾ ਸੰਖਿਪਤ ਵਿਵੇਚਨ ਹੈ । ਆਸ ਹੈ, ਸਿਖ-ਸਾਹਿਤ ਦੇ ਪ੍ਰੇਮੀ ਇਸ ਤੋਂ ਲਾਭ ਉਠਾਉਣਗੇ । —ਪਿਆਰਾ ਸਿੰਘ ਪਦਮ

ਕਲਮ ਮੰਦਿਰ, ਪਟਿਆਲਾ )
1968 )

## ਬੇਨਤੀ

ਦੂਜੀ ਛਾਪ ਪ੍ਰਕਾਸ਼ਤ ਕਰਦਿਆਂ ਲੋੜੀਂਦੇ ਵਾਧੇ ਕੀਤੇ ਗਏ ਹਨ। ਖਾਸ ਕਰਕੇ ਇਸ ਦੌਰਾਨ ਸਭ ਤੋਂ ਪ੍ਰਾਚੀਨ ਪਹਿਲੀ ਦਸਮ ਗ੍ਰੰਥ ਦੀ ਬੀੜ (ਅਨੰਦਪੁਰੀ ਬੀੜ) ਜੋ ਮਾਤਾ ਸੁੰਦਰੀ ਜੀ ਦੀ ਨਿਗਰਾਨੀ ਹੇਠ ਦਿੱਲੀ ਸੰਕਲਿਤ ਕੀਤੀ ਗਈ ਸੀ—ਉਹ ਵੇਖਣ ਦਾ ਸੁਭਾਗ ਮਿਲਿਆ, ਉਸ ਬਾਰੇ ਜ਼ਰੂਰੀ ਜਾਣਕਾਰੀ ਸ਼ਾਮਲ ਕਰ ਦਿਤੀ ਹੈ। ਇਸੇ ਬੀੜ ਵਿਚੋਂ ਗੁਰੂ ਸਾਹਿਬ ਦਾ ਜੁਆਨੀ ਵਾਲਾ ਤੇ ਸ਼ੇਰ ਦੇ ਸ਼ਿਕਾਰ ਵਾਲਾ ਚਿਤ੍ਰ ਲੱਭਾ ਜੋ ਕਿ ਮਾਤਾ ਸੁੰਦਰੀ ਜੀ ਦੀ ਸੰਭਾਲ ਵਿਚ ਸੀ ਤੇ ਉਨ੍ਹਾਂ ਬੀੜ ਵਿਚ ਹੀ ਲਵਾ ਦਿਤਾ ਸੀ।

ਦਸਮ ਗ੍ਰੰਥ ਬਾਰੇ ਸ਼ੰਕੇ, ਬਹੁਤਾ ਕਰਕੇ ਅਗਿਆਨਤਾ ਦਾ ਨਤੀਜਾ ਹਨ। ਪਹਿਲੀ ਗੱਲ ਇਹ ਕਿ ਦਸਮ ਗ੍ਰੰਥ ਇਕ ਗ੍ਰੰਥ ਨਹੀਂ, ਕਈ ਗ੍ਰੰਥਾਂ ਦਾ ਮਜਮੂਆ ਹੈ। ਦੂਜੇ ਇਹ ਆਦਿ ਗ੍ਰੰਥ ਵਾਂਗ ਗੁਰਤਾ ਪਦਵੀ ਦਾ ਧਾਰਨੀ ਨਹੀਂ ਕਿਉਂਕਿ ਗੁਰਬਾਣੀ ਤੋਂ ਇਲਾਵਾ ਇਸ ਵਿਚ ਹੋਰ ਅਨੇਕਾਂ ਪ੍ਰਸੰਗ ਵੀ ਹਨ। ਅਣਜਾਣ ਲੋਕ ਤਾਂ ਹੀ ਭਰਮ ਦਾ ਸ਼ਿਕਾਰ ਹੁੰਦੇ ਹਨ ਜਦੋਂ ਉਹ ਇਸ ਸਾਰੀ ਰਚਨਾਵਲੀ ਨੂੰ ਗੁਰਬਾਣੀ ਦੀ ਕਸੌਟੀ ਤੇ ਰਖ ਕੇ ਟੀਕਾ-ਟਿਪਣੀ ਕਰਨ ਬਹਿ ਜਾਂਦੇ ਹਨ। ਪੁਰਾਣੇ ਸਿਖਾਂ ਇਨ੍ਹਾਂ ਪ੍ਰਸੰਗਾਂ ਵਿਚੋਂ ਵੀ ਬਾਣੀ ਦੀ ਚੋਣ ਕਰ ਲਈ ਸੀ ਤੇ ਉਸਨੂੰ ਪਾਠ-ਵਿਚਾਰ ਦਾ ਅੰਗ ਬਣਾ ਲਿਆ ਸੀ।

ਜੇ ਉਂਜ ਇਤਿਹਾਸਕ ਵਿਕਾਸ ਵਲ ਝਾਤ ਮਾਰੀਏ ਤਾਂ ਦਸਮ ਗ੍ਰੰਥ ਵਿਚ 'ਮਹਲਾ' ਦੀ ਥਾਂ 'ਪਾਤਸ਼ਾਹੀ' ਤੇ ਗੁਰਪ੍ਰਸਾਦਿ ਦੀ ਥਾਂ 'ਸ੍ਰੀ ਭਗਉਤੀ ਜੀ ਸਹਾਇ' ਹੋ ਗਿਆ ਹੈ। ਆਦਿ ਗ੍ਰੰਥ ਦੀ ਪ੍ਰਧਾਨ ਸੁਰ ਸੁਹਾਗਣਿ ਦੀ ਹੈ ਜਦੋਂ ਕਿ ਦਸਮ ਗ੍ਰੰਥ ਪੁਰਖ-ਸੁਰ ਨਾਲ ਭਰਪੂਰ ਹੈ।

WWW.SIKHBOOKCLUB.COM

ਇਕ ਗੱਲ ਹੋਰ, ਦਸਮ ਗ੍ਰੰਥ ਦੀਆਂ ਪੁਰਾਤਨ ਬੀੜਾਂ ਦੇਖਦਿਆਂ ਮੈਂ ਇਹ ਅਨੁਭਵ ਕੀਤਾ ਹੈ ਕਿ ਛਪਾਈ ਵਿਚ ਬਹੁਤ ਸਾਰੀਆਂ ਭੁੱਲਾਂ ਆ ਗਈਆਂ ਹਨ। 'ਵਾਰ ਦੁਰਗਾ ਕੀ' ਵਧੇਰੇ ਪੜ੍ਹੀ ਗਈ ਹੈ, ਇਸ ਕਰਕੇ ਇਸਦੇ ਪਾਠਾਂ ਵਿਚ ਅਦਲਾ-ਬਦਲੀ ਜ਼ਿਆਦਾ ਹੋਈ ਹੈ। ਜੋ ਚੀਜ਼ ਆਮ ਜਨਤਾ ਦੇ ਪੜ੍ਹਨ ਵਿਚ ਬਹੁਤਾ ਆਵੇ, ਉਸ ਵਿਚ ਘਾਟ ਵਾਧ ਹੋਣਾ ਕੁਦਰਤੀ ਹੈ। ਸਭੇ ਪੁਰਾਤਨ ਬੀੜਾਂ ਵਿਚ ਪਾਠ 'ਹਾਲ ਫਕੀਰਾਂ ਦਾ ਕਹਣਾ' ਹੈ ਪਰੰਤੂ ਪ੍ਰਚਲਤ 'ਹਾਲ ਮੁਰੀਦਾਂ ਦਾ' ਹੋ ਗਿਆ ਹੈ। ਇਸੇ ਤਰ੍ਹਾਂ 'ਛਤ੍ਰੀ ਸਬੈ ਬ੍ਰਿਤ ਬਿਪਨ ਕੋ' ਸਹੀ ਪਾਠ ਹੈ ਪਰ ਛਾਪੇ ਵਿਚ 'ਬ੍ਰਿਤ' ਦੀ ਥਾਂ 'ਕ੍ਰਿਤ' ਮਿਲਦਾ ਹੈ, ਜੋ ਅਸ਼ੁੱਧ ਹੈ। 'ਸੁਭ ਕਰਮਨ ਤੇ ਕਬਹੂ ਨ ਟਰੋਂ', ਦੀ ਥਾਂ ਅਨੰਦਪੁਰੀ ਬੀੜ ਵਿਚ 'ਸੁ ਸੁਕਰਮਨ ਤੇ ਕਬਹੂ ਨ ਟਰੋਂ।' ਪਾਠ ਹੈ, ਜੋ ਵਧੇਰੇ ਠੀਕ ਜਾਪਦਾ ਹੈ। ਇਵੇਂ ਆਨੰਦਪੁਰੀ ਬੀੜ ਵਿਚ ਪਾਠ ਹੈ :

'ਸ੍ਰੀ ਅਸਿਧੁਜ ਜਬ ਭਏ ਦਯਾਲਾ। ਪੂਰਣ ਕਰਾ ਗ੍ਰੰਥ ਦਰਹਾਲਾ।'

ਹੁਣ 'ਤਤਕਾਲਾ' ਛਪਦਾ ਹੈ।

੧੯੬੫ ਈ. ਵਿਚ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ ਨੇ ਪਾਠ ਦੀਆਂ ਅਸ਼ੁੱਧੀਆਂ ਵਲ ਧਿਆਨ ਦਿਤਾ ਸੀ ਤੇ ੩੨ ਦਸਮ ਗ੍ਰੰਥ ਰਖਕੇ ਵਿਚਾਰੇ ਸਨ ਅਤੇ ਇਸ ਵਿਚਾਰ ਦੀ ਰਿਪੋਟ ੧੯੬੭ ਵਿਚ ਪ੍ਰਕਾਸ਼ਤ ਕੀਤੀ ਸੀ।*ਇਸ ਤੋਂ ਬਾਦ ਗਿ. ਕਰਤਾਰ ਸਿੰਘ ਹਿਤਕਾਰੀ ਨੇ ਲਾਹੌਰ ੫-੭ ਬੀੜਾਂ ਰਖਕੇ ਪਾਠਾਂਤ੍ਰ ਵਿਚਾਰੇ ਤੇ ਸੁਧਾਈ ਵਲ ਸਿਖ ਪੰਥ ਦਾ ਧਿਆਨ ਖਿਚਿਆ। ਭਾਈ ਰਣਧੀਰ ਸਿੰਘ ਜੀ ਨੇ 'ਸ਼ਬਦਾਰਥ ਦਸਮ ਗ੍ਰੰਥ' ਤਿਆਰ ਕਰਨ ਸਮੇਂ ਏਸ ਪਾਸੇ ਕੁਝ ਜਤਨ ਕੀਤਾ ਪਰ ਅਜੇ ਇਸ ਪਾਸੇ ਹੋਰ ਭਰਪੂਰ ਉਦਮ ਦੀ ਲੋੜ ਹੈ।

ਸ੍ਰੀ ਦਸਮੇਸ਼-ਬਾਣੀ ਸਰਬਲੋਹ-ਮਈ ਹੈ। ਇਸ ਦੇ ਤੇਜ ਪ੍ਰਤਾਪ ਨਾਲ ਖਾਲਸੇ ਵਿਚ ਬਲ ਆਇਆ ਸੀ ਤੇ ਅਜ ਵੀ ਸ਼ਕਤੀ ਦੇ ਸੰਚਾਰ ਲਈ ਇਸ ਦੀ ਆਵੱਸ਼ਕਤਾ ਹੈ। ਇਸੇ ਲਈ ਪੁਸਤਕ ਦੇ ਅੰਤ ਵਿਚ ਚੋਣਵੀਂ ਬਾਣੀ ਦਰਜ ਕਰ ਦਿਤੀ ਹੈ ਤਾਂ ਕਿ ਪਾਠਕ ਸੌਖ ਨਾਲ ਪੜ੍ਹ ਵਿਚਾਰ ਸਕਣ।

ਅੰਤ ਵਿਚ ਮੈਂ ਪੰਥ ਦੇ ਵਿਦਵਾਨਾਂ ਪਾਸ ਸਨਿੰਮਰ ਬੇਨਤੀ ਕਰਾਂਗਾ ਕਿ ਉਹ ਵਾਦ ਵਿਵਾਦ ਨਾਲ ਨਹੀਂ ਸਗੋਂ ਸ਼ਾਂਤੀ, ਧੀਰਜ ਤੇ ਗੰਭੀਰ ਬੁਧੀਮਾਨਤਾ ਨਾਲ ਦਸਮ ਗ੍ਰੰਥ ਨੂੰ ਘੋਖਣ ਦਾ ਯਤਨ ਕਰਨ ਤਾਂ ਕਿ ਗੁਰੂ ਗੋਬਿੰਦ ਸਿੰਘ ਦੀ ਸ਼ਕਤੀਸ਼ਾਲੀ ਵਿਚਾਰਧਾਰਾ ਤੋਂ ਅਜ ਦੇ ਸਮਾਜਕ ਤੇ ਰਾਜਨੀਤਕ ਕਸ਼ਟਾਂ ਦੇ ਨਿਵਾਰਣ ਹਿਤ ਯੋਗ ਅਗਵਾਈ ਲਈ ਜਾ ਸਕੇ।

ਸਤੰਬਰ 1982 ]

ਪਿਆਰਾ ਸਿੰਘ ਪਦਮ

ਸਰਵਰਕ—

## ਰਪੋਟ ਸੋਧਕ ਕਮੇਟੀ

ਦਸਮ ਪਾਤਸਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੋਧਾਈ ਦੀ

ਜੋ

ਖਾਲਸਾ ਦੀਵਾਨ ਅੰਮ੍ਰਿਤਸਰ ਜੀ ਦੀ ਆਗਿਆ ਅਨੁਸਾਰ

ਭਾਈ ਮੰਨਾ ਸਿੰਘ ਜੀ ਹਕੀਮ ਸਿਕਤਰ

ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅੰਮ੍ਰਿਤਸਰ ਜੀ ਵਲੋਂ ਪ੍ਰਕਾਸ਼ਤ ਹੋਈ

੧ ਕੱਤਕ ੧੯੫੪


ਨਾਨਕਸ਼ਾਹੀ ੪੨੯

ਇਸ ਕਮੇਟੀ ਨੇ ੨੭ ਹੱਥਲਿਖਤ ਤੇ ਪੰਜ ਛਪੀਆਂ ਬੀੜਾਂ ਲੈ ਕੇ ਇਹ ਸੁਧਾਈ ਕੀਤੀ ਸੀ। ਛਪੀਆ ਵਿਚ ਇਹ ਸ਼ਾਮਲ ਸਨ—ਦੀਵਾਨ ਬੂਟਾ ਸਿੰਘ ਦੇ ਆਫਤਾਬ ਪੰਜਾਬ ਪ੍ਰੈਸ ਦੀ ਛਪੀ ਬੀੜ, ਛਾਪਾ ਸਯਾਲਕੋਟ ਵਾਲੀ, ਛਾਪਾ ਜੀਂਦ ਵਾਲੀ ਜੋ ਮਹਾਰਾਜਾ ਰਘਬੀਰ ਸਿੰਘ ਨੇ ੧੧ ਬੀੜਾਂ ਦੀ ਮੱਦਦ ਨਾਲ ਸੁਧਾਈ ਕਰਕੇ ਛਪਵਾਈ ਸੀ, ਇਸਦੇ ੨੦੯੮ ਸਫੇ ਸਨ। ਛਾਪਾ ਅੰਮ੍ਰਿਤਸਰ ਵਾਲੀ ਇਹ ੧੪੭੯ ਪੰਨੇ ਦੀ ਬੀੜ ਸੀ। ਜਿਨ੍ਹਾਂ ਸਜਣਾਂ ਸੁਧਾਈ ਵਿਚ ਹਿਸਾ ਲਿਆ ਉਨ੍ਹਾਂ ਦੀ ਨਾਮ-ਸੂਚੀ ਤੇ ਦਸਖਤ ਹਨ। ੧੧ ਆਦਮੀ ਬਾਕਾਇਦਾ ਅਉਣ ਵਾਲੇ ਸਨ ਤੇ ੨੧ ਉਹ ਜੋ ਕਦੀ ਕਦੀ ਹਿਸਾ ਪਾਉਂਦੇ ਰਹੇ। ਇਹ ਰਿਪੋਟ ੨੪ ਪੰਨਿਆਂ ਦੀ ਹੈ।

ਭਾਈ ਮਨੀ ਸਿੰਘ ਜੀ

ਦੀ

# ਇਤਿਹਾਸਕ ਚਿੱਠੀ



੧ਓ ਅਕਾਲ ਸਹਾਇ॥

# ਗੁਰੂ ਗੋਬਿੰਦ ਸਿੰਘ--ਜੀਵਨ-ਘਟਨਾਵਲੀ

1718 ਬਿ. ਪੋਹ ਸੁਦੀ ਸੱਤਵੀਂ—ਜਨਮ ਪਟਨਾ ਸਾਹਿਬ (18 ਦਸੰਬਰ, 1661 ਈ.)
1732 ਬਿ. ਮੱਘਰਸੁਦੀ ਪੰਚਮੀ—ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਦਿੱਲੀ
1736 ਬਿ. ਦਮਦਮਾ ਸਾਹਿਬ (ਚੱਕ ਨਾਨਕੀ) ਬੀੜਾਂ ਦੀ ਲਿਖਾਈ ਸ਼ੁਰੂ
1737 ਬਿ. ਸ੍ਰੀ ਜੀਤੋ ਜੀ ਨਾਲ ਸ਼ਾਦੀ। 1741 ਬਿ. ਸ੍ਰੀ ਸੁੰਦ੍ਰੀ ਜੀ ਨਾਲ ਸ਼ਾਦੀ
1742 ਬਿ. 17 ਵਿਸਾਖ— ਚੱਕ ਨਾਨਕੀ ਤੋਂ ਪਾਉਂਟੇ ਗਏ
1745 ਬਿ. 18 ਅੱਸੂ— ਰਾਜਾ ਫਤੇਸ਼ਾਹ ਨਾਲ ਭੰਗਾਣੀ ਜੁੱਧ
1745 ਬਿ. 28 ਕੱਤਕ— ਪਾਉਂਟੇ ਤੋਂ ਕਪਾਲਮੋਚਨ, ਵਾਪਸ ਚੱਕ ਨਾਨਕੀ
1745 ਬਿ. ਮੱਘਰ—ਰਾਜਾ ਭੀਮ ਚੰਦ ਨੇ ਅਨੰਦਪੁਰ, ਤਾਰਾਪੁਰ ਵਾਲੀ ਤੋਂ ਭੇਟ ਕੀਤੀ
1746 ਬਿ. ਪ੍ਰਹਿਲਾਦ ਰਾਇ ਤੋਂ 50 ਉਪਨਿਸ਼ਦਾਂ ਦਾ ਤਰਜਮਾ ਸ਼ੁਰੂ ਕਰਾਇਆ
1747 ਬਿ. ਕਾਂਸ਼ੀਰਾਮ ਤੋਂ ਪਾਂਡਵ ਗੀਤਾ ਦਾ ਤਰਜਮਾ, 22 ਚੇਤਰ-ਨਦੌਣ ਜੰਗ
1749 ਬਿ. ਵਿਸਾਖੀ ਰਵਾਲਸਰ ਪਹਾੜੀ ਰਾਜਿਆਂ ਨੂੰ ਮੇਲਜੋਲ ਦੀ ਪ੍ਰੇਰਨਾ
ਪਰਮੰਡਲ (ਜੰਮੂ) ਰਾਜਾ ਗਜੇ ਸਿੰਘ ਨਾਲ ਮੁਲਾਕਾਤ ਕੀਤੀ
1750 ਬਿ. ਸਸਤ੍ਰ ਧਾਰਨ, ਜਟਾਜੂਟ ਰਹਿਣ ਤੇ ਤਮਾਕੂ ਨ ਵਰਤਣ ਦੇ ਹੁਕਮ ਜਾਰੀ
1751 ਬਿ: 2 ਚੇਤ –ਹਰਿਦੁਆਰ ਗਏ, ਮੁਖੀ ਪੰਡਿਤਾਂ ਨਾਲ ਵਿਚਾਰ ਕੀਤਾ
1752 ਬਿ. ਵਿਸਾਖੀ— ਚਰਨ-ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦੀ ਰੀਤਿ ਚਲਾਈ
1752 ਬਿ. 23 ਫੱਗਣ— ਗੁਲੇਰ ਦੀ ਜੰਗ
1752-53 ਬਿ.—ਮਹਾਂ ਭਾਰਤ ਦੇ ਪਰਬਾਂ ਦੇ ਅਨੁਵਾਦ ਕਵੀਆਂ ਤੋਂ ਕਰਾਏ
1753 ਬਿ. ਭਾਦੋਂ ਸੁਦੀ 6 — 'ਚਰਿਤ੍ਰੋਪਖਯਾਨ' ਗ੍ਰੰਥ ਸੰਪੂਰਣ ਕੀਤਾ
1755 ਬਿ. ਹਾੜ ਵਦੀ 5— 'ਬਚਿਤ੍ਰ ਨਾਟਕ' ਗ੍ਰੰਥ ਨੂੰ ਅੰਤਮ ਰੂਪ ਦਿਤਾ।
ਵਿਦਿਆ ਸਾਗਰ ਦੀ ਵਿਉਂਤਬੰਦੀ।
1756 ਬਿ. ਵਿਸਾਖੀ— ਪੰਜ ਪਿਆਰਿਆਂ ਦੀ ਚੋਣ, ਵੱਡੇ ਪੈਮਾਨੇ ਤੇ ਪਾਹੁਲ (ਅੰਮ੍ਰਿਤ)
1756 ਬਿ. ਅਜ਼ੀਮ ਖਾਂ ਆਨੰਦਪੁਰ ਤੇ ਹਮਲਾਵਰ, ਪੈਂਦੇ ਖਾਂ ਤੇ ਅਦੀਨਾਬੇਗ ਚੜ੍ਹ ਕੇ ਆਏ
1757 ਬਿ, 30 ਭਾਦੋਂ—20 ਕੱਤਕ ਤਕ—ਅਨੰਦਪੁਰ ਘਮਸਾਣ ਦੀ ਜੰਗ
1759 ਬਿ.— ਜੰਗੀ ਖ਼ਤਰੇ ਕਾਰਣ ਕਵੀਆਂ ਨੂੰ ਵਿਦਾ ਕੀਤਾ ਗਿਆ।
1762 ਬਿ. ਅੱਸੂ 8— ਹਾਕਮ ਲਾਹੌਰ ਤੇ ਫੌਜਦਾਰ ਸਰਹੰਦ ਦਾ ਅਨੰਦਪੁਰ ਤੇ ਧਾਵਾ
6 ਪੋਹ-ਅਨੰਦਪੁਰ ਤਿਆਗ, 8 ਪੋਹ ਜੰਗ ਚਮਕੌਰ, 30ਪੋਹ ਜੰਗ ਮੁਕਤਸਰ, ਦਮਦਮੇ ਪੁਜੇ
1763 ਬਿ. ਕੱਤਕ 29—ਦਮਦਮੇ ਤੋਂ ਮਾਰਵਾੜ ਦੇ ਰਸਤੇ ਦੱਖਣ ਵਲ ਕੂਚ
1764 ਬਿ. ਸਾਵਣ 23—ਆਗਰੇ ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ
1765 ਬਿ. ਹਾੜ—ਬੰਦਾ ਬਹਾਦਰ ਨੂੰ ਪਾਹੁਲ, 19 ਸਾਵਣ-ਨਦੇੜ ਮੁਕਾਮ
1765 ਬਿ. ਕੱਤਕ 6– ਗੋਦਾਵਰੀ ਕੰਢੇ ਜੋਤੀ ਜੋਤਿ ਸਮਾਏ। (7 ਅਕਤੂਬਰ, 1708 ਈ.)

# (ੳ) ਪਰਿਚਯ ਖੰਡ

SIKHBOOKCLUB.COM

ਮੈਂ ਹੋਂ ਪਰਮ ਪੁਰਖ ਕੋ ਦਾਸਾ
ਦੇਖਨ ਆਯੋ ਜਗਤ ਤਮਾਸ਼ਾ
ਜੋ ਪ੍ਰਭੂ ਜਗਤ ਕਹਾ ਸੋ ਕਹਿਹੋਂ
ਮ੍ਰਿਤ ਲੋਕ ਤੇ ਮੋਨ ਨ ਰਹਿਹੋਂ ।੩੩।

(ਬਚਿਤ੍ਰ ਨਾਟਕ)

SIKHBOOKCLUB.COM






ਸ੍ਰੀ ਹਰਗੋਬਿੰਦ ਜੀ ਦੇ ਦੋ ਪ੍ਰਾਚੀਨ ਚਿੱਤਰ




WWW.SIKHBOOKCLUB.COM ਅੰਤਿਮ ਪੱਤਰੇ 

*(ਮਿਸਲ ਪਟਨਾ ਜੀ ਕਾ ਉਤਾਰਾ-1765 ਈ.) (ਸਿ.ਰੈ.ਲਾ., ਅੰਮ੍ਰਿਤਸਰ)*



ਦਰਬਾਰੀ ਦੀ ਕਲਮ—ਵਾਰ ਦੁਰਗਾ ਕੀ



ਗੁਰੂ ਜੀ ਦੀ ਕਲਮ ਦਾ ਕੀਤਾ ਵਾਧਾ :

*ਸਤ੍ਰਹ ਸੈ ਚਵਤਾਲ ਮੈਂ, ਸਾਵਨ ਸੁਦਿ ਬੁਧਵਾਰ, ਨਗਰ ਪਾਂਵਟਾ ਮੋ ਤੁਮੋ, ਰਚਿਓ ਗਿਰੰਥ ਸੁਧਾਰ।*

*[illegible] ਜਹ ਤਹ ਸੁਕਵਿ, ਪੜੀਅਹੁ ਸਭੈ ਸੁ[illegible]।*

WWW.SIKHBOOKCLUB.COM

ਸੀ ਤੇ ਇਸੇ ਨਿਸ਼ਾਨੇ ਦੀ ਪੂਰਤੀ ਲਈ ਉਨ੍ਹਾਂ ਭਾਰੀ ਬੀਰ-ਸਾਹਿਤ ਰਚਨਾ ਰਚੀ ਤੇ ਹੋਰ ਕਵੀਆਂ ਤੋਂ ਵੀ ਇਜੇਹੀ ਰਚਨਾ ਕਰਵਾਈ। ਪੁਰਾਣੇ ਹਿੰਦੀ ਕਵੀ ਨਿਕੰਮੀ ਜਿਹੀ ਉਸਤਤਿ ਗਾਉਣ ਤੇ ਨੀਵੀਂ ਕਿਸਮ ਦੇ ਸ਼ਿੰਗਾਰ-ਨਿਰੂਪਣ ਵਿਚ ਧਸੇ ਹੋਏ ਸਨ, ਜਿਸ ਦੇ ਮਾੜੇ ਸਿੱਟੇ ਨਿਕਲੇ। ਬਿਦੇਸ਼ੀ ਹਮਲਿਆਂ ਦੀ ਮਾਰੀ-ਭੰਨੀ ਹਿੰਦੁਸਤਾਨੀ ਜਨਤਾ ਹੋਰ ਕਮਜ਼ੋਰ ਹੁੰਦੀ ਗਈ। ਜਿਸ ਤਰ੍ਹਾਂ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੇ ਦੇਸ਼ ਭਰ ਵਿਚ ਨਵੇਂ ਅੰਦੋਲਨ ਨੂੰ ਜਨਮ ਦਿਤਾ, ਤਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਪ੍ਰਬੀਨ ਨੇਤਾ ਵਾਂਗ ਉਸ ਜੋਸ਼ ਨੂੰ ਹੋਰ ਉਭਾਰਨ ਲਈ ਨਵੀਂ ਕਿਸਮ ਦਾ ਇਨਕਲਾਬੀ ਸਾਹਿਤ ਪੈਦਾ ਕੀਤਾ ਤੇ ਭਾਰਤੀ ਸਾਹਿਤ ਨੂੰ ਨਾਇਕ ਨਾਇਕਾ ਭੇਦ ਦੇ ਸ਼ਿੰਗਾਰੀ ਗੰਦੇ ਚਲੇ ਵਿਚੋਂ ਕੱਢ ਕੇ ਬੀਰ ਰਸ ਨਾਲ ਸਜਾਇਆ। ਭਾਵੇਂ ਉਨ੍ਹਾਂ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨ ਸੰਤ-ਭਾਸ਼ਾ ਰਾਹੀਂ ਭਗਤੀ ਸਾਹਿਤ ਦੀ ਧਾਰਾ ਪ੍ਰਵਾਹਿਤ ਕਰਦੇ ਆ ਰਹੇ ਸਨ ਪਰ ਅਜ਼ਾਦੀ ਦੀ ਤਹਿਰੀਕ ਨੂੰ ਹਿੰਦ ਭਰ ਵਿਚ ਫੈਲਾਉਣ ਲਈ ਉਨ੍ਹਾਂ ਹਿੰਦੀ ਨੂੰ ਮਾਧਿਅਮ ਬਣਾ ਕੇ ਬੀਰਰਸੀ ਪਰੰਪਰਾਵਾਂ ਨੂੰ ਪੂਰੇ ਜ਼ੋਰ ਨਾਲ ਸੁਰਜੀਤ ਕੀਤਾ। ਭਗਤੀ ਨਾਲ ਸ਼ਕਤੀ ਨੂੰ ਮਿਲਾਕੇ ਸੰਤ ਸਿਪਾਹੀ ਜੀਵਨ ਸਾਜਣਾ ਹੀ ਉਨ੍ਹਾਂ ਦੀ ਨਿਰਾਲੀ ਕਰਾਮਾਤ ਸੀ, ਜਿਸਦੇ ਸਦਕੇ ਭਾਰਤੀ ਸਭਿਆਚਾਰ ਸੁਰੱਖਿਅਤ ਹੋਇਆ ਤੇ ਦੇਸ਼ ਨੂੰ ਆਜ਼ਾਦੀ ਪਰਾਪਤ ਹੋਈ।

ਆਪ ਦਾ ਜਨਮ ਸ੍ਰੀ ਗੁਰੂ ਤੇਗ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ 18 ਦਸੰਬਰ 1661 ਈ.ਨੂੰ ਪਟਨੇ (ਬਿਹਾਰ) ਵਿਚ ਹੋਇਆ। ਬਚਪਨ ਗੰਗਾ ਕੰਢੇ ਗੁਜ਼ਾਰਿਆ, ਸਤਲੁਜ ਕਿਨਾਰੇ ਰਹਿਕੇ ਵਿਦਿਆ ਪਾਈ ਅਤੇ ਚੜ੍ਹਦੀ ਜੁਆਨੀ ਸਮੇਂ ਜਮਨਾ ਕੰਢੇ ਪਾਉਂਟੇ ਠਹਿਰਕੇ ਕਲਮ ਚਲਾਈ, ਫਿਰ ਵਗਦੇ ਸਤਲੁਜ ਪਾਸ ਅਨੰਦਪੁਰ ਆ ਗਏ ਜਿਥੋਂ ਉਨ੍ਹਾਂ ਤੇਗ ਤੇ ਕਲਮ ਦੋਹਾਂ ਦੀਆਂ ਧਾਰਾਂ ਚਲਾਈਆਂ ਜਿਸਦਾ ਸਿਟਾ ਖਾਲਸਾ ਪੰਥ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਇਆ। ਇਸ ਤਰ੍ਹਾਂ ਉਹ ਇਨਕਲਾਬ ਦੀ ਬੁਨਿਆਦ ਰੱਖ ਕੇ ਤੇ ਦੇਸ਼ ਖਾਤਰ ਆਪਣਾ ਸਭ ਕੁਝ ਵਾਰ ਕੇ 7 ਅਕਤੂਬਰ 1708 ਈ. ਨੂੰ ਗੋਦਾਵਰੀ ਕੰਢੇ ਨਦੇੜ-ਹਜ਼ੂਰ ਸਾਹਿਬ ਜੋਤੀ ਜੋਤਿ ਸਮਾ ਗਏ। ਆਪਦਾ ਜੀਵਨ ਇਕ ਨਾਟਕ ਸੀ ਜਿਸਨੇ ਇਉਂ ਵਖ ਵਖ ਦਰਿਆਵਾਂ ਕਿਨਾਰੇ ਵਿਭਿੰਨ ਝਾਕੀਆਂ ਦਰਸਾਕੇ ਉਤਰ ਤੋਂ ਦੱਖਣ ਤਕ ਸਾਰੇ ਹਿੰਦ ਨੂੰ ਹਲੂਣਾ ਦਿਤਾ ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਉਹ ਸ਼ਿਵਾ ਜੀ ਯਾ ਨਿਪੋਲੀਅਨ ਵਾਂਗ ਕੇਵਲ ਤਲਵਾਰੀਏ ਨਹੀਂ ਸਨ ਸਗੋਂ ਇਕ ਕੌਮ ਦੇ ਸਾਜਣਹਾਰ, ਰੂਹਾਨੀ ਗੁਰੂ ਤੇ ਲਾਸਾਨੀ ਕਵੀ ਵੀ ਸਨ ਜਿਨ੍ਹਾਂ ਅਧਿਆਤਮਕ ਤੇ ਕਲਾਤਮਕ ਸ਼ਕਤੀਆਂ ਨੂੰ ਜ਼ਿੰਦਗੀ ਦੇ ਵਿਕਸਾਉਣ ਖਾਤਰ ਪੂਰੀ ਤਰ੍ਹਾਂ ਵਰਤਿਆ। ਜਦੋਂ ਉਨ੍ਹਾਂ ਕਲਮ ਉਠਾਈ, ਉਸ ਸਮੇਂ ਭਾਰਤੀ ਸਾਹਿਤ ਦੇ ਭਗਤੀ ਯਾ ਸ਼ਿੰਗਾਰ-ਰਸਪੂਰਣ ਸਾਹਿਤ ਵਿਚ ਤਲਵਾਰ ਦੀ ਲਹਿਰ ਚਲਾਉਣਾ ਸੌਖਾ ਕੰਮ ਨਹੀਂ ਸੀ। ਇਕ ਕਵਿਤਾ ਜੇਹੀ ਨਾਜ਼ਕ ਦੇਵੀ ਨੂੰ ਤਲਵਾਰਾਂ ਤੇ ਬੰਦੂਕਾਂ ਫੜਾ ਕੇ ਲਹੂ ਦੀਆਂ ਵਗਦੀਆਂ ਧਾਰਾਂ ਵਿਚ ਲਿਆ ਖੜਾ ਕਰਨਾ ਕਿਸੇ ਮਰਦ ਕਵੀ ਦਾ ਹੀ ਕੰਮ ਸੀ। ਦੂਜੇ ਪਾਸੇ ਔਰੰਗਜ਼ੇਬ ਵਰਗਾ ਕੱਟੜ ਸ਼ਰਈ ਬਾਦਸ਼ਾਹ ਹਰ ਪਰਕਾਰ

ਦੀ ਕਲਾ ਦੇ ਵਿਰੁਧ ਸੀ । ਉਸਨੇ ਸੈਂਕੜੇ ਵਧੀਆ ਮੰਦਰ ਢਾਹੇ, ਹਜ਼ਾਰਾਂ ਕੀਮਤੀ ਮੂਰਤੀਆਂ ਤਬਾਹ ਕੀਤੀਆਂ ਤੇ ਸਾਹਿਤ ਅਤੇ ਸੰਗੀਤ ਦੀਆਂ ਮਹਿਫਲਾਂ ਹੁਕਮਨ ਬੰਦ ਕਰ ਦਿਤੀਆਂ । ਖੁਸ਼ਹਾਲ ਖਾਂ, ਬਿਸਰਾਮ ਖ਼ਾਂ ਤੇ ਰਸਲੀਨ ਆਦਿ ਗਵਈਆਂ ਨੂੰ ਤਾਕੀਦ ਹੋਈ ਕਿ ਉਹ ਕੇਵਲ ਸਲਾਮ ਕਰਨ ਲਈ ਆਉਣ, ਗਾਉਣ ਲਈ ਨਹੀਂ ! ਕਾਜ਼ੀ ਅਬਦੁਲ ਅਜ਼ੀਜ਼ ਔਰੰਗੇ ਦਾ ਮੁਨਸ਼ੀ ਸੀ, ਉਸ ਕਿਤੇ ਆਪਣੀ ਛੰਦਬੱਧ ਮੋਹਰ ਬਣਵਾ ਲਈ ਜਦੋਂ ਬਾਦਸ਼ਾਹ ਨੂੰ ਪਤਾ ਲਗਾ ਤਾਂ ਉਸਨੂੰ ਫੌਰਨ ਹਟਾ ਦਿਤਾ ਗਿਆ ਤੇ ਕਿਹਾ, 'ਛੰਦਾਬੰਦੀ' ਜਾਂ ਸ਼ਾਇਰੀ ਤਾਂ ਸ਼ਰ੍ਹਾ ਵਿਰੁਧ ਹੈ !' (ਮਿਰਾਤੁਲ ਖਿਆਲ)

ਇਕ ਵੇਰ ਔਰੰਗਜ਼ੇਬ ਦੀ ਧੀ ਜ਼ੇਬੁਲਨਿਸਾ ਆਪਣੇ ਪਿਤਾ ਨਾਲ ਬਾਗ ਵਿਚ ਟਹਿਲ ਰਹੀ ਸੀ ਤਾਂ ਉਥੇ ਬੁਲਬੁਲ ਨੂੰ ਮੁਖ਼ਾਤਬ ਕਰਕੇ ਬੇਟੀ ਨੇ ਕਿਹਾ, 'ਹੇ ਮਿਠਬੋਲੀ ਬੁਲਬੁਲ ! ਜ਼ਰਾ ਹੌਲੀ ਗਾ ਕਿਉਂਕਿ ਬਾਦਸ਼ਾਹ ਦਾ ਮਿਜ਼ਾਜ ਸੁਖਨ ਦੀ ਤਾਬ ਨਹੀਂ ਝੱਲ ਸਕਦਾ ।

'ਐ ਬੁਲਬੁਲਿ ਖੁਸ਼ਇਲਹਾਂ, ਆਹਿਸਤਾ ਲਬ ਬਜੁੰਬਾਂ
ਆਲਿ ਮਿਜ਼ਾਜ਼ੇ ਸ਼ਾਹਾਂ, ਤਾਬਿ ਸੁਖ਼ਨ ਨਦਾਰਦ ।'

ਇਧਰ ਗੁਰੂ ਗੋਬਿੰਦ ਸਿੰਘ ਜਿਥੇ ਖੁਦ ਕਾਵਿ ਰਚਨਾ ਦਾ ਦਰਿਆ ਵਗਾ ਰਹੇ ਸਨ ਉਥੇ ਅਨੇਕਾਂ ਕਵੀਆਂ ਦੀ ਸਰਪ੍ਰਸਤੀ ਕਰਕੇ ਢੇਰ ਸਾਹਿਤ ਰਚਨਾ ਕਰਵਾ ਰਹੇ ਸਨ ਤਾਂ ਕਿ ਭਾਰਤੀ ਜਨਤਾ ਨੂੰ ਸੁਬੁਧਿ ਕਰਕੇ ਧਰਮ ਜੁੱਧ ਲਈ ਤਿਆਰ ਕੀਤਾ ਜਾ ਸਕੇ । ਸੋ ਇਹ ਕਾਵਿ ਰਚਨਾ ਇਕ ਤਰ੍ਹਾਂ ਉਸ ਸਮੇਂ ਦੀ ਸਰਕਾਰ ਵਿਰੁਧ ਬਗਾਵਤ ਹੀ ਸੀ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੂਰੀ ਵਿਉਂਤਬੰਦੀ ਨਾਲ ਸਿਰੇ ਚੜ੍ਹਾਇਆ । ਗੁਰੂ ਹਰਿਗੋਬਿੰਦ ਜੀ ਨੇ ਸਿਖਾਂ ਨੂੰ ਸ਼ਸਤ੍ਰ ਫੜਾ ਦਿਤੇ ਸਨ ਤੇ ਛਪਰੀਆਂ ਨੂੰ ਛਾਉਣੀਆਂ ਵਿਚ ਬਦਲ ਦਿਤਾ ਸੀ ਲੇਕਿਨ ਭਗਤੀ ਵਾਲੀ ਲਹਿਰ ਨੂੰ ਸ਼ਕਤੀ ਵਾਲੀ ਸੰਤ ਸਿਪਾਹੀ ਲਹਿਰ ਬਣਾਉਣ ਲਈ ਤੇ ਦੇਸ਼ ਭਰ ਵਿਚ ਵਿਆਪਕ ਕਰਨ ਲਈ ਧਰਮ ਯੁੱਧ ਦਾ ਸਾਹਿਤ ਰਚਣਾ ਸਮੇਂ ਦੀ ਜ਼ਰੂਰਤ ਸੀ ।ਉਸ ਪਰਮ ਬੀਰ ਕਵੀ ਨੇ ਭਗਤੀ ਦੇ ਰਾਗ ਨੂੰ ਬੰਦ ਕਰਨਾ ਤਾਂ ਨਾ ਪਸੰਦ ਕੀਤਾ ਪਰ ਕਮਜ਼ੋਰ ਸੁਰਾਂ ਬਦਲ ਦਿਤੀਆਂ ; ਜਿਥੇ ਇਹ ਰਾਗ ਅਗੇ ਬੰਸਰੀ ਦੀ ਧੁਨ ਅਤੇ ਮ੍ਰਿਦੰਗ ਦੀ ਥਾਪ ਤੇ ਗਾਇਆ ਜਾਂਦਾ ਸੀ, ਉਥੇ ਤਲਵਾਰ ਦੀ ਝਨਕਾਰ ਤੇ ਨਗਾਰਿਆਂ ਦੀ ਗੂੰਜਾਰ ਵਿਚ ਇਸ ਤਾਨ ਨੂੰ ਛੇੜਿਆ ਅਰਥਾਤ ਭਗਤੀ ਨੂੰ ਬੀਰ ਰਸੀ ਪਾਣ ਦੇ ਕੇ 'ਸਿੰਘ' ਸਜਾ ਦਿਤਾ ! ਇਸ ਮਹਾਂਕਵੀ ਨੇ ਅਪਣੀ ਰਚਨਾ ਵਿਚ ਆਪਣੇ ਪ੍ਰੀਤਮ ਪ੍ਰਭੂ ਨੂੰ ਠਾਕੁਰ, ਗੋਪਾਲ, ਬੰਸੀਧਰ ਯਾ ਲੱਛਮੀਪਤਿ ਕਹਿਣ ਦੀ ਥਾਂ ਖੜਗਕੇਤੂ, ਅਸਿਧੁਜ ਤੇ ਕਾਲ ਆਦਿ ਬਲਵਾਨ ਨਾਮਾਂ ਨਾਲ ਯਾਦ ਕੀਤਾ ਉਸ ਨੂੰ ਦਿਆਲੂ ਕ੍ਰਿਪਾਲੂ, ਬਿਆਨਦਿਆਂ ਸ਼ਸਤ੍ਰਧਾਰੀ ਵੀ ਦਸਿਆ :—

ਨਮੋ ਸ਼ਸਤ੍ਰ-ਪਾਣੇ । ਨਮੋ ਅਸਤ੍ਰਮਾਣੇ
ਨਮੋ ਕਲਹ ਕਰਤਾ । ਨਮੋ ਸ਼ਾਤ ਰੂਪੇ ।
'ਗਰਬ ਗੰਜਨ ਦੁਸ਼ਟ ਭੰਜਨ, ਮੁਕਤਿ ਦਾਇਕ ਕਾਮ ।' [ਜਾਪੁ

ਅਜਿਹੇ ਖੜਗਧਾਰੀ ਰੱਬ ਤੋਂ ਮੰਗਣਾ ਕੀ ਹੈ, ਉਸ ਅਗੇ ਕੇਹੀ ਪ੍ਰਾਰਥਨਾ ਕਰਨੀ ਹੈ,

ਇਹ ਗੁਰੂ ਜੀ ਦੇ ਹੇਠ ਲਿਖੇ ਪ੍ਰਾਰਥਨਾ-ਗੀਤ ਤੋਂ ਸਪਸ਼ਟ ਹੈ, ਜੋ ਅਜ ਵੀ ਹਰ ਭਾਰਤੀ ਹਿਰਦੇ ਨੂੰ ਟੁੰਬ ਰਿਹਾ ਹੈ—

ਦੇਹਿ ਸ਼ਿਵਾ ! ਵਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨ ਟਰੋਂ
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ
ਅਰ ਸਿਖਹੌਂ ਅਪਨੇ ਹੀ ਮਨ ਕਉ, ਇਹ ਲਾਲਚ ਹੌਂ ਗੁਣ ਤਉ ਉਚਰੋਂ
ਜਬ ਆਵ ਕੀ ਅਉਧ ਨਿਦਾਨ ਬਨੈਂ,
ਅਤਿ ਹੀ ਰਣ ਮਹਿ ਤਬ ਜੂਝਿ ਮਰੋਂ ।

ਇਸ ਤੋਂ ਅਗੇ ਇਸ ਕਲਮਧਾਰੀ ਨੇ ਮਾਲਾ ਫੇਰਨ ਵਾਲੇ ਭਗਤਾਂ ਦੀ ਥਾਂ ਉਪਰੋਕਤ ਅਨੁਸਾਰ ਹੱਸ ਕੇ ਲੜ ਮਰਨ ਵਾਲਿਆਂ ਦੇ ਗੀਤ ਗਾਏ ਤੇ ਉਹਨਾਂ ਬੀਰ ਨਾਇਕ ਨਾਇਕਾਵਾਂ ਦੇ ਜੀਵਨ-ਚਰਿਤ੍ਰ ਲਿਖੇ—

ਧੰਨ ਜੀਓ ਤਿਹ ਕੋ ਜਗ ਮਹਿ, ਮੁਖ ਤੇ ਹਰਿ ਚਿਤ ਮਹਿ ਜੁਧ ਬੀਚਾਰੈ
ਦੇਹ ਅਨਿਤ ਨ ਨਿਤ ਰਹਹਿ, ਜਸ ਨਾਵ ਚੜ੍ਹੇ ਭਵ ਸਾਗਰ ਤਾਰੈ ।

ਗੱਲ ਕੀ ਉਹਨਾਂ ਸਾਰੇ ਭਗਤੀ ਸਾਹਿਤ ਨੂੰ ਬਦਲ ਦਿਤਾ, ਇਸ ਸੰਬੰਧੀ ਉਹਨਾਂ ਦੀ ਰਚਨਾ ਜਾਪੁ, ਅਕਾਲ ਉਸਤਤਿ, ਤ੍ਵ ਪ੍ਰਸਾਦਿ ਸ੍ਵਯੇ ਤੇ ਸ਼ਬਦ ਹਜ਼ਾਰੇ ਵਿਸ਼ੇਸ਼ ਤੌਰ ਤੇ ਪੜ੍ਹਨਯੋਗ ਹਨ । ਇਹਨਾਂ ਵਿਚ ਉਹਨਾਂ ਰੱਬੀ ਏਕਤਾ ਤੇ ਮਨੁੱਖੀ ਏਕਤਾ ਤੇ ਪੂਰਾ ਜ਼ੋਰ ਦਿਤਾ ਹੈ ਤਾਂ ਕਿ ਗੁਰੂਆਂ ਦੀ ਚਲਾਈ ਇਨਕਲਾਬੀ ਲਹਿਰ ਦਾ ਸੰਗਠਨ ਪੱਕੀਆਂ ਨੀਹਾਂ ਤੇ ਖੜਾ ਹੋਵੇ ਤੇ ਇਸ ਵਿਚ ਕਦੀ ਕੋਈ ਕਮਜ਼ੋਰੀ ਨ ਆਵੇ । ਵਕਤੀ ਜੰਗਾਂ ਜਿੱਤਣ ਨਾਲੋਂ ਮਨੁਖੀ ਆਦਰਸ਼ਾਂ ਦਾ ਉਨ੍ਹਾਂ ਨੂੰ ਵਧੇਰੇ ਧਿਆਨ ਸੀ । ਇਸੇ ਲਖੀ ਆਖਿਆ ਹੈ—

ਸਾਚ ਕਹਉਂ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਯੋ ।

ਯਾ

ਕੋਊ ਭਯੋ ਮੁੰਡੀਆ ਸੰਨਿਆਸੀ ਕੋਊ ਜੋਗੀ ਭਯੋ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ
ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮਸ਼ਾਫ਼ੀ
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ । ੮੫ ।

ਇਹ ਅਨੁਭਵ ਵੀ ਕਿਸੇ ਕੇਵਲ ਜੰਗਜੂ ਜਰਨੈਲ ਦਾ ਨਹੀਂ ਹੋ ਸਕਦਾ ਜੋ ਸਾਰੇ, ਸਭ ਸਮੇਂ, ਸਰਬ-ਵਿਆਪਕ ਸੱਤਾ ਨੂੰ ਸਮਾਇਆ ਸਮਝਦਾ ਹੈ—

'ਜਿਮੀ ਜ਼ਮਾਂ ਕੇ ਬਿਖੇ ਸਮਸਤ ਏਕ ਜੋਤਿ ਹੈ
ਨ ਬਾਢ ਹੈ, ਨ ਘਾਟ ਹੈ, ਨ ਬਾਢ ਘਾਟ ਹੋਤ ਹੈ ।'

ਕਬਿੱਤ

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇਕੈ ਫਿਰ ਆਗ ਮੈਂ ਮਿਲਾਹਿੰਗੇ

ਜੈਸੇ ਏਕੇ ਧੂਰਿ ਤੇ ਅਨੇਕ ਧੂਰ ਪੂਰਿਅਤ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ
ਤੈਸੇ ਵਿਸ਼ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਂਹੀ ਤੇ ਉਪਜ ਸਬੈ ਤਾਂਹੀ ਮੈ ਸਮਾਹਿੰਗੇ । ੮੭ । [ਅਕਾਲ ਉਸਤਤਿ]

ਇਸ ਪਰਮਾਰਥਕ ਸਾਹਿਤ ਤੋਂ ਇਲਾਵਾ ਗੁਰੂ ਸਾਹਿਬ ਨੇ ਹਿੰਦ ਭਰ ਵਿਚ ਯੁਧ ਦਾ ਚਾਉ ਪੈਦਾ ਕਰਨ ਲਈ ਹਿੰਦੂਆਂ ਦੇ ਤਮਾਮ ਮੰਨੇ ਪ੍ਰਮੰਨੇ ਮਹਾਂਪੁਰਸ਼ਾਂ-ਅਵਤਾਰਾਂ ਦੀ ਜੀਵਨ ਕਥਾ ਨੂੰ ਬੀਰ ਰਸੀ ਪਾਹ ਦੇ ਕੇ ਨਵੇਂ ਰੰਗ ਢੰਗ ਨਾਲ ਬਿਆਨਿਆ, ਇਸ ਵਡੇ ਗਰੰਥ ਦਾ ਨਾਂ ਬਚਿਤਰ ਨਾਟਕ ਹੈ । ਸ਼ਾਇਦ ਹਿੰਦੀ ਯਾ ਸੰਸਕ੍ਰਿਤ ਵਿਚ ਅਜੇ ਤਕ ਅਜਿਹਾ ਗਰੰਥ ਤਿਆਰ ਨਹੀਂ ਹੋਇਆ ਜਿਸ ਵਿਚ ਦਿਉਂ ਚੰਡੀ, ਵਿਸ਼ਨੂ ਦੇ ਦਸ ਅਵਤਾਰਾਂ, ਬ੍ਰਹਿਮਾਂ ਦੇ ੭ ਤੇ ਰੁਦ੍ਰ ਦੇ ਦੋ ਅਵਤਾਰਾਂ ਅਤੇ ਮੀਰ ਮਹਿਦੀ ਦੀ ਜੀਵਨੀ ਵੀ ਇਕ ਥਾਂ ਆਈ ਹੋਵੇ । ਇਸੇ ਗਰੰਥ ਦੇ ਮੁਢ ਵਿਚ ਉਨ੍ਹਾਂ ਆਪਣੀ ਆਤਮ-ਕਥਾ ਲਿਖੀ ਜੋ ਭਾਰਤੀ ਸਾਹਿਤ ਵਿਚ ਅਪਣੀ ਤਰ੍ਹਾਂ ਦੀ ਪਹਿਲੀ ਰਚਨਾ ਹੈ । ਇਸੇ ਤਰ੍ਹਾਂ ਉਨ੍ਹਾਂ 'ਸ਼ਸਤ੍ਰ ਨਾਮ ਮਾਲਾ' ਹੇਠ ਇਕ ਨਵਾਂ ਕੋਸ਼ ਰਚਿਆ, ਜਿਸ ਵਿਚੋਂ ਸ਼ਸਤਰ-ਭੰਡਾਰ ਦਾ ਦਰਸ਼ਨ ਕਰ ਕੇ ਕਾਇਰ ਹਿਰਦਿਆਂ ਵਿਚ ਵੀ ਬੀਰਤਾ ਦਾ ਸੰਚਾਰ ਹੁੰਦਾ ਹੈ । ਦਰਅਸਲ ਆਪ ਦੀ ਸਾਰੀ ਹਿੰਦੀ, ਪੰਜਾਬੀ ਤੇ ਫਾਰਸੀ ਰਚਨਾ ਸ੍ਰੀ ਦਸਮ ਗਰੰਥ ਨਾਮ ਹੇਠ ਸੰਚਿਤ ਮਿਲਦੀ ਹੈ, ਇਹ ਇਕ ਪੁਸਤਕ ਨਹੀਂ ਬਲਕਿ ਕਈ ਗਰੰਥਾਂ ਦਾ ਸੰਗ੍ਰਿਹ ਹੈ ਜੋ ਸੰਭਾਲ ਦੇ ਖਿਆਲ ਨਾਲ ਇਕ ਥਾਂ ਸੰਕਲਿਤ ਕਰ ਦਿਤਾ ਗਿਆ ਹੈ । ਇਸ ਵਿਚ ਜਾਪ, ਅਕਾਲ ਉਸਤਤਿ, ਚੰਡੀਚਰਿਤਰਉਕਤਿ ਬਿਲਾਸ' ਬਚਿਤ੍ਰ ਨਾਟਕ, ਸ੍ਰੀ ਸ਼ਸਤ੍ਰ ਨਾਮ ਮਾਲਾ, ਵਾਰ ਦੁਰਗਾ ਕੀ, ਗਿਆਨ ਪ੍ਰਬੋਧ, ਚਰਿਤ੍ਰੋ ਪਖਯਾਨ. ਸ਼ਬਦ ਹਜ਼ਾਰੇ. ਤੇਤੀ ਸਵਈਏ, ਅਸਫੋਟਕ ਕਬਿਤ, ਜ਼ਫਰਨਾਮਾ ਤੇ ਹਕਾਯਤਾਂ ਆਦਿ ਸ਼ਾਮਿਲ ਹਨ । ਗੁਰੂ ਸਾਹਿਬ ਦੀ ਕੁਲ ਮਿਲਦੀ ਛੰਦ ਰਚਨਾ ੧੭ ਹਜ਼ਾਰ ਛੰਦਾਂ ਤੋਂ ਵਧੇਰੇ ਹੈ । ਆਪ ਦੀ ਹਦ ਦਰਜੇ ਦੀ ਸੂਝ ਬੂਝ, ਸ਼ਬਦਸ਼ਕਤੀ ਤੇ ਕਾਵਿ ਸ਼ਕਤੀ ਨੂੰ ਵੇਖ ਕੇ ਮਨੁਖ ਹੈਰਾਨ ਹੋ ਜਾਂਦਾ ਹੈਕਿ ਉਨ੍ਹਾਂ ਕਿਵੇਂ ਇਤਨੇ ਰੁਝੇਵਿਆਂ-ਭਰੇ ਜੀਵਨ ਵਿਚੋਂ ਸਮਾਂ ਕੱਢਕੇ ਸਾਹਿਤਕ ਸਿਰਜਣਾ ਦਾ ਇਤਨਾ ਭਾਰੀ ਕੰਮ ਕੀਤਾ । ਸ਼ਾਇਦ ਦੁਨੀਆਂ ਦੇ ਉਹ ਪਹਿਲੇ ਜੋਧੇ ਜਰਨੈਲ ਸਨ ਜੋ ਆਪ ਗਹਿਰ ਗੰਭੀਰ ਬੌਧਿਕ ਪੁਰਖ ਹੁੰਦੇ ਉਚਕੋਟੀ ਦੇ ਮਹਾਂਕਵੀ ਸਨ । ਜੇ ਉਹ ਕਾਵਿਕਲਾ ਵਿਚ ਇਤਨੇ ਪ੍ਰਬੀਨ ਨ ਹੁੰਦੇ ਤਾਂ ਸ਼ਾਇਦ ਉਨ੍ਹਾਂ ਦੀ ਤੋਰੀ ਲਹਿਰ ਇਤਨਾ ਜ਼ੋਰ ਵੀ ਨ ਪਕੜਦੀ । ਅੱਧਾ ਕੰਮ ਤਾਂ ਉਨ੍ਹਾਂ ਕਲਮੀ ਕ੍ਰਿਸ਼ਮਿਆਂ ਰਾਹੀਂ ਪਹਿਲੇ (੧੭੫੫ ਬਿ.) ਮੁਕਾ ਲਿਆ ਸੀ ਤੇ ਅੱਧਾ ਫਿਰ ਇਤਿਹਾਸਕ ਵਿਸਾਖੀ (੧੭੫੬ ਬਿ.) ਨੂੰ ਤਲਵਾਰ ਧੂਹ ਕੇ ਸਿਰੇ ਚੜ੍ਹਾਇਆ ।

ਗੁਰੂ ਜੀ ਦੀ ਬਹੁਤੀ ਸਾਹਿਤਕ ਰਚਨਾ ਹਿੰਦੀ ਵਿਚ ਹੈ ਤੇ ਭਾਰਤੀ ਸਾਹਿਤ ਵਿਚ

ਆਪ ਦੇ ਮੁਕਾਬਲੇ ਦਾ ਹੋਰ ਕੋਈ ਮਹਾਂਕਵੀ ਨਹੀਂ ਲੱਭਦਾ। ਮੁਗਲਾਂ ਦੇ ਮਾਰੇ ਭੈਨੇ ਕਮਜ਼ੋਰ ਨਿਤਾਣੇ ਹਿੰਦੂਆਂ ਵਿਚੋਂ ਲੱਖਾਂ ਸੂਰਮੇ ਪੈਦਾ ਕਰਨ ਦਾ ਸਿਹਰਾ ਇਸ ਮਹਾਨ ਕਵੀ ਦੀ ਰਚਨਾ ਨੂੰ ਹੀ ਹੈ। ਹਿੰਦੀ ਰਚਨਾ ਤੋਂ ਇਲਾਵਾ ਆਪ ਨੇ ਪੰਜਾਬੀ, ਫਾਰਸੀ ਤੇ ਰੇਖ਼ਤਾ, ਆਦਿ ਵਿਚ ਵੀ ਰਚਨਾ ਕੀਤੀ ਜੋ ਕਿ ਸਾਹਿਤਕ ਦ੍ਰਿਸ਼ਟੀ ਤੋਂ ਬਹੁਮੁੱਲੀ ਹੈ। ਜੋ ਮਹਾਂ ਕਵੀ ਹਿੰਦੀ ਵਿਚ ਜਾਪੁ ਵਰਗੀ ਤੇ ਪੰਜਾਬੀ ਵਿਚ ਵਾਰ ਦੁਰਗਾ ਕੀ ਤੇ ਫਾਰਸੀ ਵਿਚ ਜ਼ਫਰਨਾਮੇ ਜੇਹੀ ਪ੍ਰਚੰਡ ਰਚਨਾ ਕਰ ਸਕਦਾ ਹੈ, ਉਸ ਸਰਬ ਲੋਹ ਦੇ ਕਵੀ ਨੂੰ ਨਮਸ਼ਕਾਰ ਕਰਨਾ ਬਣਦਾ ਹੈ ਤੇ ਇਹ ਮਹਾਨ ਬਾਣੀ ਏਕਤਾ, ਸੁਮੇਲ, ਸ਼ਕਤੀ ਤੇ ਸੁਤੰਤ੍ਰਤਾ ਦੀ ਪ੍ਰਤੀਕ ਹੈ।

ਇਹ ਗੱਲ ਧਿਆਨ ਯੋਗ ਹੈ ਕਿ ਕਵੀ ਦਾ ਏਕਤਾਵਾਦ ਨਿਰਾ ਸਿਧਾਂਤਕ ਨਹੀਂ, ਸਗੋਂ ਉਹ ਇਸ ਦੀ ਨੀਂਹ ਤੇ ਸਰਬ ਧਰਮ-ਸੰਮੇਲਨ ਦਾ ਮਹਿਲ ਉਸਾਰਨਾ ਚਾਹੁੰਦਾ ਹੈ। ਹਿੰਦੂ ਮੁਸਲਮ, ਮੰਦਰ ਮਸੀਤ, ਪੂਜਾ ਨਿਮਾਜ਼ ਤੇ ਪੁਰਾਨ ਕੁਰਾਨ ਵਿਚ ਉਸ ਨੂੰ ਕੋਈ ਭੇਦ ਨਹੀਂ ਜਾਪਦਾ। ਉਸ ਦੀ ਸਚਾਈ ਭਰੀ ਪਵਿਤ੍ਰ-ਧੁਨੀ ਸਰਬ ਪਿਆਰ ਦਾ ਸੰਦੇਸ਼ ਦਿੰਦੀ ਹੈ।

'ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ :
ਦੇਵਤਾ ਅਦੇਵ, ਜੱਛ, ਗੰਧ੍ਰਬ, ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।' ੮੬।

ਇਹ ਏਕਤਾ ਦਾ ਮਧੁਰ ਨਾਦ ਪੈਦਾ ਕਰਨ ਲਈ ਉਨ੍ਹਾਂ ਸਾਰੇ ਸਾਜ਼ਾਂ ਨੂੰ ਇਕ-ਸੁਰ ਕਰਨ ਦਾ ਯਤਨ ਕੀਤਾ, ਆਪਣੀ ਜ਼ਿੰਦਗੀ ਦਾ ਸਭ ਕੁਝ ਇਸ ਪਾਸੇ ਲਾਇਆ। ਉਹ ਜਾਣਦੇ ਸਨ ਕਿ ਦੁਨੀਆਂ ਤੇ ਨੇਕੀ ਦੀਆਂ ਸੁਨਹਿਰੀ ਦਮਕਾਂ ਉਤਨਾ ਚਿਰ ਭਾਅ ਨਹੀਂ ਮਾਰ ਸਕਦੀਆਂ, ਜਿਤਨਾ ਚਿਰ ਹਰ ਵਿਅਕਤੀ ਕੁੰਦਨ ਨ ਬਣ ਜਾਵੇ। ਮਨੁਖਤਾ ਨੂੰ ਕੁੰਦਨ ਬਣਾਉਣ ਵਾਲੀ ਉਨ੍ਹਾਂ ਦੀ ਦੱਸੀ ਰਸਾਇਣ ਇਹ ਹੈ :—

ਆਤਮ ਉਪਦੇਸ ਭੇਸ ਸੰਜਮ ਕਉ, ਜਾਪ ਸੁ ਅਜਪਾ ਜਾਪੈ
ਸਦਾ ਰਹੈ ਕੰਚਨ ਸੀ ਕਾਇਆ, ਕਾਲ ਨ ਕਬਹੂੰ ਬਿਆਪੈ।

ਦਰਅਸਲ ਮਹਾਂ ਕਵੀ ਜ਼ਿੰਦਗੀ ਦਾ ਗੁਰਦੇਵ ਸੀ। ਕਵਿਤਾ ਦੀ ਕਲਾ ਰਾਹੀਂ ਵੀ ਉਹ ਇਸੇ ਕਲਾ ਦਾ ਗਿਆਨ ਦੇਣ ਆਇਆ ਸੀ।

ਜਦੋਂ ਅਸੀਂ ਇਸ ਰਹੱਸਵਾਦੀ ਪੱਧਰ ਤੋਂ ਹੇਠਾਂ ਲਹਿ ਕੇ ਉਸ ਕਵੀ ਦੇ ਕਾਵਿ-ਚਮਤਕਾਰਾਂ ਨੂੰ ਤਕਦੇ ਹਾਂ, ਉਹ ਵੀ ਥਾਂ ਥਾਂ ਰਸ ਨਾਲ ਛਲਕਦੇ ਦਿਸਦੇ ਹਨ। ਕਿਤੇ ਅਨੂਠੇ ਤੇ ਅਨੋਖੇ ਭਾਵ ਡੁਲ੍ਹ ਡੁਲ੍ਹ ਪੈ ਰਹੇ ਹਨ ਤੇ ਕਿਧਰੇ ਲਫਜ਼ਾਂ ਦੀ ਗੋਂਦ ਮਨ ਨੂੰ ਮੋਂਹਦੀ ਜਾਂਦੀ ਹੈ। ਇਸ ਪਹਿਲੂ ਨੂੰ ਦਰਸਾਉਣ ਲਈ ਇਥੇ ਕੁਝ ਛੰਦ ਦਿੰਦੇ ਹਾਂ। ਕਵੀ ਜੀ ਇਕ ਥਾਂ ਇਕ ਸਖੀ ਦੀ ਕਾਨ੍ਹ ਜੀ ਨਾਲ ਪਹਿਲੀ ਪ੍ਰੇਮ-ਤੱਕਣੀ ਦਾ ਜ਼ਿਕਰ ਕਰਦੇ ਲਿਖਦੇ ਹਨ :—

ਬੈਠੀ ਹੁਤੀ ਸਾਜ ਹੌਂ ਸ਼ਿੰਗਾਰ ਸਭ ਸਖੀਅਨ ਮੈਂ,
ਏਹੀ ਬੀਚ ਕਾਨ੍ਹ ਜੂ ਦਿਖਾਈ ਮੁਹਿ ਦੈ ਗਯੋ।

ਤਬ ਹੀ ਤੇ ਸਭਨ ਕੀ ਸੁਧ ਸੋਂ ਬਿਸਾਰ ਦੀਨੀ,
ਚੇਟਕ ਚਲਾਈ ਮਾਨੋ ਚੇਰੀ ਮੋਹਿ ਕੈ ਗਯੋ।
ਕਹਾਂ ਕਰੋਂ ਕਾ ਪੈ ਜਾਊਂ, ਜਰੋਂ ਕਿਧੋਂ ਬਿਖ ਖਾਊਂ,
ਜਾਨਤ ਹੀ ਬੀਸ ਬਿਸਵੈ ਬਿਛੂ ਸੋ ਡਸੈਗਯੋ।
ਚਖੁਨ ਚਿਤੌਨ ਸੋਂ ਚੁਰਾਇ ਚਿਤ ਮੇਰੋ ਲੀਨੋ,
ਲਟਪਟੀ ਪਾਗ ਸੋਂ ਲਿਪੇਟ ਮਨ ਲੈ ਗਯੋ।

ਅੱਗੇ ਇਕ ਬਿਰ੍ਹੋਂ ਦਾ ਬਿਆਨ ਸੁਣੋ। ਕਾਨ੍ਹ ਦੀ ਯਾਦ ਵਿਚ ਸਖੀਆਂ ਦੀਆ ਅੱਖੀਆਂ ਜੋਗਿਆਣੀਆ ਬਣ ਜਾਂਦੀਆਂ ਹਨ, ਇਹ ਕਵੀ-ਕਲਪਣਾ ਦਾ ਜੋਗ ਵੀ ਅਜੀਬ ਹੀ ਰੰਗ ਦਾ ਹੈ।

ਸਵੇਤਤਾ ਬਿਭੂਤਿ ਅਰ ਮੇਖਲੀ ਨਿਮੇਖ ਸੰਦੀ,
ਅੰਜਨ ਦੀ ਸੇਲੀ ਦਾ ਸੁਭਾਉ ਸੁਭ ਭਾਖਣਾ।
ਭਗਵਾ ਸੋ ਭੇਸ ਸਾਡਾ ਨੈਣਾਂ ਦੀ ਲਲਾਈ ਸਾਈ,
ਯਾਰੜੇ ਦਾ ਧਿਆਨ ਇਹੋ ਕੰਦ ਮੂਲ ਚਾਖਣਾ।
ਰੋਦਨ ਦਾ ਮਜਨ ਪੜ੍ਹੀ ਪੜ੍ਹ ਗੀਤ ਗੀਤਾ,
ਦੇਖਣੇ ਦੀ ਭਿੱਛਾ ਦੁਖ ਧੂੰਆਂ ਅਗੇ ਰਾਖਣਾ।
ਊਧੋ! ਏਨ੍ਹਾਂ ਗੋਪੀਆਂ ਦੀ ਅੱਖੀਆਂ ਦਾ ਜੋਗ ਸਾਰਾ,
ਨੰਦ ਦੇ ਕੁਮਾਰ ਨੂੰ ਜ਼ਰੂਰ ਜਾਇ ਆਖਣਾ।

ਇਸ ਤਰ੍ਹਾਂ ਕਵੀ ਦਾ ਆਪਣੇ ਮਹਿਬੂਬ ਪਰਮੇਸ਼ਰ ਦੇ ਬਿਰ੍ਹੋਂ ਵਿਚ ਮਾਛੀਵਾੜੇ ਦੇ ਜੰਗਲ ਅੰਦਰ ਗਾਂਵਿਆਂ, ਪੰਜਾਬੀ ਗੀਤ ਬਾਰ ਬਾਰ ਗਾਉਣ ਯੋਗ ਹੈ: ਇਹ ਉਸ ਕੈਵਿ-ਆਤਮਾ ਦਾ ਬਿਰ੍ਹੋਂ-ਨਾਦ ਹੈ ਜਿਸ ਜਗਤ ਤਮਾਸ਼ੇ ਵਿਚ ਸ਼ਾਮਲ ਹੋਣ ਸਮੇਂ ਆਪਣੀ ਮਜਬੂਰੀ ਪ੍ਰਗਟ ਕਰਦਿਆਂ ਕਿਹਾ ਸੀ:—

'ਚਿਤ ਨ ਭਯੋ ਹਮਰੋ ਆਵਨ ਕਹਿ।
ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ'।'

ਪ੍ਰਭੂ ਦੇ ਪਠਾਏ ਪ੍ਰੀਤ-ਬੱਧੇ, ਰੂਹਾਂ ਦੇ ਸਰਦਾਰ ਆ ਤੇ ਗਏ,' ਮਗਰ ਵਿਛੋੜੇ ਦੀ ਵੇਦਨਾ ਨਾਲ ਸੀ, ਰੁਕ ਨਾ ਸਕੀ, ਘਣੇ ਜੰਗਲ ਵਿਚ ਫਿਰ ਇਉਂ ਗੂੰਜ ਉਠੀ:

'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ
ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦਾ ਰਹਿਣਾ
ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ
ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆ ਦਾ ਰਹਿਣਾ।'

ਸ਼ਬਦ ਅਲੰਕਾਰਾਂ ਦਾ ਨਿਖਾਰ ਵੀ ਵੇਖਣ ਯੋਗ ਹੈ। ਪਹਿਲੇ ਇਸ ਦੀ ਬੜੀ ਅਹਿਮੀਅਤ ਮੰਨੀ ਜਾਂਦੀ ਸੀ। ਇਸ ਛੰਦ ਵਿਚ ਚੰਡੀ ਦੀ ਨੁਹਾਰ ਬਿਆਨ ਕਰਦਿਆਂ 'ਹਰਿ'

ਸ਼ਬਦ ਦੀ ਵਰਤੋਂ ਕਿਤਨੇ ਹੀ ਭਿੰਨ ਭਿੰਨ ਅਰਥਾਂ ਵਿਚ ਕੀਤੀ ਗਈ ਹੈ :

'ਹਰਿ ਸੋ ਮੁਖ ਹੈ ਹਰਤੀ ਦੁਖ ਹੈ, ਅਲਕੈਂ ਹਰਿ ਹਾਰ ਪ੍ਰਭਾ ਹਰਨੀ ਹੈ
ਲੋਚਨ ਹੈਂ ਹਰਿ ਸੇ ਸਰਸੇ ਹਰਿ ਸੀ, ਭਰੁਟੀ ਹਰਿ ਸੀ ਬਰਨੀ ਹੈ
ਕੇਹਰਿ ਸੋ ਕਰਹਾ ਚਲਬੋ, ਹਰਿ ਪੈ ਹਰਿ ਕੀ ਹਰਨੀ ਤਰਨੀ ਹੈ
ਹੈ ਕਰ ਮੇਂ ਹਰਿ ਪੈ ਹਰਿ ਸੋ, ਹਰ ਰੂਪ ਕੀਏ ਹਰਿ ਕੀ ਧਰਨੀ ਹੈ ।'

ਅਕਾਲ ਉਸਤਤਿ ਵਿਚ ਉਜਲ ਚੋਜਾਂ ਨਾਲ ਤਸ਼ਬੀਹਾਂ ਦੇ ਦੇ ਪ੍ਰਭੂ ਦੀ ਕੀਰਤੀ ਦਾ ਬਿਆਨ ਕੀਤਾ ਹੈ ਤੇ ਨਾਲ ਹੀ ਲਫ਼ਜ਼ੀ ਚਮਤਕਾਰ ਖੂਬ ਨਿਭਾਇਆ ਹੈ । ਪਾਠਕ ਖੁਦ ਵੇਖ ਸਕਦੇ ਹਨ ।

ਇਜੇਹਾ ਇਕ ਥਾਂ ਨਹੀਂ, ਹਰ ਰਚਨਾ ਵਿਚ ਓਜਮਈ ਸ਼ੈਲੀ ਪ੍ਰਧਾਨ ਹੈ ਤੇ ਕੇਵਲ ਅਕਾਲ ਪੂਜਾ ਅਤੇ ਨਵੀਆਂ ਮਨੁੱਖੀ ਕਦਰਾਂ ਕੀਮਤਾਂ ਨੂੰ ਪੂਰਨ ਭਾਂਤ ਦ੍ਰਿੜ੍ਹ ਕਰਾਇਆ ਹੈ ਤੇ ਜੋ ਜੋ ਧਰਮ ਦੇ ਨਾਂ ਤੇ ਪ੍ਰਪੰਚ, ਸਮਾਜਕ ਮਰਯਾਦਾ ਦੇ ਨਾਂ ਤੇ ਕੁਰੀਤਾਂ ਤੇ ਰਾਜਸੀ ਅਤਿਆਚਾਰ ਚਲਦੇ ਸਨ, ਉਨ੍ਹਾ ਦਾ ਦਲੇਰੀ ਨਾਲ ਥਾਂ ਥਾਂ ਖੰਡਨ ਵੀ ਕੀਤਾ ਹੈ । ਇਹ ਸਭ ਕੁਝ ਸਰਬ ਲੋਹੀ ਕਾਵਿ ਬਣਾ ਕੇ ਪੇਸ਼ ਕੀਤਾ ਹੈ ਤੇ ਫਿਰ ਬਾਣੀ ਦੀ ਵਿਲੱਖਣਤਾ ਸਾਫ਼ ਦਸਦੀ ਹੈ ਕਿ ਇਹ ਮਹਾਨ ਗੁਰੂ ਕਵੀ ਕੋਈ ਵਿਸ਼ੇਸ਼ ਹਸਤੀ ਦਾ ਮਾਲਕ ਹੈ ।

ਗੁਰੂ ਗੋਬਿੰਦ ਸਿੰਘ ਹਰ ਪਹਿਲੂ ਤੋਂ ਸੁੰਦਰ ਸਨ, ਉਨ੍ਹਾਂ ਦੀ ਕਵਿਤਾ ਵੀ ਸੁੰਦਰ ਹੈ, ਉਹ ਬੀਰ ਬਹਾਦਰ ਸਨ, ਉਨ੍ਹਾਂ ਦੀ ਕਵਿਤਾ ਵੀ ਬੀਰ ਬਹਾਦਰ ਹੈ । ਉਹ ਅਮਰ ਹਨ ਤੇ ਉਨ੍ਹਾਂ ਦੀ ਕਵਿਤਾ ਵੀ ਅਮਰ ! ਇਹ ਇਕ ਇਤਿਹਾਸਕ ਸਚਾਈ ਹੈ ਕਿ ਆਪ ਨੇ ਦੇਸ ਵਿਚ ਜਿਸ ਕ੍ਰਾਂਤੀਕਾਰੀ ਲਹਿਰ ਦੀ ਬੁਨਿਆਦ ਰੱਖੀ, ਉਸ ਵਿਚ ਉਨ੍ਹਾਂ ਦੀ ਤਲਵਾਰ ਦਾ ਜਿੰਨਾ ਕੁ ਹਿੱਸਾ ਸੀ, ਉਸ ਤੋਂ ਕਿਤੇ ਵਧ ਉਨ੍ਹਾਂ ਦੀ ਓਜਮਈ ਕਲਮ ਦਾ ਹਿੱਸਾ ਸੀ ।

(੨)

# ਦਸਮ ਗ੍ਰੰਥ ਦਾ ਸੰਕਲਨ ਤੇ ਸੰਪਾਦਨ

ਦਸਮ ਗ੍ਰੰਥ ਇਕ ਪੁਸਤਕ ਨਹੀਂ ਬਲਕਿ ਦਸਮੇਸ਼ ਜੀ ਦੁਆਰਾ ਰਚਿਤ ਹਿੰਦੀ, ਫ਼ਾਰਸੀ ਤੇ ਪੰਜਾਬੀ ਦੀਆਂ ਅਨੇਕ ਰਚਨਾਵਾਂ ਦਾ ਸੰਗ੍ਰਹਿ ਹੈ। ਇਸ ਨੂੰ ਅਸੀਂ 'ਗੁਰੂ ਗੋਬਿੰਦ ਸਿੰਘ ਗਰੰਥਾਵਲੀ' ਕਹਿ ਸਕਦੇ ਹਾਂ। ਪਹਿਲੇ ਇਹ ਸੰਕਲਨ ਗੁਰੂ ਸਾਹਿਬ ਦੀ ਆਪਣੀ ਨਿਗਰਾਨੀ ਵਿਚ ੧੭੫੫ ਬਿ. ਵਿਚ ਤਿਆਰ ਕਰਾਇਆ ਗਿਆ ਸੀ। ਸਿਖਾਂ ਦਾ ਖਿਆਲ ਸੀ ਕਿ ਇਸਨੂੰ ਆਦਿ ਗਰੰਥ ਨਾਲ ਮਿਲਾ ਦਿਤਾ ਜਾਵੇ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਕਰਨਾ ਪਰਵਾਣ ਨਹੀਂ ਸੀ ਕੀਤਾ। ਭਾ: ਕੇਸਰ ਸਿੰਘ ਲਿਖਦੇ ਹਨ :—

> ਛੋਟਾ ਗਰੰਥ ਜੀ ਜਨਮੇ ਸਾਹਿਬ ਦਸਵੇਂ ਪਾਤਸ਼ਾਹ ਕੇ ਧਾਮ।
> ਸੰਮਤ ਸਤਾਰਾਂ ਸੈ ਪਚਵੰਜਾ, ਬਹੁਤ ਖਿਡਾਵੇ ਲਿਖਾਰੀ ਨਾਮ।
> ਸਾਹਿਬ ਨੂੰ ਸੀ ਪਿਆਰਾ ਅਪਣੀ ਹੱਥੀਂ ਲਿਖਿਆ ਤੇ ਖਿਡਾਇਆ।
> ਸਿਖਾਂ ਕੀਤੀ ਅਰਦਾਸ. 'ਜੀ ! ਨਾਲਿ ਚਾਹੀਏ ਮਿਲਾਇਆ।' ੨੨੩।
> ਬਚਨ ਕੀਤਾ, 'ਗਰੰਥ ਹੈ ਉਹ, ਇਹ ਅਸਾਡੀ ਹੈ ਖੇਡ।'
> ਨਾਲਿ ਨ ਮਿਲਾਇਆ, ਆਹਾ ਪਿਆਰਾ, ਕਉਨ ਜਾਨਹਿ ਭੇਦ। ੨੨੪।
>
> (ਬੰਸਾਵਲੀ ਨਾਮਾ, ਚਰਣ ੧੪, ਹੱਥਲਿਖਤ ਖਰੜਾ)

ਪਰੰਤੂ ਅਨੰਦਪੁਰ ਉਤੇ ਪਹਾੜੀ ਰਾਜਿਆਂ ਤੇ ਮੁਗਲ ਫੌਜਾਂ ਦੇ ਧਾਵਿਆਂ ਸਮੇਂ ਇਹ ਖਰੜਾ ਕਿਧਰੇ ਲੁਪਤ ਹੋ ਗਿਆ ਯਾ ਇਹ ਅਨੰਦਪੁਰ ਦੀ ਲੁੱਟ ਵਿਚ ਲੁਟਿਆ ਗਿਆ ਤੇ ਸੰਕਲਿਤ ਰੂਪ ਵਿਚ ਇਕ ਥਾਂ ਸੁਰੱਖਿਅਤ ਨ ਰਹਿ ਸਕਿਆ। ਭਾਈ ਮਨੀ ਸਿੰਘ ਚੂੰਕਿ ਉਮਰ ਭਰ ਗੁਰੂ ਸਾਹਿਬ ਪਾਸ ਰਹੇ ਸਨ, ਤੇ ਕਾਫ਼ੀ ਅਰਸਾ ਕਿਤਾਬਾਂ ਲਿਖਣ ਲਿਖਾਉਣ ਦਾ ਕੰਮ ਵੀ ਕਰਦੇ ਰਹੇ,* ਇਸ ਕਰਕੇ ਉਨ੍ਹਾਂ ਨੂੰ ਇਸ ਗੱਲ ਦੀ ਪੂਰੀ ਪੂਰੀ ਜਾਣਕਾਰੀ ਸੀ ਕਿ ਕਿਹੜੀ ਕਿਹੜੀ ਰਚਨਾ ਗੁਰੂ ਸਾਹਿਬ ਦੀ ਆਪਣੀ ਹੈ ਤੇ ਕਿਹੜੀ ਦਰਬਾਰੀ ਕਵੀਆਂ ਦੀ ਹੈ। ਗੁਰੂ ਸਾਹਿਬ ਦੇ ਦੇਹਾਂਤ ਪਿਛੋਂ ਭਾਈ ਸਾਹਿਬ ਨੇ ਜਦੋਂ ਸਤਿਗੁਰਾਂ ਦੀਆਂ ਰਚਨਾਵਾਂ ਵੱਖ ਵੱਖ ਥਾਂ

---

*ਆਯੂ ਪੈਂਤੀ ਬਰਖ ਕੀ, ਮਨੀ ਸਿੰਘ ਕੀ ਆਹਿ
ਲਿਖੇ ਲਿਖਾਏ ਪੋਥੀਆਂ, ਮਨ ਮਹਿੰ ਬਹੁ ਉਤਸ਼ਾਹ। ੪੦।

[ਸ਼ਹੀਦ ਬਿਲਾਸ, ਸੇਵਾ ਸਿੰਘ]

ਪਿਲਹੀਆਂ ਵੇਖੀਆਂ ਤਾਂ ਮਾਤਾ ਸੁੰਦਰੀ ਜੀ ਦੀ ਪ੍ਰੇਰਨਾ ਤੇ ਉਨ੍ਹਾਂ ਵਿਉਂਤ ਬਣਾਈ ਕਿ ਸਾਰੀਆਂ ਪ੍ਰਾਪਤ ਗੁਰ-ਰਚਨਾਵਾਂ ਨੂੰ ਸੰਕਲਿਤ ਕਰਕੇ ਇਕ ਬੀੜ ਵਿਚ ਗੁੰਦ ਦਿੱਤਾ ਜਾਵੇ । ਸੋ ਉਨ੍ਹਾਂ ਬੜੀ ਲੰਮੀ ਘਾਲ ਨਾਲ ਥਾਂ ਥਾਂ ਤੋਂ ਖਰੜੇ ਇਕੱਠੇ ਕੀਤੇ ਤੇ ਭਾਈ ਸ਼ੀਹਾਂ ਸਿੰਘ ਆਦਿ ਲਿਖਾਰੀਆਂ ਪਾਸੋਂ ਇਕੱਤਰ ਕਰਵਾਕੇ 'ਦਸਵੇਂ ਪਾਤਸ਼ਾਹ ਕਾ ਗਰੰਥ' ਤਿਆਰ ਕੀਤਾ । ਭਾਈ ਸਾਹਿਬ ਦੀ ਖੋਜ ਭਾਲ ਦੀ ਸਰਗਰਮੀ ਦਾ ਪਤਾ ਸਾਨੂੰ ਉਨ੍ਹਾਂ ਵਲੋਂ ਅੰਮ੍ਰਿਤਸਰ ਤੋਂ ਦਿਲੀ, ਮਾਤਾ ਸੁੰਦਰੀ ਜੋਗ, ਲਿਖੀ ਚਿਠੀ (ਅਪ੍ਰੈਲ ੧੭੧੩ ਈ.) ਤੋਂ ਵੀ ਲਗਦਾ ਹੈ, ਜੋ ਇਸ ਪਰਕਾਰ ਹੈ :—

ੴ ਅਕਾਲ ਸਹਾਏ ।

'ਪੂਜ ਮਾਤਾ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ । ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਬਿਕਾਰੀ ਹੋਇ ਗਇਆ ਹੈ । ਸੁਅਸਤ ਨਾਹੀਂ ਰਿਹਿਆ, ਤਾਪ ਕੀ ਕਥਾ ਦੋ ਬਾਰ ਸੁਨੀ ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕੁ ਨਾਹੀ । ਦੇਸ ਵਿਚਿ ਖਾਲਸੇ ਦਾ ਬਲੁ ਛੁਟਿ ਗਇਆ ਹੈ, ਸਿੰਘ ਪਰਬਤਾਂ ਬਧਾਨਾਂ ਵਿਚਿ ਜਾਇ ਬਸੇ ਹੈਨਿ । ਮਲੇਛੋਂ ਕੀ ਦੇਸ ਮੇਂ ਦੌਹੀ ਹੈ । ਬਸਤੀ ਮੇਂ ਬਾਲਕ, ਜੁਵਾ ਇਸਤਰੀ ਸਲਾਮਤੁ ਨਾਹੀ, ਮੁਛ ਮੁਛੂ ਕਰ ਮਾਰਦੇ ਹੈਨ । ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗ ਮਿਲਿ ਗਏ ਹੈਨ । ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ, ਸਭੀ ਚਕੁ ਛੋੜ ਗਏ ਹੈਨ । ਮੁਤਸਦੀ ਭਾਗ ਗਏ ਹੈਨ ਸਾਡੇ ਪਰ ਅਬੀ ਤੋ ਅਕਾਲ ਕੀ ਰੱਛਾ ਹੈ । ਕੱਲ ਕੀ ਖਬਰ ਨਾਹੀ । ਸਾਹਿਬਾਂ ਦੇ ਹੁਕਮ ਅਟੱਲ ਹੈਨ । ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ ।

ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀ, ਉਨ੍ਹਾਂ ਵਿਚਿ ਸਾਹਿਬਾਂ ਦੇ ੩੦੩ ਚਰਿਤ੍ਰ ਉਪਖਿਆਨ ਦੀ ਪੋਥੀ ਜੋ ਹੈ, ਸੋ ਸੀਂਹਾਂ ਸਿੰਘ ਨੂੰ ਮਹਲ ਵਿਚਿ ਦੇਨਾ ਜੀ । ਨਾਮ ਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀਂ । ਕਰਿਸ਼ਨਾਵਤਾਰ ਪੂਰਬਾਰਧ ਤੋ ਮਿਲਾ, ਉਤਰਾਰਧ ਨਾਹੀ । ਜੋ ਮਿਲਾ ਅਸੀਂ ਭੇਜ ਦੇਵਾਂਗੇ ।

ਦੇਸ ਵਿਚ ਰੌਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ, ਸਾਹਿਬ ਬਾਹੁੜੀ ਕਰਨਗੇ । ਤੋਲਾ ੫ ਸੋਨਾ ਸਾਹਿਬਜ਼ਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ ਕਿਆਂ ਖੰਡੂਰ ਸੇ ਭੇਜਾ ਹੈ । ੧੭ ਰਜਤਪਨ ਭੀ ਝੰਡਾ ਸਿੰਘ ਸੇ ਭਰ ਪਾਠੇ । ਪੰਜ ਰਜਤਪਣ ਇਸੇ ਤੋਸਾ ਦੀਆ । ਇਸਨੂੰ ਬਦਰਕਾ ਬੀ ਹੈ । ਇਸ ਸੇ ਉਠਿ ਜਾਵੇਗੇ ।

ਮੁਸਤਦੀਓਂ ਨੇ ਹਿਸਾਬ ਨਾਹੀ ਦੀਆ । ਜੋ ਦੇਂਦੇ ਤਾਂ ਬਡੇ ਸ਼ਹਰ ਸੇ ਹੁੰਡੀ ਕਰਾਇ ਭੇਜਦੇ । ਅਸਾਡੇ ਸਰੀਰੁ ਦੀ ਰੱਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ । ਮਿਤੀ ਵੈਸਾਖ ੨੨, ਦਸਖਤ ਮਨੀ ਸਿੰਘ । ਗੁਰੂ ਚਕੁ ਬੁੰਗਾ । ਜੁਆਬ ਪੋਰੀ ਮੇਂ ॥'

ਇਸ ਪੱਤ੍ਰਿਕਾ ਵਿਚ ਆਏ ਸੰਕੇਤ ਸਾਫ਼ ਤੌਰ ਤੇ ਅਵਤਾਰ ਕਥਾ (ਬਚਿਤ੍ਰ ਨਾਟਕ),

ਚਰਿਤਰੋ ਪਖਯਾਨ ਤੇ ਸ਼ਸਤ੍ਰਨਾਮਮਾਲਾ ਨੂੰ ਗੁਰੂ ਸਾਹਿਬਾਂ ਦੀ ਕਿਰਤ ਸਿਧ ਕਰਦੇ ਹਨ, ਜਿਨ੍ਹਾਂ ਬਾਰੇ ਕੁਝ ਇਤਰਾਜ਼ ਵੀ ਕੀਤਾ ਜਾਂਦਾ ਹੈ।

ਸੋ ਇਸਤਰ੍ਹਾਂ ਭਾਈ ਮਨੀ ਸਿੰਘ ਜੀ ਦੇ ਯਤਨ ਨਾਲ ਦਸਮ ਪਾਤਸ਼ਾਹ ਦੀ ਪ੍ਰਾਪਤ ਰਚਨਾ 'ਦਸਮ ਗਰੰਥ' ਦੇ ਰੂਪ ਵਿਚ ਸੰਭਾਲ ਦਿੱਤੀ ਗਈ। ਜੇਕਰ ਇਹ ਯਤਨ ਨ ਹੁੰਦਾ ਤਾਂ ਸ਼ਾਇਦ ਇਤਨੇ ਵੱਡੇ ਮਹਾਨ ਸਾਹਿਤਕਾਰ ਦੀ ਇਹ ਸਮੱਗਰੀ ਮਿਲਣਾ ਦੁਰਲਭ ਸੀ।

## ਦਸਮ ਗਰੰਥ ਦੀਆਂ ਬੀੜਾਂ ਦੇ ਭੇਦ

ਗਿਆਨੀ ਗਿਆਨ ਸਿੰਘ ਜੀ ਨੇ ਦਸਮ ਗਰੰਥ ਦੀਆਂ ਬੀੜਾਂ ਦੇ ਭੇਦ ਬਾਰੇ ਇਉਂ ਲਿਖਿਆ ਹੈ—

ਇਕ ਦਿਨ ਆਗਿਆ ਪੰਥ ਕੀ, ਮਨੀ ਸਿੰਘ ਜੀ ਪਾਇ।
ਬਾਣੀ ਦਸਮੇ ਗੁਰੂ ਕੀ, ਸੰਗ੍ਰਹਿ ਕਰ ਧਰਿ ਭਾਇ। ੨੦।
ਏਕ ਜਿਲਦ ਮੇਂ ਦੀਨੀ ਕਰਹੈ। ਤਿਸਕਾ ਭੋਗ ਹਕਾਯਤ ਪਰ ਹੈ।
ਦੂਸਰ ਬੀੜ ਦਮਦਮੇ ਭਈ, ਦੀਪ ਸਿੰਘ ਸ਼ਹੀਦ ਰਚਈ।
ਸੰਮਤ ਅਠਾਰਾਂ, ਸੈ ਚਾਰ। ਮਧ ਕਰਯੋ ਉਨ ਯਹ ਉਪਕਾਰ।
ਭੋਗ ਸਫੋਟਕ ਕਬਿੱਤਨ ਪਰ ਹੈ. ਯਹੀ ਪਛਾਨ ਸਯਾਨੇ ਰਰ ਹੈ।
ਸੁਖਾ ਸਿੰਘ ਗਰੰਥੀ ਔਰ, ਰਚੀ ਬੀੜ ਪਟਨੇ ਮੇਂ ਗੌਰ।
ਅਠਾਰਾਂ ਸੈ ਬੱਤੀ ਮਾਹੇ, ਰਖਿਓ ਸੁਖਮਨਾ ਛਕੇ ਵਾ ਹੈਂ।
ਅੰਕਪਲੀ ਲੌ ਅਨਿਕ ਪ੍ਰਸੰਗ, ਰਾਖੇ ਉਨ ਆਪਨੇ ਢੰਗ।
ਭੋਗ ਛੱਕਯੋਂ ਪਰ ਪਾਯੋ ਤਾਂਹਿ। ਤੀਨ ਬੀੜ ਹੋਈ ਬਿਧਿ ਯਾਹ।
ਪੁਨਾਂ ਚੜ੍ਹਤ ਸਿੰਘ ਤਾਂਕੇ ਪੂਤ, ਅੱਖਰ ਦਸਮ ਗੁਰੂ ਸਮ ਸੂਤ।
ਕਰ ਕੇ ਪਾਂਚ ਪੱਤਰੇ ਔਰ, ਗੁਰ ਤਰਫੋਂ ਲਿਖਿ ਪਾਏ ਗੌਰ।
ਔਰ ਗਰੰਥ ਇਕ ਵੈਸਾ ਕੀਓ, ਸੋ ਬਾਵੇ ਹਾਕਮ ਸਿੰਘ ਲੀਓ।
ਸੋ ਗੁਰਦੁਆਰੇ ਮੋਤੀ ਬਾਗ, ਹੈ ਅਬ ਹਮਨੇ ਪਿਖਯੋ ਬਿਲਾਗ। ੨੧।

(ਪੰਥ ਪ੍ਰਕਾਸ਼, ਚ੬੯ਵਾਂ ਨਿਵਾਸ, ਪੰਨਾ ੨੮੭)

ਹੁਣ 'ਦਸਮ ਗਰੰਥ' ਦੀਆਂ ਇਤਿਹਾਸਿਕ ਅਹਿਮੀਅਤ ਵਾਲੀਆਂ ਪ੍ਰਾਚੀਨ ਬੀੜਾਂ ਇਹ ਪ੍ਰਾਪਤ ਹਨ :—

| | | ਕੁਲ ਪੱਤਰੇ |
|---|---|---|
| ੧. | ਅਨੰਦਪੁਰੀ ਬੀੜ (੮ ਦਸਖਤੀ ਪੱਤਰੇ ਲਗੇ ਹੋਏ) | ੪੦੩ |
| ੨. | ਦੋ ਗਰੰਥਾਂ ਵਾਲੀ ਭਾ. ਮਨੀ ਸਿੰਘ ਵਾਲੀ ਬੀੜ (ਆਦਿ ਗਰੰਥ ਸਮੇਤ) (੯ ਖਾਸ ਪੱਤਰੇ ਲਗੇ ਹੋਏ) | ੧੦੯੬ |
| ੩. | ਅਕਾਲ ਤਖ਼ਤ ਅੰਮ੍ਰਿਤਸਰ (ਮਿਸਲ ਪਟਨਾ ਜੀ ਦੀ ਨਕਲ) | ੬੨੬ |
| ੪. | ਦੀਵਾਨ ਖਾਨਾ ਸੰਗਰੂਰ (੯੦੧ ਤੋਂ ੧੧੬੬ ਪੱਤਰੇ ਤਕ) | ੫੬੬ |

੫. ਗੁਰਦੁਆਰਾ ਮੋਤੀ ਬਾਗ, ਪਟਿਆਲਾ (ਸੱਤ ਖਾਸ ਪੱਤਰੇ ਲਗੇ ਹੋਏ) ੫੦੧

੬. ਤੋਸ਼ਖਾਨਾ ਤਖਤ ਪਟਨਾ ਸਾਹਿਬ (ਕਈ ਖਾਸ ਪੱਤਰੇ ਲਗੇ ਹੋਏ) ੭੧੩

੭. ਪਟਨੇ ਦੇ ਗਰੰਥੀ ਭਾਈ ਸੁੱਖਾ ਸਿੰਘ ਵਾਲੀ ਖਾਸ ਬੀੜ ਪਟਨਾ

੮. ਬਾਬਾ ਦੀਪ ਸਿੰਘ ਵਾਲੀ ਬੀੜ, ਦਮਦਮਾ ਸਾਹਿਬ ੬੭੧

ਉਪਰੋਕਤ ਵੇਰਵੇ ਵਿਚ ਲਗਭਗ ਇਹ ਚਾਰੇ ਆ ਹੀ ਜਾਂਦੀਆਂ ਹਨ ਤੇ ਇਸਤੋਂ ਇਲਾਵਾ ਕੁਝ ਹੋਰ ਬੀੜਾਂ ਵੀ ਇਤਿਹਾਸਕ ਮਹੱਤਵ ਵਾਲੀਆਂ ਹਨ। ਕੁਝ ਵਿਸ਼ੇਸ਼ ਬੀੜਾਂ ਦਾ ਬਿਉਰਾ ਇਥੇ ਦਿਤਾ ਜਾਂਦਾ ਹੈ :—

(੧) ਅਨੰਦਪੁਰੀ ਬੀੜ — ਇਹ ਸਭ ਤੋਂ ਪ੍ਰਾਚੀਨ ਬੀੜ ਗਿ. ਸੁਰਿੰਦਰ ਸਿੰਘ ਕੰਵਲ ਤਰਨਤਾਰਨ ਪਾਸ ਮੈਂ 20 ਅਪ੍ਰੈਲ 1972 ਨੂੰ ਵੇਖੀ ਸੀ ਜਿਸਦਾ ਬਹੁਤਾ ਹਿੱਸਾ ਅਨੰਦਪੁਰ ਵਿਖੇ ੧੭੫੨-੫੩ ਬਿ. ਵਿਚ ਦਸਮੇਸ਼ ਜੀ ਦੇ ਹਜ਼ੂਰੀ ਲਿਖਾਰੀਆਂ ਵਲੋਂ ਤਿਆਰ ਸੈਂਚੀਆਂ ਤੇ ਆਧਾਰਿਤ ਹੈ। ਇਹ ਲਿਖਾਰੀ ਸਨ...ਭਾਈ ਦਰਬਾਰੀ, ਦਰਬਾਰੀ ਸਿੰਘ ਛੋਟਾ, ਹਰਿਦਾਸ, ਨਿਹਾਲਾ ਤੇ ਬਾਲਾ ਆਦਿ। ਇਹ ਨਾਂ ਹਰ ਰਚਨਾ ਦੇ ਮੁਢ ਵਿਚ ਹਾਸ਼ੀਏ ਤੋਂ ਬਾਹਰ ਕੋਨੇ ਤੇ ਦਿਤੇ ਹੋਏ ਹਨ। ਦਰ ਅਸਲ ਇਹੋ ਬੀੜ ਮਾਤਾ ਸੁੰਦਰੀ ਜੀ ਦੀ ਪ੍ਰੇਰਨਾ, ਭਾਈ ਮਨੀ ਸਿੰਘ ਜੈਸੇ ਵਿਦਵਾਨਾਂ ਦੀ ਘਾਲਣਾ ਸਦਕਾ ਦਿਲੀ ਵਿਖੇ ਭਾਈ ਸ਼ੀਹਾ ਸਿੰਘ ਆਦਿ ਨੇ ਤਿਆਰ ਕਰਵਾਈ। ਭਾਈ ਮਨੀ ਸਿੰਘ ਜੀ ਦੀ ਮਾਤਾ ਸੁੰਦਰੀ ਜੋਗ ਚਿਠੀ ਤੇ ਭਾਈ ਕੇਸਰ ਸਿੰਘ ਦੀ ਲਿਖਤ ਤੋਂ ਵੀ ਇਸਦੀ ਪੁਸ਼ਟੀ ਹੁੰਦੀ ਹੈ।*

---

*ਅਤੇ ਏਸ ਗਰੰਥ ਦੂਜੇ ਦੀਆਂ ਸੰਚੀਆਂ ਭੀ ਸੋ ਖਿੰਡ ਗਈਆਂ।
ਜੁਧ ਲੜਾਈਆਂ ਕਰਕੇ ਕਿਧਰੇ ਕਿਧਰੇ ਗਈਆਂ। ੩੭੪।
ਏਹੁ ਗਰੰਥ ਅਵਤਾਰ ਲੀਲ੍ਹਾ ਦਾ ਜੋ ਹੈ ਸੀ
ਸੋ ਭਾਈ ਮਨੀ ਸਿੰਘ ਹੋਰਾਂ ਇਕਠਾ ਕਰਵਾਇ ਖਰਚ ਪੈਸੀ
ਸੰਮਤ ਸਤਾਰਾਂ ਸੈ ਖਿਆਸੀ ਜਬ ਗਏ।
ਤਬ ਭਾਈ ਮਨੀ ਸਿੰਘ ਜੀ, ਦੂਜੇ ਅੰਮ੍ਰਿਤਸਰ ਆਵਤ ਭਏ। ੩੭੫।
ਦੂਜਾ ਅੰਮ੍ਰਿਤਸਰ ਜੋ ਚੋਲੇ ਬਾਗ ਵਿਚ ਹੈ ਬਨਿਆ
ਭਾਈ ਮਨੀ ਸਿੰਘ ਮੁਸੱਦੀ ਜਾਤਿ ਕੰਬੋਊ ਸਿਖ ਸਿਖਾਂ ਵਿਚ ਗਨਿਆ।
ਸੋ ਸਿਖ ਮਾਇਆ ਲੈ ਕੇ ਬਹੁਤ ਹੈ ਸੀ ਆਇਆ
ਸਿਖਾਂ ਨੂੰ ਖਰਚ ਰੁਪਈਏ ਦੇ ਕੇ, ਬਾਣੀ ਢੂੰਡਾਇਆ। ੩੭੬
ਖਾਸ ਦਸਖਤੀ ਪੱਤਰੇ, ਲਿਖੇ ਹਥਿ ਆਏ।
ਉਨ੍ਹਾਂ ਪੱਤ੍ਰਾਂ ਦੇ ਬਰੋਬਰਿ ਨਾਲ ਸਭ ਬਾਣੀ ਲਈ ਲਿਖਾਏ।
(ਬੰਸਾਵਲੀਨਾਮਾਂ, ਦਸਵਾਂ ਚਰਣ, ਖਰੜਾ ਖਾਲਸਾ ਕਾਲਜ ਅੰਮ੍ਰਿਤਸਰ)

ਸੋ ਸ੍ਰੀ ਦਸਮੇਸ ਜੀ ਦੀਆਂ ਰਚਨਾਵਾਂ ਦੇ ਜੋ ਅਨੰਦਪੁਰੀ ਖਰੜੇ ਮਿਲੇ, ਉਹ ਇਸ ਵਿਚ ਸੰਕਲਿਤ ਕਰ ਦਿਤੇ ਗਏ ਜਿਵੇਂ ਕਿ ਜਾਪੁ, ਗਿਆਨ ਪ੍ਰਬੋਧ ਤੇ ਰਾਮਾਵਤਾਰ ਦਾ ਦਰਬਾਰੀ ਸਿੰਘ ਛੋਟਾ ਵਲੋਂ ਕੀਤਾ ਉਤਾਰਾ ਹੈ, ਨਾਮ ਮਾਲਾ, ਵਾਰ ਦੁਰਗਾ ਕੀ ਆਦਿ ਦਰਬਾਰੀ ਦੀ ਨਕਲ ਹੈ। ਕ੍ਰਿਸ਼ਨਾਵਤਾਰ ਦਾ ਕਾਫੀ ਹਿੱਸਾ ਦਰਬਾਰੀ ਦਾ ਤੇ ਕੁਝ (ਜੁਧ ਪ੍ਰਬੰਧ) ਹਰਿਦਾਸ ਦੀ ਕਲਮ ਦਾ ਨਕਲ ਹੈ ਅਤੇ ਚਰਿਤ੍ਰ ਪਖਯਾਨ ਨਿਹਾਲਾ ਤੇ ਬਾਲਾ ਆਦਿ ਵਲੋਂ ਉਤਾਰਿਆ ਗਿਆ ਹੈ। ਬੀੜ 12 × 15 ਸ਼ਾਇਜ਼ ਵਿਚ 403 ਪੱਤਰਿਆਂ ਦੀ ਹੈ, 8 ਦਸਖਤੀ ਪੱਤਰੇ ਹਨ ਜਿਨ੍ਹਾਂ ਤੇ ੨੪, ੨੪ ਸਤਰਾਂ ਹਨ। ਬਾਕੀ ਹਰ ਪੱਤਰੇ ਤੇ ਲਗਭਗ ੩੪ ਸਤਰਾਂ ਹਨ। ਸ੍ਰੀ ਦਸਮੇਸ਼ ਜੀ ਦਾ ਜੁਆਨੀ ਦਾ ਸੁੰਦ੍ਰ ਚਿਤ੍ਰ ਮੁਢ ਵਿਚ ਦਿਤਾ ਹੈ ਤੇ ਇਕ ਸ਼ੇਰ ਦਾ ਸ਼ਿਕਾਰ ਕਰਦਿਆਂ ਦਾ ੧੪ਵੇਂ ਪੱਤਰੇ ਤੇ ਹੈ। ਪੰਨੇ ਲਾਉਣ ਲਗਿਆਂ ਹਰ ਮੂਲ ਖਰੜੇ ਦੇ ਪਹਿਲੇ ਪੰਨੇ ਸੋਧਕੇ ਫਿਰ ਦੁਬਾਰਾ ਬੀੜ ਦੇ ਇਕ-ਸਾਰ ਪੰਨੇ ਕੀਤੇ ਗਏ ਹਨ। ਅੰਤ ਵਿਚ ਦਿਤਾ ਜ਼ਫਰਨਾਮਾ ਕਿਸੇ ਹੋਰ ਕਲਮ ਦਾ ਲਿਖਿਆ ਪਿਛੋਂ ਜੋੜਿਆ ਗਿਆ ਹੈ ਪਰ ਇਸ ਤੇ ਪੰਨੇ ਨਹੀਂ ਲਗੇ।

ਬੀੜ ਦੇ ਦਰਸ਼ਨ ਦੁਰਲਭ ਜਾਪਦੇ ਹਨ। ਇਸ ਕਰ ਕੇ ਜੋ ਕੁਝ ਮੈਂ ਦੋ ਤਿੰਨ ਘੰਟੇ ਵਿਚ ਵੇਖ ਸਕਿਆ, ਉਹ ਇਥੇ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ।

ਤਤਕਰੇ ਦਾ ਮੁੱਢ ਇਉਂ ਹੈ—'ਬਾਣੀ ਸ੍ਰੀ ਮੁਖਵਾਕ ਪਾਤਸਾਹੀ ੧੦'. ੪ ਪੱਤਰੇ ਤਤਕਰਾ ਹੈ। ਪੰਜਵੇਂ ਪੱਤਰੇ ਉਤੇ ਭਾਈ ਮੁਹਕਮ ਸਿੰਘ ਅਰਜਨ ਸਿੰਘ ਦੇ ਨਾਂ ਲਿਖੇ ਹੁਕਮਨਾਮੇ ਦੀ ਨਕਲ ਹੈ। ਅੱਗੇ ਅੱਠ ਪੱਤਰੇ ਗੁਰੂ ਜੀ ਦੀ ਕਲਮ ਦੇ (ਦਸਖਤੀ) ਹਨ, ਹਰੇਕ ਨਾਲ ਲਿਖਾਰੀ ਦਾ ਉਤਾਰਾ ਹੈ। ਇਹ ਰੁਦ੍ਰਾਵਤਾਰ ਦਾ ਪਾਠ ਲਗਦਾ ਹੈ। ੧੪ਵੇਂ ਪੱਤਰੇ ਉਤੇ ਚਿਤ੍ਰ ਹੈ। ੧੫ ਤੋਂ ਜਾਪੁ ਸ਼ੁਰੂ ਹੁੰਦਾ ਹੈ, ਅੰਤਮ ਛੰਦ ਅੰਕ ੧੯੬ ਹੈ। ੧੯ ਪੱਤਰੇ ਦੇ ਪਾਸੇ ਤੇ ਲਿਖਿਆ ਹੈ—'ਲੇਖਕ ਦਰਬਾਰੀ ਸਿੰਘ ਛੋਟਾ' ਅਗੇ ਰਾਮਾਵਤਾਰ ਜੋ ੬੩ ਪਤਰੇ ਤੇ ਸਮਾਪਤ ਹੈ, ਉਥੇ ਫਿਰ 'ਲੇਖਕ ਦਰਬਾਰੀ ਸਿੰਘ ਛੋਟਾ' ਦੇ ਦਸਖਤ ਹਨ। ਪੱਤਰਾ ੬੪ ਤੋਂ ਕ੍ਰਿਸ਼ਨਾਵਤਾਰ ਹਰਿਦਾਸ ਦੀ ਕਲਮ ਤੋਂ ਹੈ। ੮੯ ਪੱਤਰੇ ਤੇ ਪਾਠ ਹੈ—'ਅਵਰ ਬਾਂਛਨਾ ਨਾਹਿ ਪ੍ਰਭੁ—' ੧੧੭ ਪੱਤਰੇ ਤੇ ਗੁਰੂ ਜੀ ਦੀ ਕਲਮ ਤੋਂ ਸੋਧ ਕੀਤੀ ਲਗਦੀ ਹੈ। ੧੧੯ ਪੱਤਰੇ ਤੋਂ ਚੰਡੀ ਚਰਿਤ੍ਰ ਉਕਤਿ ਬਿਲਾਸ ਸ਼ੁਰੂ ਹੈ, ਜੋ ੧੨੫ ਤੇ ਖਤਮ ਹੈ, ਉਥੇ ਸੰਮਤ ਦਰਜ ਹੈ- 'ਸੰਮਤ ੧੭੫੨ ਮਿਤੀ ਫ਼ਗਣ ੨੮।'*

ਇਥੇ ਅੰਤਮ ਸ੍ਵਯੇ ਦੀ ਪਹਿਲੀ ਤੁਕ ਇਉਂ ਦਰਜ ਹੈ:

'ਦੇਹੁ ਸਿਵਾ ਬਰੁ ਮੋਹਿ ਇਹੈ, ਸੁ ਸੁਕਰਮਨ ਤੇ ਕਬਹੂੰ ਨ ਟਰੋਂ।'

---

*ਗਿਆਨੀ ਪ੍ਰਕ੍ਰਮ ਸਿੰਘ ਜੀ ਸੰਗਰੂਰ ਪਾਸ ਮੈਂ ਇਕ ਹੱਥ-ਲਿਖਤ ਪੋਥੀ ਦਸੰਬਰ ੧੯੪੪ ਵਿਚ ਵੇਖੀ ਸੀ, ਉਸ ਵਿਚ ਚੰਡੀ ਚਰਿਤ੍ਰ ਉਕਤ ਵਿਲਾਸ ਦੇ ਖਰੜੇ ਤੇ ੧੭੫੩, ੧੪ ਹਾੜ ਅੰਕਿਤ.ਸੀ। ਨਾਲ ਸ੍ਰੀ ਸਤਿਗੁਰ ਸ਼ੋਭਾ ਗ੍ਰੰਥ ਸੀ ਜਿਸਦੇ ੮੨੩ ਛੰਦ ਤੇ ਅਠਾਰਾਂ ਅਧਿਆ ਸਨ।

੧੨੬ ਪੱਤਰੇ ਤੋਂ ਜੁਧ ਪ੍ਰਬੰਧ ਸ਼ੁਰੂ ਹੋ ਕੇ ੧੫੫ ਤੇ ਸਮਾਪਤ ਹੈ, ਉਥੇ ਟਿੱਪਣੀ ਹੈ—'ਜੁਧੁ ਪਰਬੰਧੁ ਪੂਰਾ ਹੋਆ, ਲਿਖਿਆ ਹਰਿਦਾਸ ਸੰਮਤ ੧੭੫੨ ਮਿਤੀ ਚੇਤ ੨੧ ॥' ੧੫੬ ਤੋਂ ਨਰ ਅਵਤਾਰ ਆਦਿ ਦਾ ਪ੍ਰਸੰਗ ਹੈ। ੧੯੬ ਤੋਂ ਗਿਆਨ ਪ੍ਰਬੋਧ ਚਲਦਾ ਹੈ। ੨੦੫ ਤੋਂ ਚੰਡੀਚਰਿਤ੍ਰ ਚਲਦਾ ਹੈ—ਮਹਿਖ ਦੈਂਤ ਸੂਰਖੰ।

੨੧੧ ਤੋਂ ੨੩੨ ਤਕ ਨਾਮ ਮਾਲਾ ਹੈ—੧੩੧੭ ਛੰਦ ਹਨ।

੨੩੩ ਤੇ—ਵਾਰ ਦੁਰਗਾ ਕੀ—ਕੋਨੇ ਤੇ ਦਸਖਤ ਹੈ—'ਲੇਖਕ ਦਰਬਾਰੀ'

੨੩੬—ਅਸਫੋਟਕ ਕਬਿਤ

੨੩੮—ਤੇ ਪਾਠ ਹੈ—'ਛਤ੍ਰੀ ਸਬੈ ਕ੍ਰਿਤ ਬਿਪਨ ਕੇ—

੨੩੯—ਤੇ 'ਮਾਝ ਸ੍ਰੀ ਮੁਖਬਾਕ ਪਾ. ੧੦' ਦਰਜ ਹੈ।

2੪੧—''ਤਤਕਰਾ ਸ੍ਰੀ ਚਰਿਤ੍ਰ ਪਖਯਾਨ ਕਾ।' ਇਹ ਤਤਕਰਾ ਇਥੇ ਹੀ ਹੈ, ਪਹਿਲੇ ਨਹੀਂ ਦਿਤਾ। ੨੪੪ ਪੱਤਰੇ ਤੋਂ ਚਰਿਤ੍ਰ ਸ਼ੁਰੂ ਹੈ ਤੇ ਇਸੇ ਪੱਤਰੇ ਦੇ ਪੁਸ਼ਤੇ ਵਾਲੇ ਪਾਸੇ ਅੰਕਿਤ ਹੈ—'ਲੇਖਕ ਨਿਹਾਲਾ।' ਅੱਗੇ ੩੨੮ ਪੱਤਰੇ ਤੋਂ ਬਾਲਾ ਦੀ ਕਲਮ ਹੈ। ੪੦੨ ਉਤੇ ਚਰਿਤ੍ਰ ਸਮਾਪਤ ਹਨ, ਅਗਲਾ ੪੦੩ ਪੱਤਰਾ ਕੁਛ ਹੋਰ ਛੰਦਾਂ ਦਾ ਉਤਾਰਾ ਹੈ। ਇਸਤੋਂ ਪਿਛੋਂ ਜ਼ਫਰਨਾਮਾ ਕਿਸੇ ਹੋਰ ਹੱਥ ਦਾ ਲਿਖਿਆ ਹੋਇਆ ਹੈ ਜਿਸਤੇ ਪੰਨੇ ਨਹੀਂ ਲੱਗੇ ਹੋਏ।

ਹਜ਼ੂਰੀ ਲਿਖਾਰੀਆਂ ਵਲੋਂ ਲਿਖੀ ਤੇ ਗੁਰੂ ਸਾਹਿਬ ਵਲੋਂ ਸੋਧੀ ਹੋਣ ਕਰਕੇ ਇਹ ਬੀੜ ਸਭ ਤੋਂ ਵਧ ਅਹਿਮ ਤੇ ਮੁਸਤਨਿਦ ਹੈ। ਇਹ ਠੀਕ ਹੈ ਕਿ ਪਹਿਲੇ 63 ਪੱਤਰੇ ਕਾਗਜ਼ ਤੇ ਲਿਖਤ ਪੱਖੋਂ ਵੱਖਰੇ ਜਾਪਦੇ ਹਨ ਪਰ ਇਉਂ ਲਗਦਾ ਹੈ ਕਿ ਇਹ ਉਦੋਂ ਕਿਸੇ ਖਸਤਾ ਹਾਲ ਖਰੜੇ ਤੋਂ ਹੂਬਹੂ ਉਤਾਰੇ ਗਏ ਹਨ।

(2) ਦੋ ਗਰੰਥਾਂ ਵਾਲੀ ਬੀੜ—ਭਾਈ ਮਨੀ ਸਿੰਘ ਜੀ ਦੀ ਨਿਗਰਾਨੀ ਹੇਠ ਦੋਹਾਂ ਗਰੰਥਾਂ ਦੀ ਜੋ ਇਕ ਬੀੜ ਤਿਆਰ ਹੋਈ, ਉਹ ਬੀੜ ਅਜ ਕਲ ਸੁਰਗਵਾਸੀ ਰਾਜਾ ਗੁਲਾਬ ਸਿੰਘ ਸੇਠੀ, ਹਨੂਮਾਨ ਰੋਡ, ਨਵੀਂ ਦਿਲੀ ਦੇ ਪਰਿਵਾਰ ਪਾਸ ਸੁਰੱਖਿਅਤ ਹੈ। ਸੇਠੀ ਸਾਹਿਬ ਨੇ ਇਹ ਹਜ਼ੂਰ ਸਾਹਿਬ ਤੋਂ ਲਿਆਂਦੀ ਸੀ ਤੇ ਮੈਂ ਇਹ ਬੀੜ 2 ਅਗਸਤ 1965 ਨੂੰ ਦਿਲੀ ਦੇਖੀ ਸੀ। ਇਤਿਹਾਸ ਵਿਚ ਇਹੋ ਪ੍ਰਚਲਤ ਹੈ ਕਿ ਭਾ. ਮਨੀ ਸਿੰਘ ਜੀ ਨੇ ਦੋ ਗਰੰਥਾਂ ਨੂੰ ਇਕ ਕਰਨ ਦੀ ਵਿਉਂਤ ਕੀਤੀ, ਸੰਭਵ ਹੈ ਕਿ ਇਹ ਕਿਸੇ ਹੋਰ ਲਿਖਾਰੀ ਦੀ ਕਾਢ ਹੋਵੇ। ਕੁਲ ਪੱਤਰੇ ੧੦੯੬ ਤੇ ਦਸਮ ਗਰੰਥ ਵਾਲਾ ਭਾਗ ੫੩੭ ਤੋਂ ੧੦੨੮ ਪੱਤਰੇ ਤੱਕ ਹੈ, ਨੌਂ ਖਾਸ ਪੱਤਰੇ ਜੋੜੇ ਹੋਏ ਹਨ। ਇਸ ਵਿਚ ਚੂੰਕਿ ਆਦਿ ਗਰੰਥ ਦੀ ਬਾਣੀ ਨੂੰ ਰਾਗਾਂ ਦੀ ਥਾਂ ਗੁਰੂ ਵਿਅਕਤੀ ਅਨੁਸਾਰ ਵੰਡ ਕੇ ਦਿਤਾ ਗਿਆ ਹੈ ਤੇ 'ਮਹਲਾ' ਦੀ ਥਾਂ 'ਪਾਤਸ਼ਾਹੀ' ਸ਼ਬਦ ਵਰਤਿਆ ਹੈ, ਇਸ ਕਰਕੇ ਪਹਿਲੇ ਆਦਿ ਗਰੰਥ ਵਾਲੀ ਬਾਣੀ ਆ ਜਾਂਦੀ ਹੈ, ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਜਿਸ ਨੂੰ 'ਦਸਵੇਂ ਪਾਤਸ਼ਾਹ ਕਾ ਗਰੰਥ' ਕਿਹਾ ਗਿਆ ਹੈ। ਇਸ ਤੋਂ

ਪਿਛੋਂ ਭਗਤਾਂ ਤੇ ਭੱਟਾਂ ਦੀ ਰਚਨਾ ਹੈ। ਅੰਤ ਜ਼ਫ਼ਰਨਾਮਾ ਹੈ। ਇਸ 'ਦਸਮ ਗਰੰਥ' ਵਿਚ ਹੇਠ ਲਿਖੇ ਅਨੁਸਾਰ ਛੋਟੇ ਵੱਡੇ ਪੁਸਤਕ ਇਸ ਤਰਤੀਬ ਨਾਲ ਸ਼ਾਮਲ ਹਨ :

| | | |
|---|---|---|
| ੧. | ਜਾਪੁ | ਪੱਤਰਾ ੫੪੬ |
| ੨. | ਬਚਿਤ੍ਰ ਨਾਟਕ (ਚੰਡੀ ਚਰਿਤ੍ਰ ਦੋਵੇਂ, ਚੌਬੀਸ ਅਵਤਾਰ, ਬ੍ਰਹਮਾਵਤਾਰ, ਰੁਦ੍ਰ ਅਵਤਾਰ,੩੨ ਸਵੱਈਏ ਤੇ ੯ ਸ਼ਬਦ ਰਾਗਾਂ ਕੇ ।) | ਪੱਤਰਾ ੫੪੯ ਤੋਂ |
| ੩. | ਸ਼ਸਤ੍ਰਨਾਮਮਾਲਾ | ਪੱਤਰਾ ੭੮੬ |
| ੪. | ਗਿਆਨ ਪ੍ਰਬੋਧ | ,, ੮੨੧ |
| ੫. | ਅਕਾਲ ਉਸਤਤਿ | ,, ੮੩੦ |
| ੬. | ਵਾਰ ਦੁਰਗਾ ਕੀ | ,, ੮੩੮ |
| ੭. | ਚਰਿਤ੍ਰੋਪਾਖਯਾਨ | ਪੱਤਰਾ ੮੪੬-੧੦੨੮ ਤਕ |
| ੮. | ਜ਼ਫ਼ਰਨਾਮਾ (ਗੁਰਮੁਖੀ ਤੇ ਫ਼ਾਰਸੀ ਦੋਹਾਂ ਵਿਚ) | ਪੱਤਰਾ ੧੦੯੦-੯੫ |
| ੯. | ਸੱਦ | |

'ਚਰਿਤ੍ਰੋਪਾਖਯਾਨ' ਤੋਂ ਪਿਛੋਂ ਭਗਤ ਬਾਣੀ ਤੇ ਭੱਟਾਂ ਦੀ ਰਚਨਾ ਆ ਜਾਂਦੀ ਹੈ। ਅੰਤ ਤੇ ਫ਼ਾਰਸੀ ਜ਼ਫ਼ਰਨਾਮਾ ਤੇ 'ਲੱਖੀ ਜੰਗਲ' ਵਾਲੀ ਸੱਦ ਹੈ।

'ਅਸਫੋਟਕ ਕਬਿੱਤ' ਤੇ 'ਖਾਲਸਾ ਮਹਿਮਾ' ਵਾਲੇ ਛੰਦ ਇਸ ਵਿਚ ਨਹੀਂ ਆਏ। ਬੀੜ ਦੇ ੧੦੯੬ ਪੱਤਰੇ ਤੇ ਲਿਖਾਰੀ ਦਾ ਨੋਟ ਹੈ :

'ਖੜਗ ਪਾਣਿ ! ਤੈਂ ਕ੍ਰਿਪਾ ਤੇ, ਪੋਥੀ ਰਚੀ ਬਿਚਾਰ
ਭੂਲ ਹੋਇ ਜਹਿ ਤਹਿ ਸੁਕਵਿ, ਪੜੀਅਹੁ ਸਭੈ ਸੁਧਾਰ
ਪੋਥੀਯਾ ਕੀ ਉਤਾਰ ਕੀਏ, ਜੁਮਲਾ ਸੰਚਯੇ ਕੈ
ਜਮਾ ਕੀਏ ਬੜੀ ਮੇਹ (ਨ) ਤ ਸੇ ਲੀਖੇ ਹੈ
ਸੰਮਤ ੧੭੭੦ ਮੇਂ ਤਯਾਰ ਹੁਵੇ ਹੈਂ।'

ਭਾਵੇਂ ਇਹ ਸੰਮਤ ਵਾਲੀਆਂ ਸਤਰਾਂ ਹੋਰ ਹੱਥ ਦੀਆਂ ਜਾਪਦੀਆਂ ਹਨ ਫਿਰ ਵੀ ਬੀੜ ਦੀ ਪ੍ਰਮਾਣੀਕਤਾ ਧਿਆਨ ਯੋਗ ਹੈ।

੫੩੭ ਪੱਤਰੇ ਤੇ ਦਸਮ ਗਰੰਥ ਦਾ ਤਤਕਰਾ ਸ਼ੁਰੂ ਹੁੰਦਾ ਹੈ ਜੋ ੫੪੫ ਤਕ ਚਲਦਾ ਹੈ। ਮੁਢ ਵਿਚ ਲਿਖਿਆ ਹੈ :—

'ਤਤਕਰਾ ਸ੍ਰੀ ਬਚਿਤ੍ਰ ਨਾਟਕ ਗਰੰਥ ਕਾ
ਸ੍ਰੀ ਮੁਖਾਰਬਿੰਦ ਬਾਕ ਪਾਤਸਾਹੀ ਦਸਵੀਂ ੧੦।'

ਫਿਰ ਜੋ ੮, ੯ ਖਾਸ ਦਸਖਤੀ ਪੱਤਰੇ ਲੱਭੇ ਸਨ, ਉਹ ਵੀ ਥਾਂ ਥਾਂ ਬੀੜ ਦੇ ਵਿਚ ਹੀ ਸ਼ਾਮਲ ਕਰ ਦਿਤੇ ਗਏ ਹਨ ਤੇ ਨਾਲ ਉਨ੍ਹਾਂ ਦਾ ਪਾਠ ਦੇ ਦਿਤਾ ਹੈ ਤਾਂ ਕਿ ਗੁਰੂ ਸਾਹਿਬ ਦੀ ਸ਼ਿਕਸਤਾ ਲਿਖਤ ਪੜ੍ਹਨ ਵਿਚ ਦਿੱਕਤ ਨ ਆਵੇ।

੬੧੫ ਪਤਿ ਤੇ ਉਹ ਦਸਖਤੀ ਪੱਤਰਾ ਸ਼ਾਮਲ ਹੈ ਜਿਸ ਵਿਚ ਗੁਰੂ ਸਾਹਿਬ ਨੇ ਆਪਣੀ ਛੰਦ-ਰਚਨਾ ਦਾ ਜੋੜ ਦਸਦਿਆਂ ਲਿਖਿਆ ਹੈ :—

'ਅਠਤਾਲੀ ਸੈ ਕਹਾ ਬਨਾਈ। ਦੋਹਾ, ਛੰਦ ਚਉਪਈ ਆਈ

ਸਵਾਲਛ ਛੰਦਾਗੇ ਹੋਈ। ਜਾ ਮਹਿ ਏਕ ਘਾਟ ਨਹੀਂ ਕੋਈ। ੩੯੨੫। ॥ ੨੧੭ ਏਥ ਪਾਠ ॥ ੮੭੫ ॥ ਜੁਧ ਪ੍ਰਬੰਧ ॥ ੧੧੮੬ ॥ ਦਸਮ ॥ ੩੪੦ ॥ ਰਾਸਮੰਡਲ ਕਾ ॥ ੧੩੪ ਗੋਪ ਬਿ੍ਹ॥ ੨੦੩੮ ॥ ਅਥਕਾ ॥ ੪੮੦੦ ॥ ਅਰਜੂ ਕਾ ਅਰਜੂ ॥ ੀੀੀੀ ਸਮਾਲਾ ਵ ।: ਵਾਰ ॥ ਚਰਿਤ੍ਰ ॥ ਤਿਹੁ ਪੋਥੀਆ ਬਿਨਾ ॥'

ਇਸ ਨੋਟ ਤੋਂ ਇਕ ਗੱਲ ਹੋਰ ਸਾਬਤ ਹੁੰਦੀ ਹੈ ਕਿ ਗੁਰੂ ਸਾਹਿਬ ਆਪਣੀਆਂ ਤਿੰਨ ਰਚਨਾਵਾਂ—ਸ਼ਸਤ੍ਰ ਨਾਮ ਮਾਲਾ, ਦੁਰਗਾ ਦੀ ਵਾਰ ਤੇ ਚਰਿਤ੍ਰਪਖਯਾਨ ਦੀ ਛੰਦ-ਗਿਣਤੀ ਨੂੰ ਇਸ ਵਿਚ ਸ਼ਾਮਿਲ ਨਹੀਂ ਕਰਦੇ। ਇਸ ਦਾ ਦੂਜਾ ਭਾਵ ਇਹ ਵੀ ਹੈ ਕਿ ਇਹ ਰਚਨਾਵਾਂ ਗੁਰੂ ਸਾਹਿਬ ਦੀ ਅਪਣੀ ਕਲਮ ਦਾ ਸਿੱਟਾ ਹਨ।

(ਤ) ਜਦੋਂ ਭਾ: ਮਨੀ ਸਿੰਘ ਦਸਮ ਗਰੰਥ ਦਾ ਸੰਪਾਦਨ ਕਰ ਰਹੇ ਸਨ, ਉਸੇ ਸਮੇਂ ਯਾ ਉਸ ਤੋਂ ਕੁਝ ਸਮਾਂ ਪਿਛੋਂ ਪਟਨੇ ਸਾਹਿਬ ਦੀ ਕੁਝ ਵਿਦਵਾਨ ਸਿਖਾਂ ਬੀੜ ਤਿਆਰ ਕੀਤੀ ਜੋ ਮਿਸਲ ਪਟਨਾ ਜੀ ਕੀ ਕਰਕੇ ਪ੍ਰਸਿਧ ਹੈ। ਇਹ ਬੀੜ ਤਾਂ ਪ੍ਰਾਪਤ ਨਹੀਂ ਪਰ ਇਸ ਦਾ 1822 ਬਿ: ਦਾ ਜੰਮੂ ਵਿਚ ਕੀਤਾ ਉਤਾਰਾ ਅਕਾਲ ਤਖਤ ਅੰਮ੍ਰਿਤਸਰ ਦੇ ਤੋਸ਼ੇਖਾਨੇ ਵਿਚ ਸੁਰੱਖਿਅਤ ਹੈ। ਜਿਸਦੇ ਕੁਲ 626 ਪਤਿ ਹਨ। ਪੰਜਵੇਂ ਪੱਤਰੇ ਤੇ ਲਿਖਿਆ ਹੈ :—

SIKHBOOKCLUB.COM

ੴ ਸ੍ਰੀ ਭਗਵਤੀ ਜੀ ਸਤ ॥

ਸੰਮਤ ਅਠਾਰਾਂ ਸੈ ਇਕੀ ਮੱਘ੍ਰ ਦਿਨੇ ਛਿਅ ॥ ੧੮੨੧ ॥
ਆਦਿਤਵਾਰ ।ਾਂ ਸ੍ਰੀ ਗ੍ਰਿੰਥ ਜੀ ਲਿਖਨੇ ਲਗੇ ॥ ਪਟਣੇ ਜੀ ਦੀ ਮਿਸਲ ॥
ਪਾਤਸਾਹੀ ॥ ੧੦ ॥ ਸ੍ਰੀ ਮੁਖ ਵਾਕਯ ॥
616 ਅੰਤਲੇ ਪੱਤਰੇ ਤੇ ਫਿਰ ਇਹ ਸ਼ਬਦ ਹਨ :—

ੴ ਸ੍ਰੀ ਭਗਵਤੀ ਪ੍ਰਸਾਦਿ ॥

ਸੰਮਤ ਅਠਾਰਾਂ ਸੈ ਬਾਈ ਅਸੂ ਦਿਨੇ ਪੰਦ੍ਰਾਂ ॥ ੧੮੨੨ ॥ ਸ੍ਰੀ ਗ੍ਰਿੰਥ ਜੀ ਸੰਪੂਰਨ ਲਿਖ ਪਹੁਤੇ ਸਧ ਪੜ੍ਹਿਨਾ। ਬਹੁਤਿਆ ਉਪਰੋਂ ਲਿਖਿਆ, ਛੋਤੀ ਨਾਲ।"

ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਮਿਸਲ ਪਟਨਾ ਜੀ ਤੋਂ ਇਲਾਵਾ ਲਿਖਾਰੀ ਨੇ ਹੋਰ ਬੀੜਾਂ ਦਾ ਆਸਰਾ ਵੀ ਲਿਆ ਸੀ।

ਇਸ ਦਾ ਤਤਕਰਾ ਇਉਂ ਹੈ :—



| | | |
|---|---|---|
| ੧. | ਜਾਪੁ | ਪਤਿ ੧੭ |
| 2, | ਸ਼ਸਤ੍ਰ ਨਾਮ ਮਾਲਾ | ,, ੨੨ |

| | | |
|---|---|---|
| 3. | ਉਸਤਤਿ ਸ੍ਰੀ ਅਕਾਲ ਜੀ ਕੀ | ਪਤਿ ੬੦ |
| ੪. | ਸ੍ਰੀ ਬਚਿਤ੍ਰ ਨਾਟਕ | ,, ੭੧ |
| ੫. | ਗਿਆਨ ਪ੍ਰਬੋਧ | ,, ੩੨੯ |
| ੬. | ਵਾਰ ਦੁਰਗਾ ਕੀ | ,, ੩੪੦ |
| ੭. | ਚਰਿਤ੍ਰ ਪਖਯਾਨ ਗਰੰਥ | ,, ੩੪੪ |
| ੮. | ਫੌਕਟ ਕਬਿਤ ਸਵੈਯੇ | ,, ੫੯੩ |
| ੯. | ਸਬਦ ਰਾਗਾਂ ਕੇ | ,, ੫੯੮ |
| ੧੦. | ਜੰਗ ਨਾਮਾ | ,, ੬੦੧ |

(ਗੁਰਮੁਖੀ ਤੇ ਫਾਰਸੀ ਦੋਹਾਂ ਲਿਪੀਆਂ ਵਿਚ ਹੈ)

(੪) ਦੀਵਾਨ ਖਾਨਾ ਸੰਗਰੂਰ ਵਿਚ ਇਕ ਬੜੀ ਸੁੰਦਰ ਬੀੜ ਪਈ ਹੈ ਜੋ ਮਹਾਰਾਜਾ ਸਰੂਪ ਸਿੰਘ ਨੂੰ ਗ਼ਦਰ ਸਮੇਂ ਦਿਲੀ ਤੋਂ ਪ੍ਰਾਪਤ ਹੋਈ ਸੀ। ਡਾ. ਨੰਦਨ ਸਿੰਘ ਗਰੰਥੀ ਜੀ ਨੇ ਦਸਿਆ ਸੀ ਕਿ ਕੋਈ ਪਠਾਣ ਗੁਰਜ, ਖੜਗ ਤੇ ਕਟਾਰ ਸਮੇਤ ਇਹ ਗਰੰਥ ਦੇ ਗਿਆ ਸੀ। ਹੁਣ ਇਹ ਬੀੜ ਸਟੇਟ ਆਰਕਾਈਵਜ਼ ਲਾਇਬਰੇਰੀ ਪਟਿਆਲਾ ਵਿਚ ਆ ਗਈ ਹੈ। ਮੈਂ 18 ਜਨਵਰੀ 1948 ਨੂੰ ਫਿਰ 24-11-1950 ਸੰਗਰੂਰ ਦਰਸ਼ਨ ਕੀਤੇ ਸਨ। ਇਹ ੬੦੨ ਪਤਿ ਤੋਂ ਚਲਦੀ ਹੈ। ਇਸ ਤੋਂ ਮਾਲੂਮ ਹੁੰਦਾ ਹੈ ਕਿ ਭਾਈ ਮਨੀ ਸਿੰਘ ਵਾਲੀ ਬੀੜ ਵਾਂਗ ਇਸ ਦਾ ਪੂਰਬਾਰਧ ਆਦਿ ਗਰੰਥ ਸੀ ਤੇ ਉਤਰਾਰਧ ਦਸਮ ਗਰੰਥ ਸੀ। ਪਿਛੋਂ ਇਸ ਨੂੰ ਵੱਖ ਵੱਖ ਕਰ ਦਿਤਾ ਗਿਆ। ਆਦਿ ਗਰੰਥ ਵਾਲਾ ਭਾਗ ਜੀਂਦ ਦੇ ਗੁਰਦੁਆਰੇ ਵਿਚ ਕਿਸੇ ਸਮੇਂ ਸੀ ਤੇ ਇਹ ਦਸਮ ਗਰੰਥ ਵਾਲਾ ਭਾਗ ਸੰਗਰੂਰ ਦੀਵਾਨਖਾਨੇ ਵਿਚ ਸੁਰੱਖਿਅਤ ਸੀ। ਬਹੁਤ ਹੀ ਸੁੰਦਰ ਲਿਖਤ ਵਾਲੀ ਬੀੜ ਹੈ ਤੇ ਇਸ ਦੇ ਹਰ ਪੱਤਰੇ ਨੂੰ ਵਖੋ ਵਖ ਕਿਸਮ ਦੀ ਵੇਲ ਨਾਲ ਸਜਾਇਆ ਗਿਆ ਹੈ, ਵੇਲਾਂ ਦੀ ਇਤਨੀ ਵੰਨਗੀ ਚਿਤ੍ਰਕਾਰ ਦੇ ਕਲਾ ਕਮਾਲ ਦੀ ਸਾਖੀ ਭਰਦੀ ਹੈ।

ਤਤਕਰਾ ਇਉਂ ਹੈ ;—

| | | |
|---|---|---|
| ੧. | ਜਾਪੁ | ਪਤਿ ੬੦੨ |
| ੨. | ਨਾਮ ਮਾਲਾ ਪੁਰਾਨ | ,, ੬੦੭ |
| ੩. | ਉਤਾਰਾ ਖਾਸੇ ਦਸਖਤ ਅਕਾਲ ਪੁਰਖ ਕੀ ਉਸਤਤਿ | ਪਤਿ ੬੪੨ |
| ੪. | ਬਿਚਿਤ੍ਰ ਨਾਟਕ ਗ੍ਰੰਥ | ਪਤਿ ੬੫੫ |
| ੫. | ਗਿਆਨ ਪ੍ਰਬੋਧ ਗ੍ਰੰਥ | ਪਤਿ ੮੨੬ |
| ੬. | ਚੰਡੀ ਚਰਿਤ੍ਰ | ਪਤਿ ੬੬੮ |
| ੭. | ਬ੍ਰਹਮਾ ਕੇ ਅਵਤਾਰ | ਪਤਿ ੮੭੦ |
| ੮. | ਰੁਦ੍ਰ ਕੇ ਅਵਤਾਰ | ਪਤਿ ੮੮੧ |

| | | |
|---|---|---|
| ੯. | ਚਰਿਤ੍ਰ ਪਖਯਾਨ | ਪੱਤ੍ਰਿ ੯੧੦ |
| ੧੦. | ਸੰਸਾਹਰ ਸੁਖਮਨਾ | ਪੱਤ੍ਰਿ ੧੧੧੭ |
| ੧੧. | ਵਾਰ ਮਾਲ ਕਉਂਸ ਕੀ | ਪਤਿ ੧੧੨੨ |
| ੧੨. | ਵਾਰ ਭਗਉਤੀ ਕੀ | ਪੱਤ੍ਰਿ ੧੧੨੩ |
| ੧੩. | ਸਬਦ ਸ੍ਰੀ ਮੁਖ ਵਾਕ | ਪੱਤ੍ਰਿ ੧੧੨੪ |
| ੧੪. | ਜੰਗਨਾਮਾ (ਫ਼ਾਰਸੀ ਤੇ ਗੁਰਮੁਖੀ ਦੋਵੇਂ) | ਪਤਿ ੧੧੨੬ |

ਕੁਲ ਪਤਿ ੧੧੬੬ ਹਨ । ਪਰ ਆਦਿ ਗਰੰਥ ਵਾਲੇ ਛਡ ਕੇ ੫੬੬ ਪੱਤਰੇ ਹੀ ਰਹਿ ਜਾਂਦੇ ਹਨ ।

ਇਸ ਬੀੜ ਵਿਚ ਜੋ ਸੰਸਾਹਰ ਸੁਖਮਨਾ, ਵਾਰ ਭਗਉਤੀ ਕੀ ਤੇ ਵਾਰ ਮਾਲ ਕਉਂਸ ਕੀ ਹੈ, ਉਹ ਮਿਵਾਇ ਡਾ: ਸੁਖਾ ਸਿੰਘ ਵਾਲੀ ਬੀੜ ਦੇ, ਹੋਰਥੇ ਨਹੀਂ ਤੇ ਨਾ ਹੀ ਪਿਛਲੇ ਲਿਖਾਰੀਆਂ ਇਨ੍ਹਾਂ ਨੂੰ ਸ਼ਾਮਲ ਕੀਤਾ ਹੈ । ਪੰਨਾ ੪ ਤੇ ਲਿਖਿਆ ਹੈ—
'ਬਹੁਟੀ ਨੂੰ ਖ਼ਸਮ ਲੈਣਾ ਜੀ, ਗ਼ੁਲਾਮ ਟਹਲਣ ਨੂੰ ।'

ਤਤਕਰੇ ਦੇ ਵਿਸਤਾਰ ਵਿਚ ਲਿਖਿਆ ਹੈ :—

'ਅਥ ਰਾਮਾਅਉਤਾਰ ਕੇ ਉਪਰੰਤ ਦੋ ਪਉੜੀ ਦਸਖਤ ਖਾਸ ਸੇ ਲਿਖੀ ਪਤਿ ੭੧੮ —ਅਥ ਬਰਨੌ ਕਿਸਨਾ ਅਵਤਾਰੁ ।' ਪਟਨੇ ਵਾਲੀ ਬੀੜ ਤੇ ਵੀ ਇਸੇ ਕਿਸਮ ਦਾ ਨੋਟ ਮਿਲਦਾ ਹੈ ।

SIKHBOOKCLUB.COM

(੫) ਮੋਤੀ ਬਾਗ ਗੁਰਦੁਆਰਾ, ਪਟਿਆਲਾ (੫੪੨ ਪੱਤਰੇ) ਵਾਲੀ ਬੀੜ ਦੀ ਤਰਤੀਬ ਇਸ ਤਰ੍ਹਾਂ ਹੈ । (ਪਰ ਹੁਣ ਇਹ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਸੁਰੱਖਿਅਤ ਹੈ)—

ਤਤਕਰਾ ਸ੍ਰੀ ਬਚਿਤ੍ਰ ਨਾਟਕ ਗਰੰਥ ਜੀ ਕਾ, ਸ੍ਰੀ ਮੁਖਾਰਬਿੰਦ ਬਾਕ ਪਾਤਸ਼ਾਹੀ ਦਸਵੀਂ ॥ ੧੦ ॥

| | | |
|---|---|---|
| ਜਾਪ | ੧ | ਪਤਿ |
| ਬਚਿਤ੍ਰ ਨਾਟਕ | ੪ | ,, |
| ਚੰਡੀ ਚਰਿਤ੍ਰ ਉਕਤਿ ਬਿਲਾਸ | ੧੪ | ,, |
| ਚੰਡੀ ਚਰਿਤ੍ਰ ਦੂਜੀ ਮਹਾਤਮ | ੨੨ | ,, |
| ਬਿਸਨ ਅਉਤਾਰ ਚਉਬੀਸ | ੨੭ | ,, |
| ਬ੍ਰਹਿਮਾ ਅਵਤਾਰ | ੧੭੦ | ,, |
| ਰੁਦ੍ਰ ਅਵਤਾਰ | ੧੮੧ | ,, |
| ਸਸਤ੍ਰ ਨਾਮ ਮਾਲਾ | ੨੧੪ | ,, |
| ਉਸਤਤਿ ਅਕਾਲ ਜੀ ਕੀ | ੨੪੪ | ,, |

| | | |
|---|---|---|
| ਗਿਆਨ ਪ੍ਰਬੋਧ | ੨੫੩ | ,, |
| ਵਾਰ ਦੁਰਗਾ ਕੀ | ੨੬੨ | ,, |
| ਚਰਿਤ੍ਰ ਪਖਿਯਾਨ ਕੀ ਕਥਾ | ੨੬੫ | ,, |
| ਅਸਫੋਟਕ ਕਬਿਤ | ੪੬੬ | ,, |
| ਅਸਫੋਟਕ ਸਵੈਯੇ | ੪੬੯ | ,, |
| ਬਿਸਨ ਪਦੇ | ੪੭੨ | ,, |
| ਮਾਝ | ,, | |
| ਜ਼ਫਰਨਾਮਾ (ਗੁਰਮੁਖੀ ਤੇ ਫਾਰਸੀ ਦੋਵੇਂ) | ੪੭੭ | |

ਇਸ ਬੀੜ ਵਿਚ ੭ ਖਾਸ ਦਸਖ਼ਤੀ ਪੱਤਰੇ ਹਨ। ਇਕ ੧੯੧ ਪੱਤਰਾ ਤੇ ਅਗੇ ੬ ਪੱਤਰੇ ਹੋਰ—੧੯੮, ੧੯੯,੨੦੦, ੨੦੧, ੨੦੨ ਤੇ ੨੦੩ ਗਿ. ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਪੰਜ ਪੱਤਰੇ ਚੜ੍ਹਤ ਸਿੰਘ ਨੇ ਲਿਖਕੇ ਪਾਏ ਸਨ ਜੋ ਇਸਤਰ੍ਹਾਂ ਦੀ ਲਿਖਤ ਲਿਖਣ ਵਿਚ ਮੁਹਾਰਤ ਰਖਦਾ ਸੀ। ਵਡੀ ਗੱਲ ਨਹੀਂ ਕਿ ਐਸਾ ਹੀ ਹੋਵੇ ਪਰ ਇਸਦੀ ਗਹੁ ਨਾਲ ਛਾਣ ਬੀਣ ਕਰਨ ਦੀ ਲੋੜ ਹੈ—ਕਾਗਜ਼ ਦੀ, ਸਿਆਹੀ ਦੀ ਤੇ ਲਿਖਤ ਦੀ। ਨਾਲੇ ਪੱਤਰੇ ਪੰਜ ਨਹੀਂ, ਸੱਤ ਹਨ।

ਇਸ ਤੋਂ ਇਲਾਵਾ ਕਈ ਹੋਰ ਬੀੜਾਂ ਵੀ ਧਿਆਨ ਯੋਗ ਹਨ ਜਿਵੇਂ ਕਿ ਅਕਾਲ ਤਖਤ ਤੋਸ਼ੇਖਾਨੇ ਵਿਚ ਇਕ ਸੁੰਦਰ ਮਖਮਲੀ ਜਿਲਦ ਵਾਲੀ ਬੀੜ ਹੈ ਜਿਸਦੇ ੧੪੦੪ ਪੱਤਰੇ ਹਨ ਤੇ ਇਹ ੧੮੭੯ ਬਿ. ਦੀ ਲਿਖੀ ਹੋਈ ਹੈ। ਇਹ ਸ. ਦੇਸਾ ਸਿੰਘ ਮਜੀਠੀਏ ਨੇ ਭੇਟ ਕੀਤੀ ਸੀ ਇੰਡੀਆ ਆਫਿਸ ਲਾਇਬਰੇਰੀ ਵਿਚ (ਆਦਿ ਗਰੰਥ ਦੀਆਂ ੮ ਬੀੜਾਂ ਤੋਂ ਇਲਾਵਾ) ਤਿੰਨ ਦਸਮ ਗਰੰਥ ਦੀਆਂ ਬੀੜਾਂ ਵੀ ਹਨ :—

ਇਕ ਪ੪੧ ਪੱਤਰੇ ਵਾਲੀ ਅਠਾਰਵੀਂ ਸਦੀ ਦੀ ਲਿਖਤ ਹੈ, ਦੂਜੀ ਫੱਗਣ ਵਦੀ ੧੭, ੧੯੦੩ ਬਿ. ਦੀ ਲਿਖੀ ਦੇਵਨਾਗਰੀ ਅੱਖਰਾਂ ਵਿਚ ਹੈ, ਇਸਦੇ ਪੱਤਰੇ ੫੨੦ ਹਨ ਤੀਜੀ ਬੀੜ ੬੪੨ ਪੱਤਰਿਆਂ ਵਾਲੀ ਸੁੰਦਰ ਲਿਖਾਈ ਵਾਲੀ ਹੈ, ਇਹ ੧੮੫੯ ਈ. ਵਿਚ ਸੋਢੀ ਸਾਧੂ ਸਿੰਘ ਕਰਤਾਰਪੁਰ ਵਾਲੇ ਨੇ ਮਲਕਾ ਵਿਕਟੋਰੀਆ ਲਈ ਸੁਗਾਤ ਵਜੋਂ ਭੇਜੀ ਸੀ। ਇਸ ਨਾਲ ੬੯੪ ਪੱਤਰਿਆਂ ਵਾਲੀ ਰੰਗੀਨ ਚਿਤ੍ਰਤ ਹਾਸ਼ੀਏ ਵਾਲੀ ਆਦਿ ਗਰੰਥ ਦੀ ਇਕ ਬੀੜ ਵੀ ਸੀ।

ਇਹ ਅਸਾਂ ਚਾਰ ਪੰਜ ਵਿਸ਼ੇਸ਼ ਬੀੜਾਂ ਦੇ ਤਤਕਰੇ ਦਾ ਬਿਉਰਾ ਇਸ ਲਈ ਦਿਤਾ ਹੈ ਤਾਂ ਕਿ ਪਾਠਕਾਂ ਨੂੰ ਪਤਾ ਲਗ ਜਾਵੇ ਕਿ ਕਿਸ ਤਰ੍ਹਾਂ ਵਿਦਵਾਨ ਸਿਖ ਲਿਖਾਰੀਆਂ ਆਪਣੇ ਆਪਣੇ ਜਤਨਾਂ ਰਾਹੀਂ ਇਹ ਕੰਮ ਕੀਤਾ। ਸੋ ਇਸ ਵਿਚ ਥੋੜਾ ਬਹੁਤ ਤਰਤੀਬ ਦਾ ਭੇਦ ਹੋਣਾ ਜ਼ਰੂਰੀ ਸੀ। ਮਗਰ ਪਿਛੋਂ ਦੇ ਲਿਖਾਰੀਆਂ ਵਧੇਰੇ ਭਾਈ ਮਨੀ ਸਿੰਘ ਵਾਲੀ ਤਰਤੀਬ ਨੂੰ ਹੀ ਅਪਣਾਇਆ ਤੇ ਇਹੋ ਪ੍ਰਚਲਤ ਹੋਈ।

## ਦਸਮ ਗਰੰਥ ਦਾ ਨਾਮ

ਜਿਥੋਂ ਤਕ ਦਸਮ ਗਰੰਥ ਨਾਂ ਦਾ ਸਬੰਧ ਹੈ, ਇਸ ਵਿਚ ਵੀ ਕਾਫੀ ਤਬਦੀਲੀ ਹੁੰਦੀ ਆਈ ਹੈ। ਭਾਵੇਂ ਪਹਿਲੇ ਨਾਮ ਦੇਣ ਦਾ ਰਿਵਾਜ ਘੱਟ ਸੀ ਪਰ ਤਤਕਰੇ ਵਿਚ ਗਰੰਥ ਦਾ ਜ਼ਿਕਰ ਆ ਜਾਂਦਾ ਸੀ।

ਪੁਰਾਤਨ ਬੀੜਾਂ ਵਿਚ ਵਧੇਰੇ ਕਰਕੇ ਸਾਰੇ ਗਰੰਥ ਦਾ ਨਾਮ 'ਬਚਿਤ੍ਰ ਨਾਟਕ' ਦਿਤਾ ਹੈ। ਇਕ ਕਾਰਣ ਤਾਂ ਇਹ ਵੀ ਹੈ ਕਿ ਇਸ ਸਾਰੀ ਰਚਨਾਵਲੀ ਵਿਚ ਬਚਿਤ੍ਰ ਨਾਟਕ ਜਾਂ ਅਵਤਾਰ ਲੀਲ੍ਹਾ ਵਾਲੀ ਰਚਨਾ ਸਭ ਤੋਂ ਵੱਡੀ ਹੈ। ਫਿਰ ਦੂਜੀ ਗੱਲ ਇਕ ਹੋਰ ਵੀ ਹੈ ਕਿ ਪ੍ਰਾਚੀਨ ਬੀੜਾਂ ਵਿਚ ਛੰਦ ਅੰਕ ਸਾਰੇ ਰਲਾ ਕੇ ਚਲਦੇ ਹਨ ਜਿਵੇਂ ਕਿ ਜਾਪੁ ਤੇ ਅਕਾਲ ਉਸਤਤਿ ਵਾਲੀ ਰਚਨਾ ਨੂੰ ਮੰਗਲਾਚਰਣ ਵਜੋਂ ਮੁੱਢ ਵਿਚ ਰਖਿਆ ਹੈ ਤੇ ਸਾਰੀ ਅਵਤਾਰ ਕਥਾ ਦੇ ਅੰਤ ਤ੩ ਸਵਈਏ ਤੇ ਸ਼ਬਦ ਰਾਗਾਂ ਕੇ ਦਰਜ ਇਸ ਲਈ ਕੀਤੇ ਹਨ ਕਿਉਂਕਿ ਇਨ੍ਹਾਂ ਵਿਚ ਸਤਿਗੁਰਾਂ ਬਾਰ ਬਾਰ ਇਹ ਵਿਚਾਰ ਦ੍ਰਿੜ੍ਹ ਕਰਾਇਆ ਹੈ ਕਿ ਇਹ ਅਵਤਾਰ ਪਰਮੇਸ਼ਰ ਨਹੀਂ ਇਹ ਤਾਂ ਅੰਸ਼ ਮਾਤ੍ਰ ਕਲਾ ਰਖਣ ਵਾਲੇ ਸਨ, ਇਨ੍ਹਾਂ ਨੂੰ ਪਰਮੇਸਰ ਮੰਨ ਕੇ ਪੂਜਣਾ ਠੀਕ ਨਹੀਂ। ਸੋ ਇਹ ਅੰਤਮ ਛੰਦ 'ਪ੍ਰਾਨੀ ਪਰਮਪੁਰਖ ਪਗ ਲਾਗੋ ਦਾ ਸੰਦੇਸ਼ ਦੇਣ ਵਾਲੇ ਹਨ।

'ਦਸਮ ਗਰੰਥ' ਨਾਮ ਬਹੁਤਾ ਪੁਰਾਣਾ ਨਹੀਂ। ਪਹਿਲੇ ਇਸਨੂੰ ਕਈ ਤਰ੍ਹਾਂ ਲਿਖਿਆ ਜਾਂਦਾ ਰਿਹਾ ਹੈ। ਜਿਵੇਂ ਕਿ :—

(੧) ਭਾ. ਮਨੀ ਸਿੰਘ ਵਾਲੀ ਬੀੜ ਵਿਚ ਇਕ ਤਰ੍ਹਾਂ ਸਾਰੇ ਨੂੰ 'ਬਚਿਤ੍ਰ ਨਾਟਕ ਗਰੰਥ' ਹੀ ਆਖਿਆ ਹੈ—

'ਤਤਕਰਾ ਸ੍ਰੀ ਬਚਿਤ੍ਰ ਨਾਟਕ ਗਰੰਥ ਜੀ ਕਾ
ਮੁਖਾਰਬਿੰਦ ਪਾਤਸਾਹੀ ੧੦'

(੨) ਮਿਸਲ ਪਟਨੇ ਦੀ ਨਕਲ ਬੀੜ, ਜੋ ਅਕਾਲ ਤਖਤ ਹੈ, ਉਸਤੇ ਇਉਂ ਅੰਕਿਤ ਹੈ—

'ਸੂਚੀ ਪੋਥੀ ਕਾ ਤਤਕਰਾ ਸ੍ਰੀ ਬਚਿਤ੍ਰ ਨਾਟਕ ਗਰੰਥ ਜੀ ਕਾ, ਸ੍ਰੀ ਮੁਖ ਵਾਕ ਪਾਤਸਾਹੀ ੧੦ ॥ ਲਿਖਯਤੇ ॥'

(੩) ਇਹ ਹੋਰ ਪ੍ਰਾਚੀਨ ਬੀੜ ਤੇ ਇਉਂ ਦਰਜ ਹੈ :—
'ਤਤਕਰਾ ਲਿਖਿਆ ਗਰੰਥ ਜੀ ਕਾ ਪਾਤਸਾਹੀ ੧੦।'

(੪) ਸੰਗਰੂਰ ਵਾਲੀ ਬੀੜ ਤੇ ਇਉਂ ਹੈ—
'ਤਤਕਰਾ ਗਿਰੰਥ ਕਾ ਸ੍ਰੀ ਮੁਖਵਾਕ ਪਾਤਸਾਹੀ ੧੦'

(੫) ਪੱਥਰ ਦੇ ਛਾਪੇ ਵਾਲੀ ੧੨੧੪ ਸਫੇ ਵਾਲੀ ਬੀੜ ਤੇ ਇਉਂ ਦਰਜ ਹੈ :—
'ਤਤਕਰਾ ਸ੍ਰੀ ਗੁਰੂ ਕਾ ਦਸਮ ਪਾਤਸਾਹੀ ਕਾ ਲਿਖਿਆ ਸੂਚੀ ਪਤ੍ਰ ਕਾ।'

(੬) ਇਕ ਹੋਰ ਪੱਥਰ ਦੇ ਛਾਪੇ ਦੀ ਬੀੜ ਗਯਾਨ ਪ੍ਰੈਸ ਗੁਜਰਾਂਵਾਲੇ ਦੀ ਛਪੀ ੧੧੫੮ ਸਫੇ ਦੀ ਹੈ, ਉਸ ਤੇ ਹੈ—'ਸ੍ਰੀ ਗਰੰਥ ਸਾਹਿਬ ਦਸਵੇਂ ਪਾਤਿ ਸਾਹਿਬ ਜੀ ਕਾ।

(੭) ੧੩੯੯ ਸਫੇ ਵਾਲੀ ਟਾਇਪ ਦੀ ਬੀੜ ਜੋ ਮੁਫੀਦ ਆਮ ਪ੍ਰੈਸ ਲਾਹੌਰ ਦੀ ਛਪੀ ਹੋਈ ਹੈ, ਇਸ ਤੇ ਸਿਰਲੇਖ ਹੈ—

'ਸ੍ਰੀ ਗੁਰੂ ਗਰੰਥ ਸਾਹਿਬ ਜੀ ਦਸਮ ਪਾਤਸ਼ਾਹੀ।'

(੮) ਐਂਗਲੋ ਸੰਸਕ੍ਰਿਤ ਪ੍ਰੈਸ ਅਨਾਰਕਲੀ ਲਾਹੌਰ ਦੀ ਛਪੀ ੧੨੯੬ ਪੰਨੇ ਦੀ ਬੀੜ ਤੇ ਇਉਂ ਹੈ :—

'ਤਤਕਰਾ ਸ੍ਰੀ ਗੁਰੂ ਗਰੰਥ ਸਾਹਿਬ ਦਸਮ ਪਾਤਸ਼ਾਹੀ ਜੀ ਕਾ ਲਿਖਯਤੇ।'

(੯) ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਦੀ ਛਪੀ ੧੨੯੧ ਪੰਨੇ ਵਾਲੀ ਬੀੜ ਤੇ ਇਸ ਪਰਕਾਰ ਹੈ—'ਸ੍ਰੀ ਦਸਮ ਗਰੰਥ ਸਾਹਿਬ ਜੀ।'

(੧੦) ਪੰਡਿਤ ਸੁਖਲਾਲ ਉਪਦੇਸ਼ਕ ਭਾਰਤ ਧਰਮ ਮਹਾ ਮੰਡਲ ਬਨਾਰਸ ਵਾਲਿਆਂ ਦੇ ਉਦਮ ਨਾਲ, ਰਾਜਪੂਤ ਪ੍ਰਿੰਟਿੰਗ ਵਰਕਸ ਲਾਹੌਰ ਵਿਚ ਇਕ ਉਰਦੂ ਅੱਖਰਾਂ ਅੰਦਰ ੯੯੨ ਸਫੇ ਦੀ ਬੀੜ ਛਪੀ ਸੀ, ਉਸਤੇ ਵੀ 'ਦਸਮ ਗਰੰਥ ਸਾਹਿਬ' ਨਾਮ ਦਿਤਾਂ ਗਿਆ ਹੈ।

ਇਸ ਵੇਰਵੇ ਤੋਂ ਪਰਗਟ ਹੈ ਕਿ 'ਦਸਮ ਗਰੰਥ' ਨਾਮ ਵੀਹਵੀਂ ਸਦੀ ਦੇ ਮੁੱਢ ਵਿਚ ਪ੍ਰਚਲਤ ਹੋਇਆ ਜਿਸ ਦਾ ਭਾਵ ਸੀ, 'ਦਸਮ ਪਾਤਸ਼ਾਹੀ ਦਾ ਰਚਿਆ ਹੋਇਆ ਪੁਸਤਕ।'

ਜੈਸਾ ਕਿ ਅਸਾਂ ਅੱਗੇ ਵੀ ਕਿਹਾ ਹੈ ਕਿ ਲਗਭਗ ਸਾਰੀ ਰਚਨਾਵਲੀ ਬਹੁਤੀਆਂ ਬੀੜਾਂ ਵਿਚ ਬਰਾਬਰ ਹੀ ਹੈ। ਕੇਵਲ ਭਾਈ ਸੁੱਖਾ ਸਿੰਘ ਵਾਲੀ (ਪਟਨਾ) ਖਾਸ ਬੀੜ ਵਿਚ ਇਹ ਵਾਧੂ ਰਚਨਾਵਾਂ ਮਿਲਦੀਆਂ ਹਨ :—

(੧) ਸੰਸਾਹਰਿ ਸੁਖਮਨਾ—ਇਸ ਦੀਆਂ ੨੪ ਪਉੜੀਆਂ ਹਨ।

(੨) ਵਾਰ ਮਾਲਕਉਂਸ ਕੀ—ਕੇਵਲ ੧੧ ਪਉੜੀਆਂ ਹਨ ਅਤੇ ਹਰ ਪਉੜੀ ਦੇ ਅਖੀਰ ਤੇ ਇਹ ਤੁਕ ਹੈ—

'ਨਾਨਕ ਜੋ ਪ੍ਰਭ ਭਾਵਹਿੰਗੇ, ਹਰਿ ਜੀ ਹਰਿਮੰਦਿਰ ਆਵਹਿੰਗੇ।'

(੩) ਵਾਰ ਸ੍ਰੀ ਭਗਉਤੀ ਜੀ ਕੀ—ਇਹ ਵਾਰ ਦੁਰਗਾ ਕੀ ਨਾਲੋਂ ਭਿੰਨ ਹੈ, ਕੇਵਲ ੮ ਛੰਦ ਹਨ। ਅਰੰਭ ਇਉਂ ਹੈ :—

'ਭਗਤ ਭਗਉਤੀ ਤਿਸਹ ਕੀ, ਜੋ ਜਨ ਧੀਰ ਧਰੇ।'

ਮੇਰੀ ਪੁਸਤਕ 'ਪੰਜਾਬੀ ਵਾਰਾਂ' ਤੇ 'ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ' ਵਿਚ ਇਸ ਦਾ ਪਾਠ ਦੇ ਦਿਤਾ ਗਿਆ ਹੈ।

ਇਹ ਤਿੰਨ ਰਚਨਾਵਾਂ ਕੁਝਕੁ ਬੀੜਾਂ ਵਿਚ ਹੀ ਹਨ। ਮਾਲੂਮ ਹੁੰਦਾ ਹੈ ਕਿ ਕਿਸੇ ਲਿਖਾਰੀ ਨੂੰ ਸ਼ਾਇਦ ਭਾਈ ਸੁਖਾ ਸਿੰਘ ਜੀ ਨੂੰ ਹੀ ਇਨ੍ਹਾਂ ਬਾਰੇ ਭੁਲੇਖਾ ਲਗਾ ਕਿ ਇਹ ਦਸਮੇਸ-ਕਿਰਤ ਹਨ। ਇਸ ਕਰਕੇ ਉਸ ਨੇ ਇਹ ਸ਼ਾਮਿਲ ਕਰ ਦਿਤੀਆਂ ਪਰੰਤੂ ਪਿਛੋਂ ਦੇ ਵਿਦਵਾਨਾਂ ਦੀ ਖੋਜ ਇਸ ਨਾਲ ਸਹਿਮਤ ਨਹੀਂ ਹੋ ਸਕੀ, ਸੋ ਛਾਪੇ ਦੀਆਂ ਬੀੜਾਂ ਵਿਚ ਇਹ ਦਰਜ ਨਹੀਂ। ਇਸ ਤਰ੍ਹਾਂ ਹੁਣ ਛਾਪੇ ਦੀ ਸੂਰਤ ਵਿਚ ਆਇਆ ਦਸਮ ਗਰੰਥ, ਗੁਰੂ ਗੋਬਿੰਦ ਸਿੰਘ ਰਚਨਾਵਲੀ ਦਾ ਹੀ ਸੰਗ੍ਰਹਿ ਹੈ, ਇਸ ਵਿਚ ਹੋਰ ਕਿਸੇ ਦਰਬਾਰੀ ਕਵੀ ਦੀ ਕੋਈ ਰਚਨਾ ਸ਼ਾਮਲ ਨਹੀਂ।

ਸੋ ਦਸਮ ਗਰੰਥ ਦੇ ਰੂਪ ਵਿਚ ਗੁਰੂ ਸਾਹਿਬ ਕਿਰਤ ਕੁਲ ਪ੍ਰਾਪਤ ਰਚਨਾਵਾਂ ਇਹ ਹੋਈਆਂ :—

(ੳ) ਵੱਡੇ ਗ੍ਰੰਥ—ਬਚਿਤ੍ਰ ਨਾਟਕ, ਚਰਿਤ੍ਰਪਖਯਾਨ, ਸ਼ਸਤ੍ਰ ਨਾਮਮਾਲਾ, ਗਿਆਨ ਪ੍ਰਬੋਧ ਤੇ ੧੧ ਹਕਾਯਤਾਂ (ਫ਼ਾਰਸੀ)।

(ਅ) ਛੋਟੀਆਂ ਰਚਨਾਵਾਂ—ਜਾਪੁ, ਅਕਾਲ ਉਸਤਤਿ, ਚੰਡੀ ਚਰਿਤ੍ਰ ਉਕਤਿ ਬਿਲਾਸ, ਵਾਰ ਦੁਰਗਾ ਕੀ, ਜ਼ਫ਼ਰਨਾਮਾ (ਫ਼ਾਰਸੀ)।

(ੲ) ਫੁਟਕਲ—ਸ਼ਬਦ ਰਾਗਾਂ ਕੇ, ੩੨ ਸਵੈਯੇ, ਖਾਲਸਾ ਮਹਿਮਾ, ਦੋ ਚਾਰ ਛੰਦ, ਸੱਦ, ਖ਼ਿਆਲ ਤੇ ਅਸਫੋਟਕ ਛੰਦ।

SIKHBOOKCLUB.COM

(੩)

## ਦਸਮ ਗ੍ਰੰਥ ਬਾਰੇ ਸ਼ੰਕਾਵਾਂ

ਕੁਝ ਕੁ ਸੱਜਣ ਸ਼ੰਕਾ ਕਰਦੇ ਹਨ ਕਿ ਦਸਮ ਗਰੰਥ ਵਿਚ ਆਈ ਸਾਰੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ, ਥੋੜੀ ਨੂੰ ਛੱਡ ਕੇ ਬਾਕੀ ਰਾਮ, ਸ਼ਿਆਮ ਆਦਿ ਤਾਂਤ੍ਰਿਕ ਕਵੀਆਂ ਦੀ ਹੈ। ਇਹ ਗੱਲ ਠੀਕ ਨਹੀਂ ਕਿਉਂਕਿ ਤਾਂਤ੍ਰਿਕ ਕਵੀਆਂ ਦਾ ਗੁਰੂ ਦਰਬਾਰ ਵਿਚ ਹੋਣਾ ਕਿਸੇ ਇਤਿਹਾਸਕ ਹਵਾਲੇ ਨਾਲ ਵੀ ਸਿਧ ਨਹੀਂ। ਆਪ ਦੇ ਦਰਬਾਰ ਵਿਚ ਉਹੋ ਕਵੀ ਰਹਿੰਦੇ ਸਨ ਜੋ ਗੁਰੂ ਜੀ ਦੀ ਮਹਾਨ ਸ਼ਖਸੀਅਤ ਤੇ ਉਹਨਾਂ ਦੇ ਵੀਚਾਰਾਂ ਦੇ ਸ਼ਰਧਾਲੂ ਸਨ। ਇਹ ਤਾਂ ਹੋ ਸਕਦਾ ਹੈ ਕਿ ਕੋਈ ਥੋੜਾ ਬਹੁਤ ਵਿਚਾਰ-ਭੇਦ ਰਖਦਾ ਹੋਵੇ ਪਰ ਸ਼ਕਤੀ ਦੇ ਪੁਜਾਰੀ ਤਾਂਤ੍ਰਿਕ ਲੋਕਾਂ ਨੂੰ ਗੁਰੂ ਸਾਹਿਬ ਵਲੋਂ ਇਤਨੀ ਸਰਪ੍ਰਸਤੀ ਪ੍ਰਾਪਤ ਹੋਣਾ ਕਿਵੇਂ ਵੀ ਸੰਭਵ ਨਹੀਂ, ਆਖਿਰ ਉਹ ਇਕ ਧਾਰਮਕ ਗੁਰੂ ਸਨ, ਇਕ ਪਰਮੇਸ਼ਰ ਦੀ ਪੂਜਾ ਉਹਨਾਂ ਦਾ ਨਿਸ਼ਾਨਾ ਸੀ, ਸ਼ਕਤੀ-ਪੂਜਾ ਨਹੀਂ। ਸੋ ਉਹ ਆਪਣੇ ਪਵਿਤਰ ਉਦੇਸ਼ ਤੋਂ ਕਿਵੇਂ ਵੀ ਦੂਰ ਨਹੀਂ ਜਾ ਸਕਦੇ ਸਨ।

ਆਖਿਰ ਫਿਰ ਇਹ ਤਾਂਤ੍ਰਿਕ ਕਵੀਆਂ ਦੀ ਕਪੋਲ ਕਲਪਨਾ ਕਿਉਂ ਕੀਤੀ ਗਈ ? ਇਸ ਦਾ ਕਾਰਣ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਵਿਚ ਬੀਰ ਰਸ ਸੰਚਾਰਨ ਲਈ ਅਪਣੀ ਰਰਨਾ ਵਿਚ ਇਕ ਖਾਸ ਕਿਸਮ ਦੀ ਬੋਲੀ ਤੇ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਪ੍ਰਸੰਗ ਵਿਚ ਉਹਨਾਂ ਪਰਮੇਸ਼ਰ ਲਈ ਭਗਉਤੀ, ਮਹਾਂ ਕਾਲ, ਕਾਲ, ਖੜਗ, ਤੇਗ, ਖੜਗਕੇਤੁ, ਅਸਿਧੁਜ ਆਦਿ ਕਈ ਨਵੇਂ ਸੰਕੇਤ ਵਰਤੇ ਹਨ : ਜਿਵੇਂ ਗੁਰਬਾਣੀ ਵਿਚ ਰਾਮ, ਰਘੁਨਾਥ ਮੁਰਾਰਿ, ਗੋਪਾਲ, ਮਾਧਉ ਆਦਿ ਸ਼ਬਦਾਂ ਨੂੰ, ਬਾਵਜੂਦ ਇਸ ਦੇ ਕਿ ਇਹ ਹਿੰਦੂ ਅਵਤਾਰਾਂ ਦੇ ਵੀ ਨਾਮ ਹਨ, ਪਰਮੇਸ਼ਰ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਤਿਵੇਂ ਸ੍ਰੀ ਦਸਮੇਸ਼ ਜੀ ਨੇ ਬਲਹੀਣ ਜਨਤਾ ਵਿਚ ਬਲ, ਸਮਰੱਥਾ ਤੇ ਸਵੈਮਾਨ ਪੈਦਾ ਕਰਨ ਲਈ ਜਾਣ ਬੁਝ ਕੇ ਪ੍ਰਭੂ ਦੀ ਪਰਮ ਸੱਤਾ ਨੂੰ ਸ਼ਕਤੀ-ਭਰਪੂਰ ਸ਼ਬਦਾਂ ਨਾਲ ਯਾਦ ਕੀਤਾ ਹੈ, ਜਿਨ੍ਹਾਂ ਦੁਆਰਾ ਭਗਤੀ ਵੀ ਹੋਵੇ ਤੇ ਸ਼ਕਤੀ ਵੀ ਉਪਜੇ। ਉਦਾਹਰਣ ਵਜੋਂ ਤਲਵਾਰ ਲਈ ਵਰਤੇ ਜਾਂਦੇ ਨਾਮ ਤਾਂ ਉਹਨਾਂ ਆਮ ਪਰਮੇਸ਼ਰ ਲਈ ਵਰਤੇ ਹਨ। ਪੁਸ਼ਟੀ ਲਈ ਕੁਝ ਮਿਸਾਲਾਂ ਹਾਜ਼ਰ ਹਨ।

(੧) ਭਗਉਤੀ—ਪ੍ਰਿਥਮ 'ਭਗਉਤੀ' ਸਿਮਰ ਕੈ, ਗੁਰੂ ਨਾਨਕ ਲਈ ਧਿਆਇ।

'ਲਈ ਭਗਉਤੀ ਦੁਰਗਸ਼ਾਹ...।' (ਵਾਰ ਦੁਰਗਾ ਕੀ)

(੨) ਖੜਗ—ਨਮਸਕਾਰ ਸ੍ਰੀ 'ਖੜਗ' ਕਉ, ਕਰਉ ਸੁ ਹਿਤ ਚਿਤ ਲਾਇ ।
ਪੂਰਨ ਕਰੋ ਗਰੰਥ ਇਹ, ਤੁਮ ਮਮ ਕਰਹੁ ਸਹਾਇ ।
(ਬਚਿਤ੍ਰ ਨਾਟਕ)

ਇਹ ਸ੍ਰੀ ਖੜਗ, ਤਲਵਾਰ ਨਹੀਂ, ਪਰਮੇਸ਼ਰ ਹੈ, ਤਲਵਾਰ ਸ਼ਾਇਦ ਜੰਗ ਵਿਚ ਤਾਂ ਸਹਾਇਕ ਹੋਵੇ, ਪੁਸਤਕ ਪੂਰੀ ਕਰਨ ਵਿਚ ਨਹੀਂ, ਇਸ ਲਈ ਅਰਥ ਇਥੇ ਪਰਮੇਸ਼ਰ ਹੀ ਹੈ ।

(੩) ਤੇਗ—ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ । (ਬਚਿਤਰ ਨਾਟਕ)

(੪) ਕ੍ਰਿਪਾਨ—ਕਾਲ 'ਕ੍ਰਿਪਾਨ' ਬਿਨਾ ਬਿਨਤੀ—
ਨ ਤਉ ਤੁਮ ਕੋ ਪ੍ਰਭੁ ਨੈਕੁ ਰਿਝੈਹੋ । (ਕ੍ਰਿਸਨਾਵਤਾਰ)

(੫) ਅਸਿ—ਬਾਂਹਿ ਗਹੇ ਕੀ ਲਾਜ 'ਅਸਿ', ਗੋਬਿੰਦ ਦਾਸ ਤਿਹਾਰ ।
(ਰਾਮਾਵਤਾਰ)

(੬) ਅਸਿਧੁਜ—ਜੇ ਅਸਿਧੁਜ ! ਤਵ ਸਰਨੀ ਪਰੇ ।
ਤਿਨਕੇ ਦੁਸਟ ਦੁਖਿਤ ਹ੍ਵੈ ਮਰੇ ।
ਸ੍ਰੀ ਅਸਿਧੁਜ ਜਬ ਭਏ ਦਯਾਲਾ ।
ਪੂਰਨ ਕਰਾ ਗਰੰਥ ਤਤਕਾਲਾ ॥ ੪੦੩ ॥

(੭) ਖੜਗਕੇਤੁ—ਖੜਗਕੇਤੁ ! ਮੈਂ ਸ਼ਰਣ ਤਿਹਾਰੀ ।
ਆਪਿ ਹਾਥ ਦੈ ਲੇਹੁ ਉਬਾਰੀ ।

(੮) ਕਾਲ—ਕੇਵਲ ਕਾਲ ਈ ਕਰਤਾਰ !
ਆਦਿ ਅੰਤ ਅਨੰਤ ਮੂਰਤਿ, ਗੜ੍ਹਨ ਭੰਜਨਹਾਰ । (ਸ਼ਬਦ ਹਜ਼ਾਰੇ)
ਜਵਨ 'ਕਾਲ' ਸਭ ਲੋਕ ਸਵਾਰਾ ।
ਨਮਸਕਾਰ ਹੈ ਤਾਂਹਿ ਹਮਾਰਾ । (ਚਰਿਤਰੋ ਪਖਯਾਨ)

ਭਈ ਜੀਤ ਮੇਰੀ । ਕ੍ਰਿਪਾ 'ਕਾਲ' ਕੇਰੀ । (ਬਚਿਤਰ ਨਾਟਕ)
ਔਰ ਤੋ ਕਾਲ ਸਭੈ ਬਸ ਕਾਲ ਕੇ, ਏਕ ਹੀ 'ਕਾਲ' ਅਕਾਲ ਸਦਾ ਹੈ ।

ਪ੍ਰਿਥਮ ਕਾਲ, ਸਭ ਜਗ ਕੋ ਤਾਤਾ । ਤਾਂ ਤੇ ਭਯੋ ਤੇਜ ਬਖਿਆਤਾ ।
ਸੋਈ ਭਵਾਨੀ ਨਾਮ ਕਹਾਈ । ਜਿਨ ਸਿਗਰੀ ਯਹ ਸ੍ਰਿਸਟਿ ਬਨਾਈ ।
ਬ੍ਰਹਮਾ ਗਯੋ ਛੀਰ ਨਿਧਿ ਜਹਾਂ
ਕਾਲਪੁਰਖ ਇਸਥਿਤ ਥੇ ਤਹਾਂ । ੨੨੫੬ ।
ਕਹਯੋ ਬਿਸਨੁ ਕਹ ਨਿਕਟ ਬੁਲਾਈ ।
'ਕ੍ਰਿਸਨਾਵਤਾਰ ਧਰੋ ਤੁਮ ਜਾਈ ।' (ਕ੍ਰਿਸ਼ਨਾਵਤਾਰ)

(੯) ਸਰਬ ਕਾਲ—ਸਰਬ ਕਾਲ ਹੈ ਪਿਤਾ ਹਮਾਰਾ
ਦੇਵਿ ਕਾਲਕਾ ਮਾਤ ਹਮਾਰਾ । (ਬਚਿਤ੍ਰ ਨਾਟਕ)

ਸਰਬ ਕਾਲ ਜੀ ਦੀ ਰੱਛਿਆ ਹਮਨੈ ,
ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ । (ਅਕਾਲ ਉਸਤਤਿ)

(੧੦) ਮਹਾਂਕਾਲ—ਮਹਾਂਕਾਲ ਰਖਵਾਰ ਹਮਾਰੋ ।
ਮਹਾਂ ਲੋਹ ਮੈਂ ਕਿੰਕਰ ਥਾਰੋ । (ਕਰਿਸ਼ਨਾਵਤਾਰ)

ਨਮੋ ਸ਼ਸਤ੍ਰ ਪਾਣੇ । ਨਮੋ ਅਸਤ੍ਰ ਮਾਣੇ ।
ਨਮੋ ਪਰਮ ਗਿਆਤਾ, ਨਮੋ ਲੋਕ ਮਾਤਾ । ਪ੨ । (ਜਾਪੁ ਸਾਹਿਬ)

ਤੀਰ ਤੁਹੀ ਸੈਹਥੀ ਤੁਹੀ, ਤੁਹੀ ਤਬਰ ਤਰਵਾਰ ।
ਨਾਮ ਤਿਹਾਰੋ ਜੋ ਜਪਹਿ, ਭਏ ਸਿੰਧੁ ਭਵ ਪਾਰ ।

(ਸ਼ਸਤ੍ਰ ਨਾਮ ਮਾਲਾ)

ਜਿਤੇ ਸ਼ਸਤ੍ਰ ਨਾਮੰ । ਨਮਸਕਾਰ ਤਾਮੰ ।
ਜਿਤੇ ਅਸਤ੍ਰ ਭੇਯੰ । ਨਮਸਕਾਰ ਤੇਯੰ । । ੯੧ (ਬਚਿਤ੍ਰ ਨਾਟਕ)

ਸੋ ਇਹਨਾਂ ਨਾਮਾਂ ਦੀ ਇਤਨੀ ਸਪੱਸ਼ਟ ਵਰਤੋਂ ਹੁੰਦਿਆਂ ਇਹਨਾਂ ਨੂੰ ਤਾਂਤ੍ਰਿਕ ਦੇਵੀ ਦੇਵਤੇ ਸਮਝਣਾ ਉੱਕਾ ਹੀ ਭਰਮ ਭੁਲੇਖੇ ਵਾਲੀ ਗੱਲ ਹੈ !

ਸਾਹਿਤ ਦੇ ਪਾਠਕ ਜਾਣਦੇ ਹਨ ਕਿ ਹਰ ਕਵੀ ਦਾ ਆਪਣਾ ਬੋਲ ਹੁੰਦਾ ਹੈ, ਹਰ ਕਵਿਤਾ ਦੀ ਆਪਣੀ ਸੁਰ ਹੁੰਦੀ ਹੈ ਜਿਸ ਤੋਂ ਫੌਰਨ ਪਾਠਕ, ਕਵੀ ਦੀ ਪਛਾਣ ਕਰ ਲੈਂਦਾ ਹੈ ਇਸੇ ਨੂੰ ਸਾਹਿਤ ਵਿਚ 'ਸ਼ੈਲੀ' ਕਿਹਾ ਜਾਂਦਾ ਹੈ । ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੀ ਇਕ ਖਾਸ ਸੁਰ ਹੈ ਇਸ ਸਰਬਲੋਹ ਦੇ ਕਵੀ ਦਾ ਖਾਸ ਜਲਾਲ-ਭਰਿਆ ਬੋਲ ਹੈ, ਜਿਸ ਨੂੰ ਦਸਮ ਗਰੰਥ ਵਿਚੋਂ ਭਲੀ ਪਰਕਾਰ ਸੁਣਿਆ ਜਾ ਸਕਦਾ ਹੈ, ਪਰ ਸੁਣਨ ਦੀ ਸੋਝੀ ਹੋਣੀ ਜ਼ਰੂਰੀ ਹੈ। ਦਰਅਸਲ ਗੁਰੂ ਸਾਹਿਬ 'ਮੁਰਲੀਧਰ' ਜਾਂ ਲਛਮੀਪਤਿ ਦੀ ਥਾਂ 'ਸ਼ਸਤਰਧਾਰੀ' ਪ੍ਰਭੂ ਦਾ ਸੰਕਲਪ ਦੇ ਕੇ ਤਮਾਮ ਸੰਤਾਂ ਨੂੰ ਸਿਪਾਹੀ ਬਣਾਉਣਾ ਚਾਹੁੰਦੇ ਸਨ ਤਾਂ ਕਿ ਉਹ ਸ਼ਸਤ੍ਰਧਾਰੀ ਮੁਗ਼ਲ ਸੱਤਾ ਦੇ ਜਬਰ ਵਿਰੁਧ ਬਰਾਬਰ ਖੜੇ ਹੋ ਸਕਣ । ਸੋ ਇਹ ਸ਼ਸਤ੍ਰਾਂ ਦਾ 'ਵਾਤਾਵਰਣ ਉਤਸ਼ਾਹ ਤੇ ਉਭਾਰ ਪੈਦਾ ਕਰਨ ਲਈ ਸੀ । ਦੂਜੀ ਜੰਗ ਸਮੇਂ ਅੰਗਰੇਜ਼ਾਂ ਅੰਗਰੇਜ਼ੀ ਅੱਖਰ V ਦਾ ਨਿਸ਼ਾਨ ਪਰਚਾਰ ਕੇ ਵਿਕਟਰੀ ਯਾ ਜਿੱਤ ਨੂੰ ਯਕੀਨੀ ਬਣਾਉਣ ਦਾ ਉਦਮ ਕੀਤਾ ਸੀ,ਗੁਰੂ ਸਾਹਿਬ ਦਾ ਸ਼ਸਤਰੀ ਵਾਤਾਵਰਨ ਇਸੇ ਪਰਕਾਰ ਦੀ ਕੋਸ਼ਸ਼ ਸੀ ਤੇ ਇਸ ਨੂੰ ਫਲ ਵੀ ਲਗੇ ।

ਪੁਰਾਤਨ ਸਿਖ ਇਸਦੀ ਕਿਵੇਂ ਵਿਆਖਿਆ ਕਰਦੇ ਸਨ ਸੋ ਇਸ ਟੂਕ ਤੋਂ ਭਲੀਭਾਂਤ ਸਿਧ ਹੈ—

'ਤਾਂ ਸਿਖਾਂ ਭਾਈ ਮਨੀ ਸਿੰਘ ਹੋਰਾਂ ਥੀਂ ਪ੍ਰਸ਼ਨ ਕੀਤਾ, ਆਦਿ ਬਾਣੀ ਜੋ ਹੋਈ ਹੈ, ਸੋ ਭਗਤਿ ਮਈ ਹੈ। ਸਾਹਿਬ ਦਸਮੇ ਪਾਤਸ਼ਾਹ ਜੋ ਬਾਣੀ ਕੀਤੀ ਹੈ, ਜੁੱਧਮਈ ਹੈ ਕੇ ਇਸਤਰੀਆਂ ਕੇ ਚਰਿਤ੍ਰ ਹੈਨ। ਇਸਕਾ ਸਿਧਾਂਤ ਕਿਉਂਕਰਿ ਸਮਝਾਈਏ। ਭਾਈ ਜੀ ਕਹਿਆ—ਜੈਸੇ ਅਰਜਨ ਜੁੱਧ ਦੇ ਸਮੇਂ ਸ਼ਸਤਰ ਛੋਡਿ ਬੈਠਾ ਥਾ ਤੇ ਮਹਾਰਾਜ ਉਸਨੂੰ ਗੀਤਾ ਉਪਦੇਸ਼ ਕਰਕੇ ਵਰਣਾਸ਼੍ਰਮ ਦਾ ਜੁੱਧ ਠਹਿਰਾਇਆ ਸੀ, ਤੈਸੇ ਹੀ ਖਤਰੀਆਂ ਹਿੰਸਾ ਜਾਣ ਕੇ ਸ਼ਸਤਰ ਛਡਾਇਤੇ ਹੈਸਨ ਤੇ ਮਲੇਛਾਂ ਪਕੜੇ ਸਨ, ਸ਼ਸਤਰ ਦੇ ਬਲ ਕਰਕੇ ਰਾਜ ਭੋਗਦੇ ਸਨ, ਹਿੰਦੂਆਂ ਨੂੰ ਭਗਤੀ ਕਰਨ ਨਹੀਂ ਸੀ ਦੇਂਦੇ। ਤਾ ਸਾਹਿਬ ਖਾਲਸੇ ਜੀ ਨੂੰ ਰਘੁਬੰਸੀ ਜਾਣ ਕੇ ਫੇਰ ਰਾਜ ਲੈ ਦੇਣਾ ਸੀ ਤਾ ਜੁੱਧਮਈ ਬਾਣੀ ਕੀਤੀ ਹੈ। ਸ਼ਸਤਰ ਕੀ ਬਿਦਯਾ ਦ੍ਰਿੜ੍ਹ ਕੀਤੀ ਤੇ ਗਯਾਨ ਦਾ ਉਪਦੇਸ਼ ਕੀਤਾ ਜੋ ਸਰੀਰ ਤੁਸਾਂ ਝੂਠੇ ਜਾਣਨੇ। ਜੋ ਤੁਸਾਡੇ ਵਰਣਕ ਧਰਮ ਜੁੱਧ ਕਰਨਾ ਹੈ ਤੇ ਜੁਧ ਜੀਤੋਂਗੇ ਤੇ ਰਾਜ ਭੋਗੋਂਗੇ। ਜੇ ਜੁੱਧ ਵਿਚਿ ਮ੍ਰਿਤੂ ਹੋਵੋਂਗੇ ਤਾਂ ਸੁਰਗ ਭੋਗੋਂਗੇ। ਜੋ ਗਯਾਨ ਨੂੰ ਦ੍ਰਿੜ੍ਹ ਕਰਹਿੰਗੇ ਤਾਂ ਜੀਵਨ ਮੁਕਤ ਹੋਵਹਿੰਗੇ।'

[ਸਿਖਾਂ ਦੀ ਭਗਤ ਮਾਲ]

ਨਵੇਂ ਯੁਗ ਦੇ ਵਿਦਵਾਨ ਡਾਕਟਰ ਬਨਾਰਸੀਦਾਸ ਜੈਨ ਦਸਮ ਗਰੰਥ ਦੀ ਮਹਾਨਤਾ ਦਸਦੇ ਵੀ ਇਹੋ ਗੱਲ ਲਿਖਦੇ ਹਨ :—

'ਸ੍ਰੀ ਆਦਿ ਗਰੰਥ ਵਿਚ ਤਾਂ ਭਗਤੀ ਦੇ ਸ਼ਬਦ ਹਨ ਜਿਨ੍ਹਾਂ ਦੇ ਪੜ੍ਹਨ ਨਾਲ ਮਨ ਵਿਚ ਸ਼ਾਂਤੀ ਆਉਂਦੀ ਹੈ, ਅਪਣੇ ਪਿਆਰੇ ਪ੍ਰਭੂ ਦੇ ਚਰਣਾਂ ਦਾ ਪ੍ਰੇਮ ਜਾਗਦਾ ਹੈ, ਜੁੱਧ ਆਦਿ ਦੇ ਭਾਵ ਚੂਰ ਹੁੰਦੇ ਹਨ। ਜਦੋਂ ਸ਼ਾਂਤੀ ਪ੍ਰਦਾਨ ਕਰਨ ਵਾਲੀ ਬਾਣੀ ਨੇ ਦਿਲਾਂ ਵਿਚ ਸ਼ਾਂਤੀ ਪ੍ਰਗਟਾਈ ਤਾ ਦਇਆ ਨੇ ਆਣ ਦਰਸ਼ਨ ਦਿਤੇ ਫਿਰ ਦਸਮ ਗਰੰਥ ਵਿਚ ਆਈ ਬੀਰਤਾ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ।

ਦਸਮ ਗਰੰਥ ਬੀਰ ਰਸ ਪ੍ਰਧਾਨ ਹੈ, ਇਸ ਦੇ ਪੜ੍ਹਿਆਂ ਕਾਇਰਾਂ ਵਿਚ ਬੀਰਤਾ ਦਾ ਜੋਸ਼ ਪੈਦਾ ਹੋ ਜਾਂਦਾ ਹੈ। ਸੰਸਕ੍ਰਿਤ ਪੁਰਾਣਾਂ ਵਿਚੋਂ ਕਥਾਵਾਂ ਨੇ ਉਨ੍ਹਾਂ ਨੂੰ ਅਜੇਹੇ ਰੰਗ ਵਿਚ ਰੰਗਿਆ ਹੈ ਜੋ ਪੜ੍ਹਨ ਸੁਣਨ ਵਾਲਿਆ ਵਿਚ ਜੋਸ਼ ਆ ਜਾਵੇ। ਗੁਰੂ ਜੀ ਦਾ ਮੰਤਵ ਸੀ ਧਈ ਮਨੁਖ ਵਿਚ ਸਰੀਰਕ ਤੇ ਆਤਮਿਕ ਸ਼ਕਤੀ ਇਸ ਲਈ ਨਹੀਂ ਹੁੰਦੀ ਕਿ ਉਹ ਨਿਰਬਲ ਤੇ ਅਨਾਥਾਂ ਉਤੇ ਅਤਿਆਚਾਰ ਕਰੇ ਬਲਕਿ ਏਸ ਲਈ ਹੁੰਦੀ ਹੈ ਧਈ ਮੁਸਲਮਾਨ ਹਾਕਮ ਹਿੰਦੂਆਂ ਉਤੇ ਜ਼ੁਲਮ ਕਰ ਰਹੇ ਸਨ। ਗੁਰੂ ਜੀ ਨੇ ਮੁਸਲਮਾਨ ਤਾਕਤ ਦਾ ਮੁਕਾਬਲਾ ਕਰਕੇ ਹਿੰਦੂਆਂ ਨੂੰ ਬਚਾਇਆ। ਹੁਣ ਸਿਖ ਕੇਵਲ 'ਸ਼ਿਸ' ਅਰਥਾਤ ਚੇਲੇ ਨ ਰਹੇ ਬਲਕਿ 'ਸਿੰਘ' ਅਰਥਾਤ ਸ਼ੇਰ ਬਹਾਦਰ ਹੋ ਗਏ। ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਸਿਖਾਂ ਦੇ ਨਾਂਵ ਵਿਚ ਸਿੰਘ ਜ਼ਰੂਰੀ ਨਹੀਂ ਸੀ ਹੁੰਦਾ ਪਰ ਦਸਮ ਗੁਰੂ ਜੀ ਦੇ ਸਮੇਂ ਸਭ ਸਿੰਘ ਹੋ ਗਏ। ਉਹ ਆਪਣੇ ਆਪ ਨੂੰ ਖਾਲਸਾ ਕਹਿਣ ਲਗੇ ਅਤੇ ਇਕ ਦੂਜੇ ਨੂੰ ਮਿਲਣ ਵੇਲੇ 'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਣ ਲਗ ਪਏ। ਦਸਮ ਗ੍ਰੰਥ ਵਿਚ ਬਹੁਤ ਸਾਰੀ ਸਮੱਗਰੀ ਮਨੁੱਖ ਨੂੰ ਸਿੰਘ (ਸ਼ੇਰ) ਬਣਾਉਣ ਲਈ ਹੈ।'

(ਪ੍ਰਕਾਸ਼ ਹਫ਼ਤੇਵਾਰ, ਪਟਿਆਲਾ)

ਨਾਲੇ ਗੁਰੂ ਸਾਹਿਬ ਦੀ ਇਸ ਸਾਰੀ ਰਚਨਾ ਨੂੰ ਗੁਰਬਾਣੀ ਸਮਾਨ ਸਮਝਣਾ ਭੁੱਲ ਹੈ। ਦਸਮ ਗਰੰਥ ਵਿਚ ਦੋ ਪਰਕਾਰ ਦੀ ਰਚਨਾ ਹੈ, ਇਕ ਬਾਣੀ ਦੇ ਰੰਗ ਵਾਲੀ ਅਧਿਆਤਮਕ ਰਚਨਾ (Spiritual Literature) ਤੇ ਦੂਜੀ ਪਰਚਾਰਾਤਮਕ ਰਚਨਾ (Prapeganda Literature) ਜਿਵੇਂ ਬਚਿਤਰ ਨਾਟਕ ਤੇ ਚਰਿਤਰ ਪਖਯਾਨ ਯਾ ਚੰਡੀ ਚਰਿਤਰ ਆਦਿ। ਹੁਣ 'ਬਚਿਤਰ ਨਾਟਕ', ਅਵਤਾਰ ਲੀਲ੍ਹਾ ਦੀ ਕਹਾਣੀ ਹੈ, ਇਹ ਲਿਖੀ ਤਾਂ ਗਈ ਹੈ ਕਿ ਭਾਰਤੀ ਲੋਕ ਆਪਣੇ ਬੀਰ ਨਾਇਕਾਂ ਦੀਆਂ 'ਬਾਬਾਣੀਆਂ ਕਹਾਣੀਆਂ' ਤੋਂ ਕੁਝ ਨ ਕੁਝ ਪ੍ਰੇਰਨਾ ਲੈ ਸਕਣ। ਵੈਸ਼ਣਵਾਂ ਲਈ ਰਾਮ ਕ੍ਰਿਸ਼ਣ ਪਿਆਰੇ ਸਨ, ਸ਼ੈਵਾਂ ਲਈ ਰੁਦਰ ਮਹਾਰਾਜ, ਤੇ ਸ਼ਕਤੀ ਦੇ ਪੁਜਾਰੀਆਂ ਲਈ ਦੇਵੀ ਹੀ ਸਭ ਕੁਝ ਸੀ, ਮੁਸਲਮਾਨ ਮਹਿੰਦੀ (ਮਹੀਉਦੀਨ) ਅਵਤਾਰ ਦੇ ਮੁੰਦਈ ਸਨ। ਗੁਰੂ ਸਾਹਿਬ ਨੇ ਇਹ ਮਿਥਿਹਾਸ ਦਾ ਕੱਚਾ ਮਸਾਲਾ ਲੈ ਕੇ ਉਸ ਨੂੰ ਬਾਰੂਦ ਦਾ ਰੂਪ ਦਿਤਾ ਤਾਂ ਕਿ ਸੁੱਤਾ ਭਾਰਤ ਇਸ ਧਮਾਕੇ ਨਾਲ ਜਾਗ ਉਠੇ, ਪਰ ਇਸ 'ਅਵਤਾਰ ਕਥਾ' ਵਿਚ ਕਹਾਣੀ ਦੇ ਵਖਿਆਨ ਨੂੰ ਛਡਕੇ ਜਿਥੇ ਜਿਥੇ ਗੁਰੂ ਆਤਮਾ ਬੋਲੀ ਹੈ, ਸਿਆਣੇ ਸਿਖ ਹਿਰਦਿਆਂ ਫੌਰਨ ਉਸਦੀ ਪਛਾਣ ਕੀਤੀ ਹੈ। ਜਿਵੇਂ ਰਾਮਾਵਤਾਰ ਵਿਚ 'ਪਾਇ ਗਹੇ ਜਬ ਤੇ ਤੁਮਰੇ' ਤੇ ਕ੍ਰਿਸਨਾਵਤਾਰ ਵਿਚ 'ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ' ਆਦਿ ਛੰਦ ਤੇ 'ਛਤ੍ਰੀ ਕੋ ਪੂਤ ਹਉ ਬਾਮਨ ਕੋ ਨਹਿ' ਤੇ 'ਧੰਨ ਜੀਉ ਤਿਹ ਕੋ ਜਗ ਮਹਿ' ਵਾਲੇ ਸਵਈਏ। 'ਚੰਡੀ ਚਰਿਤ੍ਰ ਉਕਤਿ ਬਿਲਾਸ' ਵਿਚ 'ਦੇਹ ਸ਼ਿਵਾ ਬਰ ਮੋਹਿ ਇਹੈ' —ਗੁਰੂ ਆਦਰਸ਼ ਨੂੰ ਪਰਗਟ ਕਰਦਾ ਹੈ। ਕੀ ਕੋਈ ਸਾਧਾਰਣ ਤਾਂਤਰਿਕ ਕਵੀ ਇਸ ਨਿਰਭੈਤਾ ਨਾਲ ਇਸ ਰੰਗ ਵਿਚ ਬੋਲ ਸਕਦਾ ਸੀ?

ਇਸੇ ਤਰ੍ਹਾਂ 'ਚਰਿਤ੍ਰੋਪਖਯਾਨ' ਚਾਲਾਕ ਔਰਤਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਰਾਜਕੁਮਾਰ ਹਨੂਵੰਤ ਸਿੰਘ ਦੀ ਮਤ੍ਰੇਈ ਮਾਂ ਚਿਤ੍ਰਮਤੀ ਰਾਜ ਕੁਮਾਰ ਦੇ ਰੂਪ ਨੂੰ ਵੇਖਕੇ ਮੋਹਿਤ ਹੋ ਜਾਂਦੀ ਹੈ ਪਰ ਉਹ ਦੁਰਾਚਾਰ ਤੋਂ ਇਨਕਾਰ ਕਰਦਾ ਹੈ। ਫਿਰ ਰਾਣੀ ਤ੍ਰਿਯਾਜਾਲ ਰਚਕੇ ਝੂਠੀ ਊਜ ਲਾ ਕੇ ਰਾਜੇ ਨੂੰ ਉਕਸਾਂਦੀ ਹੈ ਕਿ ਇਸ ਨੇ ਮੇਰੇ ਵਲ ਮੈਲੀ ਨਿਗਾਹ ਨਾਲ ਵੇਖਿਆ ਹੈ। ਰਾਜਾ, ਪੁੱਤਰ ਨੂੰ ਜੇਲ੍ਹਖਾਨੇ ਸੁੱਟ ਦਿੰਦਾ ਹੈ। ਇਸ ਹਾਲਤ ਵਿਚ ਸਿਆਣੇ ਵਜ਼ੀਰ ਨੇ ਰਾਜੇ ਨੂੰ ਚਲਾਕ ਤੇ ਫਰੇਬਣ ਔਰਤਾਂ ਦੇ ਕਿੱਸੇ ਸੁਣਾਏ ਹਨ ਕਿ ਤੂੰ ਰਾਣੀ ਦੀ ਚਾਲ ਵਿਚ ਆ ਕੇ ਪੁੱਤਰ ਨੂੰ ਕਤਲ ਨਾ ਕਰ, ਬਿਲਕੁਲ ਪੂਰਨ ਭਗਤ ਵਾਲੀ ਕਹਾਣੀ। ਸੋ ਇਹ ਕਹਾਣੀਆਂ ਇਸ ਸਿਲਸਿਲੇ ਵਿਚ ਹਨ। ਵਜ਼ੀਰ, ਕਹਾਣੀਆਂ ਸੁਣਾ ਰਿਹਾ ਹੈ। ਇਸ ਵਿਚ ਇਹ ਵੀ ਕਿਤੇ ਕਿਤੇ ਆਉਂਦਾ ਹੈ ਕਿ ਫਲਾਣੀ ਔਰਤ ਨੇ ਸ਼ਰਾਬ ਯਾ ਭੰਗ ਪਿਲਾ ਕੇ ਅਮਕੇ ਮਰਦ ਨੂੰ ਬੇਹੋਸ਼ ਕਰ ਦਿਤਾ ਯਾ ਉਸ ਨਾਲ ਐਸਾ ਕੀਤਾ, ਇਹ ਸਭ ਕੁਝ ਕਹਾਣੀ ਦਾ ਹਿੱਸਾ ਹੈ, ਗੁਰੂ ਸਾਹਿਬ ਦੀ ਆਪਣੀ ਕਥਨੀ ਨਹੀਂ। ਪਰ ਜਦ ਕਹਾਣੀ ਮੁਕਣ ਤੇ ਗੁਰੂ-ਕਵੀ ਬੋਲਿਆ ਹੈ ਤਾਂ ਉਹ ਆਪਣੀ ਸੁਰ ਵਿਚ ਬੋਲਿਆ ਹੈ ਤੇ ਉਥੇ ਸਿਰਲੇਖ ਹੈ 'ਕਬਿਉਵਾਚ ਬੇਨਤੀ ਚੌਪਈ।' 1 ਜੋ ਸਿਖ ਇਸ ਸੁਰ ਨੂੰ ਪਛਾਣਦੇ ਸਨ, ਉਨ੍ਹਾਂ ਚਰਿਤ੍ਰੋ ਪਖਯਾਨ ਦਾ ਇਹ ਭਾਗ ਗੁਰਬਾਣੀ-ਪਾਠ ਵਿਚ ਸ਼ਾਮਲ ਕਰ ਲਿਆ ਤੇ ਹੁਣ ਤਕ ਇਸ ਨੂੰ



WWW.SIKHBOOKCLUB.COM 

ਰੋਜ਼ ਪੜ੍ਹਦੇ ਹਨ। ਹੁਣ 'ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝੀਅਹੁ ਹਮਾਰਾ।' ਕਹਿਣ ਵਾਲਾ, ਉਸ ਜੋਤਿ ਤੋਂ ਭਿੰਨ ਹੋਰ ਕੌਣ ਹੋ ਸਕਦਾ ਸੀ, ਜੋ ਪਹਿਲੇ ਜਾਮੇ ਵਿਚ ਇਸ ਤਰ੍ਹਾਂ ਗੁਣਗੁਣਾਇਆ ਸੀ —

'ਅਪਰੰਪਰ ਪਾਰਬ੍ਰਹਿਮ ਪਰਮੇਸ਼ਰ
ਨਾਨਕ ਗੁਰ ਮਿਲਿਆ ਸੋਈ ਜੀਉ।' (ਗੁਰੂ ਨਾਨਕ)

ਸਿਖਾਂ ਦੇ ਪੁਰਾਣੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆ ਹੋਇਆ ਹੈ—

ਦੂਹੂੰ ਗ੍ਰੰਥ ਮੈਂ ਬਾਨੀ ਜੋਈ। ਚੁਨ ਚੁਨ ਕੰਠ ਕਰੈ ਨਿਤ ਸੋਈ। ੩੮।
(ਰਹਿਤਨਾਮਾ ਭਾ. ਦੇਸਾ ਸਿੰਘ)

ਇਸੇ ਆਦੇਸ਼ ਅਨੁਸਾਰ 'ਬਚਿਤ੍ਰ ਨਾਟਕ' ਦੇ ਕਥਾ ਭਾਗ ਨੂੰ ਪਾਸੇ ਛੱਡਕੇ ਚੋਣਵੇਂ ਛੰਦ; ਸਿੱਖ ਮੂੰਹ ਤੋਂ ਪੜ੍ਹਦੇ ਆ ਰਹੇ ਹਨ ਤੇ ਇਸੇ ਤਰ੍ਹਾਂ 'ਚਰਿਤ੍ਰੋਪਖਯਾਨ' ਦੇ ਅੰਤ ਤੇ ਆਈ 'ਬੇਨਤੀ ਚੌਪਈ' ਸਿਖ ਨਿਤਨੇਮ ਦਾ ਜ਼ਰੂਰੀ ਭਾਗ ਹੈ। ਇਸੇ ਤਰ੍ਹਾਂ ਹੋਰ ਅਨੇਕ ਛੰਦ ਵੀ; ਜਿਵੇਂ 'ਸੁਧ ਜਬ ਤੇ ਹਮ ਧਰੀ' ਯਾ 'ਢੋਲ ਮ੍ਰਿਦੰਗ ਵਜੇ ਸਭ ਹੀ ਘਰ।' ਜੇ ਪੁਰਾਣੇ ਸਿਖ ਇਹ ਸਮਝਦੇ ਕਿ ਇਹ ਤਾਂ ਤਾਂਤ੍ਰਿਕ ਕਵੀਆਂ ਦੀ ਰਚਨਾ ਹੈ ਤਾਂ ਇਉਂ ਮਹਾਨ ਗ੍ਰੰਥ ਵਿਚੋਂ ਚੁਣ ਚੁਣ ਕੇ ਛੰਦ ਯਾਦ ਕਰਨ ਦੀ ਲੋੜ ਨਹੀਂ ਸੀ। ਹੋਰ ਕਿੰਨੇ ਕੁ ਦਰਬਾਰੀ ਕਵੀਆਂ ਦੀ ਰਚਨਾ ਚੁਣ ਚੁਣ ਕੇ ਪੜ੍ਹੀ ਜਾਂਦੀ ਹੈ, ਕੋਈ ਛੰਦ ਤਾ ਦਸੋ। ਚੰਡੀ ਚਰਿਤ੍ਰ ਵਿਚੋਂ 'ਸੰਖਨ ਕੀ ਧੁਨ ਘੰਟਨ ਕੀ ਕਰਿ...' ਆਰਤੀ ਵਿਚ ਪੜ੍ਹੀਂਦਾ ਹੈ ਤੇ 'ਦੇਹਿ ਸ਼ਿਵਾ ! ਵਰ ਮੋਹਿ ਇਹੈ' 'ਸਵਈਆ' ਸਿਖ ਸੰਗਤਾਂ ਵਿਚ ਆਮ ਪੜ੍ਹਿਆ ਜਾਂਦਾ ਹੈ। ਇਸ ਬਲਵਾਨ ਅਰਦਾਸ ਨੂੰ ਕਿਸੇ ਕਮਜ਼ੋਰ ਤਾਂਤ੍ਰਿਕ ਕਵੀ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ। ਇਹ ਛੰਦ ਯਾ ਅਜੇਹੇ ਹੋਰ ਚੋਣਵੇਂ ਬਚਨ ਇਹਨਾਂ ਰਚਨਾਵਾਂ ਵਿਚ ਸਾਫ਼ ਵੇਖੇ ਜਾ ਸਕਦੇ ਹਨ, ਇਹਨਾਂ ਨੂੰ ਆਖੇਪਕ ਵੀ ਨਹੀਂ ਕਿਹਾ ਜਾ ਸਕਦਾ।

(੨) ਦੂਸਰੇ, ਇਹਨਾਂ ਰਚਨਾਵਾਂ ਦੀ ਅੰਦਰਲੀ ਗਵਾਹੀ ਹੈ। 'ਅਵਤਾਰ ਕਥਾ' ਲਿਖਣ ਵਾਲੇ ਕਵੀ ਦਾ ਫੁਰਮਾਨ ਹੈ—

'ਜਉ ਕਿਛੁ ਇਛ ਕਰੋਂ ਧਨ ਕੀ, ਚਲਿਓ ਧਨ ਦੇਸਨ ਦੇਸ ਤੇ ਆਵੈ।' ੧੯੦੧।
(ਕ੍ਰਿਸਨਾਵਤਾਰ)

ਇਸ ਤਰ੍ਹਾਂ ਚਰਿਤ੍ਰੋਪਖਯਾਨ ਦਾ ਕਰਤਾ ਆਖਦਾ ਹੈ :—

'ਬਾਲ ਹਮਾਰੇ ਪਾਸ, ਦੇਸ ਦੇਸਨ ਤ੍ਰਿਯ ਆਵਹਿ।
ਮਨ ਬਾਛਤ ਬਰ ਮਾਂਗ, ਜਾਨਿ ਗੁਰ ਸੀਸ ਝੁਕਾਵਹਿ।'

ਕੀ ਕੋਈ ਅਨੰਦਪੁਰ ਵਿਚ ਇਸ ਸਮੇਂ ਦਸਮੇਸ਼ ਜੀ ਤੋਂ ਸਿਵਾ ਹੋਰ ਵੀ ਅਜੇਹੀ ਪ੍ਰਸਿੱਧ ਹਸਤੀ ਸੀ ਜਿਸ ਪਾਸ ਇਉਂ ਦੇਸਾਂ ਦੇਸਾਂ ਤੋਂ ਭੇਟਾ ਚੜ੍ਹਦੀਆਂ ਤੇ ਸ਼ਰਧਾਲੂ ਸੁੰਦਰੀਆਂ ਦਰਸਨਾਂ ਲਈ ਆਉਂਦੀਆਂ ਸਨ ? ਇਸ ਦਾ ਜਵਾਬ ਹੈ, ਨਹੀਂ। ਜੇ ਕੋਈ ਇਤਨਾ

ਵਡਾ ਮਾਲਦਾਰ ਤਾਂਤ੍ਰਿਕ ਕਵੀ ਹੁੰਦਾ ਤਾਂ ਉਸ ਨੂੰ ਗੁਰੂ ਸਾਹਿਬ ਦੀ ਨੌਕਰੀ ਕਰਨ ਦੀ ਵੀ ਕੀ ਲੋੜ ਸੀ। ਇਹੋ ਜਿਹੇ ਹੋਰ ਅਨੇਕਾਂ ਹਵਾਲੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਦੀ ਹੀ ਪੁਸ਼ਟੀ ਕਰਦੇ ਹਨ।

(੩) ਤੀਸਰੇ, ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਸਮਕਾਲੀ ਸਿਖ ਵਿਦਵਾਨ ਸਨ ਤੇ ਉਮਰ ਭਰ ਗੁਰੂ ਜੀ ਦੀ ਹਜ਼ੂਰੀ ਵਿਚ ਰਹੇ ਸਨ। ਇਹਨਾਂ ਨੂੰ ਸਾਰੀ ਜਾਣਕਾਰੀ ਸੀ ਕਿ ਕਿਹੜੀ ਰਚਨਾ ਦਰਬਾਰੀ ਕਵੀ ਦੀ ਹੈ ਤੇ ਕਿਹੜੀ ਗੁਰੂ ਸਾਹਿਬ ਦੀ ਆਪਣੀ। ਇਸ ਕਰਕੇ ਮਾਤਾ ਸੁੰਦਰੀ ਜੀ ਦੀ ਨਿਗਰਾਨੀ ਤੇ ਭਾਈ ਮਨੀ ਸਿੰਘ ਜੀ ਦੁਆਰਾ ਸੰਕਲਿਤ ਤੇ ਸੰਪਾਦਿਤ 'ਦਸਮ ਗਰੰਥ' ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਉਹਨਾਂ ਸ੍ਰੀ ਮੁਖਵਾਕ ਰਚਨਾ ਹੀ ਇਸ ਵਿਚ ਸੰਕਲਿਤ ਕੀਤੀ ਹੈ, ਕਿਸੇ ਦਰਬਾਰੀ ਕਵੀ ਦੀ ਰਚਨਾ ਨੂੰ ਵਿਚੇ ਥਾਂ ਨਹੀਂ ਦਿਤੀ। ਤੇ ਨਾ ਹੀ ਐਸਾ ਕਰਨ ਦੀ ਲੋੜ ਸੀ।

(੪) ਚੌਥੀ ਗੱਲ, ਇਹ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਦੇ ਹਰ ਦਰਬਾਰੀ ਕਵੀ ਨੇ ਆਪਣੀ ਰਚਨਾ ਅਰੰਭ ਯਾ ਸਮਾਪਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ ਕੀਤਾ ਹੈ ਪਰ ਦਸਮ ਗਰੰਥ ਵਿਚ ਅਜੇਹਾ ਸੰਕੇਤ ਕਿਤੇ ਨਹੀਂ। ਗੁਰੂ ਸਾਹਿਬ ਦੇ ਕੀਤੇ ਮੰਗਲਾਚਰਣ ਅਕਾਲ ਯਾ ਅਕਾਲੀ ਸ਼ਕਤੀ ਸਬੰਧੀ ਹਨ ਤੇ ਇਹਨਾਂ ਦੀ ਸ਼ੈਲੀ ਸਭ ਥਾਂ ਰਲਦੀ ਹੈ। ਇਸ ਤੋਂ ਸਪਸ਼ਟ ਹੈ ਕਿ ਇਹ ਦਰਬਾਰੀ ਕਵੀਆਂ ਦੀ ਕਿਰਤ ਨਹੀਂ।

SIKHBOOKCLUB.COM

ਇਕ ਦਲੀਲ ਇਹ ਵੀ ਦਿਤੀ ਜਾਂਦੀ ਹੈ ਕਿ ਕੁਝ ਥਾਂ 'ਰਾਮ' 'ਸਿਆਮ' ਆਦਿਕ ਨਾਂ ਮਿਲਦੇ ਹਨ ਜਿਸ ਤੋਂ ਜਾਹਰ ਹੈ ਕਿ ਇਹ ਰਾਮ ਯਾ ਸਿਆਮ ਕਵੀ ਦੀ ਰਚਨਾ ਹੈ, ਪਰ ਦਸਮ ਗਰੰਥ ਦੇ ਅੰਦਰਲੇ ਪ੍ਰਮਾਣ ਸਿਧ ਕਰਦੇ ਹਨ ਕਿ ਇਹ ਰਾਮ, ਸਿਆਮ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਅਪਣਾਏ ਉਪਨਾਮ ਹਨ, ਕੋਈ ਵੱਖਰੇ ਕਵੀ ਨਹੀਂ। ਗੁਰੂ ਜੀ ਨੇ ਆਪਣੀ ਜੀਵਨ-ਕਥਾ ਲਿਖਦਿਆਂ ਬਚਿਤ੍ਰ ਨਾਟਕ ਦੇ ੧੪ਵੇਂ ਅਧਿਆ ਵਿਚ ਸਾਫ਼ ਲਿਖਿਆ ਹੈ :

ਪਹਿਲੇ 'ਚੰਡੀ ਚਰਿਤ੍ਰ' ਬਨਾਯੋ। ਨਖ ਸਿਖ ਤੇ ਕ੍ਰਮ ਭਾਖਿ ਸੁਨਾਯੋ।
ਛੋਰਿ ਕਥਾ ਤਬ ਪ੍ਰਿਥਮ ਸੁਨਾਈ। ਅਬ ਚਾਹਤ ਫਿਰ ਕਰੋਂ ਬਡਾਈ। ੧੧।

... ... ... ... ... ...

ਜਿਹ ਜਿਹ ਬਿਧਿ ਮੈਂ ਲਖੇ ਤਮਾਸਾ। ਚਾਹਤ ਤਿਨਕੋ ਕੀਯੋ ਪ੍ਰਕਾਸਾ
ਜੋ ਜੋ ਜਨਮ ਪੂਰਬਲੇ ਹੇਰੇ। ਕਹਿਹੋਂ ਸੋ ਪ੍ਰਭੂ, ਪ੍ਰਾਕ੍ਰਮ ਤੇਰੇ। ੪।

(ਬਚਿਤ੍ਰ ਨਾਟਕ)

ਇਸ ਕਥਨ ਤੋਂ ਦੋ ਗੱਲਾਂ ਪ੍ਰਤੱਖ ਹਨ, ਪਹਿਲੇ ਇਹ ਕਿ ਚੰਡੀ ਚਰਿਤ੍ਰ ਉਸ ਮਹਾਨ ਕਵੀ ਦਸਮੇਸ਼ ਨੇ ਲਿਖਿਆ ਸੀ ਜੋ ਭੰਗਾਣੀ ਯੁੱਧ ਵਿਚ ਆਪਣੀ ਜਿੱਤ ਦਸਦਾ 'ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।' ਲਿਖਦਾ ਹੈ। ਦੂਜੇ, ਇਹ 'ਆਤਮ ਕਥਾ' ਲਿਖਣ

ਵਾਲਾ ਕਵੀ ਇਹ ਕਹਿੰਦਾ ਹੈ ਕਿ ਮੈਂ ਹੁਣ ਫਿਰ 'ਅਵਤਾਰ ਕਥਾ' ਦੇ ਉਹ ਪ੍ਰਸੰਗ ਸੁਣਾਂਦਾ ਹਾਂ ਜੋ ਪ੍ਰਭੂ-ਲੀਲ੍ਹਾ ਨੂੰ ਪਰਗਟ ਕਰਨ ਵਾਲੇ ਹਨ । ਇਸ ਤੋਂ ਅੱਗੇ 'ਅਥ ਉਚਰੋਂ ਚੌਬੀਸ ਅਵਤਾਰਾ' ਕਹਿਕੇ ਬਿਸਨੂੰ ਦੇ ੨੪ ਅਵਤਾਰਾਂ ਦੀ ਕਥਾ ਸ਼ੁਰੂ ਹੋ ਜਾਂਦੀ ਹੈ । ਹੁਣ 'ਚੰਡੀ ਚਰਿਤ੍ਰ' ਜਿਸ ਨੂੰ ਗੁਰੂ ਸਾਹਿਬ ਪਹਿਲੇ ਲਿਖੀ, ਅਪਣੀ ਰਚਨਾ ਮੰਨਦੇ ਹਨ, ਉਸ ਬਾਰੇ ਸ਼ੰਕਾ ਦੀ ਗੁੰਜਾਇਸ਼ ਨਹੀਂ । ਅਵਤਾਰ ਕਥਾ ਵਿਚ ਖ਼ਾਸ ਕਰਕੇ 'ਕ੍ਰਿਸ਼ਨਾਵਤਾਰ' ਦੀ ਕਹਾਣੀ ਵਿਚ 'ਸਿਆਮ' ਨਾਂ ਵਧੇਰੇ ਵਰਤਿਆ ਗਿਆ ਹੈ । ਫਿਰ 'ਚੰਡੀ ਚਰਿਤ੍ਰ' ਵਿਚ 'ਅਤਿ ਹੀ ਰਣ ਮੈਂ ਤਬ ਜੂਝ ਮਰੋਂ' ਦੀ ਜੋ ਮੰਗ ਕੀਤੀ ਹੈ, ਇਹੋ ਮੰਗ ਕ੍ਰਿਸ਼ਨਾਵਤਾਰ ਦੇ 'ਹੇ ਰਵਿ, ਹੇ ਸਸਿ', 'ਜਉ ਕਿਛ ਇਛ ਕਰਉ'' ਤੇ 'ਛਤ੍ਰੀ ਕੋ ਪੂਤ ਹਉਂ', ਆਦਿ ਤਿੰਨ ਸਵਈਆਂ ਵਿਚ ਉਨ੍ਹਾਂ ਲਫ਼ਜ਼ਾਂ ਰਾਹੀਂ ਹੀ ਦੁਹਰਾਈ ਹੈ ਤੇ ਫਿਰ ਇਨ੍ਹਾਂ ਵਿਚ 'ਸਿਆਮ' ਛਾਪ ਵੀ ਵਰਤੀ ਹੈ । ਸ਼ਪਸ਼ਟ ਹੈ ਕਿ ਚੰਡੀ ਚਰਿਤ੍ਰ ਦਾ ਕਰਤਾ ਹੀ ਕ੍ਰਿਸ਼ਨਾਵਤਾਰ ਵਾਲਾ ਸਯਾਮ ਕਵੀ ਹੈ । ਇਸੇ ਤਰ੍ਹਾਂ ਜੋ ਛੰਦ ਬਚਿਤ੍ਰ ਨਾਟਕ ਵਿਚ ਆਏ ਹਨ, ਉਹ ਹੋਰ ਥਾਂ ਵੀ ਮਿਲਦੇ ਹਨ ਜਿਵੇਂ 'ਮੇਰੁ ਕਿਯੋ ਤ੍ਰਿਣ ਤੇ ਮੁਹਿ ਜਾਹਿ ।' ਇਹੋ ਸਵੱਯਾ ਚਰਿਤ੍ਰ ਪਖਯਾਨ ਦੇ ਪਹਿਲੇ ਚਰਿਤ੍ਰ ਵਿਚ ਹੈ । 'ਕਾਗਦ ਦੀਪ ਸਭੈ ਕਰਕੈ—' ਸਵੈਯਾ ਬਚਿਤ੍ਰ ਨਾਟਕ । ੧੦੧ । ਤੇ ਚਰਿਤਰ (੨੬੯) ਦੋਹਾਂ ਵਿਚ ਮਿਲਦਾ ਹੈ ।

ਹੁਣ ਸਵਾਲ ਉਠਦਾ ਹੈ ਕਿ 'ਸਿਆਮ' ਨਾਂ ਵਰਤਣ ਦਾ ਕੀ ਕਾਰਣ ਹੈ । ਇਸਦਾ ਬੜਾ ਸਿਧਾ ਤੇ ਸਪਸ਼ਟ ਜਵਾਬ ਹੈ ਕਿ ਕਵੀ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਉਪਨਾਮ ਚੁਣ ਸਕਦਾ ਹੈ, ਪਰ ਇਤਿਹਾਸਿਕ ਰਵਾਇਤ ਦਸਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰੀ ਜੀ ਦੇ ਸੌਹਰੇ ਦਾ ਨਾਮ ਗੁਰੂ ਹਰਗੋਬਿੰਦ ਸਾਹਿਬ ਸੀ, ਇਸ ਕਰਕੇ ਜਦੋਂ ਮਾਤਾ ਜੀ ਤੇ ਅੰਮਾ ਨਾਨਕੀ ਜੀ ਸ੍ਰੀ ਦਸਮੇਸ਼ ਨੂੰ ਬੁਲਾਂਦੇ ਤਾਂ ਉਹ 'ਗੋਬਿੰਦ' ਨਾਮ ਲੈਣ ਦੀ ਥਾਂ 'ਸ਼ਿਆਮ' ਕਹਿਕੇ ਆਵਾਜ਼ ਦਿੰਦੇ ਸਨ ਤੇ ਇਹ ਮਾਤਾ ਦਾ ਰਖਿਆ ਪਿਆਰਾ ਨਾਮ ਗੁਰੂ ਸਾਹਿਬ ਨੇ ਕਵਿਤਾ ਵਿਚ ਵਰਤਕੇ ਅਮਰ ਕਰ ਦਿਤਾ । ਜੇ ਕਰ ਇਹ ਖਾਸ ਵੱਖਰੇ ਕਵੀ ਦਾ ਨਾਂ ਹੁੰਦਾ ਤਾਂ ਅਵਤਾਰ-ਕਥਾ ਦੇ ਕਈ ਛੰਦਾਂ ਵਿਚ ਇਹ ਮਿਸਾਲ ਨ ਬਣਦੀ ਕਿ ਇਕ ਛੰਦ ਵਿਚ 'ਰਾਮ' ਛਾਪ ਹੈ ਤੇ ਦੂਜੇ ਨਾਲ ਦੇ ਵਿਚ ਹੀ 'ਸਿਆਮ' । ਜਿਵੇਂ ਕ੍ਰਿਸ਼ਨਾਵਤਾਰ ਦੇ ੧੯੭੨ ਨੰ. ਛੰਦ ਵਿਚ 'ਰਾਮ' ਉਪਨਾਮ ਆਉਂਦਾ ਹੈ ਤੇ ੧੯੭੩ ਵਿਚ 'ਸ਼ਯਾਮ' । ਇਸ ਤਰ੍ਹਾਂ ਕਈ ਹੋਰ ਛੰਦਾਂ ਵਿਚ । ਇਹ ਗੱਲ ਅਚਾਨਕ ਨਹੀਂ ਹੋ ਗਈ ਤੇ ਨਾ ਹੀ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਦਰਬਾਰੀ ਕਵੀ ਰਾਮ ਨੇ ਪਹਿਲਾ ਸਵਈਆ ਲਿਖਿਆ ਤੇ ਦੂਜਾ ਸਿਆਮ ਨੇ ਰਚਿਆ । ਦਰਅਸਲ 'ਕਵਿ ਰਾਮ ਕਹੈ' ਦੀ ਸ਼ੈਲੀ ਇਉਂ ਹੀ ਚਲ ਪਈ ਹੈ, ਜਿਵੇਂ ਇਹ ਕੋਈ ਕਾਵਿ-ਸ਼ੈਲੀ ਹੋਵੇ । ਜਹਾਂਗੀਰ ਦੇ ਜ਼ਮਾਨੇ ਲਿਖੇ ਗਏ । 'ਹਨੂਮਾਨ ਨਾਟਕ' ਵਿਚ ਹਿਰਦੇਰਾਮ ਭੱਲੇ ਨੇ ਇਸੇ ਢੰਗ ਨਾਲ ਆਪਣਾ ਉਪਨਾਮ, 'ਰਾਮ' ਵਰਤਿਆ ਹੈ । ਗੁਰੂ ਸਾਹਿਬ ਨੂੰ ਇਹ ਨਾਟਕ ਬਹੁਤ ਪਿਆਰਾ ਸੀ ਤੇ ਇਸ ਦੇ ਪ੍ਰਭਾਵ ਵਜੋਂ ਸ਼ਾਇਦ ਉਨ੍ਹਾਂ ਇਸ ਤਰ੍ਹਾਂ

'ਕਵੀ ਰਾਮ' ਵਾਲੀ ਸ਼ੈਲੀ ਦੀ ਵਰਤੋਂ ਕੀਤੀ ਹੋਵੇ। ਵੈਸੇ ਕਾਂਸ਼ੀ ਰਾਮ, ਗੁਰੂ ਜੀ ਦਾ ਇਕ ਦਰਬਾਰੀ ਕਵੀ ਸੀ ਪਰ ਉਹ ਆਪਣੀ ਰਚਨਾ 'ਪਾਂਡਵ ਗੀਤਾ' ਯਾ 'ਪਰਸੁਰਾਮ ਸੰਵਾਦ' ਵਿਚ ਕਿਤੇ ਵੀ 'ਕਵੀ ਰਾਮ' ਨਹੀਂ ਵਰਤਦਾ, ਆਪਣਾ ਪੂਰਾ ਨਾਂ 'ਕਾਂਸ਼ੀ ਰਾਮ' ਦਿੰਦਾ ਹੈ। ਇਸ ਕਰਕੇ ਇਹ ਅਨੁਮਾਨ ਭੁਲੇਖਾ ਹੋਵੇਗਾ ਕਿ ਕਾਂਸ਼ੀ ਰਾਮ 'ਰਾਮ' ਉਪਨਾਮ ਹੇਠ ਕਵਿਤਾ ਰਚਣ ਵਾਲਾ ਸੀ।

ਹਾਂ, ਇਕ ਗੁਰੂ ਸਾਹਿਬ ਦਾ ਸਮਕਾਲੀ, ਰੋਪੜ ਦਾ ਬ੍ਰਾਹਮਣ ਵੈਦ—ਸੀਤਾ ਰਾਮ ਹੋਇਆ ਹੈ, ਇਸ ਨੇ 'ਖ਼ੈਰੁਲ ਤਜਾਰਬ' ਨਾਮੀ ਵੈਦਿਕ ਪੁਸਤਕ ਦਾ 'ਕਵਿ ਤਰੰਗ' ਨਾਮ ਹੇਠ ਅਨੁਵਾਦ ਕੀਤਾ ਹੈ ਤੇ ਇਸ ਤੋਂ ਬਿਨਾ ਅਲਿਫ ਬਤੀਸੀ' ਤੇ ਰਾਜਨੀਤਿ' ਬਾਰੇ ਵੀ ਇਕ ਰਚਨਾ ਰਚੀ ਹੈ। ਇਹ ਕਿਤੇ ਕਿਤੇ 'ਕਵਿ ਰਾਮ' ਪਦ ਵਰਤਦਾ ਹੈ, ਪਰ ਇਸ ਨੇ ਆਪਣੀ ਪੁਸਤਕ ਵਿਚ ਨ ਅਨੰਦਪੁਰ ਦਾ ਜ਼ਿਕਰ ਕੀਤਾ ਹੈ ਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਵਲ ਸੰਕੇਤ ਕੀਤਾ ਹੈ। ਇਸ ਕਰਕੇ ਇਹ ਮੰਨਣ ਯੋਗ ਨਹੀਂ ਕਿ ਇਹ ਕੋਈ ਦਰਬਾਰੀ ਕਵੀ ਸੀ। ਨਾਲੇ ਸੀਤਾ ਰਾਮ ਆਪਣੇ ਬਾਰੇ ਸਪਸ਼ਟ ਲਿਖਦਾ ਹੈ :—

ਬ੍ਰਾਹਮਣ ਤ੍ਰਿਖੇ ਬੰਸ ਮੈਂ, ਕੇਸਵ ਸੁਤ ਕਵਿ ਰਾਮ।
ਰੋਪੜ ਮੈਂ ਭਾਖਾ ਕਰੀ, ਕਵਿ ਤਰੰਗ ਧਰਿ ਨਾਮ। ੪।

ਕਵਿ ਤਰੰਗ (ਖੈਰੁਲ ਤਜਾਰਬ)
[ਹੱਥ-ਲਿਖਤ ਖਰੜਾ, ਮੋਤੀ ਬਾਗ਼, ਪਟਿਆਲਾ[

ਇਸਦਾ ਅਰਥ ਹੈ ਕਿ ਰੋਪੜ ਵਾਲਾ ਕਵਿ ਰਾਮ ਬ੍ਰਾਹਮਣ ਘਰਾਣੇ ਵਿਚੋਂ ਸੀ ਪਰ ਦਸਮ ਗ੍ਰੰਥ ਵਾਲਾ ਰਾਮ ਇਉਂ ਕਹਿੰਦਾ ਹੈ :—

ਛਤ੍ਰੀ ਕੋ ਪੂਤ ਹਉਂ, ਬਾਮਨ ਕੋ ਨਹਿ ਕੈ ਤਪ ਆਵਤ ਹਉ ਜੁ ਕਰੋ। ੨੪੮੯।

[ਕ੍ਰਿਸ਼ਨਾਵਤਾਰ

ਸੋ ਸਾਡੇ ਨਵੇਂ ਖੋਜੀਆਂ ਪ੍ਰਤੀ ਬੇਨਤੀ ਹੈ ਕਿ ਉਹ ਬਿਨਾ ਡੂੰਘੀ ਦੇਖ ਭਾਲ ਕੀਤੇ ਅਜੇਹੀਆਂ ਗ਼ਲਤ ਬਿਆਨੀਆਂ ਨ ਕਰਨ ਤੇ ਨਾ ਹੀ ਕਲਪਤ ਦਲੀਲਾਂ ਘੜਨ।

ਇਹੋ ਹਾਲ ਸਿਆਮ ਦਾ ਹੈ, ਸਯਾਮ ਨਾਂ ਦਾ, ਗੁਰੂ ਜੀ ਦਾ ਸਮਕਾਲੀ ਦਰਬਾਰੀ ਕਵੀ ਕੋਈ ਨਹੀਂ ਮਿਲਦਾ। ਫਿਰ ਗੁਰੂ ਸਾਹਿਬ ਵਲੋਂ ਵਰਤੇ ਉਪਨਾਮ ਦੇ ਅਧਾਰ ਤੇ ਕਿਵੇਂ ਇਕ ਅਣਹੋਂਦੇ ਕਵੀ ਨੂੰ ਕਲਪ ਲਿਆ ਜਾਵੇ। ਅਸਲੀਅਤ ਤਾਂ ਸਪਸ਼ਟ ਹੈ ਕਿ ਇਹ ਦਸਮੇਸ਼ ਦੇ ਹੀ ਉਪਨਾਮ ਸਨ, ਕੋਈ ਵੱਖਰੇ ਕਵੀ ਨਹੀਂ। ਜੇਕਰ ਇਹ 'ਅਵਤਾਰ ਕਥਾ' ਰਾਮ, ਸਿਆਮ ਦੀ ਹੀ ਲਿਖੀ ਹੁੰਦੀ ਤਾਂ ਭਾਈ ਮਨੀ ਸਿੰਘ ਚਿਠੀ ਵਿਚ ਇਉਂ ਨ ਲਿਖਦੇ :

'ਪੋਥੀਆਂ ਜੋ ਤੇਗਾ ਸਿੰਘ ਹਾਥਿ ਭੇਜੀ ਥੀ, ਉਹਨਾਂ ਵਿਚ ਸਾਹਿਬਾਂ ਦੇ ੩੦੩ ਚਰਿਤ੍ਰ ਉਪਾਖਿਆਨ ਦੀ ਪੋਥੀ ਜੋ ਹੈ, ਸੋ ਸ਼ੀਹਾਂ ਸਿੰਘ ਨੂੰ ਮਹਲ ਵਿਚ ਦੇਣਾ ਜੀ।

'ਨਾਮਾ ਮਾਲਾ' ਕੀ ਪੋਥੀ ਦੀ ਖਬਰ ਅਬੀ ਮਿਲੀ ਨਾਹੀਂ। ਕਰਿਸ਼ਨਾਵਤਾਰ ਪੂਰਬਾਰਧ ਤੋ ਮਿਲਾ, ਉਤਰਾਰਧ ਨਾਹੀ। ਜੋ ਮਿਲਾ ਅਸੀਂ ਭੇਜ ਦੇਵਾਂਗੇ।'

ਸਪਸ਼ਟ ਹੈ ਕਿ ਹਜ਼ੂਰੀ ਵਿਦਵਾਨ ਸਿਖ ਭਾਈ ਮਨੀ ਸਿੰਘ ਇਹਨਾਂ ਰਚਨਾਵਾਂ ਨੂੰ 'ਸਾਹਿਬਾਂ' ਦੀ ਕਿਰਤ ਮੰਨਦਾ ਹੈ। ਆਮ ਤੌਰ ਤੇ ਸ਼ੰਕਾਵਾਦੀ ਅਵਤਾਰ ਕਥਾ ਤੇ ਚਰਿਤ੍ਰੋ-ਪਖਯਾਨ ਨੂੰ ਹੀ ਗੁਰੂ-ਕਿਰਤ ਮੰਨਣ ਲਈ ਤਿਆਰ ਨਹੀਂ। ਉਹਨਾਂ ਦਾ ਖਿਆਲ ਹੈ ਕਿ ਗੁਰੂ ਸਾਹਿਬ ਅਜੇਹੀਆਂ ਰਚਨਾਵਾਂ ਨਹੀਂ ਸੀ ਲਿਖ ਸਕਦੇ ਪਰ ਇਹ ਠੀਕ ਨਹੀਂ।

ਜਿਥੋਂ ਤਕ ਇਤਿਹਾਸ ਦਾ ਸੰਬੰਧ ਹੈ, ਪੁਰਾਣੇ ਸਿਖਾਂ ਵਿਚ ਦਸਮ ਗਰੰਥ ਬਾਰੇ ਕਦੀ ਝਗੜਾ ਵੀ ਨਹੀਂ ਹੋਇਆ। ਹਾਂ, ਇਕ ਮਤ-ਭੇਦ ਵਾਲੀ ਗੱਲ ਹੋਈ ਸੀ, ਜਦੋਂ ਭਾਈ ਮਨੀ ਸਿੰਘ ਮੁਸੱਦੀ ਨੇ ਆਦਿ ਤੇ ਦਸਮ ਗਰੰਥ ਨੂੰ ਇਕੱਠਾ ਕਰ ਦਿਤਾ ਤੇ ਭਗਤ ਬਾਣੀ ਨੂੰ ਛਾਂਟ ਛਾਂਟ ਕੇ ਗੁਰੂ ਬਾਣੀ ਨਾਲੋਂ ਅੱਡ ਕਰ ਦਿਤਾ।* ਤਾਂ ਸਿੱਖਾਂ ਇਹ ਗੱਲ ਪਸੰਦ ਨਾ ਕੀਤੀ ਤੇ ਫਿਰ ਦਮਦਮੇ ਸਾਹਿਬ ਪੰਥਕ ਇਕੱਤ੍ਰਤਾ ਵਿਚ ਇਹੋ ਫੈਸਲਾ ਹੋਇਆ ਕਿ ਦੋਵੇਂ ਗਰੰਥ

---

* ਸਮਕਾਲੀ ਲੇਖਕ ਕੇਸਰ ਸਿੰਘ ਇਹ ਘਟਨਾ ਇਉਂ ਬੀਤੀ ਦਸਦਾ ਹੈ :—
'ਇਤਨੀ ਵਧੀਕ ਉਸ ਪਾਸੋਂ ਗੱਲ ਸੀ ਹੋਈ
ਜੋ ਭਗਤ ਬਾਣੀ ਜੁਦਾ ਕਰ ਲਿਖੀ ਸੀ ਸੋਈ। ੩੭੭।
ਨਾਲ ਦੂਜਾ ਆਦਿ ਗਰੰਥ ਸੀ ਰਲਾਇਆ
ਤਿਸ ਵਿਚੋਂ ਭਗਤ ਬਾਣੀ ਜੁਦਾ ਲਿਖਾਇਆ
ਦੋਹਾਂ ਗਰੰਥਾਂ ਦੀ ਬੀੜ ਇਕ ਕਰਿ ਬੰਧਵਾਈ
ਉਹ ਗਰੰਥ ਕਿਸੇ ਸਿਖ ਗਰੀਬ ਡਿੱਠਾ ਜਾਈ। ੩੭੮।
ਦੇਖ ਕੇ ਸਿਖ ਐਸੇ ਬਚਨ ਕਹੇ, 'ਇਹ ਕੀ ਕਰਿਆ ?
ਭਾਈ ਸਿਖਾ ! ਤੁਧ ਭਗਤ ਜੁਦੇ ਕਿਉਂ ਕਰ ਧਰਿਆ ?
ਤੁਧ ਬੱਧੀ ਮਿਰਯਾਦ ਗੁਰੂ ਕੀ, ਹੈ ਤੋੜੀ
ਤੇਰੇ ਅੰਗ ਅੰਗ ਜੁਦਾ ਕੀਤੇ ਚਾਹੀਅਨ ਲੋੜੀ'। ੩੭੯।
ਤਬ ਭਾਈ ਮਨੀ ਸਿੰਘ, ਸਿਖ ਨੂੰ ਐਸੇ ਕਹਿਆ—
'ਭਗਤ ਹੈਨ ਗੁਰੂ ਕੇ ਨਫਰ, ਸਮਾਨ ਬੈਠੇ ਚਹਿਆ।'
ਤਬ ਸਿੱਖ ਨੇ ਐਸੇ ਬਚਨ ਹੈ ਕੀਤਾ :—
'ਜਾਂ ਖ਼ਾਵੰਦ ਨਫਰ ਨੂੰ ਹਥ ਕੱਢਤ ਲੀਤਾ। ੩੮੦।
ਅਤੇ ਵਧਾਇਆ ਆਪਣੇ ਪਾਸ ਬੈਠਾਇਆ,
ਤਾਂ ਤੂੰ ਖ਼ਾਵੰਦ ਪਾਸਹੁੰ ਨਫਰ ਨੂੰ ਕੈਸੇ ਉਠਾਇਆ।'
ਭਾਈ ਮਨੀ ਸਿੰਘ ਜੀ ਚੁਪ ਕਰ ਗਏ।
'ਜੀ ਬਚਨ ਤੁਸਾਡੇ, ਮੇਰੇ ਅੰਗ ਅੰਗ ਜੁਦਾ ਹੋਇ ਰਹੇ। ੩੮੧।
'ਸਿਖੀ ਬਖਸ਼ੋ ਸੁਆਸਾਂ ਨਾਲ ਨਿਭੇ ਮੇਰੀ।'
ਸਿਖ ਬਚਨ ਕੀਤਾ, 'ਸਿਖੀ ਅਚੱਲ ਹੈ ਤੇਰੀ।'
ਸੋ ਸਿਖ ਬਚਨ ਕਰਿ ਅੰਗ ਅੰਗ ਉਹਨਾਂ ਦੇ ਜੁਦਾ ਹੋਇ
ਵਿਚ ਲਾਹੌਰ ਪਕੜੇ ਆਏ. ਜਾਨਤ ਹੈ ਸਭ ਕੋਇ। ੩੮੨।
[ਦਸਵਾਂ ਚਰਣ, ਬੰਸਾਵਲੀ ਨਾਮਾ (੧੭੬੯ ਬਿ:)

ਵੱਖ ਵੱਖ ਰਖੇ ਜਾਣ ਤੇ ਭਾਈ ਮਨੀ ਸਿੰਘ ਦੁਆਰਾ ਸੰਪਾਦਿਤ 'ਦਸਮ ਗਰੰਥ' ਨੂੰ ਇਸ ਤਰ੍ਹਾਂ ਪਰਵਾਣ ਕਰ ਲਿਆ ਜਾਵੇ। ਸੋ ਇਸ ਗੱਲ ਨੂੰ ਇਹ ਬਣਾ ਕੇ ਦਸਣਾ ਕਿ ਦਸਮ ਗਰੰਥ ਸਬੰਧੀ ਕੋਈ ਸ਼ੰਕਾ ਸੀ, ਇਤਿਹਾਸਕ ਹਕੀਕਤ ਨੂੰ ਜਾਣ ਬੁਝ ਕੇ ਗ਼ਲਤ ਪੇਸ਼ ਕਰਨਾ ਹੈ।

ਪੁਰਾਤਨ ਸਿੰਘਾਂ ਵਿਚ ਦਸਮ ਗਰੰਥ ਦਾ ਕਿਤਨਾ ਸਤਿਕਾਰ ਸੀ, ਇਹ ਇਸ ਗੱਲ ਤੋਂ ਜ਼ਾਹਰ ਹੈ ਕਿ ਸਿਖ ਮਿਸਲਾਂ ਸਮੇਂ ਜਦੋਂ ਕਿਤੇ 'ਸਰਬਤ ਖਾਲਸਾ' ਜੁੜਦਾ ਸੀ ਤਾਂ ਸ੍ਰੀ ਆਦਿ ਗੁਰੂ ਗਰੰਥ ਦੇ ਨਾਲ ਸ੍ਰੀ ਦਸਮ ਗਰੰਥ ਦਾ ਵੀ ਪ੍ਰਕਾਸ਼ ਕੀਤਾ ਜਾਂਦਾ ਸੀ। ਜੌਹਨ ਮੇਲਕਮ ਨੇ ਇਸ ਦਾ ਸਾਫ਼ ਵਰਣਨ ਕੀਤਾ ਹੈ।*

ਸਿਖ ਇਤਿਹਾਸਕ ਗਰੰਥਾਂ ਵਿਚ ਇਹ ਸੰਕੇਤ ਥਾਂ ਥਾਂ ਆਏ ਹਨ ਕਿ ਸ੍ਰੀ ਦਸਮੇਸ਼ ਜੀ ਨੇ ਕਾਫ਼ੀ ਮਾਤਰਾ ਵਿਚ ਬਾਣੀ ਤੇ ਹੋਰ ਪ੍ਰਚੰਡ ਕਾਵਿ ਰਚਨਾ ਕੀਤੀ। ਰਹਿਤ ਨਾਮਿਆਂ ਵਿਚ ਵੀ ਅਜੇਹੇ ਹਵਾਲੇ ਪ੍ਰਾਪਤ ਹਨ ਜੋ ਇਸ ਤੱਥ ਦੀ ਪੁਸ਼ਟੀ ਕਰਦੇ ਹਨ।

ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਅੰਕਿਤ ਹੈ :—

'ਸੰਮਤ ੧੭੩੪—ਜਾਪੁ ਅਪਨੀ ਰਸਨੀਂ ਉਚਾਰ ਕੀਤਾ, ਸ੍ਰੀ ਅਕਾਲ ਉਸਤਤਿ ਉਚਾਰੀ, ਸ੍ਰੀ ਮੁਖ ਵਾਕ ਸਵਈਏ ਉਚਾਰੇ।

ਇਕ ਗੁਰੂ ਜੀ ਗਰੰਥ ਸਾਗਰ ਬਣਾਇਆ
ਦੂਜਾ ਗਰੰਥ ਜੀ ਅਉਤਾਰ ਲੀਲ੍ਹਾ ਦਾ ਬਣਾਇਆ।

ਸੰਮਤ ੧੭੫੮—ਇਕ ਖਤ੍ਰਾਣੀ ਰੂਪ ਕੌਰ ਸਰੀਰ ਦੀ, ਮੇਲੇ ਵੈਸਾਖੀ ਦੇ ਲਾਹੌਰੋਂ ਨਾਲਿ ਸੰਗਤ ਦੇ ਆਈ। ਤਿਨ ਨੇ ਸਾਹਿਬ ਨਾਲ ਵਲ ਛਲ ਕੀਤਾ ਪਰ ਪੇਸ਼ ਨ ਗਿਆ।

---

* "When the chiefs meet upon this solmn occasion it is concluded that all private animosities ceases, and that every man Sacrifices his personal feelings at the shrine of the general good, and, actnated by prineiples of pure patrotism, thinks of nothing but the interests of religion and the Commonwealth to which he belongs. When the chiefs and principal leaders are seated, the Adi-Granth and Daswen Pradeshah Ka Granth are placed before them. They all bend their heads before these scriptures and exclaim.—'Wahguru Ji ka Khalsa Wahguru Ji ki Fateh.'

(Sketch of the Sikhs
by Johan Malcolm (1812)

ਉਸ ਦੇ ਪ੍ਰਥਾਇ 'ਚਰਿਤਰ' ਉਚਾਰੇ, ਸੰਮਤ ੧੭੫੩ ਭਾਦੋਂ ਸੁਦੀ ਅਸਟਮੀ ਭੋਗ ਪਾਇਆ ।'

(ਰਹਿਤਨਾਮੇ, ਪੰਨਾ ੧੦੨

ਭਾਈ ਦੇਸਾ ਸਿੰਘ ਨੇ ਅਪਣੇ ਰਹਿਤਨਾਮੇ ਦੇ ਅੰਤ ਵਿਚ ਲਿਖਿਆ ਹੈ ਕਿ ਸਤਿਗੁਰਾਂ ਦੇ ਮੈਨੂੰ ਸੁਪਨ-ਦਰਸ਼ਨ ਹੋਏ, ਉਨ੍ਹਾਂ ਮੈਨੂੰ ਫ਼ਰਮਾਇਆ—

'ਸੁਨਹੁ ਸਿੰਘ ! ਇਕ ਬਚਨ ਹਮਾਰਾ । ਪ੍ਰਿਥਮੈ ਹਮ ਨੈ ਜਾਪੁ ਉਚਾਰਾ । ੧੩੩ ।
ਪੁਨ ਅਕਾਲ ਉਸਤਤਿ ਜੋ ਕਹੀ । ਬੇਦ ਸਮਾਨ ਪਾਠ ਜੋ ਅਹੀ ।
ਪੁਨ ਬਚਿਤਰ ਨਾਟਕ ਬਨਵਾਯੋ : ਸੋਢਿ ਬੰਸ ਜਹਿ ਕਥਾ ਸੁਹਾਯੋ । ੧੩੪ ।
ਪੁਨ ਦੋ ਚੰਡੀ ਚਰਿਤਰ ਬਨਾਏ । ਅੰਤਰ ਕੇ ਸਭ ਕਵਿ ਮਨ ਭਾਏ ।
ਗਯਾਨ ਪ੍ਰਬੋਧ ਬੰਧ ਹਮ ਕਰਾ । ਜਸ ਪਾਠ ਕਰਿ ਹਰਿ ਪਦ ਲਗਾ । ੧੩੫ ।
ਪੁਨ ਚੌਬਿਸ ਅਵਤਾਰ ਕਹਾਨੀ । ਬਰਨਨ ਕਰਾ ਸਮਝੀ ਸਭ ਗਯਾਨੀ ।
ਦਤਾਤ੍ਰੇਯ ਕੇ ਗੁਰੂ ਸੁਨਾਏ । ਪੁਨ ਬਚਿਤਰ ਬਖਯਾਨ ਬਨਾਏ । ੧੩੬ ।
ਤਿਨ ਕੌ ਭੀ ਇਕ ਗਰੰਥ ਬਖਾਨਾਂ । ਪੜ੍ਹੈ ਮੂੜ੍ਹ ਸੋ ਹੋਇ ਸਯਾਨਾ ।
ਸਬਦ ਹਜਾਰੇ ਕੇ ਸੁਖਦਾਈ । ਸਭੈ ਨ੍ਰਿਪਨ ਕੀ ਕਥਾ ਸੁਨਾਈ । ੧੩੭ ।
ਜੌ ਮੈਂ ਹਿਤ ਕਰਿ ਬਹੁਨ ਸਵਾਰੀ । ਪੁਨ ਕਹ ਰਹਤ ਨ ਕਹੂੰ ਉਚਾਰੀ ।
ਚਾਰ ਚਾਰ ਸੈ ਚਰਿਤਰ ਬਨਾਏ । ਜਹਾਂ ਕੁਚਰਿਤਨ ਕੇ ਫਲ ਦਿਖਰਾਏ । ੧੩੮ ।

(ਰਹਿਤ ਨਾਮੇ, ਪੰਨਾ ੧੫੬

ਹੁਣ ਜਦ ਤੋਂ ਸਿਖ ਸਾਹਿਤ ਬਾਰੇ ਨਵੀਂ ਖੋਜ ਅਰੰਭ ਹੋਈ, ਤਾਂ ਸਿੰਘ ਸਭਾ ਦੇ ਆਗੂ ਸੱਜਣਾਂ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਆਗਿਆ ਅਨੁਸਾਰ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਦੀ ਸਰਪਰਸਤੀ ਹੇਠ ਉਚੇਚੀ 'ਸੋਧਕ ਕਮੇਟੀ' ਨੀਅਤ ਕਰਕੇ ਇਸ ਪਾਸੇ ਕਈ ਸਲਾਘਾ ਯੋਗ ਕਦਮ ਉਠਾਏ ਸਨ । 'ਰਪੋਟ ਸੋਧਕ ਕਮੇਟੀ' (1897) ਨੇ 32 ਬੀੜਾਂ ਦੇਖਕੇ ਪੜਤਾਲ ਕੀਤੀ ਤੇ ਸਾਰੀ ਰਚਨਾ ਨੂੰ ਦਸਮੇਸ਼ ਕਿਰਤ ਮੰਨਿਆ । ਇਹ ੨੪ ਸਫ਼ੇ ਦੀ ਰਿਪੋਟ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਸੀ ।

ਸਿੰਘ ਸਭਾ ਲਹਿਰ ਸਮੇਂ ਪ੍ਰਸਿੱਧ ਪ੍ਰਚਾਰ ਕਰਤਾ ਤਾਂ ਭਾਵੇਂ ਗਿਆਨੀ ਦਿਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਜੀ ਆਦਿ ਸਨ ਪਰ ਇਸ ਸਮੇਂ ਦੇ ਮੁੱਖੀ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ ਤੇ ਗਿਆਨੀ ਗਿਆਨ ਸਿੰਘ ਜੀ ਸਨ। ਪੰਡਤ ਜੀ ਨੇ ਪਹਿਲੀ ਵਾਰੀ 'ਗੁਰਮਤਿ ਨਿਰਣਯ ਸਾਗਰ' (੧੮੭੭ ਈ:) ਵਿਚ ਸਿਖ ਵਿਚਾਰਧਾਰਾ ਨੂੰ ਸਾਇੰਸੀ ਢੰਗ ਨਾਲ ਵਿਚਾਰਿਆ ਹੈ । ਉਹਨਾ ਆਪਣੀ ਰਾਇ ਸਪਸ਼ਟ ਪਰਗਟ ਕੀਤੀ ਕਿ ਸਾਰਾ ਦਸਮ ਗ੍ਰੰਥ ਗੁਰੂ ਜੀ ਦੀ ਰਚਨਾ ਹੈ । ਉਹ ਲਿਖਦੇ ਹਨ : -

'ਗ੍ਰੰਥ ਸਾਹਿਬ ਦਸਮੀ ਪਾਤਸ਼ਾਹੀ ਕਾ, ਜੋ 'ਸਿੰਘ ਦੀਪ ਸਿੰਘ ਜੀ ਕਾ ਬੀੜ ਵਾਲਾ' ਗੁਰੂ ਕਾ ਹੈ ਇਸ ਮੇਂ ਨਹੀਂ ਪ੍ਰਮਾਣ ਹੈ । ਬਹੁਤ ਲੋਕ ਇਸ ਮੇਂ 'ਆਦਿ ਮੇਂ' ਛੰਦ ਕੀ ਕਵਿਤਾ ਦੇਖ ਕਰ ਪਾਸ ਰਹਿਨੇ ਵਾਲੇ ਕਵੀਓਂ ਕੀ ਕਵਿਤਾ ਮਾਨਤੇ ਹੈਂ । ਪਰ ਕਵੀਓਂ ਕੀ ਕਵਿਤਾ

ਮੇਂ ਪਾਤਸ਼ਾਹੀ ਦਸ, ਆਦਿ ਮੇਂ ਲਿਖਯਾ ਦੇਖਕੇ ਉਨਕੋ ਗੁਰ ਕੀ ਰਚਨਾ ਕਹਤੇਂ ਹੈਂ। ਬੁਧੀਮਾਨੋਂ ਕੋ ਇਨ ਦੋਨੋਂ ਬਾਤੋਂ ਕੇ ਕਹਨ ਵਾਲਯੋਂ ਪੈ ਹਾਸੀ ਅਰ ਅਫਸੋਸ ਹੈ।.........

ਜੇਕਰ ਸਿਧ ਹੋਵੇ ਤਬ ਰਹਿਰਾਸ ਮੇਂ ਅਨਯ ਕਵੀਓਂ ਕੀ ਬਨਾਈ 'ਚੋਪਈ' ਨ 'ਪੜ੍ਹਨੀ ਚਾਹੀਏ। ਅਰ 'ਸੇਵਕ ਸਿਖ ਹਮਾਰੇ ਤਾਰੀਯਹ', ਯਹ ਕਹਨਾ ਭੀ ਮਿਥਯਾ ਹੋਵੇਗਾ। ਕਿਉਂਕਿ ਗੁਰੂ ਬਿਨਾ, ਗੁਰੂ ਕੇ ਸਿਖ ਕਿਸ ਕਵੀ ਕੇ ਸਿਖ ਹੈਂ।

(ਗੁਰਮਤਿ ਨਿਰਣਯ ਸਾਗਰ, ਪੰਨਾ ੬੦੩-੬੦੫ (੧੯੯੮ ਈ.)

ਇਸੇ ਪ੍ਰਕਾਰ ਗਿ: ਗਿਆਨ ਸਿੰਘ ਜੀ ਲਿਖਦੇ ਹਨ :

ਨਿਜ ਬਾਨੀ ਗੁਰ ਦਸਮ ਸੁ ਰਚੀ। ਸਰਸ ਸੁ ਜਾਤਿ ਸੁਬ੍ਰਿਤਨ ਜਚੀ।
ਯਮਕ ਦਮਕ ਭੂਖਨਯੁਤ ਭੂਸ਼ਿਤ। ਕਾਵਯ ਕੋਸ ਅਨੁਸਾਰ ਅਦੂਸ਼ਤ।
ਬਰੰਜ਼ ਲੱਛਣਾ, ਧੁਨੀ ਅਪਾਰੇ। ਉਕਤਿ ਜੁਗਤਿ ਰਸ ਰਾਸ ਉਦਾਰੇ।
ਦਸਮ ਗੁਰੂ ਕੇ ਗਰੰਥ ਮਝਾਰੀ। ਵਹ ਬਾਨੀ ਹੈ ਲੇਹੁ ਨਿਹਾਰੀ।

(ਪੰਥ ਪ੍ਰਕਾਸ਼, ਪੰਨਾ ੨੩੨-੩੩ ਅਧਿਆ ੨੨
ਪੱਥਰ ਛਾਪਾ ਐਡੀਸ਼ਨ ਦੂਜੀ, ੧੮੮੯ ਈ.)

ਅਗੇ ਗਿਆਨੀ ਜੀ ਨੇ ਕਵੀਆਂ ਦੀ ਰਚਨਾ ਦਾ ਵੱਖਰਾ ਵਰਣਨ ਕੀਤਾ ਹੈ। ਇਸ ਤੋਂ ਬਾਦ ੧੯੦੨ ਈ. ਵਿਚ ਭਾਈ ਬਿਸ਼ਨ ਸਿੰਘ ਸੰਗਰੂਰ ਵਾਲਿਆਂ 'ਦਸਮ ਗਰੰਥ ਕਿਸ ਨੇ ਬਨਾਯਾ' ਲਿਖਕੇ ਤੇ ਸ਼ੰਕਾਵਾਂ ਮਿਟਾ ਕੇ ਸਪਸ਼ਟ ਕੀਤਾ ਕਿ ਇਹ ਸਾਰੀ ਦੀ ਸਾਰੀ ਰਚਨਾ ਸ੍ਰੀ ਦਸਮੇਸ਼ ਜੀ ਦੀ ਹੈ। ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰਿੰਸੀਪਲ ਤੇਜਾ ਸਿੰਘ ਗਿਆਨੀ ਸ਼ੇਰ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ ਆਦਿ ਸਭੇ ਵਿਦਵਾਨ ਇਹੋ ਮੰਨਦੇ ਰਹੇ। ਹੁਣ ਡਾ. ਬਲਬੀਰ ਸਿੰਘ, ਡਾ. ਗੋਪਾਲ ਸਿੰਘ ਦਰਦੀ, ਡਾ. ਤ੍ਰਿਲੋਚਨ ਸਿੰਘ, ਡਾਕਟਰ ਧਰਮਪਾਲ ਅਸ਼ਟਾ, ਡਾ. ਹਰਿਭਜਨ ਸਿੰਘ, ਡਾ. ਪ੍ਰਮਿੰਨੀ ਸਹਿਗਲ ਤੇ ਡਾ: ਮਹੀਪ ਸਿੰਘ ਆਦਿ ਨੇ ਇਸ ਪਾਸੇ ਖੋਜ-ਕਾਰਜ ਕੀਤਾ ਹੈ ਤਾਂ ਬਿਨਾ ਕਿਸੇ ਸ਼ੰਕਾ ਦੇ ਸਾਰੇ ਵਿਦਵਾਨਾਂ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਇਹ ਰਚਨਾ ਗੁਰੂ ਸਾਹਿਬ ਦੀ ਹੈ। ਨਵੇਂ ਖੋਜ-ਖੇਤਰ ਵਿਚ ਭਾਈ ਰਣਧੀਰ ਸਿੰਘ ਇਤਿਹਾਸ-ਖੋਜੀ ਨੇ ਸਾਰੇ ਪੱਖ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕਰਕੇ ਚੰਗੀ ਤਰ੍ਹਾਂ ਉਘਾੜਿਆ ਹੈ, ਜੋ ਵਿਸ਼ੇਸ਼ ਸ਼ਲਾਘਾ ਦਾ ਅਧਿਕਾਰੀ ਹੈ।

ਸਿੰਘ ਸਭਾ ਲਹਿਰ ਪਿਛੋਂ, ਕੁਝ ਕੁ ਮੌਜੀਏ ਸਿਖਾਂ ਦੇ ਦਿਲਾਂ ਵਿਚ ਦਸਮ ਗ੍ਰੰਥ ਬਾਰੇ ਸ਼ੰਕਾਵਾਂ ਪੈਦਾ ਹੋਈਆਂ। ਇਹ ਲੋਕ ਖਾਸ ਸਾਹਿਤਕ ਰੁਚੀ ਨਹੀਂ ਸੀ ਰਖਦੇ ਤੇ ਨਾਹੀ ਇਸ ਪਾਸੇ ਦੀ ਇਨ੍ਹਾਂ ਦੀ ਖੋਜ ਸੀ। ਇਨ੍ਹਾਂ ਲਈ ਤਾਂ ਇਹ ਗੱਲ ਹਊਆ ਸੀ ਕਿ ਗੁਰੂ ਗੋਬਿੰਦ ਸਿੰਘ ਵਰਗਾ ਇਕ ਅਕਾਲ ਦਾ ਪੁਜਾਰੀ ਦੇਵੀ ਦੇਵਤਿਆਂ ਯਾ ਅਵਤਾਰਾਂ ਦੀ ਕਥਾ ਕਹਾਣੀ ਕਿਵੇਂ ਲਿਖ ਸਕਦਾ ਹੈ. ਉਹ ਧਰਮ-ਗੁਰੂ ਹੁੰਦਾ ਹੋਇਆ ਜ਼ਨਾਨੀਆਂ ਦੀਆਂ ਕਹਾਣੀਆਂ ਕਿਵੇਂ ਰਚ ਸਕਦਾ ਹੈ। ਦਰ ਅਸਲ ਕਿਸੇ ਨੇ ਗੁਰੂ ਸਾਹਿਬ ਦੇ ਮਕਸਦ ਮਨੋਰਥ ਨੂੰ ਜਾਣਨ ਦੀ ਲੋੜ ਨਹੀਂ ਸਮਝੀ ਕਿ ਉਹਨਾਂ ਨੇ ਐਸਾ ਕਿਉਂ ਕੀਤਾ। ਇਸ ਦੇ ਪ੍ਰਤਿਕਰਮ ਵਜੋਂ ਉਹਨਾਂ,

ਇਹਨਾਂ ਰਚਨਾਵਾਂ ਤੋਂ ਹੀ ਇਨਕਾਰ ਕਰ ਦਿਤਾ। ਉਹਨਾ ਦੇ ਖਿਆਲਾਂ ਦੀ ਤੇਜ਼ੀ ਇਥੇ ਵੀ ਨਹੀਂ ਮੁੱਕੀ, ਉਨ੍ਹਾਂ ਨੇ 'ਪ੍ਰਿਥਮ ਭਗਉਤੀ ਸਿਮਰਕੈ' ਨੂੰ ਨਾ ਸਮਝ ਕੇ 'ਪ੍ਰਿਥਮ ਸਤਿਨਾਮ ਸਿਮਰਕੈ' ਦੀ ਅਰਦਾਸ ਚਲਾਈ ਤੇ ਫਿਰ ਭੱਟਾਂ ਦੀ ਬਾਣੀ ਦੇ ਖਿਲਾਫ਼ ਵਾਵੇਲਾ ਖੜਾ ਕਰ ਦਿੱਤਾ। ਸੋ ਭਸੌੜੀਆਂ ਦੀ ਕਾਰਰਵਾਈ ਕੁਝ ਕੱਟੜਤਾ ਤੇ ਕਾਹਲੀ ਵਾਲੀ ਸੀ ਇਸ ਨੂੰ ਸਾਹਿਤਕ ਖੋਜ ਮੰਨ ਕੇ ਇਸਤੇ ਬਹਿਸ ਕਰਨਾਂ ਫਜ਼ੂਲ ਹੈ। ਪਰ ਇਸ ਪ੍ਰਤਿਕ੍ਰਿਆਵਾਦੀ ਲਹਿਰ ਦਾ ਕੁਝ ਕੁ ਲੇਖਕਾਂ ਤੇ ਵੀ ਅਸਰ ਹੋਇਆ ਜਿਨ੍ਹਾਂ ਵਿਚ ਸ. ਸ਼ਮਸ਼ੇਰ ਸਿੰਘ ਅਸ਼ੋਕ ਜੀ ਦਾ ਨਾਮ ਲੈਣਾ ਜ਼ਰੂਰੀ ਹੈ। ਆਪ ਨੇ 'ਅਵਤਾਰ ਕਥਾ' ਤੇ 'ਚਰਿਤਰੋ ਪਖਯਾਨ' ਬਾਰੇ ਅਪਣੀਆਂ ਸ਼ੰਕਾਵਾਂ ਨੂੰ ਦਲੀਲਾਂ ਬਣਾਕੇ ਪੇਸ਼ ਕੀਤਾ, ਜਿਨ੍ਹਾਂ ਨੂੰ ਇਥੇ ਦੁਹਰਾਉਣ ਦੀ ਲੋੜ ਨਹੀਂ ਕਿਉਂਕਿ ਡਾ: ਰਤਨ ਸਿੰਘ ਜੱਗੀ ਜੀ ਨੇ ਅਪਣੀ ਪੁਸਤਕ ਵਿਚ ਉਨ੍ਹਾਂ ਨੂੰ ਨਵਾਂ ਰੂਪ ਦੇ ਕੇ ਦੁਹਰਾ ਹੀ ਦਿੱਤਾ ਹੈ, ਪਾਠਕ ਉਥੋਂ ਦੇਖ ਸਕਦੇ ਹਨ। ਜੱਗੀ ਸਾਹਿਬ ਨੇ ਕੋਈ ਨਵੀਂ ਤਰਕ ਦਿਤੀ ਵੀ ਹੈ ਤਾਂ ਉਹ ਬੜੀ ਨਿਰਬਲ ਜਿਹੀ ਹੈ। ਜਿਵੇਂ ਕਿ ਸਭੇ ਮੰਨਦੇ ਹਨ ਕਿ 'ਵਾਰ ਦੁਰਗਾ ਕੀ' ਗੁਰੂ ਸਾਹਿਬ ਦੀ ਇਕ ਬਹੁਤ ਵਧੀਆ ਬੀਰਰਸੀ ਪੰਜਾਬੀ ਰਚਨਾ ਹੈ। ਇਸ ਨੂੰ ਗੁਰੂ-ਕ੍ਰਿਤ ਸਮਝ ਕੇ ਹੀ ਇਸਦੀ ਪਹਿਲੀ ਪਉੜੀ ਅਰਦਾਸ ਦਾ ਅੰਗ ਬਣਾਈ ਗਈ ਹੈ। ਇਸ ਬਾਰੇ ਜੱਗੀ ਸਾਹਿਬ ਲਿਖਦੇ ਹਨ :

'ਆਮ ਧਾਰਨਾ ਪ੍ਰਚਲਤ ਹੈ ਕਿ ਜੇ ਇਹ ਰਚਨਾ ਦਸਮ ਗੁਰੂ ਦੀ ਨਾ ਹੁੰਦੀ ਤਾਂ ਨੌਵੇਂ ਗੁਰੂ ਤੋਂ ਬਾਦ ਦਸਵੇਂ ਗੁਰੂ ਦਾ ਨਾਂ ਅਵੱਸ਼ ਆਉਂਦਾ। ਪਰ ਦਸਮ ਗੁਰੂ ਪ੍ਰਤਿ ਕਵੀ ਨੇ ਸ਼ੁਰੂ ਵਿਚ ਹੀ 'ਪਾਤਸ਼ਾਹੀ ੧੦ ਲਿਖਕੇ ਸ਼ਰਧਾਂਜਲੀ ਅਰਪਣ ਕਰ ਦਿੱਤੀ ਹੈ।'

ਸੋ ਇਸ ਨਵੀਂ ਖੋਜ ਅਨੁਸਾਰ, ਕਰਤਾ ਵਲੋਂ ਲਿਖਿਆ 'ਪਾਤਸ਼ਾਹੀ ੧੦' ਕਵੀ ਦੀ ਅਰਾਧਨਾ ਦਾ ਚਿੰਨ੍ਹ ਹੈ! ਅਸੀਂ ਪੁਛਾਂਗੇ ਕਿ ਕੀ ਜਾਪੁ ਸਾਹਿਬ ਯਾ ਅਕਾਲ ਉਸਤਤਿ ਦੇ ਅਰੰਭ ਵਿਚ ਵੀ ਇਹੋ ਭਾਵ ਹੈ? ਜੇ ਨਹੀਂ ਤਾਂ ਇਥੇ ਕਿਉਂ? ਖੈਰ, ਸਾਡੇ ਪਾਸ ਇਥੇ ਥਾਂ ਨਹੀਂ ਕਿ ਅਸੀਂ ਇਸ ਸਾਰੀ ਖਿੱਚੜੀ ਨੂੰ ਖੋਲ੍ਹੀਏ। ਜੱਗੀ ਸਾਹਿਬ ਨੇ ਕਾਹਲੀ ਵਿਚ ਕੁਝ ਕੁ ਐਸੀਆਂ ਗੱਲਾਂ ਵੀ ਕਹੀਆਂ ਹਨ ਜਿਨ੍ਹਾਂ ਦੀ ਬੁਨਿਆਦ ਬਿਲਕੁਲ ਹੀ ਨਹੀਂ। ਉਦਾਹਰਣ ਵਜੋਂ ਭਾਈ ਮਨੀ ਸਿੰਘ ਦੀ ਬੀੜ ਬਾਰੇ ਆਪ ਜ਼ਿਕ੍ਰ ਕਰਦੇ ਹਨ ਕਿ ਉਸ ਵਿਚ ਗੁਰੂ ਅੰਗਦ ਸਾਹਿਬ ਦੀ ਬਾਣੀ ਹੈ ਹੀ ਨਹੀਂ। ਬਾਣੀ ਤਾਂ ਹੈ ਪਰ ਖੋਜੀ ਸੱਜਣ ਦੇਖ ਨਹੀਂ ਸਕੇ। ਦਰਅਸਲ ਗੁਰੂ ਅੰਗਦ ਜੀ ਦੇ ੬੨ ਸਲੋਕ ਹਨ, ਜੋ ਵਾਰਾਂ ਵਿਚ ਆ ਜਾਂਦੇ ਹਨ ਤੇ ਉਹ ਭਾਈ ਮਨੀ ਸਿੰਘ ਜੀ ਦੀ ਬੀੜ ਵਿਚ ਵੀ ਮੌਜੂਦ ਹਨ। ਇਸੇ ਤਰ੍ਹਾਂ ਆਪ ਲਿਖਦੇ ਹਨ :

'ਦਸਮ ਗ੍ਰੰਥ ਦਾ ਸੰਪੂਰਣ ਵਾਤਾਵਰਣ, ਓਹਾਂ ਦ੍ਰਿਸ਼ਟ ਦੇਵਾਂ ਦਾ ਸਰੂਪ ਆਦਿ ਭਿਆਨਕ ਤੇ ਕਠੋਰ ਹਨ।' (ਪੰਨਾ ੫੮)

'ਕੋਮਲਤਾ ਦੇ ਦਸਮ ਗਰੰਥ ਵਿਚ ਬਹੁਤ ਘੱਟ ਦਰਸ਼ਨ ਹੁੰਦੇ ਹਨ।'

'ਇਸ ਵਿਚ ਨ ਉਤਮ ਤੱਥਾਂ ਦੀ ਘਾਟ ਹੈ, ਨਾ ਹੀ ਘਟੀਆ ਕਥਨਾਂ ਦੀ।'

'ਇਤਨੀਆਂ ਰਚਨਾਵਾਂ ਦਾ ਉਨ੍ਹਾਂ ਦੁਆਰਾ ਲਿਖਿਆ ਜਾਣਾ ਅਸੰਭਵ ਪ੍ਰਤੀਤ ਹੁੰਦਾ

ਹੈ। (ਪੰਨਾ ੧੭੫) 'ਭਾਈ ਮਨੀ ਸਿੰਘ ਦੀ ਚਿੱਠੀ ਜਾਅਲੀ ਹੈ ਕਿਉਂਕਿ ਉਹ ਜੁੜਵੀਂ ਨਹੀਂ ਲਿਖੀ ਗਈ ਤੇ ਉਸ ਵਿਚ 'ਚਰਿਤਰ' ਤੇ 'ਕਰਿਸ਼ਨ' ਪਦ ਪੈਰ ਵਿਚ ਰਾਰਾ ਪਾਏ ਬਿਨਾਂ ਲਿਖਿਆ ਹੈ।' ਅੱਗੇ ਆਪ ਦਾ ਫ਼ੁਰਮਾਨ ਹੈ :—

'ਸਾਰਾਂਸ਼ ਇਹ ਕਿ ਚੌਬੀਸ ਅਵਤਾਰ, ਚਰਿਤਰੋਪਖਯਾਨ, ਅਤੇ ਬਚਿਤਰ ਨਾਟ ਨਾਮਕ ਕਿਰਤੀਆਂ-ਕਵੀਆਂ, ਭੱਟਾਂ, ਪੰਡਿਤਾਂ ਆਦਿ ਦੀਆਂ ਰਚਨਾਵਾਂ ਹਨ। ਗੁਰਾਂ ਦੀ ਇਨ੍ਹਾਂ ਨੂੰ ਕੇਵਲ ਮਾਨਤਾ ਹੀ ਪ੍ਰਾਪਤ ਸੀ। ਇਨ੍ਹਾਂ ਕਿਰਤੀਆਂ ਪ੍ਰਤੀ ਸ਼ਰਧਾ ਪੈਦਾ ਕਰਨ ਲਈ ਗੁਰੂ ਜੀ ਨੇ ਇੰਨ੍ਹਾਂ ਨੂੰ ਆਪਣੀਆਂ ਰਚਨਾਵਾਂ ਦੇ ਰੂਪ ਵਿਚ ਪ੍ਰਚਾਰਤ ਕੀਤਾ'।*

ਜਾਅਲੀ ਚਿੱਠੀ ਘੜਨ ਪਿਛੇ ਸਾਜ਼ਿਸ਼ ਕੀ ਸੀ ਤੇ ਗੁਰੂ ਸਾਹਿਬ ਹੋਰ ਕਵੀਆਂ ਤੋਂ ਲਿਖਾ ਕੇ ਅਪਣੇ ਨਾਂ ਮਨਸੂਬ ਕਰਨ ਜੇਹੀ ਅਨੁਚਿਤ ਕਾਰਵਾਈ ਕਿਵੇਂ ਕਰ ਸਕਦੇ ਸਨ, ਇਸ ਦਾ ਜਵਾਬ ਲੇਖਕ ਨੇ ਨਹੀਂ ਦਿੱਤਾ। ਅਸੀਂ ਇਹ ਕੰਮ ਪਾਠਕਾਂ ਦੇ ਜ਼ਿੰਮੇ ਛੱਡਕੇ ਇਤਨੀ ਹੀ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਗੁਰੂ ਸਾਹਿਬ ਦੇ ਸਾਹਿਤਕ ਮਨੋਰਥ ਨੂੰ ਸਮਝ ਕੇ ਹੀ ਦਸਮ ਗਰੰਥ ਦਾ ਅਧਿਐਨ ਕਰਨਾ ਯੋਗ ਹੈ, ਕਲਪਿਤ ਦਲੀਲਾਂ ਘੜ ਕੇ ਹਵਾ ਵਿਚ ਤਲਵਾਰਾਂ ਮਾਰਨ ਦਾ ਕੋਈ ਫਾਇਦਾ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲੇ, ਜੋ ਬਾਣੀ ਦੀਆਂ ਦੋ ਸਤਰਾਂ ਆਖੀਆਂ ਸਨ, ਜਿਨ੍ਹਾਂ ਨੂੰ ਆਦਿ ਗਰੰਥ ਵਿਚ ਸ਼ਾਮਲ ਹੋਣ ਦਾ ਵੀ ਮਾਣ ਹੈ, ਉਹ ਉਨ੍ਹਾਂ ਦੇ ਕਰਮਯੋਗੀ ਤੇ ਵਿਸ਼ਵਾਸ-ਭਰਪੂਰ ਭਵਿਸ਼ਤ ਜੀਵਨ ਦੀਆਂ ਸੂਚਕ ਹਨ :—

'ਬਲੁ ਹੋਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ।
ਸਭ ਕਿਛੁ ਤੁਮਰੇ ਹਾਥ ਮਹਿ, ਤੁਮਹੀ ਹੋਤ ਸਹਾਇ।'

ਸੋ ਗੁਰੂ ਜੀ ਦਾ ਗ਼ੁਲਾਮੀ ਦੇ ਬੰਧਨ ਤੋੜਨ ਲਈ ਲਿਖਿਆ ਸਾਹਿਤ ਬਲਵਾਨ ਹੈ ਤੇ ਇਸ ਵਿਚ ਸ਼ਸਤ੍ਰ ਤੇ ਸ਼ਕਤੀ ਦਾ ਪਰਿਦਰਸ਼ਨ ਹੋਣਾ ਜ਼ਰੂਰੀ ਸੀ। 'ਅਵਤਾਰ-ਕਥਾ' ਹਿੰਦੂ ਨਾਇਕਾਂ ਦੀ ਬੀਰ-ਗਾਥਾ ਹੈ। ਇਹ ਦੁਹਰਾ ਕੇ ਗੁਰੂ ਸਾਹਿਬ ਹਿੰਦੂ ਜਨਤਾ ਦੇ ਮਨਾਂ ਨੂੰ ਉਭਾਰਨਾ ਚਾਹੁੰਦੇ ਸਨ ਤੇ ਇਸੇ ਤਰ੍ਹਾਂ ਸ਼ਕਤੀਹੀਣ ਲੋਕਾਂ ਵਿਚ ਨਵੀਨ ਸ਼ਕਤੀ ਦਾ ਸੰਚਾਰ ਸੰਭਵ ਸੀ। ਫਿਰ ਭਗਤੀ ਧਾਰਾ ਵਿਚ ਸ਼ਕਤੀ ਦਾ ਰੰਗ ਦਿਖਾਉਣਾ ਕਿਸੇ ਮਹਾਨ ਬੀਰ ਸਾਹਿਤਕਾਰ ਦਾ ਹੀ ਕਮਾਲ ਸੀ, ਸਤਿਗੁਰਾਂ ਇਕੋ ਕਲਮ ਨਾਲ ਦੋਵੇਂ ਕਾਰਨਾਮੇ ਕੀਤੇ। 'ਦਸਮ ਗਰੰਥ' ਭਾਰਤੀ ਸਾਹਿਤ ਦਾ ਇਕ ਗੌਰਵ ਗਰੰਥ ਹੈ, ਜਿਸ ਨੇ ਹਿੰਦ ਦੇ ਇਤਿਹਾਸ ਦੀ ਨੁਹਾਰ ਨੂੰ ਬਦਲਿਆ ਤੇ ਸਾਹਿਤ ਵਿਚ ਭੋਗਵਾਦੀ ਸ਼ਿੰਗਾਰੀ ਰੀਤਿ ਤਿਆਗ ਕੇ ਬੀਰਤਾ ਤੇ ਸਵੈਮਾਨ ਦੇ ਨਵੇਂ ਪੂਰਨੇ ਪਾਏ। ਮਹਾਨ ਸ਼ਖ਼ਸੀਅਤ ਵਾਲੇ ਕਲਾਧਾਰੀ ਬਿਨਾਂ ਇਸਦਾ ਇਹ ਮਹਾਨ ਰੂਪ ਨਹੀਂ ਸੀ ਬਣਨਾ ਤੇ ਨਾਹੀ ਮਹਾਨ ਸੋਝੀ ਬਿਨਾ ਇਸ ਮਹਾਨਤਾ ਨੂੰ ਜਾਣਿਆ ਹੀ ਜਾ ਸਕਦਾ ਹੈ।

---

*ਦਸਮ ਗਰੰਥ ਦਾ ਕਰਤ੍ਰਿਤਵ (ਪੰਨਾ ੧੭੧)—ਡਾ. ਰਤਨ ਸਿੰਘ ਜੱਗੀ

(੪)

## ਦਸਮ ਗ੍ਰੰਥ ਦੀ ਵਿਚਾਰਧਾਰਾ

ਸ੍ਰੀ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੀ ਦਸਮ ਜੋਤਿ ਸਨ, ਇਸ ਲਈ ਜੋ ਵਿਚਾਰ ਉਨ੍ਹਾਂ ਦਿਤੇ, ਉਹ ਸ੍ਰੀ ਗੁਰੂ ਗਰੰਥ ਦੀ ਵਿਚਾਰਧਾਰਾ ਤੋਂ ਵਿਪਰੀਤ ਹੋਣੇ ਸੰਭਵ ਹੀ ਨਹੀਂ। ਪਹਿਲੇ ਗੁਰੂ ਨੇ 'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।' ਦਾ ਪਵਿਤਰ ਉਦੇਸ਼ ਲੈ ਕੇ ਜਿਸਤਰ੍ਹਾਂ ਬਾਣੀ ਰਾਹੀਂ ਜ਼ਿੰਦਗੀ ਨੂੰ ਵਿਕਸਤ ਕੀਤਾ ਸੀ, ਤਿਵੇਂ ਸ੍ਰੀ ਦਸਮੇਸ਼ ਜੀ ਨੇ ਆਪਣੀ ਕਲਮ ਦੁਆਰਾ ਇਸ ਮੰਤਵ ਨੂੰ ਸਿਖਰ ਤੇ ਪਹੁੰਚਾਇਆ। ਸਿਧਾਂਤਕ ਤੌਰ ਤੇ ਆਦਿ ਗਰੰਥ ਤੇ ਦਸਮ ਗਰੰਥ ਦੀ ਵਿਚਾਰਧਾਰਾ ਵਿਚ ਕੋਈ ਬੁਨਿਆਦੀ ਅੰਤਰ ਨਹੀਂ, ਕੇਵਲ ਸ਼ੈਲੀ ਦਾ ਭੇਦ ਹੈ। ਜੋ ਭਗਤੀ ਭਾਵ, ਸਦਾਚਾਰ ਦਾ ਵਿਚਾਰ ਤੇ ਭਰਮ ਕਰਮਾਂ ਦਾ ਖੰਡਨ ਆਦਿ ਗਰੰਥ ਵਿਚ ਮਿਲਦਾ ਹੈ ਉਸੇ ਸਿਖਿਆਵਲੀ ਨੂੰ ਦਸਮਗਰੰਥ ਸ਼ਸਤਰਾਂ ਦੀ ਸੰਕੇਤਾਵਲੀ ਵਿਚ ਉਜਮਈ ਬਣਾ ਕੇ ਪੇਸ਼ ਕਰਦਾ ਹੈ। ਜਿਸ ਗੁਰੂ ਨੇ ਆਪਣਾ ਜੀਵਨ-ਉਦੇਸ਼ ਇਹ ਰਖਿਆ ਹੋਵੇ ਕਿ ਮੈਂ ਧਰਮ ਚਲਾਵਨ, ਸੰਤ ਉਬਾਰਨ ਤੇ ਦੁਸ਼ਟ-ਸੰਘਾਰਨ ਲਈ ਆਇਆ ਹਾਂ, ਉਸ ਦੇ ਲਈ ਜ਼ਰੂਰੀ ਸੀ ਕਿ ਉਹ ਮਨੁਖ ਦੀ ਧੀਰ ਸ਼ਕਤੀ ਨੂੰ ਪ੍ਰਚੰਡ ਕਰਦਾ। ਇਸ ਮਕਸਦ ਲਈ ਕੇਵਲ ਮਾਧੁਰਯ-ਪੂਰਨ ਭਗਤੀ ਨਹੀਂ ਪੂਰਾ ਸਕਦੀ ਸੀ ਤੇ ਨਾ ਹੀ ਕੋਮਲ-ਸਰੂਪ ਦੇਵਤਾ, ਕੰਮ ਆ ਸਕਦਾ ਸੀ। ਜੋ ਪਹਿਲੀ ਗੱਲ ਗੁਰੂ ਜੀ ਨੇ ਜੋ ਕੀਤੀ, ਉਹ ਪਰਮੇਸ਼ਰ ਦੀ ਜਲਾਲੀ ਹਸਤੀ ਦਾ ਨਿਰੂਪਣ ਸੀ ਤਾਂ ਕਿ ਜਗਿਆਸੂ ਉਸਤੋਂ ਨਵਾਂ ਸਾਹਸ ਤੇ ਸਮਰੱਥਾ ਪ੍ਰਾਪਤ ਕਰ ਸਕੇ। ਆਪ ਦੀ ਰਚਨਾ 'ਜਾਪੁ' ਇਸ ਗੱਲ ਦੀ ਪ੍ਰਤੱਖ ਗਵਾਹੀ ਹੈ ਕਿ ਕਿਵੇਂ ਉਹਨਾਂ ਅਕਾਲ ਪੁਰਖ ਨੂੰ 'ਖਲ ਖੰਡਨ ਹੈਂ', ਮਹਿ ਮੰਡਨ ਹੈ" ਜਾਂ 'ਗਨੀਮੁਲ ਸ਼ਿਕਸਤੈ। ਗਰੀਬੁਲ ਪ੍ਰਸਤੈ' ਕਹਿਕੇ ਥਾਂ ਥਾਂ ਉਸਦੇ ਜਲਾਲੀ ਪੱਖ ਨੂੰ ਉਜਾਗਰ ਕੀਤਾ ਹੈ। ਪ੍ਰਭੂ ਭਗਤੀ ਦਾ ਇਹ ਸ਼ਕਤੀਸ਼ਾਲੀ ਰੰਗ, ਦਸਮ ਗਰੰਥ ਦੀ ਹਰ ਰਚਨਾ ਵਿਚ ਮੌਜੂਦ ਹੈ ਚਾਹੇ ਉਹ ਅਵਤਾਰ-ਚਰਿਤਰ ਹੈ, ਚਾਹੇ ਤ੍ਰਿਯਾ ਚਰਿਤਰ। ਅਵਤਾਰ ਕਥਾ ਦਾ ਮੁੱਢਲਾ ਮੰਗਲਾਚਰਣ ਉਸਦੇ ਪ੍ਰਤਾਪੀ ਤੇਜ ਨੂੰ ਉਜਾਗਰ ਕਰਦਾ ਹੈ :—

'ਸੁਖ ਸੰਤਾਂ ਕਰਣੰ ਦੁਰਮਤਿ ਦਰਣੰ,
ਕਿਲ ਬਿਖ ਹਰਣੰ ਅਸਿ ! ਸਰਣੰ।
ਜੈ ਜੈ ਜਗ ਕਾਰਨ ਸ੍ਰਿਸਟਿ ਉਬਾਰਨ,
ਮਮ ਪ੍ਰਤਿਪਾਰਨ ਜੈ ਤੇਗੰ।' (ਬਚਿਤਰ ਨਾਟਕ)

ਅਵਤਾਰਾਂ ਦੀ ਕਹਾਣੀ ਭਗਤ ਲਿਖਦੇ ਸਨ ਤੇ ਇਸਤਰੀਆਂ ਦੀ ਕਹਾਣੀ ਬਿਲਾਸ ਲਈ ਸ਼ਿੰਗਾਰੀ ਕਵੀ ਰਚਦੇ ਸਨ । ਪਰੰਤੂ ਗੁਰੂ ਸਾਹਿਬ ਨੇ ਭਗਤੀ ਸਾਹਿਤ ਨੂੰ ਜਿਥੇ ਬੀਰ ਜਾਮਾ ਪਹਿਨਾ ਕੇ ਸਿੰਘ ਸਜਾ ਦਿਤਾ, ਉਥੇ ਭਾਰਤੀ ਪਰੰਪਰਾ ਦੇ ਪੁਰਾਣਕ ਰੂਪ ਨੂੰ ਪੇਸ਼ ਕਰਦਿਆਂ ਬੀਰ ਰਸੀ ਘਟਨਾਵਲੀ ਨੂੰ ਸਭ ਤੋਂ ਵਧ ਅਹਿਮੀਅਤ ਦਿਤੀ । ਪ੍ਰਯੋਜਨ ਇਤਨਾ ਹੀ ਸੀ ਕਿ ਲੋਕ ਅਪਣੇ ਵਿਰਸੇ ਤੋਂ ਪ੍ਰੇਰਿਤ ਹੋ ਕੇ ਮੁਗ਼ਲ ਸਾਮਰਾਜ ਵਿਰੁਧ ਵਧੇਰੇ ਤਕੜਾਈ ਨਾਲ ਜੂਝ ਸਕਣ । ਇਹੋ ਕਾਰਣ ਹੈ ਕਿ ਬਚਿਤ੍ਰ ਨਾਟਕ ਵਿਚ ਚਾਹੇ ਵਿਸ਼ਨੂੰ ਦੇ ੨੪ ਅਵਤਾਰਾਂ ਦੀ ਕਥਾ ਹੈ, ਚਾਹੇ ਬ੍ਰਹਮਾ ਯਾ ਰੁਦਰ ਦੇ ਅਵਤਾਰਾਂ ਦੀ, ਹਰ ਥਾਂ ਸ਼ਸਤਰਾਂ ਦੀ ਧੁਨਕਾਰ ਸੁਣਾਈ ਦਿੰਦੀ ਹੈ ਤੇ ਇਸੇ ਆਵਾਜ਼ ਨੂੰ ਉਹ ਭਾਰਤੀ ਰਾਸ਼ਟਰੀਅਤਾ ਵਿਚ ਉਸ ਸਮੇਂ ਗੁੰਜਾਇਮਾਨ ਕਰਨਾ ਚਾਹੁੰਦੇ ਸਨ । 'ਚਰਿਤਰੋਪਖਯਾਨ' ਭਾਵੇਂ ਇਸਤਰੀ ਪੁਰਖਾਂ ਦੇ ਚਰਿਤਰਾਂ ਦੀ ਕਿਤਾਬ ਹੈ, ਉਸ ਵਿਚ ਵੀ ਲੜਾਈ ਦੀ ਘਟਨਾਂ ਚੁਪਚਾਪ ਨਹੀਂ ਲੰਘਦੀ । ਉਸ ਜ਼ਮਾਨੇ ਆਮ ਹਿੰਦੀ ਕਵੀ ਭੋਗਵਾਦੀ ਰੁਚੀਆਂ ਦਾ ਸ਼ਿਕਾਰ ਸਨ, ਰਾਜੇ ਤੇ ਨਵਾਬ ਲੋਕ ਅਜੇਹੇ ਬਿਲਾਸੀ ਸਾਹਿਤ ਨੂੰ ਹੱਲਾਸ਼ੇਰੀ ਦੇ ਕੇ ਲੋਕ ਜੀਵਨ ਦੀਆਂ ਜੜਾਂ ਵਿਚ ਤੇਲ ਦੇ ਰਹੇ ਸਨ ਤੇ ਮੁਗਲਰਾਜ ਦੇ ਕਲੱਛਣੇ ਢਾਂਚੇ ਅਨੁਸਾਰ ਵੇਸ਼ਵਾ ਪ੍ਰਣਾਲੀ ਸਾਡੇ ਸਮਾਜ ਨੂੰ ਖਈ ਰੋਗ ਵਾਂਗ ਅੰਦਰੋ ਅੰਦਰੀ ਖਾਈ ਜਾ ਰਹੀ ਸੀ । ਗੁਰੂ ਸਾਹਿਬ ਨੇ ਆਪਣੇ ਸੰਤ-ਸਿਪਾਹੀ ਸਿਖਾਂ ਨੂੰ ਸਾਵਧਾਨ ਕਰਨ ਲਈ ਵੇਸਵਾ ਚਰਿਤਰਾਂ ਨੂੰ ਉਘਾੜ ਕੇ ਪੇਸ਼ ਕੀਤਾ ਤੇ 'ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂ ਨ ਜਈਅਹੁ ।' ਦਾ ਪਾਠ ਪੜ੍ਹਾਇਆ । ਆਦਿ ਗਰੰਥ ਵਿਚ ਵੀ ਬਾਰ ਬਾਰ ਇਹ ਕਿਹਾ ਗਿਆ ਹੈ :—

'ਜੈਸਾ ਸੰਗਿ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹ ਪਰਗ੍ਰਿਹੁ ।'

ਸੋ ਗੁਰੂ ਸਾਹਿਬ ਦਾ ਕਵੀ ਵਿਅਕਤਿਤਵ ਉਨ੍ਹਾਂ ਦੇ ਗੁਰੂ ਵਿਅਕਤਿਤਵ ਤੋਂ ਕਿਵੇਂ ਵੀ ਬਾਹਰ ਨਹੀਂ ਸੀ, ਕੇਵਲ ਕਾਲ ਭੇਦ ਕਰਕੇ ਸ਼ੈਲੀ ਭੇਦ ਸੀ ।

ਉਹ ਆਪਣੇ ਜ਼ਮਾਨੇ ਦੀਆਂ ਧਾਰਮਕ, ਸਮਾਜਕ ਤੇ ਰਾਜਸੀ ਲੋੜਾਂ ਨੂੰ ਮੁਖ ਰਖ ਕੇ ਹੀ ਆਪਣੀ ਕਲਮ ਚਲਾ ਰਹੇ ਸਨ ਤੇ ਇਸ ਵਿਚ ਉਨ੍ਹਾਂ ਨੂੰ ਸਫਲਤਾ ਵੀ ਪੂਰੀ ਪੂਰੀ ਮਿਲੀ । ਗੁਰੂ ਜੀਵਨ, ਪ੍ਰਭੂ ਭਗਤੀ ਦਾ ਮੁਖੀ ਪਰੇਰਕ ਸੀ । ਜੇ ਉਨ੍ਹਾਂ ਵਕਤੀ ਲੋੜ ਪੂਰੀ ਕਰਨ ਲਈ ਅਵਤਾਰ ਕਥਾ ਵੀ ਲਿਖੀ ਤਾਂ ਸਿਧਾਂਤਕ ਤੌਰ ਤੇ ਥਾਂ ਥਾਂ ਸਪਸ਼ਟ ਕਰ ਦਿਤਾ ਕਿ ਇਹ ਰਾਮ ਕ੍ਰਿਸ਼ਨ ਦੀ ਕਥਾ ਧਰਮ-ਯੁੱਧ ਦਾ ਚਾਉ ਪੈਦਾ ਕਰਨ ਲਈ ਹੈ ਤੇ ਸਾਡੀ ਇਸ਼ਟ ਭਗਤੀ ਕੇਵਲ ਪ੍ਰਭੂ ਲਈ ਸਮਰਪਿਤ ਹੈ :—

ਸਗਲ ਦੁਆਰ ਕਉ ਛਾਡਿਕੈ, ਗਹਿਓ ਤੁਹਾਰੋ ਦੁਆਰ ।
ਬਾਂਹਿ ਗਹੇ ਕੀ ਲਾਜ ਅਸਿ, ਗੋਬਿੰਦ ਦਾਸ ਤੁਹਾਰ ।

ਇਸੇ ਤਰ੍ਹਾਂ ਚਰਿਤਰਾਂ ਵਿਚ ਜ਼ਨਾਨੀਆਂ ਦੀਆਂ ਕਹਾਣੀਆਂ ਵੀ ਲਿਖੀਆ ਪਰ ਅੰਤਮ

ਮੰਗ ਬਾਰ ਬਾਰ ਇਹੋ ਦੁਹਰਾਈ ਹੈ :—

ਪੂਰਨ ਹੋਇ ਹਮਾਰੀ ਆਸਾ,
ਤੋਰ ਭਜਨ ਕੀ ਰਹੈ ਪਿਆਸਾ। (ਚਰਿਤਰੋ ਪਖਯਾਨ)

ਇਤਨੀ ਸਪਸ਼ਟਤਾ ਦੇ ਬਾਵਜੂਦ ਦਸਮ ਗਰੰਥ ਦੀ ਵਿਚਾਰਧਾਰਾ ਤੇ ਰਚਨਾ ਦੇ ਉਦੇਸ਼ ਨੂੰ ਨ ਸਮਝਣਾ ਇਕ ਅਣਜਾਣਪੁਣੇ ਦੀ ਦੁਰਘਟਨਾ ਹੀ ਹੈ। ਇਹ ਠੀਕ ਹੈ ਕਿ ਦਸਮ ਗਰੰਥ ਵਿਚ ਸ਼ਸਤਰਾਂ ਦਾ ਯਾ ਸ਼ਕਤੀ ਦਾ ਪਰਿਦਰਸ਼ਨ ਹੈ, ਚਾਹੇ ਭਗਤੀ ਸਾਹਿਤ ਵਿਚ ਚਾਹੇ ਕਥਾ ਸਾਹਿਤ ਵਿਚ। ਪਰ ਜਿਥੇ ਜਿਥੇ ਸਿਧਾਂਤ ਦਾ ਮਸਲਾ ਆਇਆ ਹੈ, ਉਥੇ ਉਹ ਬਿਲਕੁਲ ਸਪਸ਼ਟ ਹਨ ਤੇ ਨਿਰਭੈਤਾ ਨਾਲ ਕਹਿੰਦੇ ਹਨ :—

ਕਹਿਓ ਪ੍ਰਭੂ ਸੁ ਭਾਖਿਹੋਂ। ਕਿਸੂ ਨ ਕਾਣ ਰਾਖਿਹੋਂ।
ਕਿਸੂ ਨ ਭੇਖ ਭੀਜਹੋਂ। ਅਲੇਖ ਬੀਜ ਬੀਜਹੋਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਮੂਲ ਉਦੇਸ਼ਾਂ ਦੀ ਪੂਰਤੀ ਲਈ ਆਪਣੀ ਬਾਣੀ ਤੇ ਅਮਲਾਂ ਰਾਹੀਂ ਕਲਾਧਾਰੀ ਸਤਿਗੁਰੂ ਹੁੰਦਿਆਂ ਅਧਿਆਤਮਕ, ਮਾਨਸਕ, ਬੌਧਿਕ ਤੇ ਪਦਾਰਥਕ ਵਿਕਾਸ ਲਈ ਜੀਵਨ ਮਾਰਗ ਦੇ ਕਈ ਜ਼ਰੂਰੀ ਪੱਖਾਂ ਨੂੰ ਰੁਸ਼ਨਾਇਆ ਹੈ। ਇਹ ਠੀਕ ਹੈ ਕਿ ਮਜ਼ਬ ਖਿਤਾਂ ਤੋਂ ਜ਼ਿੰਦਗੀ ਨੂੰ ਕਈ ਗੁਣਾਂ ਨਾਲ ਸ਼ਿੰਗਾਰਦਾ ਆਇਆ ਹੈ ਪਰ ਇਸ ਦੇ ਨਾਂ ਤੇ ਕਈ ਮੰਨਤ ਮਣੌਤਾ ਐਸੀਆਂ ਵੀ ਗਲ ਪੈ ਗਈਆਂ ਸਨ, ਜਿਨ੍ਹਾਂ ਨੇ ਜੀਵਨ ਤਾਣੀ ਨੂੰ ਉਲਝਾ ਦਿਤਾ ਸੀ। ਗੁਰੂ ਸਾਹਿਬ ਨੇ ਇਸ ਖੇਤਰ ਵਿਚ ਵੀ ਵਿਵੇਕਪੂਰਨ ਅਗਵਾਈ ਦੇ ਕੇ ਮਨੁਖੀ ਸਭਿਅਤਾ ਨੂੰ ਰਿਣੀ ਬਣਾਇਆ ਹੈ। ਇਥੇ ਕੁੱਝ ਕੁ ਨੁਕਤੇ ਵਿਚਾਰ ਗੋਚਰੇ ਕਰਨੇ ਜ਼ਰੂਰੀ ਹਨ—

(੧) ਆਸਤਿਕਤਾ ਦਾ ਅਰਥ ਕਿਸੇ ਵਿਸ਼ੇਸ਼ ਵਿਅਕਤੀ, ਦੇਵੀ ਦੇਵਤੇ ਯਾ ਮੂਰਤੀ ਦੀ ਪੂਜਾ ਮਨੌਤਾ ਨਹੀਂ ਸਗੋਂ ਸਰਬ ਵਿਆਪਕ ਜਾਗਤ ਜੋਤਿ ਦੀ ਅਰਾਧਨਾ ਹੈ। ਉਸ ਜਾਗਤ ਜੋਤਿ ਦਾ ਸੰਕਲਪ ਦਸਮ ਗਰੰਥ ਵਿਚ ਥਾਂ ਪਰ ਥਾਂ ਚਿਹਨ ਚੱਕ੍ਰ ਤੇ ਰੂਪ ਰੇਖਾ ਤੋਂ ਉਤੇ ਬਿਆਨ ਕੀਤਾ ਗਿਆ ਹੈ ਤਾਂਕਿ ਜਗਿਆਸੂ ਕਿਸੇ ਛੋਟੀ ਕਲਪਿਤ, ਸੀਮਤ ਸ਼ਕਤੀ ਨੂੰ ਰੱਬ ਮੰਨਣ ਦਾ ਭੁਲੇਖਾ ਖਾ ਕੇ ਮਨੁਖੀ ਹੈਸੀਅਤ ਦਾ ਅਪਮਾਨ ਨ ਕਰੇ।

'ਜਾਗਤ ਜੋਤਿ ਜਪੈ ਨਿਸਬਾਸਰ, ਏਕ ਬਿਨਾਂ ਮਨ ਨੈਕੁ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜ੍ਹੀ ਮਠ ਭੂਲ ਨ ਮਾਨੈ।'
'ਜਿਮੀ ਜਮਾਂ ਕੇ ਬਿਖੇ ਸਮਸਤ ਏਕ ਜੋਤਿ ਹੈ।
ਨਾ ਘਾਟ ਹੈ ਨ ਬਾਢ ਹੈ, ਨ ਘਾਟ ਬਾਢ ਹੋਤ ਹੈ। ੯੯।

(ਅਕਾਲ ਉਸਤਤਿ)

ਅਜੇਹੀ ਪਰਮ ਜੋਤਿ ਦੀ ਯਾਦ ਜ਼ਿੰਦਗੀ ਦਾ ਆਧਾਰ ਹੈ ਤੇ ਸਤਿਗੁਰਾਂ ਇਸ ਤੇ

ਬਹੁਤ ਜ਼ੋਰ ਦਿਤਾ ਹੈ :—

'ਤਵ ਚਰਨਨ ਮਨ ਰਹਹਿ ਹਮਾਰਾ
ਅਪਨਾ ਜਾਨਿ ਕਰਉ ਪ੍ਰਤਿਪਾਰਾ ।'
'ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ ।'

(੨) ਇਸ ਜਾਗਤ ਜੋਤਿ ਯਾ ਪਰਮੇਸ਼ਰ ਦੀ ਪ੍ਰਾਪਤੀ ਦਾ ਇਕੋ ਇਕ ਮਾਰਗ ਪ੍ਰੇਮ ਹੈ, ਪ੍ਰੇਮ-ਸਹਿਤ ਕੀਤਾ ਸਿਮਰਨ ਹੈ, ਹੋਰ ਕਰਮ ਕਾਂਡ ਨਹੀਂ, ਜਿਨ੍ਹਾਂ ਦਾ ਅਕਾਲ ਉਸਤਤਿ ਵਿਚ ਵਿਸਥਾਰ ਨਾਲ ਖੰਡਨ ਵੀ ਕੀਤਾ ਗਿਆ ਹੈ, ਕਿਉਂਕਿ ਉਹ ਪਰਮੇਸਰ ਆਪ ਪ੍ਰੇਮ ਸਰੂਪ ਹੈ ਤੇ ਪ੍ਰੇਮ ਪਿਆਰ ਹੋ ਕੇ ਹੀ ਜਗਤ ਵਿਚ ਵਿਆਪਕ ਹੋ ਰਿਹਾ ਹੈ—

'ਦੇਸ ਔਰ ਨ ਭੇਸ ਜਾਕਰ, ਰੂਪ ਰੇਖ ਨ ਰਾਗ ।
ਜਤ੍ਰ ਤਤ੍ਰ ਦਿਸਾ ਵਿਸਾ, ਹੋਇ ਫੈਲਿਓ ਅਨੁਰਾਗ । (ਜਾਪੁ)
'ਸਾਚ ਕਹਉ ਸੁਨਿ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਯੋ ।'
'ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ।
ਸੰਗ੍ਰਹਿ ਕਰੋ ਸਦਾ ਸਿਮਰਨ ਕੋ, ਪਰਮ ਪਾਪ ਤਜਿ ਭਾਗੋ ।'

(ਸ਼ਬਦ ਹਜ਼ਾਰੇ)

(੩) ਰੱਬੀ ਏਕਤਾ ਦੇ ਵਿਸ਼ਵਾਸ ਤੋਂ ਇਲਾਵਾ, ਸਮਾਜਕ ਭਲਾਈ ਦੀ ਬੁਨਿਆਦ ਮਨੁੱਖੀ ਏਕਤਾ ਵਿਚ ਅਟੁੱਟ ਵਿਸ਼ਵਾਸ਼ ਹੈ । ਜੋ ਨਿਸ਼ਚਾ ਯਾ ਕਾਰ ਵਿਹਾਰ ਇਸ ਦੇ ਵਿਰੁਧ ਜਾਂਦਾ ਹੈ, ਉਹ ਧਰਮ ਨਹੀਂ ਤੇ ਨਾ ਹੀ ਜ਼ਿੰਦਗੀ ਲਈ ਹਿਤਕਾਰੀ ਹੋ ਸਕਦਾ ਹੈ । ਇਸ ਕਰਕੇ ਗੁਰੂ ਸਾਹਿਬ ਨੇ ਮਨੁਖੀ ਏਕਤਾ ਦਾ ਵਿਸ਼ਵਾਸ਼ ਦ੍ਰਿੜ੍ਹਾਉਂਦਿਆਂ ਫੁਰਮਾਇਆ ਹੈ :—

ਹਿੰਦੂ ਤੁਰਕ ਕੋਊ ਰਾਫਜੀ ਇਮਾਮਸ਼ਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।

... ... ... ...

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ।੧੬।

(ਅਕਾਲ ਉਸਤਤਿ)

ਜਾਂਕੇ ਛੂਟਿ ਗਯੋ ਭ੍ਰਮ ਉਰ ਕਾ ।
ਤਿਸ ਆਗੈ ਹਿੰਦੂ ਕਿਆ ਤੁਰਕਾ । (ਬਚਿਤ੍ਰ ਨਾਟਕ)

ਪੁਰਾਣੇ ਭਾਰਤੀ ਵਿਚਾਰਾਂ ਅਨੁਸਾਰ ਕੋਈ ਧਰਮ-ਅਧਿਕਾਰ ਤੋਂ ਵੰਚਿਤ ਸੀ ਤੇ ਕੋਈ ਰਾਜ-ਅਧਿਕਾਰ ਤੋਂ । ਗੁਰੂ ਸਾਹਿਬ ਨੇ ਮਨੁਖੀ ਸਮਾਨਤਾ ਦਾ ਵਰਤਾਰਾ ਵਰਤਾ ਕੇ ਇਹ ਖੁੱਸੇ ਅਧਿਕਾਰ ਮੁੜ ਬਹਾਲ ਕੀਤੇ । ਸਪਸ਼ਟਤਾ ਲਈ ਦੋ ਮਿਸਾਲਾਂ ਕਾਫ਼ੀ ਹਨ । ਨਾਮਦੇਵ

ਨੂੰ ਬ੍ਰਾਹਮਣ ਪਰੋਹਤਾਂ ਧਰਮ-ਅਧਿਕਾਰੀ ਨਹੀਂ ਸਮਝਿਆ ਤੇ ਮੰਤ੍ਰ ਵਿਚੋਂ ਕੱਢਣੋਂ ਵੀ ਪਰਹੇਜ਼ ਨਹੀਂ ਕੀਤਾ। ਜਦ ਸ਼ਿਵਾ ਜੀ 1674 ਈ. ਵਿਚ ਗੱਦੀ ਬੈਠਣ ਲਗੇ ਤਾਂ ਪਰੋਹਤ ਜਮਾਤ ਨੇ ਇਤਰਾਜ਼ ਕੀਤਾ ਕਿ ਛੱਤਰੀ ਨ ਹੋਣ ਕਾਰਨ ਆਪ ਦਾ ਰਾਜ ਤਖ਼ਤ ਤੇ ਬੈਠਣ ਦਾ ਹੱਕ ਨਹੀਂ ਬਣਦਾ। ਇਹ ਹੱਕ ਮਨਵਾਉਣ ਲਈ ਪੰਜਾਹ ਲੱਖ ਰੁਪਇਆ ਖ਼ਰਚ ਕਰਕੇ ੧੧ ਹਜ਼ਾਰ ਬ੍ਰਾਹਮਣਾਂ ਨੂੰ ਚਾਰ ਮਹੀਨੇ ਲਗਾਤਾਰ ਭੋਜਨ ਖਲਾਇਆ ਗਿਆ ਤਾਂ ਇਹ ਪਰਵਾਨਗੀ ਮਿਲੀ। ਗੁਰੂ ਸਾਹਿਬ ਨੇ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਬਾਣੀ ਦੇ ਪ੍ਰਭਾਵ ਨਾਲ ਧਰਮ-ਅਧਿਕਾਰ ਤੇ ਰਾਜ-ਅਧਿਕਾਰ ਸਭ ਨੂੰ ਸਮਾਨ ਬਖ਼ਸ਼ੇ ਤੇ ਸਰਦਾਰ ਬਣਾਇਆ। ਭਾਰਤੀ ਸਮਾਜਕ ਦਸ਼ਾ ਦੇ ਪਿਛਵਾੜੇ ਵਿਚ ਮਨੁਖੀ ਏਕਤਾ ਦਾ ਇਹ ਸਿੰਘ-ਕਰਮ ਸਚਮੁਚ ਹੀ ਮਹਾਨ ਕਾਰਨਾਮਾ ਸੀ।

(੪) ਮਨੁਖੀ ਏਕਤਾ ਦਾ ਭਾਵ ਇਹ ਵੀ ਨਹੀਂ ਕਿ ਇਸ ਵਿਚ ਭਲੇ ਬੁਰੇ ਦੀ ਪਛਾਣ ਨਹੀਂ ਕਰਨਾ, ਸਾਧ ਚੋਰ ਯਾ ਚੰਗੇ ਮੰਦੇ ਨੂੰ ਇਕ ਸਮਾਨ ਸਮਝ ਲੈਣਾ ਹੈ। ਸਗੋਂ ਗੁਰੂ ਸਾਹਿਬ ਨੇ ਆਪਣਾ ਜੀਵਨ-ਉਦੇਸ਼ ਦਸਦਿਆਂ ਸਾਫ਼ ਕਿਹਾ ਹੈ ਕਿ ਮੈਂ ਕੇਵਲ ਭਲੇ ਪੁਰਸ਼ਾਂ ਦੀ ਮੱਦਦ ਲਈ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਆਇਆ ਹਾਂ। ਮੇਰਾ ਕੰਮ ਹਰ ਤਰ੍ਹਾਂ ਧਰਮ ਨੂੰ ਮਜ਼ਬੂਤ ਕਰਨਾ ਹੈ—

ਯਾਹੀ ਕਾਜ ਧਰਾ ਹਮ ਜਨਮੰ। ਸਮਝਿ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨ।

ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਦੀ ਵਿਚਾਰਧਾਰਾ ਬਿਲਕੁਲ ਸਪਸ਼ਟ ਸੀ ਕਿ ਭਲੇ ਕਿਰਤੀ ਲੋਕਾਂ ਦੀ ਹਮਾਇਤ ਕਰਨਾ ਤੇ ਲੁੱਟ-ਖਸੁੱਟ ਕਰਨ ਵਾਲੀ ਸਾਮਰਾਜਵਾਦੀ ਸਵਾਰਥੀ ਸ਼ਰੇਣੀ ਨੂੰ ਸਮਰੱਥਾ ਹੀਣ ਕਰਨਾ ਹੈ। ਇਸੇ ਕਰਕੇ ਉਹਨਾਂ ਆਪਣੇ ਤਨ, ਮਨ, ਧਨ ਦੀ ਸ਼ਕਤੀ ਨੇਕ ਕਿਰਤੀ ਲੋਕਾਂ ਦੇ ਵਿਕਾਸ ਵਿਚ ਲਾਈ ਤੇ ਉਹਨਾਂ ਦਾ ਜਸ ਵੀ ਗਾਇਆ :—

ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ ਅਉਰ ਦੀਯੋ ਸਭ ਫੀਕੋ।
ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ।

(੫) ਇਸ ਤੋਂ ਵੀ ਅਗੇ ਜਾ ਕੇ ਗੁਰੂ ਸਾਹਿਬ ਨੇ ਅਜੇਹੇ ਜਾਗਤ ਜੋਤਿ ਦੇ ਪੁਜਾਰੀ ਭਲੇ ਪੁਰਸ਼ਾਂ ਵਿਚੋਂ ਪੰਜ ਪ੍ਰਤਿਨਿਧਾਂ ਨੂੰ ਗੁਰਿਆਈ ਗੱਦੀ ਦੀ ਸੌਂਪਣਾ ਕੀਤੀ ਤਾਂ ਕਿ ਮਨੁਖਤਾ ਕਦੀ ਅਸਮਾਨੀ ਅਵਤਾਰਾਂ ਯਾ ਨਬੀਆਂ ਦੀ ਇੰਤਜ਼ਾਰ ਵਿਚ ਨਾ ਰਹੇ ਤੇ ਨਾ ਹੀ ਅਕਿਰਤੀ ਪੂੰਜੀਦਾਰਾਂ ਦੇ ਚੱਕਰ ਵਿਚ ਫਸੇ। ਵਿਸਾਖੀ ਸਮੇਂ ਗੁਰੂ ਸਾਹਿਬ ਦਾ ਪੰਜ ਖਾਲਸੇ ਤੋਂ ਆਪ ਅੰਮ੍ਰਿਤ ਪਾਨ ਕਰਨਾ ਇਸ ਦੀ ਅਮਲੀ ਕਾਰਰਵਾਈ ਸੀ। ਉਹ ਕਹਿ ਰਹੇ ਸਨ—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇਂ ਹਉਂ ਕਰਉ ਨਿਵਾਸ।

ਖਾਲਸਾ ਮੇਰੋ ਸਤਿਗੁਰ ਪੂਰਾ ।
ਖਾਲਸਾ ਮੇਰੋ ਸੱਜਨ ਸੂਰਾ । (ਸਰਬ ਲੋਹ)

ਦੂਜੇ ਸ਼ਬਦਾਂ ਵਿਚ ਇਹ ਇਕ ਬਹੁਤ ਵੱਡੀ ਇਨਕਲਾਬੀ ਗੱਲ ਸੀ ਕਿ ਧਾਰਮਕ ਪਰੋਹਤੀ ਪੰਡਤਾਂ ਮੁੱਲਾਂ ਤੋਂ ਖੋਹ ਕੇ ਤੇ ਸੰਸਾਰੀ ਚੌਧਰ, ਰਾਜੇ ਰਾਣਿਆਂ ਤੋਂ ਖੋਹ ਕੇ ਪੰਚਾਇਤ ਦੇ ਹਵਾਲੇ ਕੀਤੀ ਜਾ ਰਹੀ ਸੀ । ਇਸ ਤਰ੍ਹਾਂ ਸਤਿਗੁਰਾਂ ਨਵੀਂ ਕਿਸਮ ਦੇ ਧਰਮ-ਪਰਾਇਣ ਲੋਕਤੰਤਰਵਾਦ ਦੀ ਨੀਂਹ ਰੱਖ ਕੇ ਮਨੁੱਖ ਨੂੰ ਸਦਾ ਲਈ ਸ਼ਖਸ਼ੀ ਗੁਲਾਮੀ ਤੋਂ ਬਚਾ ਲਿਆ ਹੋਰ ਤਾਂ ਹੋਰ, ਉਹਨਾਂ ਆਪਣੇ ਬਾਰੇ ਵੀ ਇਹ ਗੱਲ ਆਖ ਦਿਤੀ ਕਿ ਮੇਰੇ ਵਿਅਕਤਿੱਤਵ ਨੂੰ ਕਿਤੇ ਰੱਬ ਬਣਾ ਕੇ ਨਾ ਪੂਜਣ ਬਹਿ ਜਾਣਾ—

ਜੋ ਮੁਝ ਕੋ ਪਰਮੇਸਰ ਉਚਰ ਹੈ । ਤੇ ਸਭ ਨਰਕ ਕੁੰਡ ਮਹਿ ਪਰਹੈ ।
ਮੋਕਉ ਦਾਸ ਤਵਨ ਕਾ ਜਾਨਹੁ । ਯਾ ਮੈ ਭੇਦ ਨ ਰੰਚ ਪਛਾਨਹੁ ।
ਮੈਂ ਹੋ ਪਰਮ ਪੁਰਖ ਕੋ ਦਾਸਾ । ਦੇਖਨ ਆਯੋ ਜਗਤ ਤਮਾਸ਼ਾ ।

(ਬਚਿਤਰ ਨਾਟਕ)

ਧਰਮਾਂ ਵਿਚ ਇਹ ਭੁੱਲ ਆਮ ਹੁੰਦੀ ਰਹੀ ਹੈ ਕਿ ਪੈਰੋਕਾਰ ਧਰਮ ਦੇ ਬਾਨੀ ਨੂੰ ਹੀ ਪਰਮ ਪੂਜ ਯਾ ਰੱਬ ਮੰਨ ਕੇ ਸੀਮਤ ਹੁੰਦੇ ਗਏ ਹਨ, ਇਸ ਵਿਅਕਤੀ-ਪੂਜਾ ਨੇ ਹਰ ਧਰਮ ਨੂੰ ਸੰਪਰਦਾਇਕ ਕੈਦ ਵਿਚ ਗ੍ਰਸ ਕੇ ਛੋਟਾ ਕੀਤਾ ਹੈ । ਗੁਰੂ ਸਾਹਿਬ ਨੇ ਸਿਖਾਂ ਨੂੰ ਗੁਰੂ ਗ੍ਰੰਥ ਪੰਥ ਦੇ ਲੜ ਲਾ ਕੇ ਇਸ ਵੱਡੀ ਭੁੱਲ ਤੋਂ ਬਚਾ ਲਿਆ ਹੈ ।

(੬) ਕਿਸੇ ਦੇਵੀ ਦੇਵਤਾ ਯਾ ਪੀਰ ਫਕੀਰ ਦਾ ਆਸ਼ਰੀ ਹੋਣਾ ਮਨੁਖੀ ਸੁਤੰਤਰਤਾ ਤੇ ਸਮਰੱਥਾ ਦਾ ਅਪਮਾਨ ਹੈ । ਇਸ ਲਈ ਇਨ੍ਹਾਂ ਪੰਜ ਪਿਆਰਿਆਂ ਨੂੰ ਪਾਹੁਲ ਯਾ ਬਪਤਿਸਮਾ ਦੇਣ ਦਾ ਅਧਿਕਾਰ ਵੀ ਦਿਤਾ ਗਿਆ ਤਾਂ ਕਿ ਇਹੋ ਖੁਦ ਨਵੇਂ ਮਾਨਵ ਸਮਾਜ ਦੇ ਸਿਰਜਣਹਾਰ ਬਣਨ । ਕੋਈ ਜੰਤਰ ਮੰਤਰ ਦੀ ਵਿਧੀ ਨਹੀਂ ਸਿਖਾਈ ਤੇ ਨਾ ਹੀ ਕੋਈ ਅਲੌਕਾਰ ਗੱਲ ਕਰ ਕੇ ਕਰਾਮਾਤ ਯਾ ਰਿਧੀ ਸਿਧੀ ਦੇ ਰਾਹ ਪਾਇਆ । ਸਗੋਂ ਸਮਝਾਇਆ ਇਹ ਗਿਆ ਕਿ ਬਾਣੀ ਗੁਰੂ ਹੈ, ਇਹ ਬਾਣੀ ਪੜ੍ਹ ਕੇ ਹੀ ਅੰਮ੍ਰਿਤ ਤਿਆਰ ਕੀਤਾ ਜਾ ਸਕਦਾ ਹੈ । ਇਸਦਾ ਭਾਵ ਸਪਸ਼ਟ ਸੀ ਕਿ ਗੁਰਬਾਣੀ ਜ਼ਿੰਦਗੀ ਦਾ ਕਰਤਾ ਹੈ । ਫਿਰ ਵੀ ਕੋਈ ਤਿਆਰ ਬਰਤਿਆਰ ਪੰਚ ਪੁਰਸ਼ ਜੁੜ ਕੇ ਇਸ ਨੁਸਖ਼ੇ ਰਾਹੀਂ ਨਵੇਂ ਜੀਵਨ ਦੀ ਜਾਗ ਲਾ ਸਕਦੇ ਹਨ ।

ਗਿਆਨ ਗੁਰੂ ਆਤਮ ਉਪਦੇਸਹੁ, ਨਾਮ ਬਿਭੂਤਿ ਲਗਾਉ ।

ਰੂਹਾਨੀ ਗਿਆਨ ਤੋਂ ਇਲਾਵਾ ਬਾਕੀ ਬੌਧਿਕ ਵਿਕਾਸ ਲਈ 'ਬੁਧਿ ਸੁ ਦੀਪਕ ਜਿਉ ਉਜੀਆਰੈ ।' ਵਾਲਾ ਸੰਦੇਸ਼ ਅਤੀ ਮਹੱਤਵ ਪੂਰਣ ਹੈ । ਇਸ ਲਈ ਉਹਨਾਂ ਉਮਰ ਭਰ ਉਪਰਾਲੇ ਕੀਤੇ, ਅਨੰਦਪੁਰ ਵਿਦਿਆ ਦਰਬਾਰ ਰਚਾ ਕੇ, ਚੋਣਵੇਂ ਸਿਖ ਬਨਾਰਸ ਪੜ੍ਹਨ ਲਈ ਭੇਜ ਕੇ ਤੇ ਦਮਦਮੇ ਸਾਹਿਬ ਕਲਮਾਂ ਵਰਤਾ ਕੇ ਤੇ ਲਿਖਣਸਰ ਬਣਾ ਕੇ ਆਦਿ ।

(੭) ਅਧਿਆਤਮਕ ਕੀਮਤਾਂ ਦੇ ਨਾਲ ਨਾਲ ਸਦਾਚਾਰਕ ਕੀਮਤਾਂ ਦੀ ਵੀ ਵਿਸ਼ੇਸ਼ ਥਾਂ ਹੈ, ਜਿਸ ਤੋਂ ਬਿਨਾਂ ਸਮਾਜਕ ਮਰਯਾਦਾ ਤੇ ਵਿਅਕਤੀਗਤ ਜੀਵਨ ਦਾ ਚੱਜ ਅਚਾਰ ਸੰਪੂਰਣ ਨਹੀਂ ਹੁੰਦਾ । ਇਸ ਲਈ ਬੁਰਿਆਈਆਂ ਦਾ ਤਿਆਗ ਤਾਂ ਲਾਜ਼ਮੀ ਹੀ ਹੈ, ਨਾਲ ਸੁੰਦਰ ਇਖ਼ਲਾਕੀ ਗੁਣਾਂ ਦਾ ਪਰਫੁਲਤ ਹੋਣਾ ਵੀ ਜ਼ਰੂਰੀ ਹੈ ਜਿਵੇਂ ਸੀਲ, ਸੰਤੋਖ, ਦਇਆ, ਖਿਮਾਂ, ਸੰਜਮ ਤੇ ਨਿਰਲੇਪਤਾ ਆਦਿ, ਤਾਂ ਹੀ ਆਤਮਾ ਤੇ ਕਾਇਆ, ਕੰਚਨ ਵਾਂਗ ਨਿਖਾਰ ਵਿਚ ਆ ਸਕਦੀ ਹੈ ।

ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ ।
ਸੀਲ ਸੰਤੋਖ ਸਦਾ ਨਿਰਬਾਹਬੋ, ਹ੍ਵੈਬੋ ਤ੍ਰਿਗੁਣ ਅਤੀਤ ।
ਕਾਮ ਕ੍ਰੋਧ ਅਹੰਕਾਰ ਲੋਭ ਹਠ, ਮੋਹ ਨ ਮਨ ਸਿਉ ਲਿਆਵੈ ।
ਤਬ ਹੀ ਆਤਮ ਤਤੁ ਕੋ ਦਰਸੈ, ਪਰਮ ਪੁਰਖ ਕਹ ਪਾਵੈ ।'
'ਆਤਮ ਉਪਦੇਸ਼ ਭੇਸ ਸੰਜਮ ਕੋ, ਜਾਪੁ ਸੁ ਅਜਪਾ ਜਾਪੈ ।
ਸਦਾ ਰਹੈ ਕੰਚਨ ਸੀ ਕਾਇਆ, ਕਾਲ ਨ ਕਬਹੂੰ ਬਯਾਪੈ ।'

(ਸ਼ਬਦ ਹਜ਼ਾਰੇ)

ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ।
ਨ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ ।

SIKHBOOKCLUB.COM

(ਜ਼ਫ਼ਰਨਾਮਾ)

(੮) ਰੱਬੀ ਵਿਸ਼ਵਾਸ ਤੇ ਮਨੁਖੀ ਏਕਤਾ ਦੇ ਨਾਲ ਨਾਲ ਗੁਰੂ ਸਾਹਿਬ ਨੇ ਆਤਮ-ਵਿਸ਼ਵਾਸ਼' ਵੀ ਦ੍ਰਿੜ੍ਹ ਕਰਾਇਆ ਤਾਂ ਕਿ ਸੰਤ ਸਿਪਾਹੀ ਜੀਵਨ, ਕਰਮਯੋਗ ਤੋਂ ਥਿੜਕ ਨ ਜਾਵੇ । ਰੂਹਾਨੀ ਮਾਰਗ ਤੇ ਚਲਣ ਵਾਲੇ ਲੋਕ ਆਮ ਤੌਰ ਤੇ 'ਸੁਰਗ' ਯਾ 'ਮੁਕਤੀ' ਦੀ ਮੰਗ ਕਰਦੇ ਹਨ ਪਰ ਗੁਰੂ ਸਾਹਿਬ ਨੇ ਨਵੀਂ ਸਿਖਿਆ ਇਹ ਪੜ੍ਹਾਈ ਕਿ ਜ਼ਿੰਦਗੀ, ਨੇਕੀ ਲਈ ਸਭ ਕੁਝ ਨਿਛਾਵਰ ਕਰ ਦੇਣ ਵਿਚ ਹੈ, ਇਹੋ ਧਰਮ ਹੈ ਤੇ ਇਹੋ ਵੱਡਾ ਪੁੰਨ ਕਰਮ ਹੈ :—

ਦੇਹਿ ਸਿਵਾ ! ਵਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ।
ਨ ਡਰੋਂ ਅਰਿ ਸੋਂ ਜਬ ਜਾਇ ਲਰੋ ਨਿਸਚੈ ਕਰਿ ਅਪਨੀ ਜੀਤ ਕਰੋ ।

ਸਾਡੇ ਦੇਸ਼ ਵਿਚ 'ਤਿਆਗ ਦਾ ਖਿਆਲ ਇਤਨੇ ਜ਼ੋਰਾਂ ਉਤੇ ਰਿਹਾ ਹੈ ਕਿ ਇਸਨੇ ਹਿੰਦੁਸਤਾਨੀ ਕਰਮਯੋਗ ਨੂੰ ਪਿੰਗਲਾ ਬਣਾ ਛਡਿਆ ਹੈ । ਗੁਰੂ ਸਾਹਿਬ ਨੇ ਸਮਝਾਇਆ ਕਿ ਜੇ ਤਿਆਗ ਯਾ ਨਿਰਲੇਪਤਾ ਧਾਰਨਾ ਹੈ ਤਾਂ ਮਨ ਕਰਕੇ ਮਾਇਕ ਜੰਜਾਲ ਤੋਂ ਉਤਾਂਹ ਉਠਣ ਦੀ ਲੋੜ ਹੈ, ਤੇ ਇਹ ਘਰ ਵਿਚ ਰਹਿ ਕੇ ਵੀ ਹੋ ਸਕਦਾ ਹੈ :—

ਰੇ ਮਨ ਐਸੋ ਕਰ ਸੰਨਿਆਸਾ
ਬਨ ਸੇ ਸਦਨ ਸਭੈ ਕਰਿ ਸਮਝਹੁ, ਮਨ ਹੀ ਮਾਹਿ ਉਦਾਸਾ ।

(੯) ਤਿਆਗ ਦੇ ਗ਼ਲਤ ਫ਼ਿਲਸਫ਼ੇ ਵਾਂਗ ਅਹਿੰਸਾਵਾਦ ਦੀ ਗ਼ਲਤ ਵਿਚਾਰਧਾਰਾ ਵੀ ਹਿੰਦੁਸਤਾਨ ਨੂੰ ਨਕਾਰਾ ਬਣਾਉਣ ਵਿਚ ਜ਼ਿੰਮੇਦਾਰ ਹੈ । ਠੀਕ ਹੈ, ਅਹਿੰਸਾ ਇਕ ਚੰਗਾ

ਗੁਣ ਹੈ ਕਿ ਕਿਸੇ ਨੂੰ ਕਿਸੇ ਤਰ੍ਹਾਂ ਵੀ ਦੁਖਾਇਆ ਨ ਜਾਵੇ ਪਰ ਜੋ ਵਿਅਕਤੀ ਸਾਰੇ ਸਮਾਜ ਲਈ ਦੁਖਦਾਈ ਬਣ ਜਾਵੇ, ਉਸ ਬਾਰੇ ਅਹਿੰਸਾਵਾਦ ਠੀਕ ਰਾਹ ਨਹੀਂ। ਗੁਰੂ ਸਾਹਿਬ ਨੇ ਇਹ ਗੱਲ ਸਮਝਾਈ ਕਿ ਅਜੇਹੀ ਬੁਰਿਆਈ ਨੂੰ ਦੂਰ ਕਰਨ ਦਾ ਹਰ ਸ਼ਾਂਤਮਈ ਯਤਨ ਕਰੋ, ਜੇ ਕਿਸੇ ਤਰ੍ਹਾਂ ਠੀਕ ਨਾ ਆਵੇ ਤਾਂ ਤਾਕਤ ਦੀ ਵਰਤੋਂ ਨਾਲ ਵੀ ਅਜੇਹੇ ਭੇੜ ਨੂੰ ਮੇਟਣ ਤੋਂ ਸੰਕੋਚ ਨਹੀਂ ਕਰਨਾ।

ਚੂੰਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ। (ਜ਼ਫਰਨਾਮਾ)

(੧੦) ਸਤਿਗੁਰਾਂ ਨੇਕੀ ਦੀ ਅੰਤਮ ਜਿੱਤ ਵਿਚ ਵਿਸ਼ਵਾਸ਼ ਦ੍ਰਿੜ੍ਹਾਂਦਿਆਂ ਕਿਹਾ ਹੈ ਕਿ ਹੱਥ ਵਿਚ ਤਲਵਾਰ ਤੇ ਦਿਲ ਵਿਚ ਅਕਾਲ ਦਾ ਧਿਆਨ ਧਰਕੇ ਬੁਰਿਆਈ ਵਿਰੁਧ ਲੜਨਾ ਸੂਰਬੀਰਾਂ ਦਾ ਕਰਤੱਵ ਹੈ। ਘਬਰਾਉਣਾ ਨਹੀਂ, ਦਿਲ ਨਹੀਂ ਛੱਡਣਾ, ਆਖ਼ਰੀ ਫਤਿਹ ਨੇਕੀ ਦੀ ਹੋਵੇਗੀ। ਸਮਾਂ ਆਵੇਗਾ ਕਿ ਬੁਰਿਆਈ ਦਾ ਬਿਨਾਸ਼ ਤੇ ਸਚਾਈ ਦਾ ਵਿਕਾਸ ਹੋਵੇਗਾ, ਸਾਧੂਆਂ ਦੀ ਦੇਗ ਤੇ ਸਿਪਾਹੀਆਂ ਦੀ ਤੇਗ ਰਲ ਕੇ ਚਲੇਗੀ ਤੇ ਕੋਈ ਕਿਸੇ ਨੂੰ ਨਹੀਂ ਦਬਾ ਸਕੇਗਾ।

ਪੁੰਨ ਪ੍ਰਤਾਪਨ ਬਾਢ ਜੈਤ ਧੁਨਿ ਪਾਪਨ ਕੇ ਬਹੁ ਪੁੰਜ ਖਪੈਂਗੇ।
ਸਾਧ ਸਮੂਹ ਪ੍ਰਸੰਨ ਫਿਰੈ, ਜਗ ਸ਼ਤ੍ਰੁ ਸਭੈ ਅਵਲੋਕ ਚਪੈਂਗੇ।
[ਅਕਾਲ ਉਸਤਤਿ

ਦੇਗ ਤੇਗ ਜਗ ਮਹਿ ਦੋਊ ਚਲੈ।
ਰਾਖ ਆਪ ਮੋਹਿ ਅਵਰ ਨ ਦਲੈ। [ਬਚਿਤ੍ਰ ਨਾਟਕ

(੧੧) ਦਸ਼ਮੇਸ਼ ਬਾਣੀ ਵਿਚ ਉਚੇ ਅਧਿਆਤਮਵਾਦ ਤੇ ਸਦਾਚਾਰ ਦੀ ਸਿੱਖਿਆ ਬਾਰ ਬਾਰ ਦੁਹਰਾਈ ਹੈ। ਪਰ ਇਸ ਸਾਰੀ ਰਚਨਾ ਵਿਚ ਸੁਤੰਤਰਤਾ ਦੀ ਭਾਵਨਾ ਇਤਨੀ ਤੀਬਰ ਹੋਕੇ ਉਭਰਦੀ ਹੈ ਕਿ ਹਰ ਪਾਠਕ ਜਾਂ ਸਰੋਤਾ ਆਜ਼ਾਦੀ ਦਾ ਦਾਅਵੇਦਾਰ ਹੋ ਜਾਂਦਾ ਹੈ। ਗੁਰੂ ਨਹੀਂ ਸੀ ਚਾਹੁੰਦੇ ਕਿ ਮਨੁੱਖੀ ਹਸਤੀ ਕਿਸੇ ਨਵੀਂ ਅਵਤਾਰ ਦੀ ਦਾਸੀ ਬਣੇ ਜਾਂ ਫਿਰ ਕਿਸੇ ਬਾਦਸ਼ਾਹ ਦੀ ਗੁਲਾਮੀ ਪਰਵਾਣ ਕਰੇ। ਉਹ ਹਰ ਥਾਂ ਮਨੁਖੀ ਸੁਤੰਤਰਤਾ ਦਾ ਝੰਡਾ ਬੁਲੰਦ ਕਰਦੇ ਦਿਸਦੇ ਹਨ। ਜਿਥੇ ਜਿਥੇ ਵੀ ਉਨ੍ਹਾਂ ਰੱਬੀ ਵਿਸ਼ਵਾਸ਼ ਨੂੰ ਦੁਹਰਾਇਆ ਹੈ, ਉਥੇ ਨਾਲ ਹੀ ਇਹ ਕਿਹਾ ਹੈ ਕਿ ਮੈਂ ਹੋਰ ਕਿਸੇ ਨੂੰ ਵੀ ਅੱਖ ਹੇਠ ਲਿਆਉਣਾ ਪਸੰਦ ਨਹੀਂ ਕਰਦਾ।

(੧) ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਿਓ।
[ਰਾਮਾਵਤਾਰ

(੨) ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ। ਕਿਸਨ ਬਿਸਨ ਕਬਹੂੰ ਨਹਿ ਧਿਆਊਂ।
ਕਾਨ ਸੁਨੇ ਪਹਿਚਾਨ ਨ ਤਿਨ ਸੋਂ। ਲਿਵ ਲਾਗੀ ਮੋਰੀ ਪਗ ਇਨ ਸੋਂ।
[ਕ੍ਰਿਸ਼ਨਾਵਤਾਰ

(ੜ) 'ਤੁਮਹਿ ਛਾਡਿ ਕੋ ਅਵਰ ਨ ਧਿਆਊਂ।
ਜੋ ਬਰ ਚਹਉਂ ਸੁ ਤੁਮ ਤੇ ਪਾਊਂ।

[ਚਰਿਤਰ ਪਖਯਾਨ

ਇਹ ਸਾਰੀਆਂ ਟੂਕਾਂ ਇਹ ਜ਼ਾਹਰ ਕਰਦੀਆਂ ਹਨ ਕਿ ਗੁਰੂ ਸਿਵਾਇ ਅਕਾਲ ਪੁਰਖ ਦੇ ਕਿਸੇ ਦੀ ਵੀ ਅਧੀਨਗੀ ਪਰਵਾਣ ਨਹੀਂ ਕਰਦੇ। ਇਹ ਪੂਰਣ ਸੁਤੰਤਰਤਾ ਦੀ ਭਾਵਨਾ ਹੈ ਜਿਸ ਨੇ ਸਿੰਘ ਲਹਿਰ ਨੂੰ ਹਰ ਤਰ੍ਹਾਂ ਦੀ ਗੁਲਾਮੀ ਦੇ ਬੰਧਨ ਤੋਂ ਮੁਕਤ ਕਰਾਕੇ ਪ੍ਰਭੁਸੱਤਾ ਦੇ ਸ਼ਾਹਰਾਹ ਤੇ ਪਾਇਆ ਅਤੇ ਰਾਜ ਕਮਾਇਆ।

ਇਹੋ ਜੇਹੇ ਨਵੇਂ ਵਿਚਾਰ ਪਰਚਾਰ ਕੇ ਤੇ ਇਹਨਾਂ ਨੂੰ ਅਮਲੀ ਰੂਪ ਦੇ ਕੇ ਕ੍ਰਾਂਤੀਕਾਰੀ ਲਹਿਰ ਪੈਦਾ ਕਰਨਾ ਤੇ ਉਸ ਦੇ ਸਿਟੇ ਵਜੋਂ ਨਵਾਂ ਸਮਾਜ ਤੇ ਨਵਾਂ ਰਾਜ ਥਾਪਣਾ ਇਹ ਦਸਮ ਗਰੰਥ ਵਾਲੇ ਮਹਾਨ ਕਵੀ ਦਾ ਹੀ ਚਮਤਕਾਰ ਸੀ। ਫਿਰ ਉਹ ਇਹ ਸਭ ਕੁਝ ਆਪਣੇ ਵਲੋਂ ਨਹੀਂ ਸੀ ਕਹਿ ਰਹੇ ਸਗੋਂ ਆਪਣੇ ਪ੍ਰਭੂ ਯਾ ਵਿਸ਼ਵ ਚੇਤਨਾ ਦੀ ਥਾਪੀ ਮਰਯਾਦਾ ਦਾ ਹੀ ਪ੍ਰਕਾਸ਼ ਕਰ ਰਹੇ ਸਨ :

,ਕਹਿਓ ਪ੍ਰਭੂ ਸੁ ਭਾਖਿਹੋਂ । ਕਿਸੂ ਨ ਕਾਣ ਰਾਖਿਹੋਂ।
'ਜੋ ਪ੍ਰਭੁ ਜਗਤ ਕਹਾ ਸੋ ਕਹਿਹੌਂ। ਮ੍ਰਿਤ ਲੋਕ ਤੇ ਮੋਨ ਨ ਰਹਿਹੋਂ।'

(ਬਚਿਤਰ ਨਾਟਕ)

SIKHBOOKCLUB.COM

(੫)

# ਦਸਮ ਗ੍ਰੰਥ ਦੀ ਕਾਵਿ-ਧਾਰਾ

---

ਕਿਸੇ ਕਵੀ ਦੀ ਮਹਾਨਤਾ ਇਸੇ ਵਿਚ ਨਹੀਂ ਕਿ ਉਸ ਨੇ ਕੀ ਆਖਿਆ ਹੈ, ਇਸ ਮਹਾਨਤਾ ਦਾ ਅਨੁਮਾਨ ਇਸ ਤੋਂ ਵੀ ਲਾਇਆ ਜਾਂਦਾ ਹੈ ਕਿ ਉਸ ਨੇ ਕਿਵੇਂ ਆਖਿਆ ਹੈ। ਸਾਹਿਤ ਵਿਚ ਪਹਿਲੀ ਚੀਜ਼ ਨੂੰ 'ਵਿਸ਼ਾ ਵਸਤੂ' ਤੇ ਦੂਜੀ ਨੂੰ 'ਰੂਪ' ਕਿਹਾ ਜਾਂਦਾ ਹੈ। ਰੂਪ ਹਮੇਸ਼ਾ ਵਿਸ਼ੇ-ਵਸਤੂ ਅਨੁਸਾਰ ਢਲਦਾ ਤੇ ਉਸਦੇ ਪਿਛੇ ਪਿਛੇ ਚਲਦਾ ਹੈ। ਜੇ ਇਹ ਸੁਮੇਲ ਨ ਹੋਵੇ ਤਾਂ ਗੱਲ ਬਣਦੀ ਨਹੀਂ। ਇਸ ਲਈ ਚੰਗੀ ਕਲਾ-ਕਿਰਤ ਦਾ ਇਹੋ ਲੱਛਣ ਹੈ ਕਿ ਦੋਹਾਂ ਦਾ ਸੁੰਦਰ ਸੁਮੇਲ ਹੋਵੇ। ਦਸਮ ਗਰੰਥ ਦੀ ਵਿਚਾਰਧਾਰਾ ਅਧਿਆਤਮਵਾਦੀ ਤੇ ਓਜਮਈ ਹੈ, ਜ਼ਿੰਦਗੀ ਨੂੰ ਸ਼ਕਤੀ ਪ੍ਰਦਾਨ ਕਰਨਾ ਉਸਦਾ ਮਨੋਰਥ ਹੈ ਪਰ ਇਹ ਸ਼ਕਤੀ ਕੇਵਲ ਪਦਾਰਥਕ ਵਸਤਾਂ ਤੇ ਕਬਜ਼ਾ ਕਰਨ ਮਾਤਰ ਨਾਲ ਹੀ ਹਾਸਲ ਨਹੀਂ ਹੁੰਦੀ, ਇਸ ਦਾ ਸੋਮਾ ਸ਼ਕਤੀ ਦਾ ਸਾਗਰ ਪ੍ਰਭੂ ਹੈ ਜਿਸ ਦੀ ਭਗਤੀ ਦੁਆਰਾ ਆਤਮਕ ਸ਼ਕਤੀ ਨੂੰ ਪ੍ਰਗਟਾਉਣਾ ਤੇ ਫਿਰ ਉਸ ਨਾਲ ਸੰਸਾਰ ਨੂੰ ਜਗਮਗਾਉਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗਰੰਥ ਦੀ ਹਰ ਰਚਨਾ ਵਿਚ ਉਸ ਜਗਦੀ ਜੋਤਿ ਨੂੰ ਧਿਆਇਆ ਤੇ ਉਸ ਦੇ ਲੜ ਲਗਣ ਦਾ ਰਾਹ ਦਿਖਾਇਆ ਹੈ। ਗੁਰੂ ਹੋਣ ਦੇ ਨਾਤੇ ਉਨ੍ਹਾਂ ਦਾ ਇਕ ਬੁਨਿਆਦੀ ਨਿਸ਼ਚਾ ਸੀ 'ਤੁਮਹਿ ਛਾਡਿ ਕੋਈ ਅਵਰ ਨ ਧਿਆਊਂ। ਜੋ ਬਰ ਚਹਹੁੰ ਸੋ ਤੁਮਤੇ ਪਾਊਂ।' ਇਸੇ ਨੂੰ ਉਨ੍ਹਾਂ ਮਨੁਖੀ ਸੁਤੰਤਰਤਾ ਦਾ ਮੂਲ ਮੰਤਰ ਬਣਾਇਆ।

ਜਦੋਂ ਮੁਖ ਦ੍ਰਿਸ਼ਟੀਕੋਣ ਹੀ ਅਜੇਹਾ ਹੋਵੇ ਤਾਂ ਸਾਹਿਤ ਦੇ ਰੂਪ ਦੀ ਰੂਪ ਰੇਖਾ ਚੜ੍ਹਦੀ ਕਲ੍ਹਾ ਵਾਲੀ ਹੋਣੀ ਜ਼ਰੂਰੀ ਸੀ। ਜਲਾਲ, ਓਜ, ਸ਼ਕਤੀ, ਦਗ ਦਗ ਕਰਦੀ ਜੁਆਲਾ ਤੇ ਪ੍ਰਚੰਡ ਤੇਜ ਵਾਲੀ ਚੰਡੀ ਦਾ ਬਚਿਤਰ ਚਰਿਤਰ ਹੀ ਉਪਯੋਗੀ ਹੋ ਸਕਦਾ ਸੀ।

ਇਹੋ ਕਾਰਣ ਹੈ, ਚਾਹੇ ਗੁਰੂ ਸਾਹਿਬ ਨੇ ਭਗਤੀ ਤੇ ਸਦਾਚਾਰ ਦਾ ਸਿਧਾਂਤ ਦ੍ਰਿੜਾਇਆ, ਚਾਹੇ ਪਰਾਣਿਕ ਇਤਿਹਾਸ ਸੁਣਾਇਆ ਅਤੇ ਚਾਹੇ ਸ਼ਸਤ੍ਰਾਂ ਦਾ ਕੋਸ਼ ਲਿਖਿਆ, ਇਹ ਸਭ ਕੁਝ ਉਸੇ ਰੂਪ ਤੇ ਸੁਰ ਵਿਚ ਹੈ ਜੋ ਸੁਰ ਨਗਾਰੇ ਵਾਂਗ ਗੂੰਜਦੀ, ਤੀਰ ਵਾਂਗ ਸ਼ੂਕਦੀ ਤੇ ਹੋਲੀ ਵਾਂਗ ਫੂਕਦੀ ਜਾਂਦੀ ਹੈ। ਪਰ ਉਸ ਰਾਜਸੀ ਤੇ ਸਮਾਜਕ ਅਧੋਗਤੀ ਦੀ ਅਵਸਥਾ ਵਿਚ ਇਹ ਬਲਵਾਨ ਸੁਰ ਕੱਢਣਾ ਸੌਖਾ ਕੰਮ ਨਹੀਂ ਸੀ ਜਦੋਂ ਕਿ ਪੁਰਾਣੇ ਭਗਤ ਕਵੀ, ਕਲਪਿਤ ਦੇਵਤਿਆਂ ਦੀਆਂ ਡੰਡੌਤਾਂ ਵਿਚ ਡਿਗੇ ਹੋਏ ਸਨ ਤੇ ਹੋਰ ਭਗਤ ਕਾਮਨੀ ਦੇ ਪੈਰਾਂ ਵਿਚ ਡਿਗੇ ਸਿਵਾਇ ਨਾਇਕਾ ਭੇਦ-ਵਰਣਨ ਤੇ ਸ਼ਬਦ-ਚਮਤਕਾਰ ਦਿਖਾਉਣ ਦੇ ਹੋਰ


WWW.SIKHBOOKCLUB.COM 

ਕੁਝ ਨਹੀਂ ਸੀ ਜਾਣਦੇ । ਬਾਕੀ ਆਮ ਲੋਕ ਮੁਗ਼ਲ ਜਬਰ ਦੇ ਸਾਹਮਣੇ ਉਂਜ ਚੁਫਾਲ ਦੱਠੇ ਪਏ ਸਨ । ਸਾਹਿਤ ਦਾ ਮਨੋਰਥ ਤਾਂ ਜ਼ਿੰਦਗੀ ਨੂੰ ਉਤਾਂਹ ਉਠਾਉਣਾ ਤੇ ਵਿਕਸਾਉਣਾ ਹੈ, ਗਿਰਾਉਣਾ ਨਹੀਂ । ਗੁਰੂ ਸਾਹਿਬ ਨੇ ਅੰਤ ਵੇਲੇ ਸਿਰ ਇਸ ਤੋਂ ਉਹੀ ਕੰਮ ਲਿਆ ਜੋ ਇਜ਼ਰਾਈਲ ਫਰਿਸ਼ਤੇ ਦਾ ਕਿਆਮਤ ਸਮੇਂ ਸਰਨਾਈ ਤੋਂ ਲੈਣਾ ਦਸਿਆ ਜਾਂਦਾ ਹੈ । ਪਰ ਅਜੇਹਾ ਕਰਨ ਲਈ ਕੇਵਲ ਵਿਚਾਰ-ਯੋਜਨਾ ਹੀ ਕਾਫੀ ਨਹੀਂ, ਇਹ ਤਾਂ ਸ਼ਾਇਦ ਹਰ ਚਿੰਤਕ ਯਾ ਫੌਜੀ ਜਰਨੈਲ ਕਰ ਸਕੇ । ਇਸ ਕਰਾਂਤੀਕਾਰੀ ਵਿਚਾਰਧਾਰਾ ਨੂੰ ਪੇਸ਼ ਕਰਨ ਲਈ ਢੁਕਵੀਂ ਤੇ ਯੋਗ ਬਿੰਬਾਵਲੀ, ਛੰਦਾਵਲੀ ਤੇ ਸ਼ਬਦਾਵਲੀ ਜਿਹੇ ਸਾਧਨਾਂ ਦੀ ਪ੍ਰਬੀਨਤਾ ਤੇ ਸਮਰੱਥਾ ਪਰਾਪਤ ਕਰਨਾ ਕਲਾਕਾਰ ਲਈ ਬਹੁਤ ਜ਼ਰੂਰੀ ਹੈ । ਇਹ ਠੀਕ ਹੈ ਕਿ ਕੋਈ ਵਿਚਾਰਧਾਰਾ ਵੀ ਕਾਵਿਧਾਰਾ ਨੂੰ ਸ਼ਕਤੀ ਬਖਸ਼ਦੀ ਹੈ ਪਰੰਤੂ ਉਸ ਦਾ ਓਜਮਈ ਅਭਿਵਿਅੰਜਨ ਉਸ ਨੂੰ ਹੋਰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ ਅਤੇ ਇਸ ਅਭਿਵਿਅੰਜਨਾ ਲਈ ਉਪਰੋਕਤ ਹਥਿਆਰ ਵਰਤਕੇ ਹੀ ਕਲਾ ਨੂੰ ਸਾਣ ਤੇ ਲਾਇਆ ਜਾ ਸਕਦਾ ਹੈ । ਸਾਡੇ ਦੇਸ਼ ਦੇ ਸਾਹਿਤਕਾਰਾਂ ਕਿਸੇ ਕਾਵਿ ਰਚਨਾ ਦੀ ਪਰਖ ਲਈ ਕਈ ਕਸਵੱਟੀਆਂ ਰਖੀਆਂ ਹਨ ਜਿਨ੍ਹਾਂ ਵਿਚੋਂ ਰਸ, ਧੁਨੀ, ਅਲੰਕਾਰ, ਗੁਣ, ਰੀਤੀ (ਸ਼ੈਲੀ), ਛੰਦ ਤੇ ਭਾਸ਼ਾ, ਆਦਿ ਮੁੱਖ ਹਨ । ਗੁਰੂ ਸਾਹਿਬ ਦੀ ਰਚਨਾ ਹਰ ਖੂਬੀ ਦਾ ਪਰਿਦਰਸ਼ਨ ਕਰਦੀ ਉਨ੍ਹਾਂ ਦੀ ਕਲਾ-ਪ੍ਰੌਢਤਾ ਨੂੰ ਪ੍ਰਗਟਾਉਂਦੀ ਹੈ । ਦਸਮ ਗਰੰਥ ਦੀ ਕਾਵਿ ਧਾਰਾ ਵਿਚ ਭਾਵੇਂ ਸ਼ਿੰਗਾਰ, ਹਾਸ, ਕਰੁਣ, ਅਦਭੁਤ, ਸ਼ਾਂਤ ਆਦਿ ਦਾ ਰੰਗ ਵੀ ਮਿਲਦਾ ਹੈ ਪਰ ਸਮੁੱਚੇ ਤੌਰ ਤੇ ਇਸਦਾ ਪ੍ਰਵਾਹ ਬੀਰ-ਰਸ ਪ੍ਰਧਾਨ ਹੈ । ਸ਼ਿੰਗਾਰ ਰਸ ਲਈ ਕ੍ਰਿਸ਼ਨ-ਚਰਿਤਰ ਤੇ ਤ੍ਰਿਯਾ ਚਰਿਤਰ ਵੇਖਣੇ ਕਾਫੀ ਹਨ, ਇਸੇ ਤਰ੍ਹਾਂ ਹੋਰ ਰਸਾਂ ਦੇ ਉਦਾਹਰਣ ਵੀ ਥਾਂ ਥਾਂ ਮਿਲ ਜਾਂਦੇ ਹਨ । 'ਚੰਡੀ ਚਰਿਤਰ ਉਕਤਿ ਬਿਲਾਸ ਵਿਚ ਸ਼ਿੰਗਾਰ ਤੇ ਬੀਰ ਰਸ ਦਾ ਅਨੁਪਮ ਮੇਲ ਹੈ ਜੋ ਕਿ ਕਿਸੇ ਪ੍ਰਬੀਨ ਕਵੀ ਦਾ ਹੀ ਕੰਮ ਹੈ ਕਿਉਂਕਿ ਆਮ ਤੌਰ ਤੇ ਪੁਰਾਣੇ ਸਾਹਿਤਕਾਰ ਇਨ੍ਹਾਂ ਨੂੰ ਪਰਸਪਰ ਵਿਰੋਧੀ ਰਸ ਮੰਨਦੇ ਆਏ ਹਨ ਤੇ ਇਨ੍ਹਾਂ ਦਾ ਇਕ ਥਾਂ ਜੁੜਨਾ ਜਾਇਜ਼ ਨਹੀਂ ਸਮਝਿਆ ਜਾਂਦਾ।

ਗੁਰੂ ਸਾਹਿਬ ਨੇ ਸ਼ਿੰਗਾਰੀ ਕਾਵਿ ਵਿਚ ਬੀਰ ਰਸੀ ਰੰਗ ਲਿਆਉਣੋਂ ਸੰਕੋਚ ਨਹੀਂ ਕੀਤਾ ਕਿਉਂਕਿ ਇਹ ਸਮੇਂ ਦੀ ਮੰਗ ਸੀ, ਇਸੇ ਕਰਕੇ ਆਪ ਦੀ ਵਰਤੀ ਬਿੰਬਾਵਲੀ ਯਾ ਛੰਦਾਵਲੀ ਵੀ ਇਸੇ ਰੰਗ ਨੂੰ ਉਘਾੜਨ ਵਾਲੀ ਹੈ । ਇਹ ਤਾਂ ਮੰਨਣਾ ਹੀ ਪੈਂਦਾ ਹੈ ਕਿ ਇਕ ਸੁੰਦਰੀ ਦੀ ਪ੍ਰੇਮ-ਮਤੀ ਚਾਲ ਹੋਰ ਹੁੰਦੀ ਹੈ ਤੇ ਜੰਗ ਲਈ ਅੱਗੇ ਵਧ ਰਹੇ ਯੋਧੇ ਦੀ ਹੋਰ । ਇਹੋ ਭੇਦ ਸ਼ਿੰਗਾਰੀ ਤੇ ਬੀਰ ਰਸੀ ਰਚਨਾ ਦਾ ਹੈ । ਅਧਿਆਤਮਕਤਾ, ਗੁਰੂ ਸਾਹਿਬ ਦਾ ਸਭ ਤੋਂ ਪਿਆਰਾ ਮਜ਼ਮੂਨ ਸੀ ਪਰੰਤੂ ਉਸ ਨੂੰ ਨਿਰੋਲ ਵੈਰਾਗਮਈ ਯਾ ਸ਼ਾਂਤ ਰੂਪ ਵਿਚ ਪੇਸ਼ ਕਰਨ ਦੀ ਥਾਂ ਉਹ ਜਲਾਲ ਰੂਪ ਵਿਚ ਪਰਗਟਾ ਕੇ ਪ੍ਰਸੰਨ ਹੁੰਦੇ ਹਨ ਤੇ ਇਸੇ ਅਨੁਸਾਰ ਹੀ ਉਹ ਬਲਵਾਨ ਸ਼ਬਦਾਵਲੀ ਯਾ ਛੰਦਾਵਲੀ ਦਾ ਪ੍ਰਯੋਗ ਕਰਦੇ ਹਨ, ਜਿਸ ਤਰ੍ਹਾਂ ਕਿ ਜਾਪੁ ਸਾਹਿਬ ਵਿਚ ।

ਦਸਮ ਗ੍ਰੰਥ ਵਿਚ ਡੇਢ ਸੌ ਤੋਂ ਉਤੇ ਮਾਤਰਿਕ, ਵਰਣਕ, ਤੇ ਗਣ ਛੰਦਾਂ ਦੀ ਵੰਨਗੀ ਮਿਲਦੀ ਹੈ। ਇਤਨੀ ਵੰਨ ਸੁਵੰਨਤਾ ਹੋਰ ਕਿਸੇ ਕਵੀ ਵਿਚ ਮਿਲਣੀ ਦੁਰਲਭ ਜਿਹੀ ਗੱਲ ਹੈ। ਹਾਂ, ਇਸ ਤੋਂ ਪਿਛੋਂ ਭਾਈ ਸੰਤੋਖ ਸਿੰਘ ਜੀ ਨੇ ਦਸਮ ਗਰੰਥ ਦੇ ਪ੍ਰਭਾਵ ਹੇਠ 'ਸ਼੍ਰੀ ਗੁਰ ਪ੍ਰਤਾਪ ਸੂਰਯ' ਵਿਚ ਕੁਝ ਅਜੇਹਾ ਰੰਗ ਅਵੱਸ਼ ਦਿਖਾਂਇਆ ਹੈ। ਕਥਾ ਪ੍ਰਸੰਗ ਲਈ ਚੌਪਈ ਦਾ ਵਰਤਾਰਾ ਹੈ, ਜੁੱਧ ਵਾਰਤਾ ਲਈ ਭੁਯੰਗ, ਨਾਰਾਜ, ਤਿਰਗਤਾ, ਤ੍ਰਿਣਣਿਣ, ਭੜਥੂਆ, ਸੰਗੀਤ ਭੁਯੰਗ ਪ੍ਰਯਾਤ, ਤ੍ਰਿਭੰਗੀ, ਪਉੜੀ ਆਦਿ ਵਰਤੇ ਹਨ। ਫਾਰਸੀ ਦੇ ਛੰਦ ਬਹਰ ਤਵੀਲ ਪਸ਼ਚਮੀ (ਜੋ ਦੋ ਯਗਣ ਤੇ ਇਕ ਗੁਰੂ ਅਤੇ ਦੋ ਯਗਣ ਤੇ ਇਕ ਗੁਰੂ ਮਿਲਕੇ ਬਣਦਾ ਹੈ) ਅਤੇ ਬਹਰ ਮੁਤਕਾਰਬ (ਜੋ ਅੱਠਾਂ ਯਗਣਾਂ ਵਾਲੇ ਭੁਯੰਗ ਪ੍ਰਯਾਤ ਦਾ ਹੀ ਇਕ ਰੂਪ ਹੈ) ਆਦਿ ਦਾ ਵੀ ਸਫਲ ਪ੍ਰਯੋਗ ਕੀਤਾ ਹੈ। ਇਸੇ ਤਰ੍ਹਾਂ ਦੇਸੀ ਛੰਦਾਂ ਸਵਈਆ ਆਦਿ ਵਿਚ ਫਾਰਸੀ ਜੇਹੀ ਯਾ ਰੇਖ਼ਤਾ ਜ਼ਬਾਨ ਵਰਤਕੇ ਨਵਾਂ ਰੰਗ ਉਘਾੜਿਆ ਹੈ। ਗੁਰੂ ਸਾਹਿਬ ਵਲੋਂ ਵਰਤੇਂ ਕੁਝ ਛੰਦ ਧਿਆਨ ਯੋਗ ਹਨ ਜਿਵੇਂ ਕਿ :— (੧) ਮਾਤ੍ਰਿਕ ਛੰਦ— ਅਤਿ ਮਾਲਤੀ, ਅਭੀਰ, ਅੜਿੱਲ, ਏਲਾ, ਸ੍ਵਈਆ, ਸਿਰਖਿੰਡੀ, ਸੋਰਠਾ, ਹਰਿਗੀਤਾ, ਹੰਸਾ, ਕਲਸ, ਕੁੰਡਲੀਆ, ਗਾਹਾ, ਗੀਤਾ ਮਾਲਤੀ. ਘਤਾ, ਚਉਬੋਲਾ, ਛਪੈ, ਤਿਲਕ, ਤ੍ਰਿਭੰਗੀ, ਤੋਮਰ, ਪਦਮਾਵਤੀ, ਪਾਧਤੀ, ਬਹੋੜਾ, ਬਿਸ਼ਨਪਦ, ਮਕਰਾ, ਮਧੁਭਾਰ, ਮਾਧੋ, ਮੋਹਣ, ਵਿਜਯਾ ਆਦਿ। (੨) ਵਰਣਕ —ਉਗਾਥਾ, ਉਛਲਾ, ਉਟੰਕਣ, ਉਤਭੁਜ, ਅਸਤਰ, ਅਕਰਾ, ਅਚਕੜਾ, ਅਜਬਾ, ਅਨਹਦ, ਅਨਕਾ, ਅਨਾਦ,ਅਨੰਤਕਾ ਅਪੂਰਬ,ਅਰੂਪਾ, ਅਲਕਾ, ਏਕ-ਅੱਛਰੀ, ਸਮਾਨਕ, ਸਰਸ੍ਵਤੀ, ਸੁੰਦਰੀ, ਸੋਮਰਾਜੀ, ਸੈਖਨਾਰੀ, ਸੰਗੀਤਰਾਜ, ਸੰਗੀਤ ਭੁਯੰਗ, ਹਰਿ ਬੋਲਮਨਾ, ਕਬਿੱਤ, ਕਿਲਕਾ, ਕੁਸਮ ਬਚਿਤਰ, ਚਰਪਟ, ਚਾਚਰੀ, ਚਾਮਰ, ਚੰਚਲਾ, ਝੂਲਨਾ, ਝਲਾ, ਤਾਰਕਾ, ਤਿਲਕਾ, ਤੋਟਕ, ਤ੍ਰਿਗਤਾ, ਤ੍ਰਿਣਣਿਣ, ਦੋਧਕ, ਨਾਗ ਸਰੂਪਨੀ, ਨਾਰਾਜ ਨਿਸਪਾਲ, ਪ੍ਰਿਯਾ, ਬਚਿਤਰ ਪਦ, ਬਾਨ ਤੁਰੰਗਮ, ਬੇਲੀ ਬਿਦ੍ਰਮ ਬਿਸ਼ੇਸਕ, ਭਗਉਤੀ, ਭੜਥੂਆ, ਭੁਯੰਗ ਪ੍ਰਯਾਤ, ਭਵਾਨੀ, ਮਧੁਰ ਧੁਨਿ, ਮੋਦਕ, ਮਨੋਹਰ, ਮਾਲਤੀ, ਰੁਣਝੁਣ, ਰੂਆਲ, ਰਸਾਵਲ ਆਦਿ।

ਇਸੇ ਤਰ੍ਹਾਂ ਲੋੜ ਅਨੁਸਾਰ ਕਈ ਥਾਈਂ 'ਦਸਮ ਗਰੰਥ' ਵਿਚ ਰਾਗ ਦੀ ਵਰਤੋਂ ਵੀ ਹੋਈ, ਜਿਵੇਂ ਕਿ — ਰਾਮਕਲੀ, ਕਲਿਆਣ, ਬਿਲਾਵਲ, ਦੇਵਗੰਧਾਰੀ, ਪਰਜ, ਸੂਹੀ, ਸਾਰੰਗ, ਗਉੜੀ ਧਨਾਸਰੀ, ਤਿਲੰਗ, ਕੇਦਾਰਾ; ਭੈਰਉ, ਮਾਰੂ, ਬਸੰਤ, ਅਡਾਣ, ਕਾਫ਼ੀ, ਖਿਆਲ। ਇਹ ਰਾਗ ਕੁਝ ਸ਼ਬਦਾਂ ਭਜਨਾਂ ਵਿਚ ਵਰਤੇ ਹਨ ਯਾ ਕੁਝ ਰੁਦ੍ਰਾਵਤਾਰ ਵਿਚ ਆਏ ਬਿਸ਼ਨਪਦਿਆਂ ਵਿਚ।

ਅਲੰਕਾਰਕ ਤੇ ਛੰਦਕ ਵਚਿੱਤਰਤਾ ਤੋਂ ਇਲਾਵਾ ਦਸਮ ਗਰੰਥ ਦੀ ਕਾਵਿਧਾਰਾ ਨੂੰ ਹੋਰ ਸੁਹਣੇਰਾ ਤੇ ਤਿਖੇਰਾ ਬਣਾਉਣ ਵਾਲੀ ਇਸਦੀ ਭਾਸ਼ਾ ਹੈ, ਜੋ ਬ੍ਰਿਜਭਾਸ਼ਾ, ਸੰਤ-ਭਾਸ਼ਾ, ਖੜੀ ਬੋਲੀ, ਰੇਖ਼ਤਾ, ਫ਼ਾਰਸੀ ਤੇ ਪੰਜਾਬੀ ਆਦਿ ਕਈ ਰੂਪਾਂ ਵਿਚ ਮਿਲਦੀ ਹੈ। ਇਤਨੀ ਭਾਸ਼ਾ-ਵਚਿਤਰਤਾ ਕਿਸੇ ਹੋਰ ਇਕੱਲੇ ਕਵੀ ਵਿਚ ਨਹੀਂ ਦਿਸਦੀ। ਗੁਰੂ ਸਾਹਿਬ ਨੇ ਜਿਸ ਭਾਸ਼ਾ ਦਾ ਵੀ ਪ੍ਰਯੋਗ ਕੀਤਾ ਹੈ; ਪੂਰੇ ਕਮਾਲ ਨਾਲ ਕੀਤਾ ਹੈ। ਜਾਪੁ ਦਾ ਉਦਾਹਰਣ

ਪ੍ਰਤੱਖ ਹੈ, ਇਜੇਹਾ ਤਜਰਬਾ ਜੋ ਹਿੰਦੂ ਤੇ ਮੁਸਲਮ ਸੰਸਕ੍ਰਿਤੀ ਦਾ ਅਧਿਆਤਮਕ ਸੁਮੇਲ ਕਰਦਾ ਹੋਵੇ, ਸਾਹਿਤਕ ਖੇਤਰ ਵਿਚ ਹੋਰ ਨਹੀਂ ਦਿਸਦਾ । ਜ਼ਫ਼ਰਨਾਮਾ ਫ਼ਾਰਸੀ ਦੀ ਉਤਮ ਮਿਸਾਲ ਹੈ ਜੋ ਕਵੀ ਦੀ ਚੜ੍ਹਦੀ ਕਲਾ ਨੂੰ ਉਜਾਗਰ ਕਰਦਾ ਹੈ ਤੇ ਜਿਸ ਦਾ ਪ੍ਰਭਾਵ ਔਰੰਗਜ਼ੇਬ ਵਰਗੇ ਅੱਖੜ ਉਤੇ ਵੀ ਡਾਢਾ ਪਿਆ । ਇਸੇ ਤਰ੍ਹਾਂ ਚੰਡੀ ਦੀ ਵਾਰ ਦਾ ਪੰਜਾਬੀ ਰੰਗ ਪੰਜਾਬੀ ਸੂਰਮਗਤੀ ਨੂੰ ਸਦਾ ਹੱਲਾਸ਼ੇਰੀ ਦਿੰਦਾ ਰਹੇਗਾ । ਇਹ ਯੁਗਾਂਤਰਕਾਰੀ ਸਿੰਘ-ਨਾਦ ਹਰ ਭਾਸ਼ਾ ਵਿਚ ਬਰਾਬਰ ਗੂੰਜਾਇਮਾਨ ਕਰਨਾ ਗੁਰੂ ਕਾਵਿਧਾਰਾ ਦੀ ਵਿਸ਼ੇਸ਼ਤਾ ਹੈ ।

ਪ੍ਰਾਚੀਨ ਸਾਹਿਤਕਾਰ ਕਾਵਿ ਦੇ ਮਾਧੁਰਯ, ਓਜ ਤੇ ਪ੍ਰਸਾਦ ਤਿੰਨ ਗੁਣ ਮੰਨਦੇ ਸਨ । ਗੁਰੂ ਸਾਹਿਬ ਦੀ ਰਚਨਾ ਜਿਥੇ ਪ੍ਰੇਮ-ਕਥਾ ਦਾ ਨਿਰੂਪਣ ਕਰਦੀ ਹੈ, ਉਥੇ ਮਾਧੁਰਯ ਗੁਣ ਦਾ ਸ਼ਾਂਤ ਝਰਨਾ ਵਹਿੰਦਾ ਦਿਸਦਾ ਹੈ ਤੇ ਜਿਥੇ ਉਨ੍ਹਾ ਕੇਵਲ ਕਥਾ ਪ੍ਰਸੰਗ ਦੀ ਗੱਲ ਤੋਰੀ ਹੈ, ਉਥੇ ਪ੍ਰਸਾਦ ਗੁਣ ਇਤਨਾ ਨਿਖਰਵਾਂ ਨਜ਼ਰੀਂ ਪੈਂਦਾ ਹੈ ਕਿ ਕਿਤੇ ਕੋਈ ਰੁਕਾਵਟ ਨਹੀਂ ਪੈਂਦੀ ਲਗਦੀ । ਜਿਸ ਤਰ੍ਹਾਂ ਕਿ ਅਸਾਂ ਪਹਿਲੇ ਕਿਹਾ ਹੈ ਕਿ ਦਸਮ ਗਰੰਥ ਦੀ ਕਾਵਿਧਾਰਾ ਦਾ ਪ੍ਰਮੁਖ ਗੁਣ ਓਜ ਹੈ, ਇਸ ਕਰਕੇ ਜਿਥੇ ਕਿਤੇ ਲੜਾਈ ਦੀ ਗੱਲ ਆਉਂਦੀ ਹੈ ਤਾਂ ਉਥੇ ਗੁਰੂ ਸਾਹਿਬ ਉਸ ਨੂੰ ਚਮਕਾ ਕੇ ਪੇਸ਼ ਕਰਦੇ ਹਨ ਤਾਂ ਕਿ ਉਨ੍ਹਾ ਦੇ ਪਾਠਕ ਸਮਕਾਲੀ ਅਵਸਥਾ ਨਾਲ ਟੱਕਰ ਲੈਣ ਲਈ ਸਾਵਧਾਨ ਹੋ ਸਕਣ ਤੇ ਇਸ ਮੌਕੇ ਨੂੰ ਉਨ੍ਹਾਂ ਕਿਤੇ ਹਥੋਂ ਜਾਣ ਨਹੀਂ ਦਿਤਾ । ਭਿਆਨਕ ਤੇ ਰੌਦਰ, ਰਸ ਵੀ ਮਿਲ ਜਾਵੇਗਾ ਪਰ ਬੀਰ ਰਸ ਦਾ ਰੰਗ ਵਧੇਰੇ ਹੈ । ਸ਼ਕਤੀ ਤੇ ਸ਼ਸਤਰ-ਪਰਿਦਰਸ਼ਨ ਦਾ ਵੀ ਭਾਵ ਇਹੋ ਹੈ ਕਿ ਜ਼ਿੰਦਗੀ ਉਤਸ਼ਾਹ ਨਾਲ ਜੂਝਣ ਯੋਗ ਹੋਵੇ, ਉਹ ਕਿਤੇ ਹਾਰ ਨ ਖਾਵੇ । ਸੋ ਦਸਮ ਗਰੰਥ ਦੀ ਕਾਵਿਧਾਰਾ ਦਾ ਅਲੰਕਾਰ-ਵਿਧਾਨ, ਛੰਦ-ਬੰਧਾਨ ਤੇ ਭਾਸ਼ਾ ਦਾ ਸਾਮਾਨ ਸਭ ਕੁਝ ਅਜੇਹਾ ਹੀ ਹੈ ਜੋ ਜ਼ਿੰਦਗੀ ਨੂੰ ਸ਼ਕਤੀ ਬਖਸ਼ਦਾ ਤੇ ਤਿਆਰ ਬਰਤਿਆਰ ਕਰਦਾ ਹੈ । 'ਖਗ ਖੰਡ ਬਿਹੰਡੰ ਖਲ ਦਲ ਖੰਡੰ' ਇਕੱਲੇ ਤ੍ਰਿਭੰਗੀ ਛੰਦ ਦੀ ਮਿਸਾਲ ਲੈ ਲਓ, ਇਸ ਦਾ ਪਾਠ ਸੰਤ ਯਾ ਜਗਿਆਸੂ ਜੀਉੜੇ ਨੂੰ ਜੀਅਦਾਨ ਬਖਸ਼ਦਾ, ਸਿਪਾਹੀ ਸੂਰਮੇ ਨੂੰ ਸਾਵਧਾਨ ਕਰਦਾ ਤੇ ਸਾਧਾਰਣ ਸਰੋਤੇ ਨੂੰ ਆਪਣੇ ਰੂਪਕ ਪ੍ਰਭਾਵ ਕਰਕੇ ਹੀ ਇਤਨਾ ਸ਼ਕਤੀਮਾਨ ਬਣਾਉਂਦਾ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਸਾਹਿਤਕ ਰਸੀਏ ਇਸਦਾ ਹੋਰ ਸੁਆਦ ਲੈਂਦੇ ਹਨ । ਇਹ ਮਹਾਂ ਸ਼ਕਤੀ ਦੇ ਤਾਂਡਵ ਨਾਚ ਦਾ ਜੀਉਂਦਾ-ਜਾਗਦਾ ਚਿਤਰ ਸਚਮੁਚ ਕਵੀ ਦੀ ਰੂਪਕ ਪ੍ਰਬੀਨਤਾ ਦਾ ਕ੍ਰਿਸ਼ਮਾ ਹੈ ਜੋ ਚਾਰ. ਵੱਖੋ ਵੱਖ ਸ਼੍ਰੇਣੀਆਂ ਨੂੰ ਵੱਖੋ ਵੱਖ ਤਰ੍ਹਾਂ ਦੀ ਸੰਤੁਸ਼ਟਤਾ ਪ੍ਰਦਾਨ ਕਰਦਾ ਹੈ । ਮਹਾਨ ਕਵੀ ਉਹ ਹੈ ਜੋ ਵਧੀਆ ਅਨੁਭਵ ਕਰੇ ਫਿਰ ਵਧੀਆ ਵਿਧੀ ਨਾਲ ਕਹਿ ਵੀ ਸਕਦਾ ਹੋ । The poet is he, who can best see and best say. ਇਸ ਲਈ ਪ੍ਰੌਢ ਵਿਦਵਤਾ ਵੀ ਚਾਹੀਦੀ ਹੈ ਤੇ ਕਲਪਨਾ ਸ਼ਕਤੀ ਵੀ । ਮੂਰਤੀਕਾਰ ਬਾਉਚਰਡਨ (Boucherdon) ਆਖਿਆ ਕਰਦਾ ਸੀ ਕਿ ਮੈਂ ਹੋਮਰ ਪੜ੍ਹਕੇ ਵੀਹ ਫੁਟ ਹੋਰ ਉੱਚਾ ਹੋ ਜਾਂਦਾ ਹਾਂ । ਦਸਮ ਗਰੰਥ ਦੀ ਬਾਣੀ ਨੇ ਹਰ ਸੰਤ ਸਿਪਾਹੀ ਦੇ ਕੱਦ ਬੁਤ ਅਤੇ ਸਾਹਸ ਨੂੰ ਵਧਾਇਆ ਹੈ । ਇਸਦਾ ਕਾਰਣ ਕੇਵਲ ਵਿਸ਼ਾ ਵਸਤੂ ਦਾ ਸਾਮਾਨ ਹੀ ਨਹੀਂ ਸਗੋਂ ਮਹਾਂਕਵੀ ਦਾ ਰੂਪਕ ਵਿਧਾਨ ਵੀ ਹੈ ।

—0—

# (ਅ) ਅਧਿਐਨ ਖੰਡ

ਦਸਮ ਗ੍ਰੰਥ
ਦੀ
ਰਚਨਾਵਲੀ

SIKHBOOKCLUB.COM

ਅਵਰ ਬਾਂਛ ਨਾ ਨਾਹਿ ਕਿਛੂ ਧਰਮ ਜੁੱਧ ਕੈ ਚਾਇ।

## ੧. ਜਾਪੁ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜਾਪੁ' ਦਸਮ ਗ੍ਰੰਥ ਦੇ ਆਦਿ ਵਿਚ ਦਰਜ ਪਹਿਲੀ ਬਾਣੀ ਹੈ, ਜਿਸ ਤਰ੍ਹਾਂ ਆਦਿ ਗ੍ਰੰਥ ਵਿਚ ਜਪੁ। ਜਿਵੇਂ ਜਪੁਜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਬੀਜ ਮਾਤਰ ਮੌਜੂਦ ਹੈ, ਉਸੇ ਤਰ੍ਹਾਂ 'ਜਾਪੁ' ਵਿਚ ਸੂਤਰ ਰੂਪ ਵਿਚ ਆਏ ਵਿਚਾਰ ਦਸਮ ਗ੍ਰੰਥ ਦਾ ਆਧਾਰ ਹਨ। ਪਰਮੇਸਰ ਦੀ ਮਹਾਨ ਵਚਿਤਰ ਸ਼ਕਤੀ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਜੈਸੇ ਵਿਅਕਤੀ ਦਾ ਮਹਾਨ ਅਨੁਭਵ 'ਜਾਪੁ' ਵਿਚ ਦੋਵੇਂ ਇਕ-ਸੁਰ ਹਨ, ਇਸ ਤੇਜਸਵੀ ਅਦ੍ਵੈਤਵਾਦੀ ਰਚਨਾ ਨੂੰ ਰਹੱਸਵਾਦੀ ਗੁਰੂ ਦਾ 'ਅਨੁਭਵ ਪ੍ਰਕਾਸ਼' ਹੀ ਕਿਹਾ ਜਾ ਸਕਦਾ ਹੈ, ਇਹ ਕੋਈ ਸਾਧਾਰਣ ਅਵਸਥਾ ਵਿਚ ਤੁਕਬੰਦੀ ਕਰਕੇ ਬਣਾਈ ਰਚਨਾ ਨਹੀਂ, ਸਗੋਂ ਕਿਸੇ ਅਨੂਠੀ ਸਮਾਧੀ ਦਾ ਝਿਲਕਾਰਾ ਹੈ, ਜਿਸ ਵਿਚ 'ਏਕ ਮੂਰਤਿ ਅਨੇਕ ਦਰਸਨ' ਸਾਮਰਤੱਖ ਮੂਰਤੀਮਾਨ ਹੈ। 'ਨਿਰਗੁਣ ਬ੍ਰਹਿਮ ਦਾ ਓਜਮਈ ਤੇ ਜਲਾਲ-ਭਰਪੂਰ ਸੰਕਲਪ ਸਮੇਂ ਦੀ ਲੋੜ ਲਈ ਨਿਹਾਇਤ ਜ਼ਰੂਰੀ ਸੀ, ਇਸੇ ਦੇ ਆਧਾਰ ਤੇ 'ਖਾਲਸਾ' ਦੀ ਸਾਜਨਾ ਕੀਤੀ ਗਈ ਸੀ। 'ਜਾਪੁ' ਵਿਚ ਚਿਤਰਤ ਇਸ਼ਟ ਗੁਰੂ ਗੋਬਿੰਦ ਸਿੰਘ ਦੇ ਵਿਅਕਤਿਤ੍ਵ ਵਿਚ ਜੀਉਂਦਾ-ਜਾਗਦਾ ਦਿਸਦਾ ਹੈ, ਇਸਤਰ੍ਹਾਂ ਜਾਪੁ, ਇਸ ਦਾ ਵਿਸ਼ਾਵਸਤੂ-ਜਲਾਲੀ ਰੱਬ ਤੇ ਇਸ ਦਾ ਕਰਤਾ ਗੁਰੂ ਇਕਮਿਕ ਹਨ ਇਹ ਅਭੇਦਤਾ ਹੀ ਕਲਾ ਦੀਆਂ ਉਚੇਰੀਆਂ ਸਿਖਰਾਂ ਛੋਹਣ ਦੇ ਯੋਗ ਹੁੰਦੀ ਹੈ। ਸ਼ਾਇਦ ਸੰਸਾਰ ਦੇ ਰਹੱਸਵਾਦੀ ਸਾਹਿਤ ਵਿਚ ਇਹ ਪ੍ਰੌਢ ਰਚਨਾ ਆਪਣੀ ਮਿਸਾਲ ਆਪ ਹੈ। ਭਾਰਤੀ ਸਾਹਿਤ ਵਿਚ 'ਵਿਸ਼ਨੂ ਸਹਸ੍ਰਨਾਮ' ਦਾ ਇਸ ਤਰ੍ਹਾਂ ਦੀ ਪਰੰਪਰਾ ਮੌਜੂਦ ਹੈ ਪਰੰਤੂ 'ਜਾਪੁ' ਅਜੇਹੀ ਸਰਬਲੌਹੀ ਮਾਲਾ ਹੈ ਜੋ ਭਗਤੀ ਤੇ ਸ਼ਕਤੀ ਦੋਹਾਂ ਦਾ ਸੋਮਾ ਹੈ, ਇਸ ਤੋਂ ਬਿਨਾ ਸੰਤਸਿਪਾਹੀ ਦੀ ਸਾਜਨਾ ਸੰਭਵ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਮਰਨ ਦੀ ਇਸ ਬਲਵਾਨ ਧਾਰਾ ਦੁਆਰਾ ਹੀ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਉਦਘਾਟਨ ਕੀਤਾ ਸੀ।ਇਸ ਵਿਚ ਕੇਵਲ ਅਧਿਆਤਮਕਤਾ ਹੀ ਨਹੀਂ ਸਗੋਂ ਸਮਾਜਕ ਤੇ ਰਾਜਸੀ ਕ੍ਰਾਂਤੀ ਦੇ ਵੀ ਮੂਲ ਸੂਤਰ ਵਿਦਮਾਨ ਹਨ।

SIKHBOOKCLUB.COM

ਇਹ ੧੯੯ ਛੰਦਾਂ ਦੀ ਛੋਟੀ ਜੇਹੀ ਰਚਨਾ ਹੈ, ਜਿਸ ਵਿਚ ਦਸ ਤਰ੍ਹਾਂ ਦੇ ਛੰਦ ਵਰਤੇ ਗਏ ਹਨ - ਛਪੈ, ਭੁਜੰਗ ਪ੍ਰਯਾਤ, ਚਾਚਰੀ, ਰੂਆਲ, ਭਗਵਤੀ, ਹਰਿ ਬੋਲ ਮਨਾ, ਚਰਪਟ, ਮਧੁਭਾਰ, ਰਸਾਵਲ ਤੇ ਏਕ ਅੱਛਰੀ। ਇਹ ਛੰਦ ਵਧੇਰੇ ਬੀਰਰਸੀ ਰੰਗ ਪ੍ਰਗਟ ਕਰਨ ਵਾਲੇ

ਹਨ । ਭਾਸ਼ਾ ਨ ਬ੍ਰਿਜ ਹੈ, ਨ ਸਧੁਕੜੀ, ਸਗੋਂ ਸੰਸਕ੍ਰਿਤ, ਅਰਬੀ ਫ਼ਾਰਸੀ ਦੀ ਰਲੀ ਮਿਲੀ ਵਿਸ਼ੇਸ਼ਣ ਮਾਲਾ ਜੋੜ ਕੇ ਹਿੰਦੂ ਮੁਸਲਮ ਸ਼ਬਦਾਵਲੀ ਦਾ ਅਨੋਖਾ ਸੰਗਮ ਕੀਤਾ ਗਿਆ ਹੈ ਤਾਂਕਿ ਹਰ ਤਰ੍ਹਾਂ ਦਾ ਅਧਿਆਤਮਕ ਜਗਿਆਸੂ ਇਸ ਤੋਂ ਫੈਜ਼ ਹਾਸਲ ਕਰ ਸਕੇ । ਜੇ ਸ਼ੁਧ ਹਿੰਦੀ ਵਿਚ ਪ੍ਰਭੂ ਦੀ ਸਿਫ਼ਤ 'ਕਰਣਾਲਯ ਹੈਂ, ਅਰਿ ਘਾਲਯ ਹੈਂ । ਖਲ ਖੰਡਨ ਹੈਂ, ਮਹਿ ਮੰਡਨ ਹੈਂ ।' ਕਹਿ ਕੇ ਗਾਇਨ ਕੀਤੀ ਹੈ ਤਾਂ ਨਾਲ ਹੀ 'ਗਨੀਮੁਲ ਸ਼ਿਕਸਤੈ, ਗ਼ਰੀਬੁਲ ਪ੍ਰਸਤੈ ' ਬਲੰਦੁਲ ਮਕਾਨੈ ਜ਼ਮੀਨੁਲ ਜ਼ਮਾਨੈ' ਆਖ ਕੇ ਉਸਨੂੰ ਅਰਬੀ ਫ਼ਾਰਸੀ ਲਿਬਾਸ ਵਿਚ ਵੀ ਪੇਸ਼ ਕੀਤਾ ਹੈ । ਨਾਮ ਸਿਮਰਨ ਯਾ ਪ੍ਰਭੂ ਦੀ ਯਾਦ ਦਾ ਚਰਚਾ ਸਾਰੇ ਭਗਤੀ ਸਾਹਿਤ ਵਿਚ ਹੈ ਪਰ ਗੁਰੂ ਗੋਬਿੰਦ ਸਿੰਘ ਦੀ ਜਪਮਾਲਾ ਕਿਸੇ ਆਲਸੀ ਭਸਮਾਭੂਤ ਸਾਧੂ ਯਾ ਮੁਰਦੇ ਨਿਤਾਣੇ ਭਗਤ ਦੀ ਮਾਲਾ ਨਹੀਂ, ਇਸਦੇ ਵਿਚਾਰਾਂ ਤੇ ਸ਼ਬਦਾਂ ਦੋਹਾਂ ਉਤੇ, ਮਹਾਨ ਯੋਧੇ ਗੁਰੂ ਦੀ ਆਤਮਕ ਛਾਪ ਹੈ ਸੁਸਤ ਹੋ ਕੇ ਇਸ ਨੂੰ ਨਹੀਂ ਪੜ੍ਹਿਆ ਜਾ ਸਕਦਾ ਸਗੋਂ ਇਸ ਦੇ ਪਾਠ ਲਈ ਤਨ ਤੇ ਮਨ ਦੋਹਾਂ ਦਾ ਕਮਰਕਸਾ ਕਰਨਾ ਜ਼ਰੂਰੀ ਹੈ । ਇਹ ਠੀਕ ਹੈ ਕਿ ਇਹ ਜਾਪੁ ਗੁਰੂ ਨਾਨਕ ਦੇ ਦੱਸੇ '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਦੀ ਹੀ ਬੀਰ ਰਸ ਪੂਰਣ ਵਿਆਖਿਆ ਹੈ ਪਰੰਤੂ ਇਸ ਵਿਆਖਿਆ ਦੁਆਰਾ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਤ ਸਿਪਾਹੀ ਮਿਸ਼ਨ ਨੂੰ ਸੰਪੂਰਣ ਕੀਤਾ, ਉਹ ਵੀ ਇਕ ਬੇਮਿਸਾਲ ਕਾਰਨਾਮਾ ਹੈ । ਇਸ ਛੋਟੀ ਜੇਹੀ ਰਚਨਾ ਵਿਚ ਇਤਨੇ ਵਡੇ ਕਾਰਯਕ੍ਰਮ ਨੂੰ ਇਸ ਜਲਾਲੀ ਰੂਪ ਵਿਚ ਪੇਸ਼ ਕਰਨਾ ਕਲਾ ਦਾ ਕਮਾਲ ਸੀ ।

'ਜਾਪੁ' ਦਾ ਪਹਿਲਾ ਛਪੈ ਛੰਦ, ਸਾਰੀ ਰਚਨਾ ਦਾ ਸਾਰ ਕਿਹਾ ਜਾ ਸਕਦਾ ਹੈ । ਇਸ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਬੁਧੀਮਾਨ ਲੋਕ ਉਸ ਨਿਰੰਕਾਰ ਦੇ ਕੁਝ ਕੁ ਕੇਵਲ ਕਰਮ-ਨਾਮਾਂ ਯਾ ਵਿਸ਼ੇਸ਼ਣਾ ਦਾਂ ਬਿਆਨ ਤਾਂ ਕਰਦੇ ਹਨ ਪਰੰਤੂ ਸੰਪੂਰਣ ਰੂਪ ਨੂੰ ਚਿਤ੍ਰਨੋਂ ਅਸਮਰੱਥ ਹੋਣ-ਕਾਰਣ 'ਨੇਤਿ ਨੇਤਿ' ਆਖ ਕੇ ਬਸ ਹੋ ਜਾਂਦੇ ਹਨ । ਸੋ ਇਸ ਕਥਨ ਰਾਹੀਂ ਅੰਤ ਤਾਂ ਪਾਇਆ ਨਹੀਂ ਜਾ ਸਕਦਾ ਪਰ ਇਹ ਜਾਪ ਆਤਮਾ ਨੂੰ ਬਲਵਾਨ ਕਰਨ ਲਈ ਅਤਿਅੰਤ ਉਪਯੋਗੀ ਹੈ । ਇਹ ਠੀਕ ਹੈ ਕਿ ਗੁਰੂ ਸਾਹਿਬ ਨੇ ਇਕ ਦੋ ਥਾਂ ਜ਼ਬਾਨੀ ਜਾਪ ਦਾ ਵਿਰੋਧ ਵੀ ਕੀਤਾ ਹੈ ।

ਜਾਪ ਕੇ ਕੀਏ ਤੇ ਜੋ ਪੈ ਪਾਈਅਤ ਅਜਾਪ ਜਾਪ,
ਪੂਦਨਾ ਸਦੀਵ ਤੂਹੀ ਤੂਹੀ ਉਚਰਤ ਹੈ ।

[ਅਕਾਲ ਉਸਤਤਿ

ਪਰੰਤੂ ਇਥੇ ਉਸ ਗੁਣਵੰਤ ਹਸਤੀ ਦਾ ਤਸੱਵਰ ਸਾਹਮਣੇ ਰੱਖਣਾ ਹੀ ਸੱਚਾ ਜਾਪ ਹੈ ਜੋ ਮਨੁਖ ਲਈ ਆਦਰਸ਼ ਬਣ ਸਕਦਾ ਹੈ । ਦੁਨੀਆਂ ਦੀਆਂ ਵੱਡੀਆਂ ਵੱਡੀਆਂ ਹਸਤੀਆਂ ਤੇ ਵੱਡੀਆਂ ਵੱਡੀਆਂ ਕਿਤਾਬਾਂ ਉਸ ਦੇ ਰਾਜ਼ ਨੂੰ ਨਹੀਂ ਪਾ ਸਕੀਆਂ । ਉਹ ਅਜੇਹਾ ਦੇਵਤਾ ਹੈ ਜਿਸਦੀ ਮੂਰਤੀ ਸਥਾਪਨ ਕਰਨ ਵਾਲਾ ਕੋਈ ਨਹੀਂ ਸਗੋਂ ਉਹ ਸਭ ਦਾ ਸਥਾਪਕ ਹੈ ਤੇ ਉਸਦੇ ਪ੍ਰਤਾਪ ਦਾ ਜਾਪ ਚਹੁੰਆਂ ਕੂੰਟਾਂ ਵਿਚ ਗੂੰਜਾਇਮਾਨ ਹੈ ।

ਲੋਕ ਚੌਦਹਿ ਕੇ ਬਿਖੇ ਜਗ ਜਾਪ ਹੀ ਜਿਹ ਜਾਪ ।
ਆਦਿ ਦੇਵ ਅਨਾਦਿ ਮੂਰਤਿ, ਥਾਪਿਓ ਸਬੈ ਜਿਹ ਥਾਪ । ੮੩ ।

ਭਾਰਤੀ ਵਿਚਾਰਧਾਰਾ ਵਿਚ ਪਰਮੇਸ਼ਰ ਸਬੰਧੀ ਦੋ ਖਿਆਲ ਪ੍ਰਚਲਤ ਹਨ — ਨਿਰਗੁਣਵਾਦ ਤੇ ਸਰਗੁਣਵਾਦ । ਸਰਗੁਣਵਾਦੀ ਵਿਚਾਰਧਾਰਾ ਦਾ ਇਸ ਦੇਸ ਉਤੇ ਕੁਝ ਵਧੇਰੇ ਪ੍ਰਭਾਵ ਰਿਹਾ ਹੈ ਜਿਸ ਨੇ ਬਹੁਦੇਵ ਪੂਜਾ, ਮੂਰਤੀ-ਪੂਜਾ ਤੇ ਅਵਤਾਰ-ਪੂਜਾ ਨੂੰ ਜਨਮ ਦਿਤਾ ਅਤੇ ਇਸ ਨਾਲ ਮਨੁਖੀ ਸਮਾਜ ਵੀ ਵੰਡਿਆ ਗਿਆ । ਨਿਰਗੁਣਵਾਦੀ ਲੋਕ ਬ੍ਰਹਿਮ ਵਿਚ ਕਿਸੇ ਗੁਣ ਦੀ ਕਲਪਨਾ ਨ ਕਰਨ ਕਾਰਣ ਇਸ ਤੋਂ ਸਾਰਥਕ ਪ੍ਰਭਾਵ ਨਹੀਂ ਗ੍ਰਹਿਣ ਕਰ ਸਕੇ ਤੇ ਅਖੀਰ ਇਕ ਤਰ੍ਹਾਂ ਸੁੰਨਵਾਦੀ ਹੀ ਬਣਕੇ ਰਹਿ ਗਏ । ਗੁਰੂ ਸਾਹਿਬ ਨੇ ਇਨ੍ਹਾਂ ਦੋਹਾਂ ਵਿਚਾਰਾਂ ਦੀਆਂ ਖ਼ਾਮੀਆਂ ਨੂੰ ਦੂਰ ਕਰਨ ਲਈ 'ਜਾਪੁ' ਵਿਚ ਕਈ ਨਵੀਆਂ ਗੱਲਾਂ ਕਹੀਆਂ ਤੇ ਕੁਝ ਕੁ ਜ਼ਰੂਰੀ ਪੱਖਾਂ ਉਤੇ ਜ਼ੋਰ ਦਿਤਾ ਹੈ, ਜਿਨ੍ਹਾਂ ਦਾ ਵਿਚਾਰਨਾ ਹਿਤਕਾਰੀ ਹੈ ।

(੧) ਸਭ ਤੋਂ ਪਹਿਲੇ ਜੋ ਵਿਚਾਰ ਬਾਰ ਬਾਰ ਦੁਹਰਾਇਆ ਹੈ, ਉਹ ਇਹ ਕਿ ਪਰਮੇਸ਼ਰ ਚਿਹਨ ਚਕ੍ਰ, ਰੂਪ ਰੰਗ, ਜਾਤ ਪਾਤ, ਰੇਖ ਭੇਖ ਤੇ ਵਰਣ ਮਜ਼ਬ ਆਦਿ ਤੋਂ ਉਚੇਰਾ ਹੈ । ਇਕ ਨਿਰਾਕਾਰ ਤੇ ਜ਼ੋਰ ਦੇਣ ਦਾ ਭਾਵ ਇਤਨਾ ਹੀ ਸੀ ਕਿ ਲੋਕ ਬੁਤ-ਪੂਜਾ ਤੇ ਅਵਤਾਰ-ਪੂਜਾ ਤੋਂ ਉਤਾਂਹ ਉਠਕੇ ਸਰਬ ਸ਼ਕਤੀਆਂ ਦੇ ਸੋਮੇ ਨੂੰ ਧਿਆ ਸਕਣ । ਇਹ ਏਕਤਾ ਤੇ ਸ਼ਕਤੀ ਲਈ ਪਹਿਲੀ ਗੱਲ ਸੀ । ਵੈਸੇ ਵੀ ਇਹ ਉਚਿਤ ਨਹੀਂ ਸੀ ਕਿ ਉਸ ਅਸੀਮ ਸ਼ਕਤੀ ਨੂੰ ਕਿਸੇ ਮੂਰਤੀ ਯਾ ਵਿਅਕਤੀ-ਵਿਸ਼ੇਸ਼ ਅਵਤਾਰ ਆਦਿ ਵਿਚ ਸੀਮਤ ਕਰਕੇ ਯਥਾਰਥ ਤੋਂ ਦੂਰ ਜਾਇਆ ਜਾਵੇ । ਸੋ ਔਧੇ ਤੋਂ ਵਧ 'ਜਾਪੁ' ਇਸੇ ਗੱਲ ਦੀ ਵਿਆਖਿਆ ਹੈ ਕਿ ਉਸ ਅਨੰਤ ਸ਼ਕਤੀ ਨੂੰ ਅਨੰਤ ਹੀ ਸਮਝਿਆ ਜਾਵੇ । ਉਸਦਾ ਨਾਮ, ਧਾਮ ਯਾ ਸ੍ਵਰੂਪ ਸਾਡੇ ਪੈਮਾਨਿਆਂ ਵਿਚ ਨਹੀਂ ਆ ਸਕਦਾ, ਉਹ ਸਦਾ, ਸਭ. ਥਾਂ, ਸਭ ਲਈ ਮਾਨਯੋਗ ਹੈ, ਅਨੇਕ ਰੂਪ ਧਾਰਕੇ ਫਿਰ ਏਕ ਹੀ ਹੈ—

ਨਾਮ ਕਾਮ ਬਿਹੀਨ ਪੇਖਤ ਧਾਮਹੂੰ ਨਹਿੰ ਜਾਹਿੰ ।
ਸਰਬਮਾਨ ਸਰਬਤ੍ਰ ਮਾਨ, ਸਦੈਵ ਮਾਨਤ ਤਾਹਿੰ ।
ਏਕ ਮੂਰਤਿ ਅਨੇਕ ਦਰਸ਼ਨ, ਕੀਨ ਰੂਪ ਅਨੇਕ
ਖੇਲ ਖੇਲ ਅਖੇਲ ਖੇਲਨ, ਅੰਤ ਕੋ ਫਿਰ ਏਕ । ੮੧ ।

ਯਾ

ਅਨੇਕ ਹੈਂ । ਫਿਰ ਏਕ ਹੈਂ । ੪੩ ।

(੨) ਬ੍ਰਹਮ ਦੇ ਨਿਰਗੁਣ ਸ੍ਵਰੂਪ ਬਾਰੇ ਕਈਆਂ ਨੂੰ ਇਹ ਭੁਲੇਖਾ ਹੈ ਕਿ ਉਸ ਹਸਤੀ ਵਿਚ ਗੁਣ ਕੋਈ ਨਹੀਂ ਦਰਅਸਲ ਇਹ ਠੀਕ ਨਹੀਂ । ਨਿਰਗੁਣ ਤੋਂ ਭਾਵ ਉਹ ਚੇਤਨ ਸ਼ਕਤੀ ਹੈ ਜੋ ਮਾਇਆ ਦੇ ਸਤੋ, ਰਜੋ, ਤਮੋ ਆਦਿ ਗੁਣਾਂ ਤੋਂ ਉਚੇਰੀ ਹੈ । ਪਰੰਤੂ ਗੁਰੂ ਸਾਹਿਬ ਮਾਇਆ ਨੂੰ ਬ੍ਰਹਮ ਤੋਂ ਅੱਡਰੀ ਹਸਤੀ ਨਹੀਂ ਮੰਨਦੇ ਸਗੋਂ, ਉਹ ਤਾਂ ਕਹਿੰਦੇ

ਹਨ ਕਿ ਇਹ ਉਸੇ ਦਾ ਰੂਪ ਹੈ—

ਨਮੋ ਰਾਜਸੇ ਤਾਮਸੇ ਸ਼ਾਂਤ ਰੂਪੇ
ਨਮੋ ਪਰਮ ਤਤੇ ਅਤਤੇ ਸਰੂਪੇ । ੧੯੬ ।

ਕਈ ਨਾਸਤਕ ਇਹ ਵੀ ਆਖਿਆ ਕਰਦੇ ਹਨ ਕਿ ਨਿਰਗੁਣਵਾਦੀ ਤਾਂ ਸਾਡੇ ਹੀ ਭੈਣ ਭਾਈ ਹਨ ਕਿ ਉਸਦਾ ਰੂਪ ਕੋਈ ਨਹੀਂ, ਅਸੀਂ ਵੀ ਕਹਿੰਦੇ ਹਾਂ ਉਹ ਹੈ ਨਹੀਂ, ਅਸਲੀਅਤ ਇਹ 'ਨਹੀਂ' । ਨਿਰਗੁਣਵਾਦੀਆਂ ਦਾ ਦ੍ਰਿਸ਼ਟੀਕੋਣ ਤਾਂ ਇਹ ਹੈ ਕਿ ਲਾਮਹਿਦੂਦ ਸ਼ਕਤੀ ਨੂੰ 'ਇਤਨਾ ਕੁ' ਮੰਨਣ ਵਾਲੇ ਗ਼ਲਤੀ ਤੇ ਹਨ, ਉਹ ਉਨ੍ਹਾਂ ਦੇ ਕਥਨ ਤੋਂ ਅਗੇ ਵੀ ਹੈ। ਨਾਸਤਕ ਉਸਦੀ ਹਸਤੀ ਤੋਂ ਇਨਕਾਰੀ ਹਨ ਤੇ ਨਿਰ-ਗੁਣਵਾਦੀ ਉਸਦੀ ਅਦ੍ਰਿਸ਼ਟ ਮਹਾਨਤਾ ਦੇ ਮੁੱਦਈ ਹਨ। ਗੁਰੂ ਸਾਹਿਬ ਨੇ ਇਸੇ ਅਦ੍ਵੈਤਵਾਦ ਰਾਹੀਂ ਸਰਗੁਣਵਾਦ ਤੇ ਨਿਰਗੁਣਵਾਦ ਦੋਹਾਂ ਨੂੰ ਸਮੋ ਕੇ ਵੇਦਾਂਤੀਆਂ ਵੈਸ਼ਣਵਾਂ, ਸਾਕਤਾਂ ਤੇ ਸਨਾਤਨੀਆਂ ਨੂੰ ਨਵਾਂ ਮਾਰਗ ਦਿਖਾਇਆ ਹੈ ।

(ਤ) ਗੁਰੂ ਸਾਹਿਬ ਨਿਰਗੁਣਵਾਦੀ ਹੁੰਦੇ ਹੋਏ ਬ੍ਰਹਮ ਨੂੰ ਗੁਣਾਂ ਦਾ ਭੰਡਾਰ ਦਸਦੇ ਹਨ, ਕਰਤਾਰੀ ਗੁਣਾਂ ਦਾ ਸਮੂਹ । ਇਨ੍ਹਾਂ ਗੁਣਾਂ ਵਿਚ ਕ੍ਰਿਪਾਲੂ ਤੇ ਸਰਬਵਿਆਪਕ ਤਾਂ ਉਸਨੂੰ ਦਸਿਆ ਹੀ ਗਿਆ ਹੈ। ਪਰ ਸਭ ਤੋਂ ਵਧ ਉਸ ਨੂੰ ਤੇਜ ਪ੍ਰਤਾਪਵਾਨ, ਸ਼ਕਤੀਵਾਨ ਯਾ ਜਲਾਲ ਪੂਰਣ ਚਿਤਰਿਆ ਹੈ ਤਾਂ ਕਿ ਉਸਦਾ ਧਿਆਨ ਧਰਨ ਵਾਲੇ ਇਹ ਸ਼ਕਤੀ ਪਾ ਕੇ ਕਰਮ ਖੇਤਰ ਵਿਚ ਚੰਗੀ ਤਰ੍ਹਾਂ ਜੂਝ ਸਕਣ । ਉਸ ਸਮੇਂ ਸ਼ਰਧਾਲੂਆਂ ਨੂੰ ਸੰਤ ਸਿਪਾਹੀ ਸਾਜਣ ਲਈ ਅਜੇਹੇ ਸਰੂਪ ਨੂੰ ਉਜਾਗਰ ਕਰਨਾ ਵਧੇਰੇ ਲੋੜੀਂਦਾ ਸੀ । ਇਸ ਕਰਕੇ ਪ੍ਰਬੀਨ ਕਵੀ ਨੇ ਸ਼ਸਤ੍ਰਧਾਰੀ, ਗਰਬਗੰਜਨ, ਦੁਸ਼ਟਭੰਜਨ ਅੰਕਿਤ ਕਰਕੇ ਟਿਕ ਤਰ੍ਹਾਂ ਸਮਾਜਕ ਉਪਯੋਗਤਾ ਨੂੰ ਧਿਆਨ ਵਿਚ ਰਖਿਆ ਹੈ। ਹਿੰਦੂ ਪੁਰਾਣ ਮਹਾਂ ਵਿਸ਼ਨੂ ਨੂੰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜਾ ਤੇ ਲੇਟਿਆ ਦਸਦੇ ਹਨ ਜਿਥੇ ਕਿ ਲੱਛਮੀ ਉਸਦੇ ਚਰਨ ਘੁਟ ਰਹੀ ਹੈ। ਇਸ ਤੋਂ ਇਲਾਵਾ ਅਵਤਾਰਾਂ ਵਿਚ ਮੁਰਲੀਧਰ ਕ੍ਰਿਸ਼ਣ ਦਾ ਨਾਮ ਵਧੇਰੇ ਪ੍ਰਿਯ ਹੈ ਜਿਸਦੀ ਕੋਮਲ ਬੰਸਰੀ ਗੋਪੀਆਂ ਨੂੰ ਖਿਚ ਪਾਉਂਦੀ ਹੈ ਪਰ ਗੁਰੂ ਸਾਹਿਬ ਜਮਾਲ ਦੀ ਥਾਂ ਜਲਾਲ ਦਾ ਪ੍ਰਗਟਾਵਾ ਕਰਕੇ ਪ੍ਰਸੰਨ ਹਨ ਤਾਂ ਕਿ ਜਬਰ ਵਿਰੋਧੀ ਅੰਦੋਲਨ ਕਰਨ ਲਈ ਇਸ ਇਸ਼ਟ ਦੇਵ ਤੋਂ ਸ਼ਕਤੀ ਲਈ ਜਾ ਸਕੇ । ਇਸੇ ਲਈ ਜਾਪੁ ਵਿਚ ਬਾਰ ਬਾਰ ਦੁਹਰਾਇਆ ਹੈ—

ਨਮੋ ਸ਼ਸਤ੍ਰ ਪਾਣੇ, ਨਮੋ ਅਸਤ੍ਰ ਮਾਣੇ । ੫੨ ।
ਗ਼ਨੀਮੁਲ ਖ਼ਿਰਾਜ ਹੈ, ਗ਼ਰੀਬੁਲ ਨਿਵਾਜ ਹੈ
ਹਰੀਫੁਲ ਸ਼ਿਕੰਨ ਹੈ । ਹਿਰਾਸੁਲ ਫ਼ਿਕੰਨ ਹੈ । ੧੫੩ ।

* * *

ਖਲ ਖੰਡ ਖਿਆਲ । ਗੁਰਬਰ ਅਕਾਲ । ੧੬੭ ।

ਨਮੋ ਜੁਧ ਜਧੇ । ਨਮੋ ਗਿਆਨ ਗਿਆਨੇ ।

*          *          *

ਨਮੋ ਕਲਹ ਕਰਤਾ ਨਮੋ ਸ਼ਾਂਤ ਰੂਪੇ ।
ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ । ੧੮੭ ।

(੪) ਇਸ ਦਾ ਇਹ ਭਾਵ ਵੀ ਨਹੀਂ ਕਿ ਪਰਮੇਸ਼ਰ ਕੇਵਲ ਮਾਰੂ ਸ਼ਕਤੀ ਹੀ ਹੈ ਉਸਨੂੰ 'ਦਿਆਲੰ ਸਰੂਪੇ' ਤੇ 'ਕਰੀਮੇ ਰਹੀਮੇ' ਵੀ ਕਿਹਾ ਹੈ । ਆਪ ਉਸ ਨੂੰ ਸ੍ਰਿਸ਼ਟੀ ਵਿਚ ਪ੍ਰੇਮ ਬਣ ਕੇ ਵਿਆਪਕ ਹੋਇਆ ਦਸਦੇ ਹਨ, ਕਿਤਨੀ ਠੋਸ ਹਕੀਕਤ ਹੈ:—

ਦੇਸ ਔਰ ਨ ਭੇਸ ਜਾਕਰ, ਰੂਪ ਰੇਖ ਨਾ ਰਾਗ ।
ਜਤ੍ਰ ਤਤ੍ਰ ਦਿਸਾ ਵਿਸਾ, ਹੋਇ ਫੈਲਿਓ ਅਨੁਰਾਗ । ੮੦ ।

ਤੇ ਫਿਰ ਇਤਨੀ ਵਡੀ ਪਰਮਾਤਮ ਸ਼ਕਤੀ, ਨਿਕੀ ਆਤਮਾ ਦੇ ਵਸ ਵੀ ਹੋ ਜਾਂਦੀ ਹੈ:—

ਪਰਮਾਤਮ ਹੈਂ । ਸਰਬਾਤਮ ਹੈਂ ।
ਆਤਮ ਬਸ ਹੈਂ । ਜਸ ਕੇ ਜਸ ਹੈਂ । ੧੮੪ ।

(੫) ਇਸ ਤੋਂ ਇਲਾਵਾ ਉਸ ਨੂੰ ਅਤਿਅੰਤ ਬੁਧੀਮਾਨ ਤੇ ਰੂਪਵਾਨ ਸ਼ਕਤੀ ਦਸਿਆ ਗਿਆ ਹੈ ਜੋ ਅਤਿਅੰਤ ਨਿਪੁੰਣਤਾ ਤੇ ਮਨੋਹਰਤਾ ਨਾਲ ਸਾਰੀ ਸੰਸਾਰ ਕਾਰ ਨੂੰ ਚਲਾ ਰਹੀ ਹੈ । ਉਸ ਦਾ ਸੌਂਦ੍ਰਯ ਤੇ ਉਸਦੀ ਵਿਵੇਕ ਬੁਧੀ ਸਚਮੁਚ ਸਲਾਹੁਣ ਯੋਗ ਹੈ । ਦੋਹਾਂ ਭਗਵਤੀ ਛੰਦਾਂ ਵਿਚ ਇਸ ਪੱਖ ਨੂੰ ਵਧੇਰੇ ਚਮਕਾ ਕੇ ਰੇਖ਼ਤਾ ਦੇ ਨਵੇਂ ਰੂਪ ਵਿਚ ਪਸ਼ ਕੀਤਾ ਹੈ:—

'ਕਿ ਸਰਬੰ ਕਲੀਮੈ । ਕਿ ਪਰਮੰ ਫਹੀਮੈ ।
ਕਿ ਆਕਲ ਅਲਾਮੈ । ਕਿ ਸਾਹਿਬ ਕਲਾਮੈ ।' ੧੨੦ ।
'ਕਿ ਹੁਸਨੁਲ ਵਜੂ ਹੈ । ਤਮਾਮੁਲ ਰੁਜੂ ਹੈ ।'
'ਕਿ ਜ਼ਾਹਰ ਜ਼ਹੂਰ ਹੈ । ਕਿ ਹਾਜ਼ਰ ਹਜ਼ੂਰ ਹੈ ।
'ਹਮੇਸੁਲ ਸਲਾਮ ਹੈ । ਸਮਸਤੁਲ ਕਲਾਮ ਹੈਂ ।' ੧੫੦ ।
ਕਿ ਸਾਹਿਬ ਦਿਮਾਗ ਹੈ । ਕਿ ਹੁਸਨੁਲ ਚਰਾਗ ਹੈਂ ।'
'ਸਮਸਤੁਲ ਜ਼ੁਬਾਂ ਹੈ । ਕਿ ਸਾਹਿਬਿ ਕਿਰਾਂ ਹੈ । ੧੫੫ ।
ਤਮਾਮੁਲ ਤਮੀਜ ਹੈ । ਸਮਸਤੁਲ ਅਜੀਜ ਹੈਂ । ੧੫੬ ।

ਉਸਦਾ ਹੁਸੀਨ ਪਹਲੂ ਦੱਸਣ ਤੋਂ ਇਲਾਵਾ ਗੁਰੂ ਸਾਹਿਬ ਉਸਨੂੰ ਕਲਹ ਕਰਤਾ, ਅੰਧਕਾਰ ਰੂਪ, ਰੋਗ ਰੋਗੇ, ਕ੍ਰੂਰ ਕਰਮੇ ਯਾ ਪ੍ਰੇਤ ਰੂਪ ਕਹਿਕੇ ਵੀ ਨਮਸਕਾਰਦੇ ਹਨ । ਆਪ ਦੇ ਖ਼ਿਆਲ ਅਨੁਸਾਰ ਉਹ "ਧਰਮ ਦੀ ਧੁਜਾ, ਜਲਾਲ ਤੇ ਜਮਾਲ ਦੋਹਾਂ ਦਾ ਮਾਲਕ ਹੈ । ਜਿਥੇ ਬਦੀ ਦੇ ਨਾਸ ਕਰਨ ਲਈ ਸਮਰੱਥ ਹੈ, ਉਥੇ ਪਾਲਕ ਤੇ ਕ੍ਰਿਪਾਲੂ ਵੀ ਹੈ ਉਹ ਸਭ ਵਿਚ ਇਕਮਿਕ ਤੇ ਸਭ ਤੋਂ ਨਿਰਲੇਪ ਸੱਤਾ ਨੂੰ ਸਦਾ ਅੰਗ ਸੰਗ ਸਮਝਣਾ ਚਾਹੀਦਾ ਹੈ ਤਾਂ

ਕਿ ਜੀਵਨ ਜੋਤਿ ਸਦਾ ਪ੍ਰਜੁਲਤ ਹੁੰਦੀ ਰਹੇ।

ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ।
ਸਦਾ ਅੰਗ ਸੰਗੇ ਅਭੰਗੰ ਬਿਭੂਤੇ। ੧੯੯।

ਜਾਪੁ ਦੇ ਰੂਪਕ ਪੱਖ ਨੂੰ ਵਿਚਾਰਿਆਂ ਪਤਾ ਲਗਦਾ ਹੈ ਕਿ ਮੁਖ ਤੌਰ ਤੇ ਇਹ ਵਿਸ਼ੇਸ਼ਣਮਾਲਾ ਹੋਣ ਕਰਕੇ ਸ਼ਾਇਦ ਇਸ ਵਿਚ ਵਿਸ਼ੇ ਯਾ ਅਲੰਕਾਰਕ ਬੰਧਾਨ ਤੇ ਉਤਨਾ ਜ਼ੋਰ ਨਹੀਂ, ਛੰਦਾਂ ਦੀ ਬਣਤ ਤੇ ਭਾਸ਼ਾ ਇਤਨੀ ਪ੍ਰਭਾਵਸ਼ਾਲੀ ਹੈ ਕਿ ਉਸ ਤੋਂ ਮਹਾਨ ਸ਼ਕਤੀ ਦਾ ਲੋਹਾ ਆਪਣੇ ਆਪ ਦਿਲ ਤੇ ਬੈਠਦਾ ਜਾਂਦਾ ਹੈ ਤੇ ਕ੍ਰਾਂਤੀ ਦਾ ਇਹ ਬੀਰ ਜਾਪ, ਦਾਸਤਾ ਦੀਆਂ ਜ਼ੰਜੀਰਾਂ ਤੋੜਦਾ ਦਿਸਦਾ ਹੈ।

ਗੁਰੂ ਸਾਹਿਬ ਦੀ ਇਸ ਅਖੰਡ ਜਾਪ ਵਿਚ ਕਿਤੇ ਦਮ ਲੈਂਦੇ ਨਹੀਂ ਲਗਦੇ। ਜਿਥੇ ਛੰਦ ਖਤਮ ਹੁੰਦਾ ਹੈ, ਉਥੇ ਫਿਰ ਨਵਾਂ ਛੰਦ ਰਚਣ ਲਗੇ 'ਤ੍ਵ ਪ੍ਰਸਾਦਿ ਯਾ 'ਤੇਰਾ ਜੋਰ' ਲਿਖਕੇ ਅਰੰਭ ਕਰਦੇ ਹਨ। ਕਈ ਥਾਂ ਜਾਪ ਦੀ ਅਖੰਡ ਧਾਰਾ ਵਿਚ ਛੰਦਾਂ ਦੇ ਨਾਮ ਵੀ ਇਸਤਰ੍ਹਾਂ ਰੱਖੇ ਹਨ ਕਿ ਉਹ ਸਿਮਰਨ ਦੇ ਪ੍ਰੇਰਕ ਬਣ ਗਏ ਹਨ ਜਿਵੇਂ 'ਹਰ ਬੋਲ ਮਨਾ ਛੰਦ।' ਜਾਪੁ ਦੇ ਛੰਦ ਫੌਜੀ ਮਾਰਚ ਵਾਲੇ ਹਨ, ਇਉਂ ਲਗਦਾ ਹੈ ਕਿ ਜਿਵੇਂ ਜਪੁਜੀ ਦੇ ਹੁੰਦਿਆਂ ਜਾਪੁ ਦੀ ਰਚਨਾ ਦੁਸ਼ਟ ਦਮਨ ਮਿਸ਼ਨ ਦੀ ਪੂਰਤੀ ਲਈ ਕੀਤੀ ਗਈ ਸੀ। ਜੀਵਨ ਸੰਗ੍ਰਾਮ ਹੈ ਤਾਂ ਜਾਪੁ ਉਸ ਸੰਗਰਾਮ ਲਈ ਤਿਆਰ-ਬਰਤਿਆਰ ਕਰਨ ਹਿਤ ਇਕ ਵਧੀਆ ਅਭਿਆਸ ਹੈ ਜਿਸਦੀ ਓਜਪੂਰਣ ਤੀਬਰ ਗਤੀ ਆਪਣੇ ਆਪ ਸ਼ਕਤੀ ਪ੍ਰਦਾਨ ਕਰਦੀ ਹੈ। ਜੇ ਗਹੁ ਨਾਲ ਦੇਖਿਆ ਜਾਵੇ ਤਾਂ ਜਾਪ ਦੀ ਰਚਨਾ ਵਿਚ ਭਾਸ਼ਾ ਦਾ ਹਿੱਸਾ ਸਭ ਤੋਂ ਵਧ ਮਹਤ੍ਵਪੂਰਣ ਹੈ। ਉਂਜ ਤਾਂ ਗੁਰੂ ਸਾਹਿਬ ਦਾ ਅਨੁਭਵ ਹੀ ਮੁਖ ਵਸਤੂ ਹੈ ਪਰੰਤੂ ਇਹ ਅਨੁਭਵ ਇਸ ਰੂਪ ਵਿਚ ਸਾਡੇ ਤਕ ਨਹੀਂ ਸੀ ਪਹੁੰਚ ਸਕਦਾ ਜੇਕਰ ਇਸ ਕਿਸਮ ਦੀ ਢੁਕਵੀਂ ਤੇ ਬਲਵਾਨ ਭਾਸ਼ਾ ਦਾ ਪ੍ਰਯੋਗ ਨ ਹੁੰਦਾ। ਇਸ ਪ੍ਰਯੋਗ ਵਿਚ ਸੰਸਕ੍ਰਿਤ, ਅਰਬੀ ਫਾਰਸੀ ਦੇ ਸੰਮਿਲਤ ਸਮਾਸ ਨਵੀਂ ਚੀਜ਼ ਹਨ ਜੋ ਹਿੰਦੂ ਮੁਸਲਮ ਸੰਸਕ੍ਰਿਤੀ ਤੇ ਅਧਿਆਤਮਵਾਦ ਦਾ ਸੰਗਮ ਦਰਸਾਉਂਦੇ ਹਨ। ਰੇਖ਼ਤਾ ਜ਼ਬਾਨ ਦਾ ਵਿਕਾਸ ਦੱਸਣ ਲਈ ਚੰਦੇਂ ਭਗਵਤੀ ਛੰਦ ਅਨੋਖੀ ਸਮੱਗਰੀ ਪੇਸ਼ ਕਰਦੇ ਹਨ ਤੇ ਬਾਕੀ ਛੰਦ ਵੀ ਆਪਣੀ ਚੁਸਤ ਬੰਦਸ਼ ਕਾਰਣ ਭਗਤੀ ਸਾਹਿਤ ਵਿਚ ਇਕ ਨਿਰਾਲੀ ਥਾਂ ਰਖਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਾਪੁ ਵਿਸ਼ੇਵਸਤੂ ਤੇ ਰੂਪ ਦੋਹਾਂ ਦੇ ਪੱਖ ਤੋਂ ਕ੍ਰਾਂਤੀਕਾਰੀ ਸ਼ਿਰੋਮਣੀ ਰਚਨਾ ਹੈ ਤੇ ਇਸ ਰਚਨਾ ਦਾ ਕੋਈ ਨ ਕੋਈ ਝੁਕਾਂਸ਼ ਦਸਮ ਗਰੰਥ ਦੀ ਹਰ ਰਚਨਾ ਵਿਚ ਵਿਆਪਕ ਹੋਇਆ ਆਪਣੀ ਜੋਤ ਜਗਾ ਰਿਹਾ ਹੈ।

## ੨. ਅਕਾਲ ਉਸਤਤਿ

'Mantle of East' ਵਿਚ ਐਂਡਮੰਡ ਕੈਂਡਲਰ ਲਿਖਦਾ ਹੈ, 'ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸਰਬ ਲੋਹੀ ਰਹੁ-ਰੀਤ ਚਲਾਈ ਤਾਂ ਉਨ੍ਹਾਂ ਸਚੀਂ'ਮੁਚੀਂ ਆਪਣੇ ਆਪ ਨੂੰ ਦਾਨਾ ਤੇ ਦੂਰੰਦੇਸ਼ ਆਗੂ ਸਿੱਧ ਕੀਤਾ ਕਿਉਂਕਿ ਜਿਨ੍ਹਾਂ ਪਦਾਰਥਕ ਵਸਤਾਂ ਨੇ ਜੀਅ ਦੀ ਅਧਿਆਤਮਕ ਮਹੱਤਤਾ ਨੂੰ ਉਭਾਰਿਆ ਹੈ, ਸਰਬਲੋਹ ਉਨ੍ਹਾਂ ਵਿਚੋਂ ਸਭ ਤੋਂ ਵਧ ਖਰਾ ਸੱਚਾ ਤੇ ਦ੍ਰਿੜ੍ਹ ਅਚੱਲ ਹੈ।' ਇਹ ਇਕ ਹਕੀਕਤ ਹੈ ਕਿ ਫ਼ੌਲਾਦ ਜੇਹਾ ਮਜ਼ਬੂਤ ਆਚਰਣ ਉਸਾਰਨ ਲਈ ਗੁਰੂ ਸਾਹਿਬ ਨੇ ਖਾਲਸੇ ਨੂੰ ਸਰਬਲੋਹ ਦਾ ਵਰਦਾਨ ਦਿਤਾ ਹੈ। 'ਸਰਬਲੋਹ' ਸ਼ਸਤਰਾਂ ਦਾ ਪਿਤਾ ਹੈ ਤੇ ਸਰਬਲੋਹ ਅਕਾਲੀ ਸ਼ਕਤੀ ਦਾ ਵੀ ਪ੍ਰਤੀਕ ਹੈ। ਇਸੇ ਕਰਕੇ ਗੁਰੂ ਸਾਹਿਬ ਅਕਾਲ ਉਸਤਤਿ ਦਾ ਅਰੰਭ ਕਰਦੇ ਕਹਿੰਦੇ ਹਨ :—

ਅਕਾਲ ਪੁਰਖ ਕੀ ਰੱਛਾ ਹਮ ਨੈ।
ਸਰਬਲੋਹ ਦੀ ਰੱਛਿਆ ਹਮਨੈ
ਸਰਬਕਾਲ ਜੀ ਦੀ ਰਛਿਆ ਹਮਨੈ
ਸਰਬਲੋਹ ਜੀ ਦੀ ਸਦਾ ਰੱਛਿਆ ਹਮਨੈ।

ਅਕਾਲ ਉਸਤਤਿ ਗੁਰੂ ਜੀ ਦੀ ਉਹ ਬਾਣੀ ਹੈ ਜਿਸ ਵਿਚ ਅਕਾਲ ਸ਼ਕਤੀ ਦੇ ਗੁਣ ਗਾਏ ਗਏ ਹਨ। 'ਬਚਿਤ੍ਰ ਨਾਟਕ' ਦੇ ਮੁਢਲੇ ਅਧਿਆਇ ਦਾ ਨਾਮ ਵੀ 'ਸ੍ਰੀ ਕਾਲ ਜੀ ਕੀ ਉਸਤਤਿ' ਹੈ। ਜਦੋਂ ਅਕਾਲ ਉਸਤਤਿ ਵਾਲੀ ਰਚਨਾ ਦੀ ਸ਼ੁੱਧ ਕਾਪੀ ਲਿਖਾਰੀ ਲਿਖਣ ਲਗਾ ਤਾਂ ਉਸ ਨੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਵਜੋਂ ਇਹ ਪਹਿਲੀਆਂ ਸਤਰਾਂ ਲਿਖਵਾਈਆਂ, ਇਸ ਕਰਕੇ ਅੱਗੇ ਉਤਾਰਾ ਕਰਨ ਵਾਲਿਆਂ ਇਸ ਮੁਢਲੇ ਛੰਦ ਬਾਰੇ ਇਹ ਨੋਟ ਦਿਤਾ :— 'ਉਤਾਰ ਖਾਸੇ ਦਸਖਤ ਕਾ' ਅਤੇ ਇਨ੍ਹਾਂ ਚਾਰ ਸਤਰਾਂ ਤੋਂ ਬਾਦ ਫਿਰ ਛੋਟਾ ਜੇਹਾ ਨੋਟ—'ਆਗੇ ਲਿਖਾਰੀ ਕੇ ਦਸਖਤ'—ਹੈ। ਜ਼ਾਹਰ ਹੈ ਕਿ ਗੁਰੂ ਸਾਹਿਬ ਦੀਆਂ ਰਚੀਆਂ ਤੇ ਖੁਦ ਹੱਥੀਂ ਲਿਖੀਆਂ ਇਹਨਾਂ ਚਾਰ ਸਤਰਾਂ ਵਿਚ ਅਕਾਲ ਪੁਰਖ ਨੂੰ ਦੋ ਵਾਰ ਸਰਬਲੋਹ ਦਾ ਨਾਮ ਲੈ ਕੇ ਯਾਦ ਕੀਤਾ ਗਿਆ ਹੈ। ਇਹ ਸਰਬਲੋਹ ਓਹੋ ਅਕਾਲ ਸ਼ਕਤੀ ਹੈ ਜਿਸਦੀ ਯਾਦ ਮਨੁਖ ਨੂੰ ਸੰਤ ਤੇ ਸਿਪਾਹੀ ਬਣਾਉਂਦੀ ਹੈ। ਫਿਰ ਸਰਬਲੋਹ ਸ਼ਸਤ੍ਰ ਦਾ ਵੀ ਪ੍ਰਤੀਕ ਹੈ ਜਿਸ ਦੁਆਰਾ ਦੁਸ਼ਟਾਂ ਦਾ ਸੰਘਾਰ ਕਰਕੇ ਧਰਮ ਦੀ ਰੱਖਿਆ ਕੀਤੀ ਜਾ ਸਕਦੀ ਹੈ। ਇਸਤਰ੍ਹਾਂ ਗੁਰੂ ਸਾਹਿਬ ਨੇ ਭਗਤੀ ਕਰਦਿਆਂ ਸ਼ਕਤੀ ਉਪਜਾਉਣ ਦਾ ਨਵਾਂ ਮਾਰਗ ਦਰਸਾਇਆ ਤੇ ਇਸ 'ਅਕਾਲ ਉਸਤਤਿ ਵਿਚ ਗਾਈ ਮਹਿਮਾ ਦੁਆਰਾ ਵੀ ਸ਼ਕਤੀ


WWW.SIKHBOOKCLUB.COM

ਪ੍ਰਗਟਾਉਣ ਦਾ ਸਾਰਥਕ ਯਤਨ ਕੀਤਾ ਹੈ। ਗੁਰੂ ਸਾਹਿਬ ਨੇ ਕੋਈ ਅਜੇਹਾ ਅਧਿਆਤਮਕ ਯਾ ਕਲਾਤਮਕ ਕਰਮ ਨਹੀਂ ਕੀਤਾ ਜੋ ਸਮਾਜ ਲਈ ਉਪਯੋਗੀ ਨ ਹੋਵੇ, ਜਿਸ ਤੋਂ ਮਾਨਵ ਸਮਾਜ, ਸ਼ਕਤੀ ਪ੍ਰਾਪਤ ਕਰਕੇ ਸ਼ੈਤਾਨੀ ਤਾਕਤਾਂ ਨਾਲ ਲੜ ਨ ਸਕੇ।

'ਅਕਾਲ ਉਸਤਤਿ', ਜਾਪੁ ਦੀ ਪ੍ਰਚੰਡ ਨਾਮਮਾਲਾ ਤੋਂ ਅਗਲਾ ਕਦਮ ਵੀ ਹੈ। ਧਰਮ ਵਿਚ ਦੋ ਮੁਖ ਗੱਲਾਂ ਹੁੰਦੀਆਂ ਹਨ, ਪਹਿਲੇ ਇਸ਼ਟ ਦੂਜੇ ਉਸ ਇਸ਼ਟ ਦੀ ਪ੍ਰਸੰਨਤਾ ਲਈ ਕੀਤੇ ਕਰਮ। ਅਕਾਲ ਉਸਤਤਿ ਵਿਚ ਦੋਹਾਂ ਅਹਿਮ ਨੁਕਤਿਆਂ ਤੇ ਵਿਸ਼ੇਸ਼ ਵਿਚਾਰ ਹੈ। ਗੁਰੂ ਸਾਹਿਬ ਆਪਣਾ ਇਸ਼ਟ ਅਕਾਲ ਪੁਰਖ ਨੂੰ ਮੰਨਦੇ ਹਨ, ਇਸ ਕਰਕੇ ਉਸ ਹਸਤੀ ਦੀ ਸਪਸ਼ਟਤਾ ਲਈ ਇਹ ਸਾਰੀ ਵਿਆਖਿਆ ਕੀਤੀ ਗਈ ਹੈ। ਦੂਸਰੇ ਉਸ ਇਸ਼ਟ ਨੂੰ ਰੀਝਾਉਣ ਲਈ ਲੋਕ ਜੋ ਕਰਮ ਕਰਦੇ ਹਨ, ਉਸ ਨੂੰ ਧਰਮ ਕਿਹਾ ਜਾਂਦਾ ਹੈ, ਇਹ ਧਰਮ ਕਰਮ ਵੱਖ ਵੱਖ ਹਨ, ਗੁਰੂ ਸਾਹਿਬ ਨੇ ਇਨ੍ਹਾਂ ਪ੍ਰਚਲਤ ਧਰਮ ਕਰਮਾਂ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਤੇ ਅੰਤ ਸਮੂਹ ਮਾਨਵ ਜਾਤੀ ਲਈ ਪ੍ਰੇਮ ਤੇ ਵਿਸ਼ਵਾਸ ਨੂੰ ਸਰਬੋਤਮ ਧਰਮ ਦਰਸਾਇਆ ਹੈ।

ਇਸ ਸਮੇਂ ਅਕਾਲ ਉਸਤਤਿ ਵਿਚ ਸਾਢੇ ੨੭੧ ਛੰਦ ਹਨ। ਮੇਰਾ ਖਿਆਲ ਹੈ ਇਸ ਵਿਚ ਚੰਡੀ ਉਸਤਤਿ ਦੇ ੨੦ ਤ੍ਰਿਭੰਗੀ ਛੰਦ ਜੋ ਹਨ, ਇਹ ਚੰਡੀ ਚਰਿਤਰ ਦੂਜੇ ਦੇ ਮੁਢ ਵਿਚ ਹੋਣੇ ਚਾਹੀਦੇ ਸਨ, ਇਥੇ ਨਹੀਂ। ਇਸੇ ਤਰ੍ਹਾਂ—੧੦ ਪ੍ਰਸ਼ਨੀ ਦੋਹਰੇ ਸ਼ਾਇਦ ਗਿਆਨ ਪ੍ਰਬੋਧ ਦਾ ਭਾਗ ਹਨ, ਅਕਾਲ ਉਸਤਤਿ ਦਾ ਨਹੀਂ। ਬਾਕੀ ਅਕਾਲ ਪੁਰਖ ਦੀ ਮਹਿਮਾ ਆਮ ਕਰਕੇ ਦਸ ਦਸ ਯਾ ਵੀਹ ਵੀਹ ਛੰਦਾਂ ਦੇ ਸਮੂਹ ਬਣਾਕੇ ਕੀਤੀ ਗਈ ਹੈ, ਜਿਵੇਂ ਕਿ—

੧੦ ਚਉਪਈ—ਸਰਬਵਿਆਪਕ ਜੋਤ ਦਾ ਸਾਰੇ ਪਸਾਰਾ ਹੈ, ਭਵਾਨੀ ਆਦਿ ਦੇਵੀਆਂ ਉਸੇ ਦੀਆਂ ਸੇਵਕਾ ਹਨ।

੧੦ ਕਬਿੱਤ— 'ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ' ਕਹਿਕੇ ਸਰਬ ਵਿਆਪਕ ਹਸਤੀ ਦੀ ਵਿਆਖਿਆ ਹੈ।

੧੦ ਸਵੈਯੇ—ਕਰਮਕਾਂਡੀਆਂ ਤੇ ਰਾਜਸੀ ਬਲ ਦੇ ਦਾਅਵੇਦਾਰਾਂ ਦਾ ਖੰਡਨ ਕਰਕੇ ਪ੍ਰੇਮ ਮਾਰਗ ਦਾ ਹੋਕਾ ਦਿਤਾ ਹੈ।

੨੦ ਤੋਮਰ—ਇਹਨਾਂ ਦਾ ਵਿਸ਼ਾ—'ਬਿਨ ਏਕ ਨਾਮ ਅਧਾਰ। ਸਭ ਕਰਮ, ਭਰਮ ਬਿਚਾਰ'—ਹੈ।

੨੦ ਲਘੁ ਨਰਾਜ—ਰੱਬੀ ਵਿਆਪਕਤਾ ਦਾ ਨਿਜੀ ਅਨੁਭਵ 'ਤੂ ਹੀ ਤੂਹੀ' ਕਹਕੇ ਗਾਇਆ ਹੈ।

੨੦ ਕਬਿੱਤ—ਦੰਭੀ ਮਤ ਮਤਾਂਤਰਾਂ ਉਤੇ ਸਖਤ ਵਿਅੰਗ ਕਸੇ ਹਨ।

੩੦ ਭੁਯੰਗ—੧੫ ਛੰਦਾਂ ਵਿਚ ਦਸਿਆ ਹੈ ਕਿ ਰੱਬ ਇਹ ਨਹੀਂ, ੧੫ ਵਿਚ ਦਸਿਆ ਹੈ ਕਿ ਇਹ ਹੈ, ਰੱਬੀ ਮਹਿਮਾ ਕਰ ਕੇ।

੨੦ ਪਾਧੜੀ—ਕਰਮਕਾਂਡ ਉਤੇ ਫਿਰ ਚੋਟ ਕੀਤੀ ਹੈ—'ਬਿਨ ਏਕ ਨਾਮ ਇਕ ਚਿਤ ਲੀਨ। ਫੋਕਟੋ ਸਰਬ ਧਰਮਾ ਬਿਹੀਨ।'

੨੦ ਤੋਟਕ—ਉਸਦੀ ਜੈ ਜੈਕਾਰ ਹੈ, ਜੋ ਸਭ ਦਾ ਕਰਤਾ ਹੈ।

੨੦ ਨਰਾਜ—ਉਹ ਜੋਤਿ ਸਰਬਤ੍ਰ ਰਮੀ ਹੋਈ ਹੈ ਪਰ ਰੂਪ ਰੇਖ ਤੋਂ ਉਪਰ ਹੈ।

੨੦ ਰੁਆਲ—ਉਸਦਾ ਅੰਤ ਪਾਇਆ ਨਹੀਂ ਜਾ ਸਕਦਾ।

੧੨ ਪਾਧੜੀ—ਬੇਅੰਤ ਪ੍ਰਭੂ ਦੇ ਸਾਰੇ ਦੇਵੀ ਦੇਵਤੇ ਸੇਵਕ ਹਨ।

੧੦ ਸ੍ਵਈਏ—ਰੱਬ ਪ੍ਰਤਿਪਾਲਕ ਹੈ, ਉਸਨੂੰ ਸਭ ਨੇਤਿ ਨੇਤਿ ਆਖਦੇ ਹਨ।

੧੪ ਕਬਿੱਤ—ਦੇਸ ਦੇਸ ਦੇ ਲੋਕਾਂ ਨੂੰ ਰੱਬੀ ਕੀਰਤੀ ਕਰਦੇ ਦਸਿਆ ਹੈ।

ਸਾਢੇ ੫ ਪਾਧੜੀ—ਉਪਰੋਕਤ ਪਾਧੜੀ ਛੰਦਾਂ ਦਾ ਹਿਸਾ ਹੈ ਜੋ ਅੰਤ ਤੇ ਦਰਜ ਹੈ ਜਾਪਦਾ ਇਹ ਹੈ ਕਿ ਇਹ ਵੀ ੨੦ ਪਾਧੜੀ ਛੰਦਾਂ ਦਾ ਗੁੱਟ ਸੀ ਜਿਨ੍ਹਾਂ ਵਿਚੋਂ ਬਾਕੀ ਪਾਧੜੀ ਛੰਦ ਗੁੰਮ ਗਏ ਹਨ। ਹੋ ਸਕਦਾ ਹੈ, ਇਸੇ ਤਰ੍ਹਾਂ ੨੦ ਸਵੈਈਆਂ ਦਾ ਵੀ ਇਕੋ ਸਮੂਹ ਹੋਵੇ ਪਰ ਹੁਣ ਵੀ ਤਰਤੀਬ ਵਿਚ ੧੦, ੧੦ ਵੱਖ ਵੱਖ ਥਾਂ ਹਨ, ਇਸੇ ਤਰ੍ਹਾਂ ੨੪ ਕਬਿਤ ਵੀ ਇਕੋ ਥਾਂ ਆਉਣ ਯੋਗ ਹਨ।

ਇਹਨਾਂ ਸਾਢੇ ੨੪੧ ਛੰਦਾਂ ਵਿਚ ਕਬਿੱਤ ਸਭ ਤੋਂ ਵਧ ਧਿਆਨ ਯੋਗ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਆਪਣੇ ਇਸ਼ਟ ਅਕਾਲ ਦੀ ਸਰਬ ਵਿਆਪਕਤਾ ਸਬੰਧੀ ਭਰਵੀਂ ਰੋਸ਼ਨੀ ਪਾਈ ਹੈ ਅਤੇ ਉਸਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਕਰਮ ਧਰਮਾਂ ਦੀ ਡੂੰਘੀ ਪੁਣਛਾਣ ਕੀਤੀ ਹੈ। ਪਹਿਲੋਂ ਆਪ ਅਕਾਲ ਦੀ ਵਡਿਆਈ ਕਰਦੇ ਦਸਦੇ ਹਨ ਕਿ ਉਹ ਕੇਵਲ ਕਿਸੇ ਖਾਸ ਜਾਤ, ਨਸਲ, ਮਜ਼ਬ, ਦੇਸ ਯਾ ਇਲਾਕੇ ਦਾ ਇਸ਼ਟ ਨਹੀਂ ਸਗੋਂ ਉਸਨੂੰ ਪੂਰਬੀ, ਪੱਛਮੀ, ਹਿੰਗਲਾਜੀ, ਅਰਬੀ, ਫਿਰੰਗੀ, ਮਕਰਾਨੀ, ਕੰਧਾਰੀ, ਕੁਰੇਸ਼ੀ, ਦ੍ਰਾਵੜ, ਤੈਲੰਗੀ, ਮਰਹਟੇ, ਮਘੇਲੇ, ਬੰਗਾਲੀ, ਦਿਹਲਵੀ, ਰੁਹੇਲੇ, ਬੁੰਦੇਲੇ, ਗੋਰਖੇ, ਚੀਨ ਮਚੀਨ ਵਾਸੀ ਤੇ ਤਿਬਤੀ ਸਭ ਧਿਆ ਰਹੇ ਹਨ। ਫਿਰ ਕਿਹਾ ਹੈ ਕਿ ਉਸ ਅਕਾਲ ਦੀ ਕੀਰਤੀ ਸਾਗਰ, ਪਹਾੜ, ਸੁਮੇਰ, ਕੈਲਾਸ਼, ਗੰਗਾ ਜਮਨਾ, ਸੀਹਾ ਰੁਮ, ਹੁਸੈਨਾਬਾਦ, ਪਲਾਊਗੜ੍ਹ, ਰਾਮਪੁਰ, ਸੁਰੰਗਾਬਾਦ, ਚੰਦੇਰੀ ਕੋਟ, ਚਾਂਦਾਗੜ੍ਹ, ਚੰਪਾਵਤੀ, ਕਾਂਸੀ, ਕਮਾਊਗੜ੍ਹ, ਹਾਜੀਪੁਰ ਆਦਿ ਨਗਰਾਂ ਵਿਚ ਇਉਂ ਫੈਲ ਰਹੀ ਹੈ ਜਿਵੇਂ ਚੰਬੇਲੀ ਦੀ ਖੁਸ਼ਬੋ। ਇਹ ਸਭ ਵਰਣਨ ਅਨੁਪ੍ਰਾਸ ਦੀ ਟੇਕ ਤੇ ਚਲਦਾ ਹੈ :—

ਛੀਰ ਕੈਸੀ ਛੀਰਾਵਧਿ ਛਾਛ ਕੈਸੀ ਛਤ੍ਰਾਨੇਰ
ਛਪਾਕਰ ਕੈਸੀ ਛਬਿ ਕਾਲਿ ਇੰਦ੍ਰੀ ਕੇ ਕੂਲ ਕੇ।
ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ
ਗੰਗਾ ਕੀ ਸੀ ਧਾਰ ਚਲੀ ਸਾਤੋਂ ਸਿੰਧੁ ਰੂਲ ਕੇ

ਪਾਰਾ ਸੀ ਪਲਾਊ ਗੜ੍ਹ ਰੂਪਾ ਕੈਸੀ ਰਾਮਪੁਰ
ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੈ :
ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜ੍ਹ
ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ । ੨੬੪ ।

ਇਸੇ ਤਰ੍ਹਾਂ ਜਿਥੇ ੩੦ ਭੁਜੰਗ ਪ੍ਰਯਾਤ ਲਿਖੇ ਹਨ, ਉਥੇ ਪਹਿਲਾਂ ਰੱਬ ਦੇ ਨਿਰਾਕਾਰ ਰੂਪ ਦਾ ਵਰਣਨ ਹੈ, ਪਿਛੋਂ ਉਸ ਨੂੰ ਸਭ ਥਾਂ, ਸਭ ਗਿਆਨਾਂ ਧਿਆਨਾਂ ਵਿਚ ਵਿਆਪਕ ਦਸਿਆ ਹੈ :—

ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ !
ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ ।
ਕਹੂੰ ਦੇਸ ਕੋ ਭੇਸ ਕੋ ਧਰਮ ਧਾਮੇ ।
ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ ।

* * * *

ਕਹੂੰ ਬੇਦ ਬਿਦਯਾ ਕਹੂੰ ਬਿਓਮ ਬਾਨੀ ।
ਕਹੂੰ ਕੋਕ ਕੀ ਕਾਬਿ ਕਥੈ ਕਹਾਨੀ ।
ਕਹੂੰ ਅਦ੍ਰਸਾਰੰ ਕਹੂੰ ਭਦ੍ਰ ਰੂਪੰ ।
ਕਹੂੰ ਮਦ੍ਬਾਨੀ ਕਹੂੰ ਛਿਦ੍ਰ ਰੂਪੰ । ੧੧੨ ।
ਕਹੂੰ ਛੰਦ ਬਿਦਯਾ ਕਹੂੰ ਕਾਬਿ ਰੂਪੰ ।
ਕਹੂੰ ਚੇਸਟਾ ਚਾਰ ਚਿਤ੍ਰੰ ਸਰੂਪੰ ।
ਕਹੂੰ ਪਰਮ ਪੁਰਾਨ ਕੋ ਪਾਰ ਪਾਵੈ ।
ਕਹੂੰ ਬੈਠ ਕੁਰਾਨ ਕੇ ਗੀਤ ਗਾਵੈ । ੧੧੩ ।

* * *

ਕਹੂੰ ਆਰਬੀ ਤੋਰਕੀ ਪਾਰਸੀ ਹੋ ।
ਕਹੂੰ ਪਹਲਵੀ ਪਸਤਵੀ ਸੰਸਕ੍ਰਿਤੀ ਹੋ ।
ਕਹੂੰ ਦੇਸ ਭਾਖਯਾ ਕਹੂੰ ਦੇਵ ਬਾਨੀ ।
ਕਹੂੰ ਰਾਜ ਬਿਦਯਾ ਕਹੂੰ ਰਾਜਧਾਨੀ । ੧੧੬ ।
ਕਹੂੰ ਮੰਤ੍ਰ ਬਿਦਯਾ ਕਹੂੰ ਤੰਤ੍ਰ ਸਾਰੰ ।
ਕਹੂੰ ਜੰਤ੍ਰ ਰੀਤੰ ਕਹੂੰ ਸਸਤ੍ਰਧਾਰੰ ।
ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ ।
ਕਹੂੰ ਪਿੰਗਲਾਚਾਰਣੀ ਗੀਤ ਚਰਚਾ । ੧੧੭ ।
ਕਹੂੰ ਬੀਨ ਬਿਦਯਾ ਕਹੂੰ ਗਾਨ ਗੀਤੰ ।
ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ ।

ਕਹੂੰ ਨ੍ਰਿਤ ਬਿਦਯਾ ਕਹੂੰ ਨਾਮ ਬਾਨੀ ।
ਕਹੂੰ ਗਾਰੜੂ ਗੂੜ੍ਹ ਕਥਹਿ ਕਹਾਨੀ । ੧੧੮ ।

ਇਸ ਤੋਂ ਬਿਨਾਂ ਗੁਰੂ ਸਾਹਿਬ ਇਸ ਗੱਲ ਲਈ ਵੀ ਚੇਤੰਨ ਸਨ ਕਿ ਹੋਰ ਦੇਵੀ ਦੇਵਤੇ ਯਾ ਅਵਤਾਰ ਇਸ਼ਟ ਨਹੀਂ, ਇਸ਼ਟ ਕੇਵਲ ਅਕਾਲ ਪੁਰਖ ਹੀ ਹੈ ਜੋ ਕਿ ਸਭ ਦੇਵਤਿਆਂ ਤੇ ਅਵਤਾਰਾਂ ਦਾ ਸਿਰਜਨਹਾਰ ਹੈ । ਕਿੰਨਾ ਸਪਸ਼ਟ ਕਿਹਾ ਹੈ :—

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ ।
ਉਸਾਰੇ ਗੜੇ ਫੇਰ ਮੇਟੇ ਬਨਾਏ । ੯੬ ।'

ਇਸੇ ਤਰ੍ਹਾਂ—'ਏਕ ਸਿਵ ਭਏ ਏਕ ਗਏ ਏਕ ਫੇਰ ਭਏ
ਰਾਮ ਚੰਦ੍ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ ।
ਬ੍ਰਹਿਮਾ ਅੌ ਬਿਸਨ ਕੇਤੇ ਬੇਦ ਅੌ ਪੁਰਾਨ ਕੇਤੇ
ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਏ ਹੈਂ । ੭੭ ।'
'ਅਨਹਦ ਰੂਪ ਅਨਾਹਦ ਬਾਨੀ ।
ਚਰਨ ਸ਼ਰਨ ਜਿਹ ਬਸਤ ਭਵਾਨੀ । ੫ ।'

ਇਸ਼ਟ ਦੇਵ ਦੀ ਸਪਸ਼ਟਤਾ ਤੋਂ ਇਲਾਵਾ ਅਕਾਲ ਉਸਤਤਿ, ਉਸਦੀ ਪ੍ਰਸੰਨਤਾ ਲਈ ਕੀਤੇ ਜਾ ਰਹੇ ਕਰਮ ਧਰਮਾਂ ਸਬੰਧੀ ਵੀ ਚੁਪ ਨਹੀਂ ਸਗੋਂ ਗੁਰੂ ਸਾਹਿਬ ਕਹਿੰਦੇ ਹਨ ਕਿ ਬਿਨਾਂ ਸਹੀ ਸੂਝ ਬੂਝ ਦੇ ਪਾਗਲ ਲੋਕ ਗ਼ਲਤ ਰਾਹ ਤੇ ਤੁਰੇ ਹੋਏ ਮੰਜ਼ਲ ਤੇ ਨਹੀਂ ਪਹੁੰਚ ਸਕਦੇ ।

ਅੰਗਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ
ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ । ੭੧ ।

ਯਾ

ਗਿਆਨ ਕ ਬਿਹੀਨ ਕਾਲ ਫਾਸ ਕੇ ਅਧੀਨ ਸਦਾ
ਜੁਗਨ ਕੀ ਚਉਂਕਰੀ ਫਿਰਾਏ ਈ ਫਿਰਤ ਹੈਂ । ੭੯ ।

ਅਗਿਆਨੀ ਕਰਮਕਾਂਡੀ ਕਿਸ ਤਰ੍ਹਾਂ ਭੁਲੇ ਭਟਕੇ ਫਿਰਦੇ ਹਨ, ਇਹ ਦਸਣ ਲਈ ਗੁਰੂ ਸਾਹਿਬ ਨੇ ਮਤ ਮਤਾਂਤਰਾਂ ਦੇ ਫੋਕਟ ਕਰਮ ਕਾਂਡਾਂ ਦੀ ਵਿਅੰਗ-ਪੂਰਨ ਢੰਗ ਨਾਲ ਆਲੋਚਨਾ ਕੀਤੀ ਹੈ । ਮਾਲੂਮ ਹੁੰਦਾ ਹੈ, 'ਸਾਰੇ ਹੀ ਦੇਸ ਕੌ ਦੇਖ ਰਹਿਓ ਮਤ, ਕੋਊ ਨ ਦੇਖੀਅਤ ਪ੍ਰਾਨਪਤੀ ਕੇ ।' ਕਹਿਣ ਵਾਲੇ ਕਵੀ ਦੇ ਸਾਹਮਣੇ ਸਾਰੇ ਮਤਾਂ ਦਾ ਹੀਜ ਪਿਆਜ ਪ੍ਰਤੱਖ ਸੀ । ਉਹ ਇਹਨਾਂ ਫੋਕਟ ਕਰਮਕਾਂਡੀਆਂ ਨੂੰ ਆਮ ਪਸ਼ੂ ਪੰਛੀਆਂ ਦੀ ਤਸ਼ਬੀਹਾਂ ਦੇਣੋਂ ਸੰਕੋਚ ਨਹੀਂ ਕਰਦੇ । ਉਹਨਾਂ ਦੀ ਨਜ਼ਰ ਵਿਚ ਪਿੰਡੇ ਤੇ ਸੁਆਹ ਮਲਣ ਵਾਲੇ ਗਧੇ, ਗੰਦਾ ਪਾਣੀ ਪੀਣ ਵਾਲੇ ਜੈਨੀ ਸੂਰ, ਮੱਠਵਾਸੀ—ਚਿੱਤੂ ਤੇ ਉੱਲੂ, ਨਾਂਗੇ—ਬਾਂਦਰ, ਜਤੀ—ਹੀਜੜੇ, ਬਨਵਾਸੀ—ਭੂਤ, ਪੌਣਾਹਾਰੀ—ਸੱਪ, ਕੰਦ ਮੂਲ ਖਾ ਕੇ ਗੁਜ਼ਾਰਾ ਕਰਨ ਵਾਲੇ ਬੈਲ, ਦੰਭੀ ਧਿਆਨੀ-ਬਗਲੇ, ਰਾਸਧਾਰੀਏ ਨਾਚੇ ਮੋਰ, ਤੋਤਾ ਰਟਣ ਵਾਲੇ ਜਪੀ—

ਪੂਦਨੇ, ਤਪ ਤਾਪ ਤਾਪ ਦੁਖ ਭਰਨ ਵਾਲੇ ਘਾਇਲ, ਪੱਤੇ ਖਾਣ ਵਾਲੇ ਬੋਕ, ਘੁੰਮਣ ਫਿਰਨ ਵਾਲੇ ਚੀਲ ਕਾਂ, ਨਿਮਾਜ਼ਾਂ ਵਿਚ ਝੂਠਾ ਨਿਵਣ ਵਾਲੇ ਤੋਪਚੀ, ਪੰਸਤੀ ਯਾ ਡੰਡ ਕੱਢਣ ਵਾਲੇ ਭਲਵਾਨ ਤੇ ਬਾਂਗਾਂ ਦੇਣ ਵਾਲੇ ਗਿੱਦੜਾਂ ਸਮਾਨ ਹਨ। ਇਹਨਾਂ ਦੇ ਨਿਰੇਪੁਰੇ ਅਜੇਹੇ ਕਰਮ ਕਾਂਡਾਂ ਤੋਂ ਅਧਿਆਤਮਕ ਉੱਚਤਾ ਨੂੰ ਨਹੀਂ ਪਾਇਆ ਜਾ ਸਕਦਾ।

ਇਸ ਆਲੋਚਨਾ ਪਿਛੋਂ ਗੁਰੂ ਸਾਹਿਬ ਨੇ ਤਿੰਨ ਕਬਿੱਤਾਂ ਵਿਚ ਉਸਾਰੂ ਯੋਜਨਾ ਵੀ ਪੇਸ਼ ਕੀਤੀ ਹੈ ਕਿ ਇਹਨਾਂ ਮਤਾਂ ਮਤਾਂਤਰਾਂ ਨੇ ਜੋ ਵੰਡੀਆਂ ਤੇ ਭੇਦ ਪਾਏ ਹੋਏ ਹਨ, ਉਹ ਸਭ ਫ਼ਜ਼ੂਲ ਹਨ। ਮਨੁਖਤਾ ਇਕ ਹੈ ਤੇ ਇਸ ਦਾ ਧਰਮ ਵੀ ਇਕ ਹੈ—
ਉਹ ਹੈ ਪਰਮ ਜੋਤਿ ਵਿਚ ਨਿਸ਼ਠਾ, ਸਰਬ-ਸਾਂਝ ਤੇ ਪਿਆਰ :—

'ਸਾਚ ਕਹਹੁ ਸੁਨਿ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਯੋ।'

ਆਖਰੀ ਤਿੰਨ ਕਬਿੱਤ ਮਨੁਖਤਾ ਤੇ ਇਸ਼ਟ ਦੀ ਏਕਤਾ ਉਤੇ ਜ਼ੋਰ ਦੇ ਕੇ ਧਾਰਮਕ ਏਕਤਾ ਤੇ ਵਿਸ਼ਵ-ਏਕਤਾ ਦੀ ਝਾਕੀ ਦਰਸਾਉਂਦੇ ਸਪਸ਼ਟ ਕਰਦੇ ਹਨ ਕਿ ਇਹ ਸੰਸਾਰ ਜਿਸ ਮਸਾਲੇ ਤੋਂ ਬਣਿਆ ਹੈ, ਉਹ ਚੇਤਨ ਸ਼ਕਤੀ ਤੋਂ ਵੱਖ ਨਹੀਂ, ਜਿਵੇਂ ਜਲ-ਤਰੰਗ ਪਾਣੀ ਦਾ ਹਿਸਾ ਹਨ, ਮਿਟੀ ਦੇ ਜ਼ਰਰੇ ਧਰਤੀ ਦਾ ਭਾਗ ਹਨ ਤੇ ਚੰਗਿਆੜੇ ਅਗਨੀ ਤੋਂ ਨਿਆਰੇ ਨਹੀਂ ਹੋ ਸਕਦੇ, ਇਸੇ ਤਰ੍ਹਾਂ ਇਹ ਸਾਰੀ ਅਨੇਕਤਾ ਏਕਤਾ ਵਿਚ ਸਮਾ ਕੇ ਹੀ ਰਹੇਗੀ।

ਕੋਊ ਭਯੋ ਮੁੰਡੀਆ ਸੰਨਿਆਸੀ ਕੋਊ ਜੋਗੀ ਭਯੋ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫ਼ੀ
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ। ੮੫।

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ। ੮੬।

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇਕੈ ਫਿਰ ਆਗ ਮੈਂ ਮਿਲਾਹਿੰਗੇ
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿੰਗੇ । ੮੭ ।

ਸੋ ਅਕਾਲ ਉਸਤਤਿ ਕੇਵਲ ਇਸ਼ਟ ਦੀ ਵਡਿਆਈ ਹੀ ਨਹੀਂ, ਸਗੋਂ ਇਸ ਵਿਚ ਉਸਦੀ ਪ੍ਰਾਪਤੀ ਲਈ ਨਵੇਂ ਮਾਰਗ ਦਾ ਵੀ ਸਪਸ਼ਟ ਸੰਕੇਤ ਦਿਤਾ ਹੈ ਜੋ ਕਿ ਕਵੀ ਦੀ ਅੰਤਰ-ਰਾਸ਼ਟਰੀ ਚੇਤਨਾ ਦਾ ਪ੍ਰਮਾਣ ਹੈ।

ਇਸ ਤੋਂ ਇਲਾਵਾ ਜਾਪੁ ਤੇ ਅਕਾਲ ਉਸਤਤਿ ਆਦਿ ਵਿਚ ਗੁਰੂ ਸਾਹਿਬ ਦੇ ਭਗਤੀ ਦੇ ਭਾਵ ਪੁਰਖੱਤਵ ਦਾ ਰੰਗ ਰਖਦੇ ਹਨ ਜਦੋਂ ਕਿ ਆਮ ਭਗਤੀ ਸਾਹਿਤ ਨਾਰੀ ਭਾਵਨਾ ਲੈ ਕੇ ਹੀ ਸਫੁਟ ਹੁੰਦਾ ਆਇਆ ਹੈ। ਇਹ ਗੱਲ ਗੁਰੂ ਸਾਹਿਬ ਦੇ ਅਧਿਆਤਮਕ ਕਾਵਿ ਦੀ ਵਿਲੱਖਣਤਾ ਵਾਲੀ ਹੈ ਕਿ ਉਨ੍ਹਾਂ ਪ੍ਰਭੂ-ਅਰਾਧਨਾ ਲਈ ਵੀ ਬੀਰ ਬਲਵਾਨ ਸੁਰਾਂ ਹੀ ਅਪਣਾਈਆਂ ਹਨ।

SIKHBOOKCLUB.COM

## ੩. ਬਚਿਤ੍ਰ ਨਾਟਕ

ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਗ੍ਰੰਥਾਵਲੀ ਹੈ ਜਿਸ ਵਿਚ ਨਿਕੀਆਂ ਰਚਨਾਵਾਂ ਤਾਂ ਕਈ ਹਨ ਪਰ ਵੱਡੇ ਗ੍ਰੰਥ-ਬਚਿਤ੍ਰ ਨਾਟਕ ਤੇ ਚਰਿਤ੍ਰ ਪਖਯਾਨ ਦੋ ਹੀ ਹਨ। ਬਚਿਤ੍ਰ ਨਾਟਕ ਭਾਰਤੀ ਅਵਤਾਰਾਂ ਦਾ ਪੁਰਾਣਿਕ ਬਿਰਤਾਂਤ ਹੈ ਜੋ ੬੩੫੫ ਛੰਦਾਂ ਵਿਚ ਅੰਕਿਤ ਕੀਤਾ ਗਿਆ ਹੈ। ਪਹਿਲੇ ਕਵੀ ਨੇ ਆਤਮ-ਕਥਾ ਲਿਖੀ ਤੇ ਫਿਰ ਚੰਡੀ ਚਰਿਤ੍ਰ ਤੋਂ ਬਾਦ ਵਿਸ਼ਨੂੰ ਦੇ ੨੪ ਅਵਤਾਰਾਂ-ਮੱਛ, ਕੱਛ, ਨਰ, ਨਰਾਇਣ, ਮੋਹਨੀ, ਬੈਰਾਹ, ਨਰਸਿੰਘ, ਬਾਵਨ, ਪਰਸੁਰਾਮ, ਬ੍ਰਹਿਮਾ, ਰੁਦ੍ਰ, ਜਲੰਧਰ, ਬਿਸ਼ਨੂੰ, ਮਧੁਸੂਦਨ, ਅਰਹੰਤ, ਮਨੂ, ਧਨੰਤਰ, ਚੰਦ, ਰਾਮ, ਕ੍ਰਿਸ਼ਣ, ਨਰ (ਅਰਜਨ), ਬੁਧ ਤੇ ਨਿਹਕਲੰਕੀ ਆਦਿ ਦੀ ਕਹਾਣੀ, ਦਿਤੀ ਹੈ। ਫਿਰ ਰੁਦ੍ਰ ਦੇ ਦੋ ਅਵਤਾਰਾਂ ਦੱਤਾਤ੍ਰੇਯ ਤੇ ਪਾਰਸਨਾਥ ਅਤੇ ਬ੍ਰਹਿਮਾ ਦੇ ੭ ਉਪਅਵਤਾਰਾਂ-ਬਾਲਮੀਕਿ,ਕੱਸ਼ਯਪ,ਸ਼ੁਕਰਾਚਾਰਯ, ਬਾਚੇਸ (ਬ੍ਰਿਹਸਪਤੀ), ਬਿਆਸ, ਖਟ ਸ਼ਾਸਤ੍ਰਕਾਰ ਰਿਖੀ ਤੇ ਕਾਲੀਦਾਸ ਦਾ ਸੰਖਿਪਤ ਹਾਲ ਦਿਤਾ ਹੈ। ਅੰਤ ਵਿਚ ਮੀਰ ਮਹਿਦੀ ਦਾ ਵਰਣਨ ਹੈ। ਇਸ ਤਰ੍ਹਾਂ ਪੁਰਾਣੇ ਮਤਾਂ ਵੈਸ਼ਣਵਾਂ, ਸ਼ੈਵਾਂ, ਸਾਕਤਾਂ, ਸੰਨਿਆਸੀਆਂ, ਜੋਗੀਆਂ ਦੇ ਇਥੋਂ ਤਕ ਕਿ ਮੁਸਲਮਾਨਾਂ ਦੇ ਮਾਨਯੋਗ ਪੀਰ ਨੂੰ ਵੀ ਇਸ ਅਵਤਾਰ ਮਾਲਾ ਵਿਚ ਥਾਂ ਦਿਤਾ ਹੈ। ਮੀਰ ਮਹਿਦੀ ਤੇ ਨਿਹਕਲੰਕੀ ਨੂੰ ਛਡ ਕੇ ਇਹ ਦੋਵਰੇ ੩੩ ਬਣਦੇ ਹਨ। ਇਹ ਸਾਰੇ ਦੇਵੀ ਦੇਵਤਿਆਂ ਦੇ ਪ੍ਰਸੰਗਾਂ ਨੂੰ ਇਕ ਨਾਟਕ ਲੀਲ੍ਹਾ ਵਿਚ ਅੰਕਿਤ ਕਰਨ ਦਾ ਇਹੋ ਭਾਵ ਸੀ ਕਿ ਹਿੰਦੁਸਤਾਨ ਵਿਚ ਵਸਦੇ ਹਰ ਮਤ ਦੇ ਪ੍ਰਾਣੀ ਨੂੰ ਹਲੂਣਾ ਦਿਤਾ ਜਾ ਸਕੇ ਅਤੇ ਕਲਪਿਤ ਦੇਵੀ ਦੇਵ ਦਾ ਢਾਂਚਾ ਪ੍ਰਤੱਖ ਵੀ ਹੋ ਸਕੇ।

ਤਿੰਨ ਪੱਖਾਂ ਤੇ ਇਹ ਗ੍ਰੰਥ ਖਾਸ ਵਿਸ਼ੇਸ਼ਤਾ ਦਾ ਮਾਲਕ ਹੈ। ਪਹਿਲੇ ਸ਼ਾਇਦ ਭਾਰਤੀ ਸਾਹਿਤ ਵਿਚ ਦਸਮੇਸ਼ ਜੀ ਹੀ ਪਹਿਲੇ ਮਹਾਨ ਕਵੀ ਹਨ ਜਿਨ੍ਹਾਂ ਆਪਣੀ ਆਤਮ-ਕਥਾ ਲਿਖੀ। ਇਸ ਤੋਂ ਪਹਿਲਾਂ ਕਿਸੇ ਕਲਮ ਦੀ ਲਿਖੀ ਸਵੈਜੀਵਨੀ (Autobiography) ਨਹੀਂ ਮਿਲਦੀ। ਦੂਜੇ ਹਿੰਦੀ ਸਾਹਿਤ ਯਾ ਸੰਸਕ੍ਰਿਤ ਸਾਹਿਤ ਵਿਚ ਅਜੇਹਾ ਕੋਈ ਇਕ ਗ੍ਰੰਥ ਪ੍ਰਾਪਤ ਨਹੀਂ ਜਿਸ ਵਿਚ ਇਸ ਤਰ੍ਹਾਂ ਵਿਸ਼ਨੂ, ਬ੍ਰਹਿਮਾ, ਸ਼ਿਵਜੀ ਤੇ ਦੁਰਗਾ ਆਦਿ ਦੀ ਕਥਾ ਇਕੋ ਥਾਂ ਕਲਮਬੰਦ ਕੀਤੀ ਗਈ ਹੋਵੇ। ਹਿੰਦੀ ਹੱਥ-ਲਿਖਤਾਂ ਵਿਚ ਸ਼ੰਕਰਾਚਾਰਯ, ਜਸਵੰਤ ਤੇ ਪਰਬਤਦਾਸ ਕ੍ਰਿਤ 'ਦਸ ਅਵਤਾਰ-ਕਥਾ' ਤਾਂ ਮਿਲਦੀ ਹੈ। ਯਾ 'ਅਵਤਾਰ ਚਰਿਤ੍ਰ' ਨਾਮ ਹੇਠ ਸ਼ਿਵ ਅਤੇ ਨਰਹਰਿਦਾਸ ਆਦਿ ਨੇ ਚੌਵੀ ਅਵਤਾਰਾਂ ਦੀ ਕਹਾਣੀ

ਵੀ ਲਿਖੀ ਹੈ ਪਰ ਇਸ ਤਰ੍ਹਾਂ ਸਾਰੇ ਦੇਵੀ ਦੇਵਤਿਆਂ ਦੀ ਪ੍ਰਸੰਗਾਵਲੀ ਕਿਤੇ ਵੀ ਇਕ ਥਾਂ ਨਹੀਂ ਪ੍ਰੋਤੀ ਗਈ। ਤੀਸਰਾ ਨੁਕਤਾ ਸਭ ਤੋਂ ਅਹਿਮ ਇਹ ਕਿ ਗੁਰੂ ਸਾਹਿਬ ਨੇ ਇਕ ਚੇਤੰਨ ਕਲਾਕਾਰ ਵਾਂਗ ਭਾਰਤੀ ਮਿਥਿਹਾਸ ਦੇ ਕੱਚੇ ਮਸਾਲੇ ਨੂੰ ਵਰਤ ਕੇ ਇਸ ਤੋਂ ਲੋਕ-ਜਾਗ੍ਰਤੀ ਤੇ ਕ੍ਰਾਂਤੀ ਦਾ ਕੰਮ ਲਿਆ ਹੈ। ਇਹ ਵਿਸ਼ੇਸ਼ਤਾ ਇਤਿਹਾਸਕ ਤੌਰ ਤੇ ਬੜੀ ਹੀ ਅਹਿਮ ਹੈ ਕਿ ਉਨ੍ਹਾਂ ਇਸ ਮਸਾਲੇ ਦੀ ਇਉਂ ਸੁਯੋਗ ਵਰਤੋਂ ਕੀਤੀ ਜਿਸ ਦੀ ਪਹਿਲੇ ਪਰਪਾਟੀ ਵੀ ਨਹੀਂ ਸੀ। ਉਸ ਜ਼ਮਾਨੇ ਦੇ ਆਮ ਕਵੀਆਂ ਦੀ ਕਲਮ ਦੇ ਨਾਇਕ ਰਾਜੇ ਮਹਾਰਾਜੇ ਸਨ ਯਾ ਫਿਰ ਬਿਲਾਸੀ ਕਾਮਨੀ। ਗੁਰੂ ਸਾਹਿਬ ਨੇ ਲੋਕ-ਨਾਇਕਾਂ ਨੂੰ ਲੈ ਕੇ ਉਨ੍ਹਾਂ ਦਾ ਬੀਰ ਜੀਵਨ ਉਜਾਗਰ ਕੀਤਾ ਤਾਂ ਕਿ ਹਿੰਦੁਸਤਾਨੀ ਲੋਕ ਇਨ੍ਹਾਂ ਤੋਂ ਉਤਸ਼ਾਹ ਹਾਸਲ ਕਰ ਸਕਣ। ਪਰੰਪਰਾਵਾਦੀ ਹੋਣਾ ਮਾੜਾ ਹੈ ਪਰ ਪਰੰਪਰਾ ਨੂੰ ਵਰਤਕੇ ਵਰਤਮਾਨ ਦੇ ਵਿਕਾਸ ਲਈ ਵਿਉਂਤ ਬਣਾ ਲੈਣਾ ਬਹੁਤ ਸਿਆਣੇ ਕਲਾਕਾਰ ਦਾ ਕੰਮ ਹੈ। ਗੁਰੂ ਸਾਹਿਬ ਨੇ ਇਵੇਂ ਹੀ ਕੀਤਾ। ਉਨ੍ਹਾਂ ਸਾਫ਼ ਕਿਹਾ ਹੈ ਕਿ ਮੈਂ ਇਸ ਅਵਤਾਰ-ਕਥਾ ਦੀ ਰਚਨਾ ਏਸ ਲਈ ਕਰਦਾ ਹਾਂ ਕਿ ਲੋਕਾਂ ਅੰਦਰ ਧਰਮ-ਯੁਧ ਦਾ ਚਾਉ ਜਾਗੇ, ਹੋਰ ਮੇਰਾ ਕੋਈ ਮਨੋਰਥ ਨਹੀਂ। ਕ੍ਰਿਸ਼ਨ-ਕਥਾ ਲਿਖਦਿਆਂ ਉਹ ਕਹਿੰਦੇ ਹਨ—

'ਦਸਮ ਕਥਾ ਭਾਗਉਤ ਕੀ,ਭਾਖਾ ਕਰੀ ਬਨਾਇ।

ਅਵਰ ਬਾਸਨਾ ਨਾਹਿ ਕਿਛੁ, ਧਰਮਜੁਧ ਕੈ ਚਾਇ।'

ਬਾਵਜੂਦ ਅਜੇਹੇ ਸਪਸ਼ਟੀਕਰਣ ਦੇ ਕੁਝ ਲੋਕਾਂ ਇਹ ਭੁਲੇਖਾ ਖਾਧਾ ਹੈ ਕਿ ਗੁਰੂ ਸਾਹਿਬ ਅਵਤਾਰਾਂ ਦੇ ਪੁਜਾਰੀ ਸਨ ਤਾਂ ਉਨ੍ਹਾਂ ਇਹ ਪੁਰਾਣਿਕ ਕਹਾਣੀਆਂ ਲਿਖੀਆਂ। ਦੂਜੇ ਪਾਸੇ ਕੁਝ ਕੱਟੜ ਸਿਖਾਂ ਇਸ ਭੈਖਲੇ ਤੋਂ ਡਰ ਕੇ ਇਨਕਾਰ ਹੀ ਕਰ ਦਿਤਾ ਕਿ ਇਹ ਗੁਰੂ ਸਾਹਿਬ ਦੀ ਕਿਰਤ ਹੈ। ਹਕੀਕਤ ਇਹ ਹੈ ਕਿ ਇਹ ਦੋਵੇਂ ਭੁਲੇਖੇ ਠੀਕ ਨਹੀਂ, ਨਾ ਤਾਂ ਗੁਰੂ ਸਾਹਿਬ ਦੇਵੀ ਦੇਵਤਿਆਂ ਦੇ ਪੁਜਾਰੀ ਸਨ ਤੇ ਨਾ ਹੀ ਇਹ ਠੀਕ ਹੈ ਕਿ ਉਨ੍ਹਾਂ ਗ੍ਰੰਥ ਰਚਿਆ ਹੀ ਨਹੀਂ। ਇਸਦੀ ਅੰਦਰਲੀ ਗਵਾਹੀ ਇਹ ਸਿੱਧ ਕਰਨ ਲਈ ਕਾਫੀ ਹੈ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ। ਪਹਿਲੇ ਆਤਮਕਥਾ ਹੀ ਦਸਦੀ ਹੈ ਜੋ ਕਵੀ ਅਵਤਾਰ ਕਥਾ ਲਿਖਣ ਤੋਂ ਪਹਿਲਾਂ ਆਪਣੀ ਜਾਣਪਛਾਣ ਕਰਾ ਰਿਹਾ ਹੈ, ਉਹ ਹੇਮਕੁੰਟ ਦਾ ਤਪੀਸਰ, ਗੁਰੂ ਤੇਗ ਬਹਾਦਰ ਦਾ ਸਪੂਤ, ਅਨੰਦਪੁਰਵਾਸੀ ਗੁਰੂ ਗੋਬਿੰਦ ਸਿੰਘ ਹੈ, ਜਿਸ ਇਸ ਬਚਿਤ੍ਰ ਨਾਟਕ ਨੂੰ ੧੭੫੫ ਬਿ. ਹਾੜ੍ਹ ਵਦੀ ਪੰਚਮੀ ਬਿ. ਨੂੰ ਅੰਤਮ ਰੂਪ ਦਿਤਾ—

ਸੰਮਤ ਸਤ੍ਰਹ ਸਹਸ ਪਚਾਵਨ
ਹਾੜ ਵਦੀ ਪ੍ਰਿਥਮ ਸੁਖਦਾਵਨ
ਤਵ ਪ੍ਰਸਾਦਿ ਕਰ ਗ੍ਰੰਥ ਸੁਧਾਰਾ
ਭੂਲ ਹੋਇ ਕਵਿ ਲੇਹੁ ਸੁਧਾਰਾ। ੮੬੦।

ਭਾਵੇਂ ਇਹ ਰਚਨਾ-ਸੰਮਤ ਰਾਮ-ਅਵਤਾਰ ਦੀ ਕਥਾ ਸੰਪੂਰਨ ਕਰਨ ਦਾ ਹੈ ਪਰ ਹੋਰ ਇਤਿਹਾਸਕ ਸੋਮਿਆਂ ਤੋਂ ਇਹੋ ਪ੍ਰਸ਼ਟੀ ਹੁੰਦੀ ਕਿ ਗੁਰੂ ਸਾਹਿਬ ਨੇ ਅਵਤਾਰ ਲੀਲ੍ਹਾ ਦਾ ਗ੍ਰੰਥ ੧੭੫੫ ਬਿ, ਵਿਚ ਮੁਕੰਮਲ ਕੀਤਾ ਸੀ। ਦੂਜੇ ਗੁਰੂ ਸਾਹਿਬ ਵਲੋਂ ਇਹ ਗ੍ਰੰਥ ਰਚਣ ਦਾ ਮੰਤਵ ਹਰਗਿਜ਼ 'ਅਵਤਾਰ ਪੂਜਾ' ਜੇਹੀ ਕੋਈ ਗੱਲ ਕਰਨਾ ਨਹੀਂ ਉਨ੍ਹਾਂ ਤਾਂ ਭਾਰਤੀ ਇਤਿਹਾਸ ਦਾ ਓਜਮਈ ਵਰਣਨ ਕਰਕੇ ਲੋਕਾਂ ਨੂੰ ਉਤਸ਼ਾਹਿਤ ਕਰਨ ਦਾ ਇਕ ਵਿਉਂਤਬਧ ਉਪਰਾਲਾ ਕੀਤਾ ਹੈ। ਇਸ ਭੁਲੇਖੇ ਨੂੰ ਦੂਰ ਕਰਨ ਲਈ ਹੀ ਉਨ੍ਹਾਂ ਥਾਂ ਥਾਂ ਪੁਸਤਕ ਵਿਚ ਅਜੇਹੇ ਨੋਟ ਦਿਤੇ ਹਨ ਜੋ ਉਨ੍ਹਾਂ ਦੇ ਏਕਵਾਦੀ ਹੋਣ ਦਾ ਸਪਸ਼ਟ ਪ੍ਰਮਾਣ ਹਨ। ਜੇਕਰ ਅਵਤਾਰਾਂ ਦੀ ਪੂਜਾ ਮਾਨਤਾ ਦਾ ਹੀ ਖਿਆਲ ਹੁੰਦਾ ਤਾਂ ਉਹ ਰਾਮ ਅਵਤਾਰ ਵਿਚ ਐਸਾ ਨਾ ਲਿਖਦੇ—

ਪਾਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈ ਮਤ ਏਕ ਨ ਮਾਨਯੋ।

ਇਸੇ ਤਰ੍ਹਾਂ ਕ੍ਰਿਸ਼ਣ-ਕਥਾ ਲਿਖਦਿਆਂ ਤਾਂ ਸਾਫ਼ ਹੀ ਕਹਿ ਦਿਤਾ—

ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ। ਕਿਸ਼ਨ ਬਿਸ਼ਨ ਕਬਹੂੰ ਨਹਿ ਧਯਾਊਂ।
ਕਾਨ ਸੁਨੇ ਪਹਿਚਾਨ ਨ ਤਿਨ ਸੋਂ। ਲਿਵ ਲਾਗੀ ਮੋਰੀ ਪਗ ਇਨ ਸੋਂ।
ਮਹਾਂਕਾਲ ਰਖਵਾਰ ਹਮਾਰੋ। ਮਹਾਂ-ਲੋਹ ਮੈਂ ਕਿੰਕਰ ਥਾਰੋ।

ਸੋ ਇਸ ਸ਼ੰਕਾ ਦਾ ਕੋਈ ਅਧਾਰ ਨਹੀਂ ਕਿ ਗੁਰੂ ਸਾਹਿਬ ਅਵਤਾਰ-ਪੁਜਾਰੀ ਸਨ। ਇਸੇ ਸ਼ੰਕਾ ਦੀ ਨਵਿਰਤੀ ਲਈ ਉਨ੍ਹਾਂ ਸਾਰੇ ਬਚਿਤ੍ਰ ਨਾਨਕ ਦੇ ਅੰਤ ਵਿਚ ੯ ਰਾਗਾਂ ਦੇ ਸ਼ਬਦ ਤੇ ੩੨ ਸਵਈਏ ਸ਼ਾਮਿਲ ਕੀਤੇ ਹਨ ਜਿਨ੍ਹਾਂ ਵਿਚ ਅਵਤਾਰ ਪੂਜਾ, ਮੂਰਤੀ ਪੂਜਾ ਤੇ ਹੋਰ ਭਰਮ ਕਰਮਾਂ ਦੀ ਨਿਖੇਧੀ ਕੀਤੀ ਗਈ ਹੈ।

ਫਿਰ ਉਨ੍ਹਾਂ ਇਸ ਅਵਤਾਰ ਕਥਾ ਦੀ ਜੋ ਭੂਮਿਕਾ ਲਿਖੀ ਹੈ, ਉਹ ਵੀ ਕਈ ਪੱਖਾਂ ਤੇ ਰੋਸ਼ਨੀ ਪਾਂਉਣ ਵਾਲੀ ਹੈ। ਉਹ ਕਹਿੰਦੇ ਹਨ, ਜਦੋਂ ਵੀ ਧਰਮ ਨੂੰ ਠੇਸ ਲਗਦੀ ਹੈ ਤਾਂ ਕਰਤਾ ਪੁਰਖ, ਵਿਸ਼ਨੂੰ ਨੂੰ ਹੁਕਮ ਦਿੰਦਾ ਹੈ ਕਿ ਉਹ ਧਰਮ ਰਖਿਆ ਲਈ ਧਰਤੀ ਤੇ ਅਵਤਰਣ ਕਰੇ। ਇਸੇ ਕਰਕੇ ਗੁਰੂ ਸਾਹਿਬ ਅਵਤਾਰਾਂ ਨੂੰ ਰੱਬ ਨਹੀਂ ਮੰਨਦੇ ਤੇ ਨਾ ਹੀ ਉਨ੍ਹਾਂ ਨੂੰ ਰੱਬੀ ਅਵਤਾਰ ਕਹਿੰਦੇ ਹਨ। ਇਹ ਜ਼ਰੂਰ ਆਖਿਆ ਹੈ ਕਿ ਨੇਕੀ ਯਾ ਧਰਮ ਦਾ ਪ੍ਰਸਾਰ ਕਰਨ ਵਾਲੇ ਮਹਾਂ ਪੁਰਸ਼ਾਂ ਵਿਚ ਰੱਬੀ ਜੋਤਿ ਦੀ ਅੰਸ਼ ਦਾ ਪ੍ਰਕਾਸ਼ ਹੁੰਦਾ ਹੈ ਤਾਂ ਹੀ ਉਹ ਬੁਰਿਆਈ ਤੇ ਫਤੇ ਪਾ ਕੇ ਨੇਕੀ ਦਾ ਜੈ ਜੈਕਾਰ ਕਰਾਉਂਦੇ ਹਨ।

ਜਬ ਜਬ ਹੋਤ ਅਰਿਸਟ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ।
ਕਾਲ ਸਬਨ ਕੋ ਪੇਖ ਤਮਾਸ਼ਾ। ਅੰਤਹਿ ਕਾਲ ਕਰਤ ਹੈ ਨਾਸ਼ਾ। ੨।
ਕਾਲ ਸਬਨ ਕਾ ਕਰਤ ਪਸਾਰਾ। ਅੰਤ ਕਾਲ ਸੋਈ ਖਾਪਨਹਾਰਾ।
ਆਪਨ ਰੂਪ ਅਨੰਤਨ ਧਰਹੀ, ਆਪਹਿ ਮੱਧ ਲੀਨ ਪੁਨ ਕਰਹੀ। ੩।


WWW.SIKHBOOKCLUB.COM

ਇਨ ਮਹਿੰ ਸ੍ਰਿਸਟਿ ਸੁ ਦਸ ਅਵਤਾਰਾ, ਜਿਨ ਮਹਿੰ ਰਮਯਾ ਰਾਮ ਹਮਾਰਾ ।
ਅਨਤ ਚਤੁਰਦਸ ਗਨ ਅਵਤਾਰੂ, ਕਹੋਂ ਜੁ ਤਿਨ ਤਿਨ ਕੀਏ ਅਖਾਰੂ । ੪ ।
ਕਾਲ ਆਪਨੋ ਨਾਮ ਛਪਾਈ, ਅਵਰਨ ਕੇ ਸਿਰਿ ਦੈ ਬੁਰਿਆਈ ।
ਆਪਨ ਰਹਿਤ ਨਿਰਾਲਮ ਜਗ ਤੇ, ਜਾਨ ਲਏ ਜਾਨਾ ਮੈਂ ਤਬ ਤੇ । ੫ ।
ਆਪ ਰਚੈ ਆਪੇ ਕਲ ਘਾਏ, ਅਵਰਨ ਕੈ ਦੈ ਮੂੰੜ ਹਤਾਏ ।
ਆਪ ਨਿਰਾਲਮ ਰਹਾ ਨ ਪਾਯਾ, ਤਾਂਤੇ ਨਾਮ ਬਿਅੰਤ ਕਹਾਯਾ । ੬ ।
ਜੋ ਚਉਬੀਸ ਅਵਤਾਰ ਕਹਾਏ, ਤਿਨ ਭੀ ਤੁਮ ਪ੍ਰਭੁ ਤਨਕੁ ਨ ਪਾਏ ।
ਸਭ ਹੀ ਜਗ ਭਰਮੇ ਭਵਰਾਯੰ, ਤਾਂਤੇ ਨਾਮ ਬੇਅੰਤ ਕਹਾਯੰ । ੭ ।
ਬ੍ਰਹਿਮਾਦਿਕ ਸਬਹੀ ਪਚ ਹਾਰੇ, ਬਿਸ਼ਨ ਮਹੇਸ਼ਰ ਕਉਨ ਬਿਚਾਰੇ ।
ਚੰਦ ਸੂਰਜ ਜਿਨ ਕਰੇ ਬਿਚਾਰਾ, ਤਾਂਤੇ ਜਨਿਯਤ ਹੈ ਕਰਤਾਰਾ । ੧੪ ।

ਇਸੇ ਬਿਆਨ ਦੇ ਅੰਤ ਤੇ ਗੁਰੂ ਸਾਹਿਬ ਨੇ ਇਹ ਵੀ ਕਿਹਾ ਜੋ ਲੋਕ ਅਵਤਾਰ-ਪੂਜਾ ਯਾ ਪੀਰ ਪ੍ਰਸਤੀ ਵਿਚ ਫਸ ਗਏ, ਉਹ ਤੱਤ ਨੂੰ ਨਹੀਂ ਪਾ ਸਕੇ । ਇਹੋ ਵੱਡੀ ਭੁਲ ਸੀ, ਜੋ ਆਮ ਮਜ਼ਬੀ ਲੋਕਾਂ ਨੂੰ ਖਰਾਬ ਕਰਦੀ ਆ ਰਹੀ ਹੈ ।

ਜਗ ਆਪਨ ਆਪਨ ਉਰਝਾਨਾ, ਪਾਰਬ੍ਰਹਿਮ ਕਾਹੂੰ ਨਾ ਪਛਾਨਾ ।
ਇਕ ਮੜ੍ਹੀਅਨ ਕਬਰਨ ਵੈ ਜਾਹੀ; ਦੁਹੂੰਅਨ ਮੈਂ ਪਰਮੇਸਰ ਨਾਹੀਂ । ੧੮ ।
ਏ ਦੋਊ ਮੋਹ ਬਾਦ ਮੋਂ ਪਚੇ, ਇਨ ਤੇ ਨਾਥ ਨਿਰਾਲੇ ਬਚੇ ।
ਜਾਂਕੋ ਛੂਟਿ ਗਯੋ ਭਰਮ ਉਰ ਕਾ, ਤਿਹ ਆਗੇ ਹਿੰਦੂ ਕਿਆ ਤੁਰਕਾ । ੧੯ ।
ਇਕ ਤਸਬੀ ਇਕ ਮਾਲਾ ਧਰਹੀ, ਏਕ ਕੁਰਾਨ ਪੁਰਾਨ ਉਚਰਹੀ ।
ਕਰਤ ਬਿਰੋਧ ਗਏ ਮਰਿ ਮੂੜ੍ਹਾ, ਪ੍ਰਭੁ ਕੋ ਰੰਗ ਨਾ ਲਾਗਾ ਗੂੜ੍ਹਾ । ੨੦ ।
ਜੋ ਜੋ ਰੰਗ ਏਕ ਕੇ ਰਾਚੇ; ਤੇ ਤੇ ਲੋਕ ਲਾਜ ਤਜਿ ਨਾਚੇ ।
ਆਦਿ ਪੁਰਖ ਜਿਨ ਏਕ ਪਛਾਨਾ, ਦੁਤੀਆ ਭਾਵ ਨਾ ਮਨ ਮਹਿ ਆਨਾ । ੨੧ ।
ਜੋ ਜੋ ਭਾਵ ਦੁਤਿਯ ਮਹਿ ਰਾਚੇ, ਤੇ ਤੇ ਮੀਤ ਮਿਲਨ ਤੇ ਬਾਚੇ ।
ਏਕ ਪੁਰਖ ਜਿਨ ਨੈਕੁ ਪਛਾਂਨਾ, ਤਿਨ ਹੀ ਪਰਮ ਤੱਤ ਕਹ ਜਾਨਾ । ੨੨ ।

ਇਤਨੀ ਸਪਸ਼ਟਤਾ ਦੇ ਹੁੰਦਿਆ ਹੋਰ ਵਿਆਖਿਆ ਦੀ ਲੋੜ ਨਹੀਂ ਕਿ ਗੁਰੂ ਸਾਹਿਬ ਦਾ ਇਸ਼ਟ ਕੌਣ ਸੀ । ਹਾਂ, ਅਵਤਾਰਾਂ ਦੀ ਕਥਾ ਲਿਖੀ ਇਸ ਲਈ ਤਾਂ ਕਿ ਜੋ ਲੋਕ ਇਨ੍ਹਾਂ ਵਿਚ ਸ਼ਰਧਾ ਵਿਸ਼ਵਾਸ਼ ਰੱਖਦੇ ਹਨ, ਉਨ੍ਹਾਂ ਦੇ ਮਨ ਨੂੰ ਇਨ੍ਹਾਂ ਰਾਹੀਂ ਵੀ ਹਲੂਣਾ ਆਵੇ ਤੇ ਉਹ ਸਾਵਧਾਨ ਹੋਕੇ ਜੂਝ ਸਕਣ ।

ਹਿੰਦੁਸਤਾਨੀ ਸਿਆਣਿਆ ਦੀ ਅਵਤਾਰਵਾਦ ਦੀ ਫਿਲਾਸਫੀ ਦੀ ਵੀ ਦਾਦ ਦੇਣੀ ਪੈਂਦੀ ਹੈ ਕਿ ਉਨ੍ਹਾਂ ਵਿਕਾਸਵਾਦ ਦੇ ਸਿਧਾਂਤ ਨੂੰ ਮੁਖ ਰੱਖਕੇ ਜੋ ਕੋਈ ਸਮੇਂ ਸਮੇਂ ਤਲਾ ਆਗੂ ਹੋਇਆ, ਉਸ ਨੂੰ ਇਕ ਅਵਤਾਰ ਮਾਲਾ ਵਿਚ ਪ੍ਰੋ ਲਿਆ । ਜਦੋਂ ਜ਼ਿੰਦਗੀ ਪਾਣੀਆਂ ਤਕ ਹੀ ਮਹਿਦੂਦ ਸੀ ਤਾਂ 'ਮੱਛ' ਅਵਤਾਰ ਹੀ ਹੋ ਸਕਦਾ ਸੀ, ਇਸ ਤੋਂ ਅਗੇ ਮਨੁਖੀ

ਵਿਕਾਸ ਅਨੁਸਾਰ ਅਵਤਾਰ-ਯੋਜਨਾ ਵਿਚ ਵਿਕਾਸ ਹੁੰਦਾ ਗਿਆ। ਇਸ ਸਾਰੀ ਅਵਤਾਰ-ਮਾਲਾ ਵਿਚ ਰਾਮ ਤੇ ਕ੍ਰਿਸ਼ਨ ਨੂੰ ਵਿਸ਼ੇਸ਼ ਗੌਰਵ ਪ੍ਰਾਪਤ ਹੈ, ਇਸੇ ਕਰਕੇ ਰਾਮ ਕਥਾ ੮੬੪ ਛੰਦਾਂ ਵਿਚ ਤੇ ਕ੍ਰਿਸ਼ਣ ਕਥਾ ੨੪੯੨ ਛੰਦਾਂ ਵਿਚ ਲਿਖੀ ਗਈ ਹੈ। ਯਾ ਫਿਰ ਨਿਹਕਲੰਕੀ ਅਵਤਾਰ ਦੇ ਬਿਆਨ ਵਿਚ ੫੮੮ ਛੰਦ ਰਚੇ ਗਏ ਹਨ। ਨਿਹਕਲੰਕੀ ਅਵਤਾਰ ਦਾ ਸੰਕਲਪ ਪੁਰਾਣਾ ਹੈ ਜੋ ਕਿ ਭਵਿਸ਼ਤ ਦੇ ਸਮੇਂ ਦੇ ਉਧਾਰ ਲਈ ਕਿਸੇ ਮਹਾਂਪੁਰਸ਼ ਦਾ ਆਉਣਾ ਜ਼ਰੂਰੀ ਦਸਦਾ ਹੈ। ਇਸ ਦਾ ਲਾਭ ਇਹ ਵੀ ਹੈ ਕਿ ਨੇਕੀ ਯਾ ਧਰਮ ਦੇ ਹਾਮੀਆਂ ਦਾ ਧਰਵਾਸ ਬਣਿਆਂ ਰਹਿੰਦਾ ਹੈ।

ਆਮ ਅਵਤਾਰਾਂ ਦਾ ਪ੍ਰਕਾਸ਼ ਤਾਂ ਹੀ ਹੁੰਦਾ ਹੈ ਜਦੋਂ ਕੋਈ ਦੈਂਤ-ਸ਼ਕਤੀਆਂ ਧਰਮ ਕਰਮ ਵਿਚ ਵਿਘਨ ਪਾਉਂਦੀਆਂ ਤੇ ਉਨ੍ਹਾਂ ਵਿਘਨਾਂ ਨੂੰ ਦੂਰ ਕਰਨ ਲਈ ਕੋਈ ਕਲਾਧਾਰੀ ਅਗੇ ਆਉਂਦਾ ਹੈ। ਜਦੋਂ ਕੋਈ ਅਵਤਾਰ ਇਨ੍ਹਾਂ ਦੈਂਤਾਂ ਦੇ ਬਿਨਾਸ ਲਈ ਧਾਵਾ ਬੋਲਦਾ ਹੈ ਤਾਂ ਗੁਰੂ ਸਾਹਿਬ ਨੇ ਉਥੇ ਜੁੱਧ-ਵਰਣਨ ਤੇ ਬਹੁਤ ਜ਼ੋਰ ਦਿਤਾ ਹੈ। ਇਹ ਬਚਿਤ੍ਰ ਨਾਟਕ ਦੀ ਖਾਸ ਖੂਬੀ ਹੈ ਕਿ ਜੰਗੀ ਘਟਨਾਵਾਂ ਨੂੰ ਵਧਾ ਕੇ ਤੇ ਚਮਕਾ ਕੇ ਪੇਸ਼ ਕੀਤਾ ਗਿਆ ਹੈ। ਕ੍ਰਿਸ਼ਣ ਕਥਾ ਦਾ 'ਰਾਸ ਲੀਲ੍ਹਾ' ਤੇ 'ਗੋਪੀ ਬਿਰਹੁ' ਤੋਂ ਇਲਾਵਾ 'ਜੁਧ ਪ੍ਰਬੰਧ' ਇਕ ਵੱਖਰਾ ਹੀ ਵੱਡਾ ਭਾਗ ਹੈ। ਜ਼ਾਹਿਰ ਹੈ ਕਿ ਗੁਰੂ ਸਾਹਿਬ ਇਸ ਯੁੱਧ-ਚਿਤ੍ਰਣ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਸਨ ਕਿ ਜੇਕਰ ਇਕ ਅਵਤਾਰ ਦੈਂਤਾਂ ਦੇ ਨਾਸ ਲਈ ਇਤਨਾ ਬਲੀ ਸਿੱਧ ਹੋ ਸਕਦਾ ਹੈ, ਯਾ ਜੇਕਰ ਚੰਡੀ ਵਰਗੀ ਦੇਵੀ, ਮਹਖਾਸੁਰ ਵਰਗੇ ਦੈਂਤਾਂ ਦੇ ਆਹੂ ਲਾਹੁਣ ਲਈ ਸਮਰੱਥ ਹੈ ਤਾਂ ਕੋਈ ਗੱਲ ਨਹੀਂ ਕਿ ਭਾਰਤੀ ਜਨਤਾ ਮੁਗ਼ਲ ਸਾਮਰਾਜ ਦੇ ਦੈਂਤ ਨਾਲ ਟੱਕਰ ਲੈ ਕੇ ਸਫ਼ਲਤਾ ਹਾਸਲ ਨ ਕਰ ਸਕੇ। ਇਹ ਇਕ ਬੁਨਿਆਦੀ ਨੁਕਤਾ ਸੀ, ਜਿਸ ਉਤੇ ਗੁਰੂ ਸਾਹਿਬ ਨੇ ਬਹੁਤ ਜ਼ੋਰ ਦਿਤਾ ਹੈ।

ਇਕ ਮਿਸਾਲ ਹੋਰ ਵੀ ਇਸ ਗੱਲ ਨੂੰ ਉਜਾਗਰ ਕਰਦੀ ਹੈ: 'ਦੁਰਗਾ ਸਪਤਸ਼ਤੀ' ਦੇ ਆਧਾਰ ਤੇ ਪਹਿਲੇ 'ਚੰਡੀ ਚਰਿਤਰ ਉਕਤਿ ਬਿਲਾਸ' ਲਿਖਿਆ ਗਿਆ ਸੀ, ਜਿਸ ਵਿਚ ਅਲੰਕਾਰਕ ਵਰਣਨ ਦੀ ਪ੍ਰਧਾਨਤਾ ਸੀ ਪਰ ਜਦ ਉਹਨਾਂ 'ਬਚਿਤਰ ਨਾਟਕ' ਦੀ ਸਪਿਰਟ ਅਨੁਸਾਰ ਚੰਡੀ ਦੀ ਕਥਾ ਨੂੰ ਇਸ ਵਿਚ ਦਰਜ ਕਰਨਾ ਚਾਹਿਆ ਤਾਂ ਦੂਜਾ 'ਚੰਡੀ ਚਰਿਤਰ' ਲਿਖਿਆ ਜਿਸ ਵਿਚ ਜੰਗੀ ਵਰਣਨ ਦੀ ਪ੍ਰਧਾਨਤਾ ਹੈ। ਇਸ ਦੇ ਮੁੱਢ ਵਿਚ ਹੀ ਮੰਗਲਾ-ਚਰਣੀ ੨੦ ਤ੍ਰਿਭੰਗੀ ਛੰਦ ਹਨ ਜੋ ਹੁਣ ਭੁਲੇਖੇ ਨਾਲ ਅਕਾਲ ਉਸਤਤਿ ਵਿਚ ਦਰਜ ਚਲੇ ਆ ਰਹੇ ਹਨ। ਇਹ ਗੱਲ ਇਹ ਵੀ ਸਿਧ ਕਰਦੀ ਹੈ ਕਿ ਉਹਨਾਂ ਦੇ ਸਾਹਮਣੇ ਰਚਨਾ ਦਾ ਉਦੇਸ਼ ਕਿਤਨਾ ਸਪਸ਼ਟ ਸੀ ਤੇ ਉਸ ਦੇ ਲਈ ਉਹ ਕਿਸੇ ਤਰ੍ਹਾਂ ਦੀ ਘਾਲ ਘਾਲਣੋਂ ਵੀ ਸੰਕੋਚ ਨਹੀਂ ਸੀ ਕਰਦੇ।

ਬਚਿਤਰ ਨਾਟਕ, ਪ੍ਰਾਪੇਗੰਡਾ ਲਿਟਰੇਚਰ ਦਾ ਇਕ ਅਹਿਮ ਗਰੰਥ ਹੈ ਜਿਸ ਵਿਚ ਭਾਰਤੀ ਲੋਕ-ਨਾਇਕਾਂ ਦੇ ਜੀਵਨ-ਬ੍ਰਿਤਾਂਤ ਪੁਰਾਣਿਕ ਢੰਗ ਨਾਲ ਲਿਖਕੇ ਜਨ ਸਾਧਾਰਣ

ਨੂੰ ਉਭਾਰਿਆ ਗਿਆ ਹੈ। ਵਿਚ ਵਿਚ ਗੁਰੂ ਸਾਹਿਬ ਨੇ ਆਪਣੇ ਜੀਵਨ-ਸਿਧਾਂਤ ਦੇ ਨਗ ਜੜ ਕੇ ਇਸ ਨੂੰ ਹੋਰ ਵੀ ਗੌਰਵਮਈ ਬਣਾ ਦਿਤਾ ਹੈ।

ਦੇਵਤਿਆਂ ਵਿਚੋਂ ਚੂੰਕਿ ਵਿਸ਼ਨੂੰ ਪ੍ਰਧਾਨ ਦੇਵਤਾ ਹੈ, ਇਸ ਲਈ ਪਹਿਲੇ ਉਸੇ ਦੇ ੨੪ ਅਵਤਾਰਾਂ ਦੀ ਕਥਾ ਵਰਣਨ ਕੀਤੀ ਹੈ। ਇਕ ਗੱਲ ਜ਼ਰੂਰ ਧਿਆਨ ਯੋਗ ਹੈ ਕਿ ਜਿਸ ਅਵਤਾਰ ਬਾਰੇ ਗੁਰੂ ਸਾਹਿਬ ਬਹੁਤਾ ਆਦਰ ਭਾਵ ਨਹੀਂ ਸੀ ਰਖਦੇ, ਉਹਨਾਂ ਦਾ ਵਰਣਨ ਜ਼ਰਾ ਨਿਖੇਧਾਤਮਕ ਕਿਸਮ ਦਾ ਹੈ। ਇਹਨਾਂ ਵਿਚੋਂ ਅਰਹੰਤ ਤੇ ਬੁਧ ਮੁਖ ਹਨ। ਇਹ ਦੋਵੇਂ ਮਹਾਂਪੁਰਸ਼ ਭਾਵੇਂ ਸਦਾਚਾਰਕ ਕੀਮਤਾਂ ਤੇ ਜ਼ੋਰ ਦੇਣ ਵਾਲੇ ਸਨ ਪਰ ਅਧਿਆਤਮਕ ਜਾਂ ਰੱਬੀ ਵਿਸ਼ਵਾਸ਼ ਨੂੰ ਇਹਨਾਂ ਕੋਈ ਥਾਂ ਨਹੀਂ ਦਿਤੀ, ਇਸ ਕਰਕੇ ਗੁਰੂ ਸਾਹਿਬ ਨੇ ਇਕ ਅਕਾਲ-ਪੁਜਾਰੀ ਹੋਣ ਦੇ ਨਾਤੇ ਇਹਨਾਂ ਦਾ ਵਰਣਨ ਉਸ ਭਾਵ ਨਾਲ ਨਹੀਂ ਕੀਤਾ ਜਿਸ ਨਾਲ ਹੋਰਾਂ ਦਾ ਕੀਤਾ ਹੈ। ਅਰਹੰਤ ਅਵਤਾਰ ਬਾਰੇ ਗੁਰੂ ਸਾਹਿਬ ਲਿਖਦੇ ਹਨ ਕਿ ਉਸ ਨੇ ਜਾਣ ਕੇ ਦੈਂਤਾਂ ਨੂੰ ਪੁੱਠੇ ਰਸਤੇ ਪਾਇਆ ਤਾਂਕਿ ਉਹਨਾ ਦੀ ਸ਼ਕਤੀ ਵਧ ਨਾ ਸਕੇ। ਪੁੱਠਾ ਰਾਹ ਕੀ ਸੀ—ਰੱਬ ਨੂੰ ਨ ਮੰਨਣਾ, ਮੋਚਨਿਆਂ ਨਾਲ ਜਟੂਰੀਆਂ ਪੱਟਣਾ, ਇਸ਼ਨਾਨ ਨ ਕਰਨਾ, ਇਹਨਾਂ ਗੱਲਾਂ ਨੇ ਉਹਨਾਂ ਨੂੰ ਡੋਬ ਦਿਤਾ। ਆਪ ਲਿਖਦੇ ਹਨ :—

ਜਬ ਅਸੁਰਨ ਕੋ ਭਯੋ ਗੁਰੂ ਆਈ। ਬਹੁਤ ਭਾਂਤ ਨਿਜ ਮਤਿਹਿ ਚਲਾਈ।
ਸ੍ਰਾਵਗ ਮਤ ਉਪਰਾਜਨ ਕੀਆ। ਸੰਤ ਸਬੂਹਨ ਕੋ ਸੁਖ ਦੀਆ। ੯।
ਸਬਹੂ ਹਾਥ ਮੋਚਨਾ ਦੀਏ। ਸਿਖਾ ਹੀਣ ਦਾਨਵ ਬਹੁ ਕੀਏ।
ਸਿਖਾ ਹੀਣ ਕੋਈ ਮੰਤ੍ਰ ਨ ਫੁਰੈ। ਜੋ ਕੋਈ ਜਪੈ ਉਲਟ ਤਿਹ ਪਰੈ। ੧੦।

ਦੋਹਰਾ

ਜੰਨ ਅੰਨ ਤੇ ਹੋਤ ਜਯੋਂ, ਘਾਸ ਘਾਸ ਤੇ ਹੋਇ।
ਤੈਸੇ ਮਨੁਸ਼ ਮਨੁਸ਼ ਤੇ, ਅਵਰ ਨ ਕਰਤਾ ਕੋਇ। ੧੪।

ਐਸ ਗਿਆਨ ਸਬਹੂਨ ਦ੍ਰਿੜਾਯੋ, ਧਰਮ ਕਰਮ ਕੋਊ ਕਰਨ ਨ ਪਾਯੋ।
ਇਹ ਬ੍ਰਿਤ ਬੀਚ ਸਭੋ ਚਿਤ ਦੀਨਾ, ਅਸੁਰ ਬੰਸ ਤਾਂਤੇ ਭਯੋ ਛੀਨਾ। ੧੫।
ਨ੍ਹਾਵਨ ਦੇਂਤ ਨ ਪਾਵੈ ਕੋਈ, ਬਿਨ ਇਸ਼ਨਾਨ ਪਵਿਤਰ ਨ ਹੋਈ।
ਬਿਨ ਪਵਿਤਰ ਕੋਈ ਫੁਰੇ ਨ ਮੰਤ੍ਰਾ। ਨਿਫਲ ਭਏ ਤਾਂਤੇ ਸਭ ਜੰਤ੍ਰਾ। ੧੬।

(ਅਰਹੰਤ ਦੇਵ, ਪੰਦ੍ਰਵਾਂ ਅਵਤਾਰ)

ਇਸ ਤੋਂ ਬਾਅਦ ਸੋਲ੍ਹਵਾਂ ਅਵਤਾਰ ਮਨੂੰ ਰਾਜਾ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਸ ਨੇ ਜੈਨੀਆਂ ਵਾਲੇ ਪੁੱਠੇ ਰਾਹ ਚਲ ਰਹੇ ਲੋਕਾਂ ਨੂੰ ਮਨੂੰ ਸਿਮ੍ਰਿਤੀ ਲਿਖਕੇ ਫਿਰ ਕਰਮ ਧਰਮ ਦੇ ਮਾਰਗ ਪਾਇਆ। ਇਹ ਉਸ ਸਮੇਂ ਦੀ ਪ੍ਰਚਲਤ ਵਿਆਖਿਆ ਸੀ।

ਬੁਧ ਅਵਤਾਰ ਦੀ ਕਥਾ ਤਿੰਨ ਛੰਦਾਂ ਵਿਚ ਇਹ ਕਹਿਕੇ ਮੁਕਾ ਦਿਤੀ ਹੈ ਕਿ ਇਸਦਾ ਨਾਂ ਥਾਂ ਕੋਈ ਨਹੀਂ। ਦਰਅਸਲ ਬੁਧ ਦੀ ਮਾਨਤਾ ਬੁਤਪ੍ਰਸਤੀ ਦੇ ਰੂਪ ਵਿਚ ਸੀ ਤੇ ਉਹ ਉਂਜ ਸੁੰਨਵਾਦੀ ਸੀ। ਇਕ ਗੱਲ ਹੋਰ ਵੀ ਧਿਆਨ ਵਿਚ ਰਖਣ ਯੋਗ ਹੈ ਕਿ ਮਹਾਤਮਾ ਬੁਧ

ਬਾਰੇ ਮੌਜੂਦਾ ਗਿਆਨ ਅਪ੍ਰਾਪਤ ਸੀ ਤੇ ਸਿਵਾਇ ਪੱਥਰ-ਮੂਰਤਿ ਦੇ ਉਸ ਦੀ ਹੋਰ ਕੋਈ ਵਿਸ਼ੇਸ਼ਤਾ ਉਸ ਸਮੇਂ ਮੂਰਤੀਮਾਨ ਨਹੀਂ ਸੀ।

'ਜਾਂਕਰ ਨਾਂਵ ਨ ਠਾਂਵ ਬਖਾਨਾ। ਬਉਧ ਅਵਤਾਰ ਵਹੀ ਪਹਿਚਾਨਾ।
ਸਿਲਾ ਸਰੂਪ ਰੂਪ ਤਿਹ ਜਾਨਾ, ਕਥਾ ਨ ਜਾਂਹਿ ਕਲੂ ਮਹਿ ਮਾਨਾ। ੨।

ਦੋਹਰਾ—ਰੂਪ ਰੇਖ ਜਾਂਕਾ ਨ ਕਛੁ, ਅਰ ਕਛੁ ਨਹਿਨ ਕਾਰ।
ਸਿਲਾ ਰੂਪ ਬਰਤਤ ਜਗਤ, ਸੋ ਬਉਧਾਵਤਾਰ। ੩।

ਇਸੇ ਤਰ੍ਹਾਂ ਨਿਹਕਲੰਕੀ ਤੋਂ ਬਾਦ ਮੀਰ ਮਹਿਦੀ ਨੂੰ ਉਹਨਾਂ ਸ਼ਾਮਲ ਤਾਂ ਜ਼ਰੂਰ ਕਰ ਦਿਤਾ ਪਰ ਉਸ ਲਈ ਵੀ ਉਹਨਾਂ ਦੀ ਉਚੀ ਭਾਵਨਾ ਨਹੀਂ। ਲਿਖਿਆ ਹੈ ਕਿ ਅਹੰਕਾਰ ਨੇ ਉਸਦੀ ਮਤ ਮਾਰ ਦਿਤੀ ਤੇ ਅਖੀਰ ਪਰਮੇਸ਼ਰ ਨੇ ਇਕ ਮਾਮੂਲੀ ਕੀਟ ਰਾਹੀਂ ਉਸਦਾ ਨਾਸ ਕਰਾਇਆ।

ਮਹਦੀ ਭਰਯੋ ਤਬ ਗਰਬ, ਜਗ ਜੀਤਯੋ ਜਬ ਸਰਬ
ਸਿਰ ਅਤ੍ਰ ਪਤ੍ਰ ਫਿਰਾਇ, ਜਗ ਜ਼ੋਰ ਕੀਨ ਬਨਾਇ। ੨।
ਬਿਨ ਆਪ ਜਾਨ ਨ ਅਉਰ, ਸਭ ਰੂਪ ਸਬ ਅਉ ਠਉਰ
ਜਿਨ ਏਕ ਦਿਸ਼ਟਿ ਨ ਆਨ, ਤਿਸ ਲੀਨ ਕਾਲ ਨਿਦਾਨ। ੩।

ਇਹ ਇਸ਼ਾਰਾ ਇਸਲਾਮ ਦੀ ਜਬਰੀ ਤਬਲੀਗ ਵਲ ਜਾਪਦਾ ਹੈ, ਜਿਸ ਨੇ ਇਕ ਵਾਰ ਤਲਵਾਰ ਦੇ ਜ਼ੋਰ ਨਾਲ ਸਭ ਧਰਮਾਂ ਦਾ ਨੱਕ ਦਮ ਕਰ ਛਡਿਆ ਸੀ। ਵੈਸੇ ਇਸਲਾਮੀ ਨਿਸ਼ਚੇ ਅਨੁਸਾਰ ਕਲਕੀ ਵਾਂਗ ਮਹਿਦੀ ਭਵਿਸ਼ਤ ਦਾ ਇਮਾਮ ਹੈ, ਜੋ ਹੋਣਾ ਹੈ।

ਹਿੰਦੂ ਦੇਵਤਿਆਂ ਵਿਚ ਵਿਸ਼ਨੂ ਤੋਂ ਬਾਦ ਦੂਜਾ ਨੰਬਰ ਸ਼ਿਵਾਂ ਦਾ ਹੈ। ਇਸ ਲਈ ਵਿਸ਼ਨੂ ਅਵਤਾਰਾਂ ਦੀ ਕਹਾਣੀ ਪਿਛੋਂ ਰੁਦ੍ਰ ਦੇ ਦੋ ਅਵਤਾਰਾਂ—ਦੱਤਾਤਰੇਯ ਤੇ ਪਾਰਸ਼ਨਾਥ ਦੀ ਕਥਾ ਅੰਕਿਤ ਕੀਤੀ ਹੈ। ਦਤਾਤਰੇਯ ਅਨੁਸੂਯਾ ਦੇ ਬੇਟੇ ਸਨ ਜੋ ਕਿ ਸੰਨਿਆਸੀ ਸੰਪ੍ਰਦਾਇ ਦੇ ਮੋਢੀ ਹੋਏ।

ਸੰਨਯਾਸ ਰਾਜ ਭਏ ਦੱਤ ਦੇਵ, ਰੁਦ੍ਰਾਵਤਾਰ ਸੁੰਦਰ ਸਜੇਵ।
ਪਾਵਕ ਸਮਾਨ ਭਯੋ ਤੇਜ ਜਾਸ, ਬਸੁਧਾ ਸਮਾਨ ਧੀਰਜ ਸੁ ਤਾਸ। ੪੦।

ਇਸ ਕਹਾਣੀ ਵਿਚ ਵਧੇਰੇ ਸ਼ੈਵ ਲੋਕਾਂ ਤੇ ਖਾਸ ਕਰਕੇ ਜੋਗੀਆਂ ਦੀ ਰਹੁਰੀਤ ਦਾ ਵਰਣਨ ਹੈ। ਦੱਤਾਤ੍ਰੇਯ ਤਪ ਕਰਦਾ ਹੈ ਤੇ ਉਸ ਨੂੰ ਗੁਰੂ ਧਾਰਨ ਲਈ ਅਕਾਸ਼ ਬਾਣੀ ਹੁੰਦੀ ਹੈ, ਇਸ ਤੇ ਉਹ ਅਕਾਲ ਪੁਰਖ, ਮਨ, ਮਕੜਕਾ, ਬਗਲਾ, ਬਿੱਲਾ, ਪੋਂਜਾ, ਮਾਛੀ, ਦਾਸੀ, ਵਣਜਾਰਾ, ਰਾਜਾ ਸੁਰਥ, ਬਾਲੀ (ਨਿਕੀ ਲੜਕੀ), ਨੌਕਰ, ਪਤਿਬ੍ਰਤ ਇਸਤਰੀ, ਬਾਣਗਰ, ਚੀਲ, ਸ਼ਿਕਾਰੀ, ਨਲਿਨੀ ਸੂਕ, ਸ਼ਾਹੂਕਾਰ, ਤੋਤਾ ਪੜ੍ਹਾਉਣ ਵਾਲਾ, ਹਾਲੀ, ਜੱਫਣੀ ਆਦਿ ੨੪ ਗੁਰੂ ਧਾਰਨ ਕਰਕੇ ਉਤਮ ਸਿਖਿਆ ਗ੍ਰਹਿਣ ਕਰਦਾ ਹੈ। ਇਹ ਇਕ ਲੱਖ ਦਸ ਵਰ੍ਹੇ ਰਿਹਾ ਤੇ ਫਿਰ ਪਾਰਸਨਾਥ ਅਵਤਾਰ ਪ੍ਰਗਟ ਹੋਇਆ। ਪਾਰਸ ਨਾਥ ਰੋਹ ਦੇਸ ਦਾ ਜੰਮਪਲ ਸੀ, ਇਸ ਨੇ ਦਤਾਤਰੇਯ ਦੇ ਸੰਨਿਆਸ ਨੂੰ ਖ਼ਤਮ ਕਰਕੇ ਰਾਜਯੋਗ ਚਲਾਇਆ ਤੇ ਕਿੰਨੇ

ਹੀ ਸੰਨਿਆਸੀ ਮਾਰ ਛਡੇ । ਲਿਖਿਆ ਹੈ :—

ਦਸ ਸੈ ਬਰਖ ਰਾਜ ਤਿਨ ਕੀਨਾ
ਕੈ ਕੈ ਦੂਰ ਦੱਤ ਕੇ ਮਤ ਕਹੁ, ਰਾਜ ਜੋਗ ਦੋਊ ਲੀਨਾ ।

... ... ... ...

ਇਹ ਬਿਧਿ ਜੀਤ ਦੇਸ ਪਰਦੇਸਨ, ਜੀਤ ਨਿਸ਼ਾਨ ਵਜਾਯੋ ।
ਆਪਨ ਕਰਣਕਾਰਣ ਕਰਿ ਮਾਨਯੋ, ਅਕਾਲਪੁਰਖ ਬਿਸਰਾਯੋ । ੧੧੯ ।

ਦਰਅਸਲ ਭਾਰਤੀ ਧਾਰਮਕ ਲਹਿਰ ਵਿਚ ਸਨਾਤਨੀ ਵੈਸ਼ਣਵ ਮਤ ਪਿਛੋਂ ਸ਼ੈਵਾਂ ਦਾ ਜ਼ੋਰ ਹੋਇਆ ਤੇ ਫਿਰ ਜੋਗ ਮਤ ਦਾ ਬੋਲਬਾਲਾ ਰਿਹਾ, ਇਹ ਸਭ ਤਿਆਗ ਤੇ ਜ਼ੋਰ ਦਿੰਦੇ ਸਨ । ਗੁਰੂ ਸਾਹਿਬ ਨੇ ਇਹਨਾ ਵਿਰਕਤ ਮਾਰਗੀ ਪੰਥਾਂ ਦਾ ਚਰਚਾ 'ਰੁਦ੍ਰਾਵਤਾਰ' ਵਿਚ ਕੀਤਾ ਹੈ, ਅੰਤ ਵਿਚ ਇਹਨਾਂ ਜਪਾਂ ਤਪਾਂ ਤੇ ਮੰਤਰਾਂ ਜੰਤਰਾਂ ਦਾ ਖੰਡਨ ਕਰਕੇ ਨਾਮ ਮਾਰਗ ਦੀ ਪੁਸ਼ਟੀ ਕੀਤੀ ਹੈ :

ਸਬੈ ਝੂਠ ਮਾਨੋ ਜਿਤੇ ਜੰਤ੍ਰ ਮੰਤ੍ਰੰ,
ਸਬੈ ਫੋਕਟੰ ਧਰਮ ਹੈ ਭਰਮ ਤੰਤ੍ਰੰ ।
ਬਿਨਾ ਏਕ ਆਸੰ ਨਿਰਾਸੰ ਸਬੇ ਹੈ ।
ਬਿਨਾ ਏਕ ਨਾਮੰ ਨਾ ਕਾਮੰ ਕਬੈ ਹੈ । ੩੪੩ ।
ਕਰੇ ਮੰਤ੍ਰ ਜੰਤ੍ਰ ਜੁ ਪੈ ਸਿੱਧ ਹੋਈ,
ਦਰੰ ਦਵਾਰ ਭਿੱਛਯਾ ਭ੍ਰਮੈ ਨਾਹਿ ਕੋਈ
ਧਰੇ ਏਕ ਆਸਾ ਨਿਰਾਸੇ ਰਮਾਨੇ ।
ਬਿਨਾ ਏਕ ਕਰਮੰ ਸਬੈ ਭਰਮ ਜਾਨੇ । ੩੪੪ । (ਪਾਰਸ ਨਾਥ ਅਵਤਾਰ)

ਰੁਦ੍ਰ ਦੇ ਦੋ ਅਵਤਾਰਾਂ ਪਿਛੋਂ ਬ੍ਰਹਿਮਾ ਦੇ ਸੱਤ ਉਪਅਵਤਾਰਾਂ ਦਾ ਚਰਚਾ ਹੈ, ਇਹ ਉਹ ਵਿਦਵਾਨ ਲੋਕ ਹਨ ਜਿਨ੍ਹਾਂ ਦਾ ਭਾਰਤੀ ਸਾਹਿਤ ਵਿਚ ਕਲਮੀ ਸਿੱਕਾ ਮੰਨਿਆ ਗਿਆ ਹੈ—ਬਾਲਮੀਕਿ, ਕੱਸ਼ਯਪ, ਸ਼ੁਕਰ, ਵਾਚਸਪਤਿ, ਬਿਆਸ, ਖਟ ਸ਼ਾਸਤਰੀ ਅਚਾਰਯ ਤੇ ਕਾਲੀਦਾਸ । ਇਹਨਾ ਬੌਧਿਕ ਪੁਰਸ਼ਾਂ ਨੂੰ ਥੋੜਾ ਹੀ ਥਾਂ ਮਿਲਿਆ ਹੈ ਜਿੰਨਾ ਕਿ ਲੋਕ ਹਿਰਦਿਆਂ ਵਿਚ ਹੈ ਸੀ। ਵਿਦਵਾਨ ਕਿਤਨੇ ਉਚੇ ਹੋਣ, ਉਹਨਾਂ ਦੀ ਮਾਨਤਾ ਜਪੀ ਤਪੀ ਸੰਤ ਸਾਧੂ ਜਿਤਨੀ ਨਹੀਂ ਹੁੰਦੀ ਕਿਉਂਕਿ ਆਮ ਲੋਕ ਉਹਨਾਂ ਦੀ ਉੱਚਤਾ ਦਾ ਅਨੁਮਾਨ ਲਾ ਵੀ ਨਹੀਂ ਸਕਦੇ । ਸੋ ਇਸੇ ਲੋਕ-ਮਾਨਤਾ ਮੁਤਾਬਿਕ ਗੁਰੂ ਸਾਹਿਬ ਨੇ ਇਹਨਾਂ ਦਾ ਕੁਝ ਸੰਖਿਪਤ ਜੇਹਾ ਵਰਣਨ ਕੀਤਾ ਹੈ।

ਸਾਡੇ ਲਈ ਇਸ ਗਰੰਥ ਦੇ ਮੁੱਢ ਵਿਚ ਗੁਰੂ ਸਾਹਿਬ ਦੀ ਲਿਖੀ ਆਪਣੀ 'ਆਤਮ-ਕਥਾ' ਸਭ ਤੋਂ ਵਧ ਅਹਿਮੀਅਤ ਰਖਦੀ ਹੈ । ਇਸ ਆਤਮ ਕਥਾ ਦੇ ੧੪ ਅਧਿਆਇ ਹਨ ਜਿਸ ਵਿਚ ਗੁਰੂ ਸਾਹਿਬ ਨੇ ਭਾਰਤੀ ਮਤਾਂ ਦੀ ਪ੍ਰਿਸ਼ਠ ਭੂਮੀ ਵਿਚ ਸਿਖ ਲਹਿਰ ਦੇ ਵਿਕਾਸ਼ ਤੇ ਇਸਦੇ ਨਰੋਏ ਜੀਵਨ ਦ੍ਰਿਸ਼ਟੀ-ਕੋਣ ਤੇ ਚਾਨਣ ਪਾਇਆ ਹੈ । ਕਿਸ ਤਰ੍ਹਾਂ ਇਹ ਨਵਾਂ

ਧਰਮ ਉਜਾਗਰ ਹੋਇਆ, ਕਿਵੇਂ ਨੌਂ ਗੁਰੂ ਇਕ ਜੋਤਿ ਸਨ, ਕਿਵੇਂ ਗੁਰੂ ਤੇਗ ਬਹਾਦਰ ਜੀ ਨੇ ਕਰਾਮਾਤੀ ਤਲਿਸਮ ਤੋਂ ਇਨਕਾਰ ਕੀਤਾ ਤੇ ਹੋਰਾਂ ਦੀ ਧਾਰਮਿਕ ਆਜ਼ਾਦੀ ਲਈ ਆਪਣੀ ਕੁਰਬਾਨੀ ਦਿਤੀ ਅਤੇ ਕਿਸ ਤਰ੍ਹਾਂ ਇਸ 'ਕੀਟ' ਨੂੰ ਅਕਾਲ ਪੁਰਖ ਵਲੋਂ ਉਚੇਰੇ ਮਿਸ਼ਨ ਲਈ ਭੇਜਿਆ ਗਿਆ। ਇਹ ਗੱਲਾਂ ਸਤਿਗੁਰਾਂ ਖੁਦ ਕਲਮਬੰਦ ਕਰਕੇ ਸਾਡੇ ਇਤਿਹਾਸ ਉਤੇ ਹੀ ਭਾਰੀ ਉਪਕਾਰ ਨਹੀਂ ਕੀਤਾ ਬਲਕਿ ਅਧਿਆਤਮਵਾਦ ਦੇ ਕਈ ਗੁੱਝੇ ਭੇਦਾਂ ਨੂੰ ਵੀ ਪਰਗਟ ਕੀਤਾ ਹੈ । ਸੱਚਾ ਧਰਮੀ ਆਪਣੇ ਧਰਮ ਲਈ ਹੀ ਨਹੀਂ, ਦੂਜਿਆਂ ਦੀ ਧਾਰਮਿਕ ਸੁਤੰਤਰਤਾ ਲਈ ਵੀ ਬਲੀਦਾਨ ਦੇ ਸਕਦਾ ਹੈ ।

'ਤਿਲਕ ਜੰਞੂ ਰਾਖਾ ਪ੍ਰਭ ਤਾਂਕਾ । ਕੀਨੋ ਬਡੋ ਕਲੂ ਮਹਿ ਸਾਕਾ ।'

ਦਾ ਇਹੋ ਭਾਵ ਹੈ। ਇਸੇ ਤਰ੍ਹਾਂ ਦਿਲੀ ਸਰਕਾਰ ਦੀ ਪਰੋਹਤ ਜਮਾਤ ਕਾਜ਼ੀ ਪੀਰਾਂ ਦੀ ਨਿਸ਼ਾਨੀ—ਕਰਾਮਾਤ ਮੰਨਦੀ ਸੀ ਪਰ ਗੁਰੂ ਸਾਹਿਬ ਸੱਚੇ ਆਸਤਿਕ ਦ੍ਰਿਸ਼ਟੀਕੋਣ ਅਨੁਸਾਰ ਇਸਨੂੰ 'ਕਹਰ' ਕਹਿੰਦੇ ਸਨ, ਇਸ ਲਈ ਉਹਨਾਂ ਇਸ ਤਮਾਸ਼ਗੀਰੀ ਨੂੰ ਪਸੰਦ ਨਹੀਂ ਕੀਤਾ—

ਨਾਟਕ ਚੇਟਕ ਕੀਏ ਕੁਕਾਜਾ ।
ਪ੍ਰਭ ਲੋਗਨ ਕਹ ਆਵਤ ਲਾਜਾ ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜੀਵਨ ਆਦਰਸ਼ ਦਸਦਿਆਂ ਇਥੋਂ ਦੇ ਧਰਮਾਂ ਦੀਆਂ ਮੁਢਲੀਆਂ ਕਮਜ਼ੋਰੀਆਂ ਦੀ ਵੀ ਚੰਗੀ ਪੁਣਛਾਣ ਕੀਤੀ ਹੈ। ਉਹਨਾਂ ਲਿਖਿਆ ਹੈ ਕਿ ਕਿਵੇਂ ਭਾਰਤ ਵਿਚ ਸੰਨਿਆਸੀਆਂ ਦੇ ਗੁਰੂ ਦਤਾਤ੍ਰੇਯ, ਜੋਗੀਆਂ ਦੇ ਗੁਰੂ ਗੋਰਖਨਾਥ ਤੇ ਵੈਰਾਗੀਆਂ ਦੇ ਮੋਢੀ ਰਾਮਾਨੰਦ ਤੇ ਮੁਸਲਮਾਨੀ ਮਤ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਆਪਣੇ ਮਤ ਚਲਾਏ । ਕਸਰ ਇਹੋ ਸੀ ਕਿ ਇਹਨਾਂ ਮਤਾਂ ਦੇ ਪੁਜਾਰੀ ਪਰਮੇਸ਼ਰ-ਪੂਜਾ ਦੀ ਥਾਂ ਇਹਨਾਂ ਪੀਰਾਂ ਅਵਤਾਰਾਂ ਦੀ ਪੂਜਾ ਵਿਚ ਹੀ ਰੁੱਝ ਗਏ, ਇਹ ਇਕ ਬੁਨਿਆਦੀ ਭੁੱਲ ਸੀ, ਜਿਸਨੂੰ ਗੁਰੂ ਸਾਹਿਬ ਨੇ ਥਾਂ ਥਾਂ ਉਘੇੜ ਕੇ ਦਸਿਆ ਹੈ :—

ਜਿਨ ਜਿਨ ਤਨਿਕ ਸਿਧ ਕੋ ਪਾਯੋ । ਤਿਨ ਤਿਨ ਅਪਨਾ ਰਾਹੁ ਚਲਾਯੋ ।
ਪਰਮੇਸ਼ਰ ਨ ਕਿਨਹੂ ਪਹਿਚਾਨਾ । 'ਮਮ' ਉਚਾਰਤੇ ਭਯੋ ਦਿਵਾਨਾ । ੧੬ ।

... ... ... ... ...

ਸਭ ਅਪਨੀ ਅਪਨੀ ਉਰਝਾਨਾ । ਪਾਰਬ੍ਰਹਿਮ ਕਾਹੂ ਨ ਪਛਾਨਾ ।
ਤਪ ਸਾਧਤ ਹਰਿ ਮੋਹਿ ਬੁਲਾਯੋ । ਇਮ ਕਹਿ ਕੈ ਇਹ ਲੋਕ ਪਠਾਯੋ ।

ਫਿਰ ਉਸ ਰੱਬੀ ਵਾਰਤਾਲਾਪ ਦਾ ਵਰਣਨ ਹੈ ਜੋ ਗੁਰੂ ਸਾਹਿਬ ਅਤੇ ਅਕਾਲਪੁਰਖ ਦੇ ਦਰਮਿਆਨ ਹੋਇਆ। ਇਸ ਤੋਂ ਪਿਛੋਂ ਜਨਮ, ਬਚਪਨ, ਸਿਖਿਆ ਦੀਖਿਆ, ਗੁਰਿਆਈ, ਪਾਉਂਟੇ ਆਉਣਾ, ਫਤੇਸ਼ਾਹ ਨਾਲ ਅਕਾਰਣ ਭੰਗਾਣੀ ਦਾਂ ਜੰਗ, ਨਦੌਣ ਦਾ ਯੁੱਧ, ਜਿਥੇ ਮਾਲੀਆ ਉਗਰਾਹੁਣ ਆਇਆ ਅਲਫ਼ ਖਾਂ ਮਾਰ ਖਾ ਕੇ ਗਿਆ, ਹੁਸੈਨੀ-ਯੁੱਧ, ਜੁਝਾਰ ਸਿੰਘ

ਦਾ ਯੁੱਧ, ਸ਼ਹਿਜ਼ਾਦਾ ਮੁਅੱਜ਼ਮ ਤੇ ਅਹਿਦੀਆਂ ਦਾ ਪੰਜਾਬ ਵਲ ਆਉਣਾ ਤੇ ਮਿਰਜ਼ਾਬੇਗ ਹਥੋਂ ਗੁਰੂ-ਬੇਮੁਖਾਂ ਨਾਲ ਹੋਈ ਕੁਪੱਤ ਦਾ ਜ਼ਿਕਰ ਕੀਤਾ ਹੈ । ਸ਼ਹਿਜ਼ਾਦਾ ਮੁਅੱਜ਼ਮ ਮੁਲਤਾਨ ਦਾ ਸੂਬੇਦਾਰ ਬਣਕੇ ਭਾਦੋਂ-ਅੱਸੂ ੧੭੫੩ ਬਿ: ਵਿਚ ਪੰਜਾਬ ਆਇਆ ਸੀ ਪਰ ਉਹ ਅਨੰਦਪੁਰ ਤੇ ਹਮਲਾਵਰ ਨਹੀਂ ਸੀ ਹੋਇਆ । ਇਸ ਤਰ੍ਹਾਂ ਗੁਰੂ ਸਾਹਿਬ ਨੇ ੧੭੫੪ਬਿ: ਤਕ ਦੀਆਂ ਜੰਗੀ ਘਟਨਾਵਾਂ ਦਾ ਵੇਰਵਾ ਦਿਤਾ ਹੈ। ਇਹ ਅਧਿਆਇ ਇਤਿਹਾਸਕ ਤੌਰ ਤੇ ਬਹੁਮੁੱਲੇ ਹਨ. ਇਹਨਾਂ ਤੋਂ ਸਤਿਗੁਰਾਂ ਵਿਰੁਧ ਪਹਾੜੀ ਰਾਜਿਆਂ ਤੇ ਮੁਗ਼ਲ ਰਾਜ ਦੀਆਂ ਮੁਢਲੀਆਂ ਸਰਗਰਮੀਆਂ ਦਾ ਪਤਾ ਲਗਦਾ ਹੈ । ਇਹ ਵੀ ਪਰਗਟ ਹੈ ਕਿ ਇਹ ਸਾਰੀ ਫ਼ੌਜੀ ਕਾਰਵਾਈ ਕੇਵਲ ਦਿੱਲੀ ਦੇ ਹਾਕਮਾਂ ਯਾ ਸਰਹੰਦ ਦੇ ਫ਼ੌਜਦਾਰ ਦੀ ਕਾਢ ਹੀ ਨਹੀਂ ਸੀ ਬਲਕਿ ਦੱਖਣ ਬੈਠੇ ਔਰੰਗਜ਼ੇਬ ਦੇ ਗੁੱਸੇ ਦਾ ਪ੍ਰਤਿਕਰਮ ਵੀ ਸੀ ।*

ਸੋ ਜਿਥੇ ਬਚਿਤਰ ਨਾਟਕ ਦੇ ਇਹ ਪਹਿਲੇ 14 ਕਾਂਡ ਗੁਰੂ ਸਾਹਿਬ ਦੇ ਜੀਵਨ ਸਬੰਧੀ ਇਤਿਹਾਸਕ ਤੌਰ ਤੇ ਬਹੁਮੁਲੇ ਹਨ, ਉਥੇ ਪੁਰਾਣਿਕ ਦ੍ਰਿਸ਼ਟੀ ਤੋਂ ਵਿਸ਼ਣੂ, ਰੁਦਰ ਤੇ ਬ੍ਰਹਿਮਾ ਦੇ ਅਵਤਾਰਾਂ ਦੀ ਕਹਾਣੀ ਭਾਰਤੀ ਵਿਚਾਰਧਾਰਾ ਤੇ ਮਿਥਿਹਾਸ ਦਾ ਵੀ ਸੰਪੂਰਣ ਪਰਿਦਰਸ਼ਨ ਕਰਦੀ ਹੈ । ਇਸ ਸਾਰੇ ਵਿਸ਼ਾਲ ਵਰਣਨ ਵਿਚ ਗੁਰੂ ਜੀ ਦੀ ਉਚੀ ਆਤਮਾ ਦੀ ਆਵਾਜ਼ ਵੀ ਥਾਂ ਥਾਂ ਸੁਣਾਈ ਦਿੰਦੀ ਹੈ ਜੋ ਅਧਿਆਤਮਕਤਾ ਦਾ ਮਨੋਹਰ ਸੰਦੇਸ਼ ਬੜੀ ਸਪਸ਼ਟਤਾ ਤੇ ਜ਼ੋਰ ਨਾਲ ਸਾਡੇ ਕੰਨੀਂ ਪਾਉਂਦੀ ਹੈ । ਇਹ ਸੰਦੇਸ਼ਾ ਇਕ ਅਕਾਲੀ ਵਿਸ਼ਵਾਸ਼ ਨੂੰ ਦ੍ਰਿੜਾਉਣ ਵਾਲਾ ਤੇ ਹਰ ਕਿਸਮ ਦੇ ਭਰਮ ਕਰਮਾਂ ਤੋਂ ਉੱਚਾ ਉਠਾਉਣ ਵਾਲਾ ਹੈ । ਸਮੁੱਚੇ ਤੌਰ ਤੇ ਜਿਥੇ ਆਪਣੀ ਜੀਵਨ ਘਟਨਾਵਲੀ ਤੇ ਅਵਤਾਰਾਂ ਦਾ ਪੁਰਾਣਕ ਬ੍ਰਿਤਾਂਤ ਕਹਿ ਕੇ ਉਹਨਾਂ ਆਮ ਲੋਕਾਂ ਨੂੰ ਟੁੰਬਿਆ ਤੇ ਉਭਾਰਿਆ ਹੈ, ਉਥੇ 'ਗੁਰੂ' ਹੋਣ ਦੇ ਨਾਤੇ ਥਾਂ ਥਾਂ ਜਾਗਤ ਜੋਤਿ ਦੀ ਪੂਜਾ ਤੇ ਭਰਮ ਰਹਿਤ-ਧਰਮ ਦਸ ਕੇ ਰੂਹਾਨੀਅਤ ਦਾ ਰੰਗ ਨਿਖਾਰਿਆ ਹੈ ।

## ਕਲਾ ਪੱਖ

ਬਚਿਤਰ ਨਾਟਕ ਦਾ ਕਲਾ ਪੱਖ ਵਿਸਤ੍ਰਿਤ ਚਰਚਾ ਦੀ ਮੰਗ ਕਰਦਾ ਹੈ । ਜੇਕਰ ਅਸੀਂ ਸਾਰੀਆਂ ਅਵਤਾਰ ਕਥਾਵਾਂ ਦੇ ਰੂਪਕ ਪੱਖ ਉਤੇ ਵਿਚਾਰ ਕਰੀਏ ਤਾਂ ਇਥੇ ਸੰਭਵ ਨਹੀਂ । ਇਹਨਾਂ ਵਿਚ ਰਾਮ ਕਥਾ ਤੇ ਕ੍ਰਿਸ਼ਣ ਕਥਾ ਵਡੇਰੀਆਂ ਵੀ ਹਨ ਤੇ ਕਵੀ ਨੇ ਇਹਨਾਂ ਵਿਚ ਢੇਰ ਕਾਵਿ ਚਮਤਕਾਰ ਵੀ ਦਿਖਾਏ ਹਨ। ਕ੍ਰਿਸ਼ਣ-ਕਥਾ ਦਾ ਲਗਭਗ ਢਾਈ ਹਜ਼ਾਰ ਛੰਦ ਹੈ ਜੋ ਕਿ ਰਾਸ ਲੀਲ੍ਹਾ, ਬਿਰਹੁ ਨਾਟਕ ਤੇ ਜੁਧ ਪ੍ਰਬੰਧ ਆਦਿ ਭਾਗਾਂ ਵਿਚ ਵੰਡਿਆ

---

* 'ਤਬ ਅਉਰੰਗ ਮਨ ਮਾਂਹਿ ਰਿਸਾਵਾ । ਮੱਦ੍ਰ ਦੇਸ ਕੋ ਪੂਤ ਪਠਾਵਾ । ੧ ।'
'ਤਬ ਅਉਰੰਗ ਜੀਅ ਮਾਂਝਿ ਰਿਸਾਏ । ਏਕ ਅਹਦੀਆ ਈਹਾਂ ਪਠਾਏ ।'
'ਉਤ ਅਉਰੰਗ ਜੀਅ ਅਧਿਕ ਰਿਸਾਯੋ । ਚਾਰ ਅਹਦੀਯਨ ਅਉਰ ਪਠਾਯੋ ।੧ ।
(ਅਧਿਆਇ ੧੩) ਬਚਿਤਰ ਨਾਟਕ

ਹੋਇਆ ਹੈ । ਬੀਰ ਰਸ ਦੀ ਝਲਕ ਤਾਂ ਥਾਂ ਥਾਂ ਵੇਖਦੇ ਹੀ ਹਾਂ ਪਰੰਤੂ ਕ੍ਰਿਸ਼ਣ ਕਥਾ ਵਿਚ ਸ਼ਿੰਗਾਰ ਦੇ ਸੰਯੋਗ ਤੇ ਵਿਯੋਗ ਪੱਖ ਵੀ ਬੜੀ ਮਾਤਰਾ ਵਿਚ ਪ੍ਰਾਪਤ ਹਨ ਅਤੇ ਗੁਰੂ ਸਾਹਿਬ ਨੇ ਉਹਨਾਂ ਨੂੰ ਬੜੀ ਕਲਾ-ਕੌਸ਼ਲਤਾ ਨਾਲ ਗੁੰਦਿਆ ਹੈ । ਇਸਦੀ ਬਹੁਤੀ ਰਚਨਾ ਗੁਰੂ ਸਾਹਿਬ ਨੇ ਜਮਨਾ ਕਿਨਾਰੇ ਪਾਉਂਟੇ ਸਾਹਿਬ ਕੀਤੀ ਸੀ, ੧੭੪੪-੪੫ ਬਿ: ਵਿਚ । ਜਮਨਾ ਤਟ ਕ੍ਰਿਸ਼ਣ ਲੀਲ੍ਹਾ ਦਾ ਕੇਂਦਰ ਰਿਹਾ ਹੈ ਤੇ ਕਲਾਕਾਰ ਵੀ ਉਸੇ ਰਮਣੀਕ ਥਾਂ ਤੇ ਉਹਨਾਂ ਦ੍ਰਿਸ਼ਾਂ ਨੂੰ ਚਿਤਰਦਾ ਹੈ ਜਿਸ ਕਾਰਣ ਗੋਪੀਆਂ ਤੇ ਕ੍ਰਿਸ਼ਣ ਦੇ ਸੰਵਾਦ ਸਾਮਰਤੱਖ ਰੁਮਕਦੇ ਦਿਖਾਈ ਦਿੰਦੇ ਹਨ :—

ਗਾਵਤ ਗੀਤ ਬਿਲਾਵਲ ਮੈਂ, ਸਭ ਹੀ ਮਿਲਿ ਗੋਪਿਨ ਉੱਜਲ ਕਾਰੀ ।
ਕਾਂਨ੍ਹਰ ਕੋ ਭਰਤਾ ਕਰਬੇ ਕਹੁ, ਬਾਂਛਤ ਹੈ ਪਤਲੀ ਅਰੁ ਭਾਰੀ ।
ਸਯਾਮ ਕਹੈ ਤਿਨ ਕੇ ਮੁਖ ਕੀ, ਪਿਖਿ ਜੋਤਿ ਕਲਾ ਸਸਿ ਕੀ ਛੁਟਿ ਹਾਰੀ।
ਨ੍ਹਾਵਤ ਹੈਂ ਜਮਨਾ ਜਲ ਮੈਂ, ਜਨੁ ਫੂਲ ਰਹੀ ਗ੍ਰਿਹ ਮੈਂ ਫੁਲਵਾਰੀ । ੨੪੧ ।
ਤਿਹ ਗੁਆਰਨ ਕੋ ਅਤਿ ਹੀ ਪਿਖ ਪ੍ਰੇਮ, ਤਬੈ ਪ੍ਰਗਟੇ ਭਗਵਾਨ ਸ਼ਿਤਾਬੀ ।
ਜੋਤਿ ਭਈ ਧਰਨੀ ਪਰ ਇਉਂ, ਰਜਨੀ ਮਹਿ ਛੂਟਤ ਜਿਉਂ ਮਹਿਤਾਬੀ ।
ਚਉਂਕ ਪਰੀ ਤਬ ਹੀ ਇਹ ਯੌਂ, ਜੈਸੇ ਚਉਂਕ ਪਰੇ ਤਮ ਮੇਂ ਡਰਿ ਖੁਆਬੀ ।
ਛਾਡਿ ਚਲਯੋ ਤਨ ਕੌ ਮਨ ਇਵ, ਜਿਮ ਭਾਜਤ ਹੈ ਗ੍ਰਿਹ ਛਾਡਿ ਸ਼ਰਾਬੀ । ੪੯੯ ।

ਗੋਪੀਆਂ ਹੋਰ ਵੀ ਹਨ, ਉਨ੍ਹਾਂ ਦੇ ਹਾਵ ਭਾਵ ਤੇ ਬਚਨ ਬਿਲਾਸ ਵੀ ਦਰਜ ਕੀਤੇ ਗਏ ਹਨ ਪਰ ਸ਼ਿਰੋਮਣੀ ਨਾਇਕਾ ਰਾਧਿਕਾ ਹੈ । ਕਵੀ ਦਸਦਾ ਹੈ ਕਿ ਜਦੋਂ ਰਾਧਿਕਾ ਉਜਲ ਬਸਤਰ ਪਹਿਨਕੇ ਰਾਤ ਦੀ ਚੰਦ ਚਾਨਣੀ ਵਿਚ ਨਿਕਲੀ ਤਾਂ ਉਹ ਆਪਣੇ ਹੁਸਨ ਕਾਰਣ ਚਾਨਣੀ ਹੀ ਪ੍ਰਤੀਤ ਹੁੰਦੀ ਸੀ :—

ਸੇਤ ਧਰੇ ਸਾਰੀ ਬ੍ਰਿਖਭਾਨੁ ਕੀ ਕੁਮਾਰੀ ਜਸ,
ਹੀ ਕੀ ਮਨੋ ਬਾਰੀ ਐਸੀ ਰਚੀ ਹੈ ਨ ਕੋ ਦਈ।
ਰੰਭਾ ਉਰਬਸੀ ਅਉਰ ਸਚੀ ਸੁ ਮੰਦੋਦਰੀ ਪੈ,
ਐਸੀ ਪ੍ਰਭਾ ਕਾਂਕੀ ਜਗ ਬੀਚ ਨ ਕਛੂ ਭਈ ।
ਮੋਤਿਅਨ ਕੇ ਹਾਰ ਗਰੇ ਡਾਰ ਰੁਚਿ ਸੌਂ ਸੁਧਾਰ,
ਕਾਨ੍ਹ ਜੂ ਪੈ ਚਲੀ ਕਬਿ ਸਯਾਮ ਰਸ ਕੇ ਲਈ ।
ਸੇਤੇ ਸਾਜ ਸਾਜਿ ਚਲੀ ਸਾਂਵਰੇ ਕੀ ਪ੍ਰੀਤਿ ਕਾਜ,
ਚਾਂਦਨੀ ਮੈਂ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ । ੧੫੩੮ ।

ਇਸੇ ਤਰ੍ਹਾਂ ਜਦੋਂ ਗੋਪੀਆਂ ਵਿਛੋੜੇ ਦਾ ਸ਼ਿਕਾਰ ਹੁੰਦੀਆਂ ਹਨ ਤਾਂ ਕਵੀ ਨੇ ਉਥੇ ਦੋ ਬਾਰਾਂਮਾਹਿਆਂ ਵਿਚ ਉਨ੍ਹਾਂ ਦੀ ਦਰਦਨਾਕ ਅਵਸਥਾ ਅੰਕਿਤ ਕੀਤੀ ਹੈ । ਇਹ ਬਾਰਾਂਮਾਹੇ ਵਿਯੋਗ ਸ਼ਿੰਗਾਰ ਦੇ ਬੜੇ ਹੀ ਸੁੰਦਰ ਉਦਾਹਰਣ ਹਨ । ਮਜਬੂਰ ਹੋਈਆਂ ਗੋਪੀਆਂ ਜੋਗਣਾਂ

ਬਣ ਜਾਣ ਦਾ ਫ਼ੈਸਲਾ ਕਰਦੀਆਂ ਹਨ !—

ਅੰਗ ਬਿਖੇ ਸਜ ਕੈ ਭਗਵੇ ਪਟ, ਹਾਥਨ ਮੈਂ ਚਿਪੀਆ ਹਮ ਲੈ ਹੈਂ ।
ਸੀਸ ਧਰੈਂਗੀ ਜਟਾ ਅਪੁਨੈ, ਹਰਿ ਮੂਰਤਿ ਭਿਛ ਕਉ ਮਾਂਗ ਅਘੈ ਹੈਂ ।
ਸਯਾਮ ਚਲੈ ਜਿਹ ਠਉਰ ਬਿਖੈ, ਹਮਹੂ ਤਿਹ ਠਉਰ ਬਿਖੈ ਚਲਿ ਜੈ ਹੈਂ ।
ਤਯਾਗ ਕਰਯੋ ਹਮ ਧਾਮਨ ਕੋ, ਸਭ ਹੀ ਮਿਲ ਕੈ ਹਮ ਜੋਗਿਨ ਹ੍ਵੈ ਹੈਂ । ੮੦੨ ।

'ਬਿਰਹੂ ਨਾਟਕ' ਵਿਚ ਗੋਪੀ ਊਧੋ ਸੰਵਾਦ ਵੀ ਪੜ੍ਹਨ ਨਾਲ ਸਬੰਧ ਰਖਦਾ ਹੈ, ਇਸ ਵਿਚ ਤਰਕ ਦੀ ਬਿਜਲੀ ਚਮਕ ਦਮਕ ਕੇ ਸਾਰੀ ਕਲਪਨਾ ਨੂੰ ਜਗਮਗਾ ਦਿੰਦੀ ਹੈ।

ਕ੍ਰਿਸ਼ਣਕਥਾ ਵਿਚ 'ਜੁੱਧ ਪ੍ਰਬੰਧ' ਇਕ ਵੱਖਰਾ ਵੱਡਾ ਭਾਗ ਹੈ, ਜਿਸ ਵਿਚ ਸ੍ਰੀ ਕ੍ਰਿਸ਼ਣ ਜੀ ਦੀਆਂ ਲੜਾਈਆਂ ਦਾ ਹਾਲ ਹੈ । ਕਵੀ ਦੀ ਆਮ ਨੀਤੀ ਅਨੁਸਾਰ ਇਹ ਜੁੱਧ ਵਰਣਨ ਖੜਕੇ ਦੜਕੇ ਵਾਲਾ ਤਾਂ ਹੋਣਾ ਹੀ ਸੀ ਪਰ ਕਥਾਵਸਤੂ ਵਿਚ ਦੀ ਸੂਰਮਿਆਂ ਦੇ ਅਜੇਹੇ ਨਾਮਾਂ ਦੀ ਕਲਪਣਾ ਕੀਤੀ ਗਈ ਹੈ ਜੋ ਕਿ ਨਾਮ ਕਰਕੇ ਜੰਗੀ ਰੋਹ ਜਗਾਉਣ ਵਾਲੇ ਹਨ । ਫਿਰ ਇਹ ਨਾਮ ਅੱਖਰ ਕ੍ਰਮ ਅਨੁਸਾਰ ਚਲਦੇ ਹਨ ਜਿਵੇਂ —

ਅਜਬ ਸਿੰਘ, ਅਘਟ ਸਿੰਘ, ਅਟਲ ਸਿੰਘ, ਓਜ ਸਿੰਘ, ਊੱਧ ਸਿੰਘ, ਅਮਿਟ ਸਿੰਘ, ਅਘੜ ਸਿੰਘ, ਅਡਰ ਸਿੰਘ, ਸ੍ਰਛ ਸਿੰਘ, ਸਫਲ ਸਿੰਘ, ਸਮਰ ਸਿੰਘ, ਸ਼ਕਤੀ ਸਿੰਘ, ਕਠਿਨ ਸਿੰਘ, ਖੜਗ ਸਿੰਘ. ਗੱਜਾ ਸਿੰਘ, ਘੁਮੰਡ ਸਿੰਘ, ਘਾਤ ਸਿੰਘ, ਚਪਲ ਸਿੰਘ, ਚਉਪ ਸਿੰਘ, ਝੜਾਝੜ ਸਿੰਘ, ਝੂਲਨ ਸਿੰਘ, ਪਰਲੈ ਸਿੰਘ, ਪਰਮ ਸਿੰਘ, ਬਿਕਟ ਸਿੰਘ, ਭੀਮ ਸਿੰਘ, ਭੁਜ ਸਿੰਘ ਆਦਿ ।

ਮੁਕਾਬਲੇ ਉਤੇ ਮੁਸਲਮਾਨੀ ਨਾਮਾਂ ਵਾਲੇ ਜੋਧੇ ਹਨ, ਜੋ ਕਿ ਦੁਆਪੁਰ ਯੁਗ ਵਿਚ ਸੰਭਵ ਨਹੀਂ ਸਨ ਪਰੰਤੂ ਜਾਪਦਾ ਇਹ ਹੈ ਕਿ ਇਸ ਭੂਤ ਦੇ ਜੰਗ ਨੂੰ ਵਰਤਮਾਨ ਦਾ ਜੰਗ ਬਣਾਉਣ ਲਈ ਕਵੀ ਨੇ ਜਾਣ ਬੁਝ ਕੇ ਇਜੇਹੀ ਨਾਮਾਵਲੀ ਦਿਤੀ ਹੈ ਜਿਨ੍ਹਾਂ ਤੋਂ ਰੋਸ ਜਾਗੇ ਤੇ ਧਰਮਯੁਧ ਦੇ ਚਾਉ ਵਾਲੇ ਸੰਤ ਸਿਪਾਹੀ ਉਨ੍ਹਾਂ ਨੂੰ ਕ੍ਰਿਸ਼ਣ ਸੈਨਾ ਹੱਥੋਂ ਬਿਨਸਦਾ ਤੱਕ ਕੇ ਉਤਸ਼ਾਹਤ ਹੋ ਸਕਣ । ਇਹ ਨਾਮ ਇਜੇਹੇ ਹਨ ਜਿਵੇਂ ਵਾਹਦ ਖ਼ਾਂ, ਫਰਜੁਲਾ ਖ਼ਾਂ, ਲੁਤਫੁਲਾ ਖਾਂ, ਨਿਜਾਬਤ ਖਾਂ. ਅਜਾਇਬ ਖ਼ਾਂ, ਗੈਰਤ ਖ਼ਾਂ, ਦਲੇਲ ਖ਼ਾਂ, ਹਿੰਮਤ ਖ਼ਾਂ, ਜਾਫਰ ਖ਼ਾਂ ਵਗੈਰਾ ।

ਕਾਲਯਮਨ, ਸ੍ਰੀ ਕ੍ਰਿਸ਼ਣ ਜੀ ਨਾਲ ਲੜਨ ਆਉਂਦਾ ਹੈ ਤਾਂ ਉਹ ਯਵਨ ਭਾਸ਼ਾ-ਫਾਰਸੀ ਵਿਚ ਹੀ ਅਪਣੀ ਬਹਾਦਰੀ ਦੀਆਂ ਗੱਲਾਂ ਕਰਦਾ ਆਪਣਾ ਆਪ ਜਤਾਉਂਦਾ ਹੈ—

ਸਵੈਯਾ—ਜੰਗ ਦਰਾਯਦ ਕਾਲ ਜਮੰਨ, ਬਗੋਯਦ ਕਿ ਮਨ ਫੌਜ ਕੋ ਸ਼ਾਹਮ ।
ਬਾ ਮਨ ਜੰਗ ਖੁਦੀ ਕੁਨ ਬਿਯਾ, ਹਰਗਿਜ ਦਿਲ ਮੇ ਨ ਜਰਾ ਕੁਨ ਵਾਹਮ ।
ਰੋਜ ਮਯਾਂ ਦੁਨੀਯਾ ਉਫਤਾਦਮ, ਸਿਯਾਬ ਸ਼ਬੇ ਅਦਲੀ ਸਬਸ੍ਰਾਹਮ ।
ਕਾਨ੍ਹ ! ਗੁਰੇਜੀ ਮਕੁਨ ਤੂ ਬਿਆ, ਖ਼ੁਸ਼ ਮਾ ਤੂ ਕੁਨੈਮ ਕਿ ਜੰਗ ਗੁਆਹਮ । ੧੯੧੬ ।

ਆਮ ਪਾਠਕ ਨੂੰ ਅਜੇਹੀਆਂ ਗੱਲਾਂ ਸ਼ਾਇਦ ਓਪਰੀਆਂ ਤੇ ਅਣਇਤਿਹਾਸਕ ਲਗਣ

ਕਿ ਕਾਲਯਮਨ ਫਾਰਸੀ ਵਿਚ ਕਿਵੇਂ ਬੋਲ ਸਕਦਾ ਸੀ ਪਰ ਕਵੀ ਸਮਕਾਲੀ ਹਾਲਤ ਦੇ ਨੇੜੇ ਰਹਿਕੇ ਇਸ ਸੰਘਰਸ਼ ਨੂੰ ਹੋਰ ਤਿਖੇਰਾ ਕਰਨ ਦਾ ਢੰਗ ਵਰਤਦਾ ਜਾਪਦਾ ਹੈ। ਇਹ ਕਲਪਨਾ ਕਰਨਾ ਕਿ ਗੁਰੂ ਸਾਹਿਬ ਅਸਲੀ ਅਵਤਾਰ ਕਥਾ ਤੋਂ ਜਾਣੂ ਨਹੀਂ ਸਨ, ਭੁੱਲ ਹੈ। ਉਹ ਸਭ ਜਾਣਦੇ ਸਨ, ਕਈ ਸੰਸਕ੍ਰਿਤ ਗਰੰਥ ਉਨ੍ਹਾਂ ਇਸੇ ਮਕਸਦ ਲਈ ਪੜ੍ਹੇ ਤੇ ਵਿਚਾਰੇ ਸਨ ਅਤੇ ਮਹਾਂ ਭਾਰਤ ਵਰਗੇ ਮਹਾਨ ਗਰੰਥ ਦਾ ਉਨ੍ਹਾਂ ਖੁਦ ਆਪਣੇ ਦਰਬਾਰੀ ਕਵੀਆਂ ਤੋਂ ਛੰਦਬਧ ਅਨੁਵਾਦ ਕਰਾਇਆ ਸੀ ਪਰ ਇਸ ਦੇ ਬਾਵਜੂਦ ਇਸ ਯੁਧਕਥਾ ਨੂੰ ਉਹ ਸਮਕਾਲੀ ਰੰਗ ਦੇ ਕੇ ਪੂਰਾ ਫਾਇਦਾ ਉਠਾਉਣਾ ਚਾਹੁੰਦੇ ਸਨ। ਪੂਰਾ ਫਾਇਦਾ ਸੀ—ਲੋਕ ਜਾਗਰਤੀ। ਉਹ ਬਾਰ ਬਾਰ ਆਖਦੇ ਹਨ :—

ਕ੍ਰਿਸ਼ਨ ਜੁਧ ਜੋ ਹਉ ਕਹਯੋ, ਅਤਿ ਹੀ ਸੰਗ ਸਨੇਹੁ।
ਜਿਹ ਲਾਲਚ ਇਹ ਮੈਂ ਰਚਯੋ, ਮੋਹਿ ਵਹੈ ਵਰ ਦੇਹੁ। ੧੯੯੯।

ਸੋ ਕ੍ਰਿਸ਼ਣ ਕਥਾ ਰਾਸ ਲੀਲ੍ਹਾ ਤੇ ਜੁੱਧ ਲੀਲਾ ਦੋਹਾਂ ਦੀ ਝਾਕੀ ਦਰਸਾਉਂਦੀ ਹੈ ਤੇ ਇਹ ਦੋਵੇਂ ਵਿਸਤਾਰ ਨਾਲ ਅੰਕਿਤ ਕੀਤੀਆਂ ਗਈਆਂ ਹਨ। ਸ਼ਾਇਦ ਇਸੇ ਕਰ ਕੇ ਕਾਨ੍ਹ ਭਗਵਾਨ ਸੋਲ੍ਹਾਂ ਕਲਾਂ ਸੰਪੂਰਨ ਹਨ ਤੇ ਇਸੇ ਵਡਿਆਈ ਕਾਰਣ ਉਹਨਾਂ ਦੀ ਕਥਾ ੨੪੯੨ ਛੰਦਾ ਵਿਚ ਆਈ ਹੈ ਜਦੋਂ ਕਿ ਸ੍ਰੀ ਰਾਮ ਚੰਦਰ ਜੀ ਦੀ ਕਥਾ ੮੬੪ ਛੰਦਾਂ ਵਿਚ ਹੈ, ਬ੍ਰਹਿਮਾਂ ਦੇ ਸੱਤ ਉਪ ਅਵਤਾਰਾਂ ਦੀ ੩੨੨ ਛੰਦਾਂ ਵਿਚ, ਰੁਦਰ ਅਵਤਾਰ ਦਤਾਤਰੇਯ ਦੀ ੪੯੮ ਤੇ ਪਾਰਸ਼ਨਾਥ ਦੀ ੩੫੮ ਛੰਦਾਂ ਵਿਚ। ਇਹਨਾਂ ਤੋਂ ਇਲਾਵਾ ਨਿਹਕਲੰਕੀ ਦੀ ਕਥਾ ੫੮੮ ਛੰਦਾਂ ਵਿਚ ਆਈ ਹੈ ਤੇ ਉਸ ਵਿਚ ਵੀ ਜੁੱਧ ਦਾ ਰੰਗ ਪ੍ਰਧਾਨ ਹੈ।

ਪਹਿਲੇ ਕੁਝਕੁ ਛੰਦਾਂ ਵਿਚ ਧਰਮ ਭ੍ਰਿਸ਼ਟ ਹੋਣ ਦੀ ਅਵਸਥਾ ਦਾ ਚਿਤ੍ਰ ਦਿਤਾ ਹੈ —

ਹਿੰਦੂ ਤੁਰਕ ਕੋਈ ਨਾ ਰਹਿ ਹੈ, ਭਿੰਨ ਭਿੰਨ ਘਰ ਘਰ ਮਹਿ ਗਹਿ ਹੈ।
ਏਕ ਏਕ ਕੇ ਪੰਥ ਨ ਚਲ ਹੈ, ਏਕ ਏਕ ਕੀ ਬਾਤ ਉਥਲ ਹੈ। ੭।
ਭਾਰਾ ਕ੍ਰਿਤ ਧਰਾ ਸਭ ਹੁਯ ਹੈ, ਧਰਮ ਕਰਮ ਪਰ ਚਲੈ ਨ ਕੁਯ ਹੈ।
ਘਰ ਘਰ ਅਉਰ ਅਉਰ ਮਤ ਹੋਈ, ਏਕ ਧਰਮ ਪਰ ਚਲੈ ਨ ਕੋਈ। ੮।

ਇਸ ਹਾਲਤ ਨੂੰ ਬਦਲਣ ਲਈ ਫਿਰ—

ਭਲ ਭਾਗ ਭਯਾ ਇਹ ਸੰਭਲ ਕੇ, ਹਰਿ ਜੂ ਹਰਿਮੰਦਰ ਆਵਹਿੰਗੇ। ੧੪੧।

੧੫ ਸਵੈਈਆਂ ਵਿਚ ਇਹ ਆਸ ਬੰਨ੍ਹਾਈ ਹੈ ਤਾਂ ਕਿ ਲੋਕ ਉਦਾਸ ਨ ਹੋਣ। ਨਿਹਕਲੰਕੀ ਅਵਤਾਰ ਦੁਸ਼ਟਾਂ ਨਾਲ ਟੱਕਰ ਲੈਣਗੇ ਤੇ ਭਿਆਨਕ ਸੰਗ੍ਰਾਮ ਰਚਣਗੇ, ਇਸਦਾ ਵਰਣਨ ਕਵੀ ਨੇ ਬੜੇ ਉਤਸਾਹ ਤੇ ਭਿੰਨ ਭਿੰਨ ਜੰਗੀ ਛੰਦ-ਰੂਪਾਂ ਵਿਚ ਕੀਤਾ ਹੈ। ਉਦਾਹਰਣ ਵਜੋਂ ਤਿੰਨ ਚਾਰ ਛੰਦ ਪੇਸ਼ ਹਨ—

ਅਕਵਾ ਛੰਦ

ਜੁਟੇ ਵੀਰੰ। ਛੁਟੇ ਤੀਰੰ। ਜੁਝੇ ਗਾਜੀ। ਡਿਗੇ ਤਾਜੀ। ੨੧੯।
ਖੱਜੇ ਜੁਆਣੰ। ਬਾਹੇ ਬਾਣੰ। ਰੁਝੇ ਜੰਗੰ। ਜੁਝੇ ਅੰਗੰ। ੨੨੦।

ਜੂਟੇ ਤੰਗੰ। ਫੂਟੇ ਅੰਗੰ । ਸੱਜੇ ਸੂਰੰ ਘੁੰਮੀ ਹੂਰੰ। ੨੨੧।
ਜੁਝੇ ਹਾਥੀ। ਰੁਝੇ ਸਾਥੀ। ਉਭੇ ਉਸਟੰ। ਸੁਭੇ ਪੁਸਟੰ। ੨੨੨।
ਛੁੱਟੇ ਬੀਰੰ। ਛੂਟੇ ਤੀਰੰ। ਡਿਗੇ ਭੂੰਮ। ਉਠੇ ਘੂਮੰ। ੨੨੩।
ਥਕੇ ਮਾਰੰ। ਚਕੇ ਚਾਰੰ। ਸਜੇ ਸਸਤ੍ਰੰ । ਬੱਜੇ ਅਸਤ੍ਰੰ ੨੨੪।

ਚਾਚਰੀ

ਰਣ ਨਾਦ ਬਜਤ। ਸੁਣ ਮੇਘ ਲਜਤ। ਸਭ ਸਾਜ ਸਜਤ। ਪਗ ਦ੍ਵੈ ਨ ਭਜਤ।
੨੩੧। ਰਣ ਚੱਕਰ ਚਲਤ। ਦੁਤਿਮਾਨ ਦਲਤ। ਗਿਰ ਮੇਰੂ ਹਲਤ। ਭਟ ਮ੍ਰਿਣ ਪਲਤ।
੨੩੮। ਰਣ ਰੰਗ ਮਚਤ, ਬਤ ਖੰਬ ਬਜਤ। ਰਣ ਖੰਭ ਗਡਤ। ਅਸਵਾਰ ਮੜਤ। ੨੩੯।
ਕਿਰਪਾਨ ਕ੍ਰਿਰਤ, ਕਰ ਕੋਪ ਭਿਰਤ। ਨਹੀਂ ਫਿਰੈ ਫਿਰਤ। ਅਤਿ ਚਿੱਤ ਚਿਰਤ। ੨੪੦।

ਹਰ ਬੋਲ ਮਨਾ ਛੰਦ

ਭਟ ਗਾਜਹਗੇ। ਘਨ ਲਾਜਹਗੇ।
ਦਲ ਜੂਤਹਗੇ ਸਰ ਛੂਟਹਗੇ । ੩੩੧।
ਸਰ ਬਰਖਹਗੇ । ਧਨ ਕਰਖਹਗੇ।
ਅਸ ਬਾਜਹਗੇ। ਰਣਿ ਸਾਜਹਗੇ। ੩੩੨।
ਭੂਅ ਡਿਗਹਗੇ। ਭਯ ਭਿਗੱਹਗੇ।
ਉਠ ਭਾਜਹਗੇ। ਨਹੀਂ ਲਾਜਹਗੇ। ੩੩੩।
ਜਣ ਦੇਖਹਗੇ। ਜਯ ਲੇਖਹਗੇ।
ਜਸ ਗਾਵਹਗੇ। ਮੁਸੱਕਯਾਵਹਗੇ। ੩੩੪।

ਸੰਗੀਤ ਭੁਯੰਗ ਪ੍ਰਯਾਤ ਛੰਦ

ਆਗੜਦੰਗ ਅਰੜੇ ਗਾਗੜਦੰਗ ਗਾਜੀ।
ਨਾਗੜਦੰਗ ਨਾਚੇ ਤਾਗੜਦੰਗ ਤਾਜੀ।
ਜਾਗੜਦੰਗ ਜੁੱਝੇ ਲਾਗੜਦੰਗ ਖੇਤੰ।
ਰਾਂਗੜਦੰਗ ਰਹਸੇ ਪਾਗੜਦੰਗ ਪ੍ਰੇਤੰ। ੩੭੧।
ਮਾਗੜਦੰਗ ਮਾਰੇ ਬਾਗੜਦੰਗ ਬੀਰੈ।
ਪਾਗੜਦੰਗ ਪ੍ਰਾਨੇ ਭਾਗੜਦੰਗ ਭੀਰੈ।
ਧਾਗੜਦੰਗ ਧਾਯੋ ਰਾਗੜਦੰਗ ਰਾਜਾ।
ਰਾਗੜਦੰਗ ਰਣ ਕੇ ਬਾਗੜਦੰਗ ਬਾਜਾ। ੩੭੨।

ਪੰਜਾਬੀ ਦੀਆਂ ਦੋ ਤਿੰਨ ਪਉੜੀਆਂ ਭੀ ਲਿਖੀਆਂ ਹਨ :—

ਵੱਜੇ ਨਾਦ ਸੁਰੰਗੀ, ਧੱਗਾਂ ਘੋਰੀਆਂ।
ਨੱਚੇ ਜਾਣ ਫਿਰੰਗੀ, ਵੱਜੇ ਘੁੰਗਰੂ
ਗਦਾ ਤ੍ਰਿਸੂਲ ਨਿਖੰਗੀ, ਝੁਲਨ ਬੈਰਖਾਂ

ਸਾਵਣ ਜਾਣ ਉਮੰਗੀ, ਘਟਾ ਡਰਾਵਣੀ। ੧੭੯।

ਇਸ ਤਰ੍ਹਾਂ ਅਨੇਕ-ਭਾਂਤੀ ਬੀਰ-ਝਾਕੀਆਂ ਪੇਸ਼ ਕਰਕੇ ਨਿਹਕਲੰਕੀ ਦੀ ਵਿਜੈ ਹੁੰਦੀ ਦਿਖਾਈ ਹੈ, ਜਦ ਨਿਹਕਲੰਕੀ ਅਹੰਕਾਰਿਆ ਤਾਂ ਮੀਰ ਮਹਿਦੀ ਦੇ ਰੂਪ ਵਿਚ ਆ ਕੇ ਫਿਰ ਉਸਨੂੰ ਮੇਟ ਦਿਤਾ ਗਿਆ। ਜਦੋਂ ਮੀਰ ਮਹਿਦੀ ਨੂੰ ਹੰਕਾਰ ਹੋਇਆ ਤਾਂ ਅਕਾਲਪੁਰਖ ਨੇ ਇਕ ਮਾਮੂਲੀ ਕੀਟ ਪੈਦਾ ਕਰਕੇ ਮੀਰ ਮਹਿਦੀ ਨੂੰ ਵੀ ਨਸ਼ਟ ਕਰ ਦਿਤਾ। ਇਹ ਹੈ ਅਨੋਖੀ ਲੀਲ੍ਹਾ। ਤੇ ਇਸ ਤਰ੍ਹਾਂ ਦੀ ਬਚਿਤ੍ਰ ਨਾਟਕ-ਲੀਲ੍ਹਾ ਭਗਵਾਨ ਆਦਿ ਜੁਗਾਦਿ ਤੋਂ ਕਰਦੇ ਆ ਰਹੇ ਹਨ। ਬ੍ਰਹਿਮਾ, ਵਿਸ਼ਨੂੰ, ਸ਼ਿਵ ਤੇ ਦੇਵੀ ਸਭ ਉਸੇ ਦੀ ਸ਼ਕਤੀ ਦਾ ਪ੍ਰਕਾਸ਼ ਹਨ।

ਕ੍ਰਿਸ਼ਨਾਵਤਾਰ ਵਿਚ ਲਿਖਿਆ ਹੈ:—

ਜਾਗਤ ਜਾਂਕੀ ਜੋਤਿ ਜਗ, ਜਲਥਲ ਰਹੀ ਸਮਾਇ।
ਬ੍ਰਹਮਾ, ਵਿਸ਼ਨੂੰ,ਹਰ ਰੂਪ ਮੈਂ, ਤ੍ਰਿਗੁਨਿ ਰਹੀ ਠਹਿਰਾਇ। ੧੩੨੬।

ਥਾਂ ਥਾਂ ਆਈਆਂ ਅਜੇਹੀਆਂ ਟੂਕਾਂ ਸਪਸ਼ਟ ਕਰਦੀਆਂ ਹਨ ਕਿ ਗੁਰੂ ਸਾਹਿਬ ਉਪਰੋਕਤ ਦੇਵਤਿਆਂ ਨੂੰ ਕੇਵਲ ਉਸ ਮਹਾਨ ਸੱਤਾ ਦਾ ਹੀ ਅੰਸ਼ ਮਾਤਰ ਮੰਨਦੇ ਹਨ ਤੇ ਇਨ੍ਹਾਂ ਦੀ ਕਥਾ ਕਹਿਣ ਦਾ ਭਾਵ ਇਤਨਾ ਹੀ ਹੈ ਕਿ ਲੋਕ ਇਨ੍ਹਾਂ ਤੋਂ ਪ੍ਰੇਰਨਾ ਪ੍ਰਾਪਤ ਕਰ ਸਕਣ। ਹੁਣ ਨਿਹਕਲੰਕੀ ਦੀ ਕਥਾ ਕੇਵਲ ਇਤਨਾ ਕਹਿ ਕੇ ਵੀ ਸਮਾਪਤ ਕੀਤੀ ਜਾ ਸਕਦੀ ਸੀ ਕਿ ਇਕ ਐਸਾ ਪੁਰਖ ਪੈਦਾ ਹੋਵੇਗਾ ਪਰੰਤੂ ਗੁਰੂ ਸਾਹਿਬ ਉਸਦਾ ਕਥਾ-ਵਿਸਤਾਰ ਪੰਜ ਛੇ ਸੌ ਛੰਦਾਂ ਵਿਚ ਕਰਦੇ ਤੇ ਹੋਣ ਵਾਲੇ ਜੰਗਾਂ ਦਾ ਵੀ ਪੂਰਾ ਬਿਉਰਾ ਦੇ ਕੇ ਵਰਨਣ ਕਰਦੇ ਹਨ। ਜ਼ਾਹਰ ਹੈ ਕਿ ਭਾਰਤ ਦੀ ਬਹੁਰੰਗੀ ਕਥਾਵਾਂ ਦਾ ਇਸ ਗ੍ਰੰਥ ਵਿਚ ਇਸ ਤਰ੍ਹਾਂ ਸਮਾਵੇਸ਼ ਕਰਨਾ ਆਪਣੇ ਆਪ ਵਿਚ ਇਕ ਨਵੀਂ ਕਾਢ ਹੈ। ਵੈਸੇ ਭਾਰਤੀ ਭਾਰਤੀ ਪਰੰਪਰਾ ਵਿਚ ਤਾਂ ਵੈਸ਼ਨਵਾਂ, ਸ਼ੈਵਾਂ, ਸਾਕਿਤਾਂ ਅਤੇ ਦੇਵੀ ਭਗਤਾਂ ਦੇ ਵਖੋ ਵਖਰੇ ਰਸਤੇ ਸਨ ਤੇ ਉਹ ਇਕ ਦੂਜੇ ਨਾਲ ਨਹੀਂ ਸੀ ਰਲਦੇ ਸਗੋਂ ਕਾਫੀ ਹਦ ਤਕ ਪਰਸਪਰ, ਵਿਰੋਧ ਵੀ ਰਖਦੇ ਸਨ। ਇਸ ਹਾਲਤ ਵਿਚ ਸਮੂਹ ਲੋਕ ਨਾਇਕਾਂ ਨੂੰ ਇਕ ਥਾਂ ਜੋੜ ਕੇ ਇਜੇਹਾ ਵਚਿਤ੍ਰ ਗ੍ਰੰਥ ਰਚਣ ਦਾ ਸੰਕਲਪ ਕੇਵਲ ਗੁਰੂ ਕਲਾਕਾਰ ਤੋਂ ਹੀ ਸੰਭਵ ਸੀ। ਬਾਕੀ ਇਸਦੀਆਂ ਵਾਧਿ ਵਿਸ਼ੇਸ਼ਤਾਈਆਂ ਕਥਾ-ਵਿਸਤਾਰਾਂ, ਅਲੰਕਾਰਕ ਰੰਗਾਂ, ਛੰਦ ਰੂਪਾਂ ਤੇ ਭਾਸ਼ਾ-ਵੰਨਗੀਆਂ ਨੂੰ ਤਾਂ ਆਲੋਚਕ ਵਿਚਾਰਦੇ ਤੇ ਨਮਸ਼ਕਾਰਦੇ ਹੀ ਰਹਿਣਗੇ।

## ੪. ਚੰਡੀ ਚਰਿਤ੍ਰ ਉਕਤਿ ਬਿਲਾਸ

ਗੁਰੂ ਸਾਹਿਬ ਦੇ ਲਿਖੇ ਤਿੰਨ ਚੰਡੀ ਕਾਵਿ ਮਿਲਦੇ ਹਨ, ਚੰਡੀ ਚਰਿਤ੍ਰੋਕਤੀ ਬਿਲਾਸ ਚੰਡੀ ਚਰਿਤਰ (ਤ੍ਰਾਂਬੀ ਮਹਾਤਮ) ਤੇ ਵਾਰ ਦੁਰਗਾ ਕੀ। ਦੂਜਾ ਚੰਡੀ ਚਰਿਤਰ ਸੁਤੰਤਰ ਰਚਨਾ ਨਹੀਂ, ਇਹ ਬਚਿਤਰ ਨਾਟਕ ਦਾ ਭਾਗ ਹੈ। ਇਸਦੇ ਮੁਢ ਮੰਗਲਾਚਰਣ ਰੂਪ ਵਿਚ ੨੦ ਤ੍ਰਿਭੰਗੀ ਛੰਦ ਸਨ ਜੋ ਭੁਲੇਖੇ ਨਾਲ 'ਅਕਾਲ ਉਸਤਤਿ' ਵਿਚ ਦਰਜ ਮਿਲਦੇ ਹਨ। ਸੋ ਦੂਜੇ ਚੰਡੀ ਚਰਿਤਰ ਨੂੰ ਅਡਰੀ ਰਚਨਾ ਮੰਨਣਾ ਦਰੁਸ਼ਤ ਨਹੀਂ, ਜਿਥੇ ਗੁਰੂ ਸਾਹਿਬ ਨੇ ਬਚਿਤਰ ਨਾਟਕ ਵਿਚ ਵਿਸ਼ਨੂ, ਬ੍ਰਹਮਾ, ਰੁਦ੍ਰ ਦੇ ਅਵਤਾਰਾਂ ਦੀ ਕਥਾ ਲਿਖੀ, ਉਥੇ ਨਾਲ ਹੀ ਚੰਡੀ ਦੇਵੀ ਦੀ ਕਥਾ ਰਚੀ। ਇਸੇ ਕਰਕੇ ਦੂਜੇ ਚੰਡੀ ਚਰਿਤਰ ਦੇ ਹਰ ਅਧਿਆਇ ਦੇ ਅੰਤ ਵਿਚ 'ਇਤਿ ਸ੍ਰੀ ਬਚਿਤਰ ਨਾਟਕੇ ਚੰਡੀ ਚਰਿਤਰੇ...ਲਿਖਿਆ ਮਿਲਦਾ ਹੈ। ਜਦੋਂ ਕਿ ਚੰਡੀ ਚਰਿਤਰੋਕਤੀ ਬਿਲਾਸ ਵਿਚ ਅਜੇਹਾ ਨਹੀਂ। ਇਹ ਗੱਲ ਖੋਲ੍ਹਣ ਦੀ ਇਥੇ ਇਸ ਲਈ ਲੋੜ ਪਈ ਕਿ ਸਿਖ ਵਿਦਵਾਨ ਇਸ ਅਸਲੀਅਤ ਤੋਂ ਜਾਣੂ ਨ ਹੋਣ ਕਾਰਣ ਕਈ ਕਿਸਮ ਦੀ ਵਿਆਖਿਆ ਕਰਦੇ ਆਏ ਹਨ ਜੋ ਬਣਦੀ ਨਹੀਂ। ਅਸਲ ਵਿਚ ਗੁਰੂ ਸਾਹਿਬ ਨੇ ਸੁਤੰਤਰ ਰੂਪ ਵਿਚ ਚੰਡੀ ਕਥਾ ਦੋ ਹੀ ਲਿਖੀਆਂ ਇਕ ਹਿੰਦੀ ਵਿਚ ਤੇ ਇਕ ਪੰਜਾਬੀ ਵਿਚ। ਹਿੰਦੀ ਵਾਲੀ ਦਾ ਨਾਮ 'ਚੰਡੀ ਚਰਿਤਰ ਉਕਤਿ ਬਿਲਾਸ' ਹੈ ਤੇ ਪੰਜਾਬੀ ਵਾਲੀ ਦਾ ਨਾਮ ਵਾਰ ਦੁਰਗਾ ਕੀ। ਤੀਸਰੀ ਰਚਨਾ ਸੁਤੰਤ੍ਰ ਰਚਨਾ ਨਹੀਂ ਸਗੋਂ ਬਚਿਤਰ ਨਾਟਕ ਦੇ ਕਥਾ ਸਾਗਰ ਦਾ ਇਕ ਅੰਗ ਹੈ।

'ਚੰਡੀ ਚਰਿਤਰਉਕਤਿ ਬਿਲਾਸ' ਦੁਰਗਾਸਪਤਸ਼ਤੀ ਦਾ ਖੁਲ੍ਹਾ ਕਾਵਿ ਅਨੁਵਾਦ ਹੈ। 'ਦੁਰਗਾ ਸਪਤਸ਼ਤੀ' ਵੀ ਸੁਤੰਤਰ ਰਚਨਾ ਨਹੀਂ ਸੀ ਸਗੋਂ ਮਾਰਕੰਡੇ ਪੁਰਾਣ ਦੇ ੮੧ ਤੋਂ ੯੪ ਅਧਿਆ ਦਾ ਇਕ ਹਿਸਾ ਹੈ ਜਿਸ ਵਿਚ ਦੁਰਗਾ ਦੇਵੀ ਦੀ ਕਥਾ ਆਉਂਦੀ ਹੈ। ਇਸ ਕਥਾ ਦੇ ਸੱਤ ਸੋ ਸਲੋਕਾਂ ਨੂੰ ਹੀ 'ਦੁਰਗਾ ਸਪਤਸ਼ਤੀ' ਨਾਮ ਦਿਤਾ ਗਿਆ ਹੈ, ਜਿਵੇਂ ਕਿ ਮਹਾਂ ਭਾਰਤ ਦੇ ਭੀਸ਼ਮ ਪਰਬ ਵਿਚ ਆਈ ਰਚਨਾਂ ਨੂੰ 'ਭਾਗਵਤ ਗੀਤਾ'। ਇਹ ਰਚਨਾ ਦੇਵੀ ਭਗਤਾਂ ਵਿਚ ਬਹੁਤ ਪੜ੍ਹੀ ਸੁਣੀ ਜਾਂਦੀ ਹੈ, ਇਸਦੀ ਪ੍ਰਸਿਧੀ ਨੂੰ ਮੁੱਖ ਰਖਕੇ ਹੀ ਗੁਰੂ ਸਾਹਿਬ ਨੇ ਇਸ ਕਥਾ ਨੂੰ ਆਪਣੇ ਢੰਗ ਨਾਲ ਭਾਖਾ ਵਿਚ ਕਲਮਬੰਦ ਕੀਤਾ।

ਗ੍ਰੰਥ ਸਤਸਇਆ ਕੋ ਕਰਿਓ, ਜਾ ਸਮ ਅਵਰ ਨ ਕੋਇ।
ਜਿਹ ਨਿਮਿਤ ਕਵਿ ਨੇ ਕਹਯੋ, ਸੁ ਦੇਹੁ ਚੰਡਿਕਾ ਸੋਇ। ੨੩੩।

ਫਿਰ ਇਸਦੇ ਹਰ ਅਧਿਆਇ ਦੀ ਸਮਾਪਤੀ ਤੇ ਦਿਤੀ ਟੂਕ ਵੀ ਧਿਆਨ ਯੋਗ ਹੈ—

'ਇਤਿ ਸ੍ਰੀ ਮਾਰਕੰਡੇ ਪੁਰਾਣੇ ਸ੍ਰੀ ਚੰਡੀ ਚਰਿਤਰੰਕਤੀ ਬਿਲਾਸ
ਮਧੁ ਕੈਟਭ ਬਧਹਿ ਪ੍ਰਥਮ ਧਿਆਇ । ੧ ।'

ਇਹ ਅੰਦਰਲੀਆਂ ਗਵਾਹੀਆਂ ਇਸ ਗੱਲ ਦੀ ਪੁਸ਼ਟੀ ਲਈ ਕਾਫੀ ਹਨ ਕਿ ਇਸ ਰਚਨਾ ਦੀ ਕਥਾਵਸਤੂ ਮਾਰਕੰਡੇ ਪੁਰਾਣ ਦੇ ਉਸ ਭਾਗ ਵਿਚੋਂ ਲਈ ਗਈ ਸੀ, ਜਿਸਨੂੰ ਹੁਣ 'ਦੁਰਗਾ ਸਪਤਸ਼ਤੀ' ਕਿਹਾ ਜਾਂਦਾ ਹੈ । ਬਚਿਤਰ ਨਾਟਕ ਵਿਚ ਲਿਖੀ ਆਤਮ ਕਥਾ ਦੇ ਅੰਤ ਤੇ ਇਹ ਵੀ ਸੰਕੇਤ ਮੌਜੂਦ ਹੈ ਕਿ ਇਸ ਦੀ ਰਚਨਾ ਗੁਰੂ ਸਾਹਿਬ ਨੇ ਅਵਤਾਰ-ਕਥਾ ਤੋਂ ਵੀ ਪਹਿਲਾਂ ਕੀਤੀ ਸੀ । ਉਹ ਖੁਦ ਲਿਖਦੇ ਹਨ—

ਪਹਿਲੇ ਚੰਡੀ ਚਰਿਤ੍ਰ ਬਨਾਯੋ ।
ਨਖ ਸਿਖ ਤੇ ਕ੍ਰਮ ਭਾਖਿ ਸੁਨਾਯੋ । ੧੧ । (ਬਚਿਤਰ ਨਾਟਕ)

ਕਿਤੇ ਕਿਤੇ 'ਦੇਵਿ ਚਰਿਤਰ' ਤੇ 'ਦੇਵਿ ਪਾਠ' ਵੀ ਇਸੇ ਨੂੰ ਕਿਹਾ ਹੈ ।

ਇਜੇਹੀਆਂ ਗਵਾਹੀਆਂ ਦੀ ਮੌਜੂਦਗੀ ਵਿਚ ਹੋਰ ਸ਼ੰਕਾ ਦੀ ਥਾਂ ਨਹੀਂ ਰਹਿ ਜਾਂਦੀ ਕਿ ਇਸਦੀ ਰਚਨਾ ਕਿਸਨੇ ਕੀਤੀ । ਇਹ ਤਾਂ ਅਸੀਂ ਜਾਣਦੇ ਹਾਂ ਕਿ ਗੁਰੂ ਸਾਹਿਬ ਨੇ ਭਾਰਤੀ ਲੋਕਾਂ ਵਿਚ ਧਰਮ-ਯੁੱਧ ਦਾ ਚਾਉ ਪੈਦਾ ਕਰਨ ਲਈ ਇਹ ਦੇਵੀ ਦੇਵਤਿਆਂ ਦੀਆਂ ਕਥਾਵਾਂ ਲਿਖੀਆਂ, ਇਨ੍ਹਾਂ ਨੂੰ ਇਸ਼ਟ ਮੰਨ ਕੇ ਐਸਾ ਨਹੀਂ ਕੀਤਾ । ਮੁਢ ਵਿਚ ਗੁਰੂ ਸਾਹਿਬ ਪਰਮੇਸ਼ਰ ਦੀ ਮਹਾਨ ਸ਼ਕਤੀ ਦਾ ਮੰਗਲਾਚਰਣ ਕਰਦੇ ਸਾਫ ਕਹਿੰਦੇ ਹਨ ਕਿ ਉਸ ਨੇ ਜਗਤ ਲੀਲ੍ਹਾ ਲਈ ਆਪ ਹੀ ਦੇਵਤੇ ਤੇ ਦੈਂਤ ਸਿਰਜਕੇ ਸਾਰਾ ਸੰਘਰਸ਼ ਰਚਿਆ ਹੋਇਆ ਹੈ । ਹੇ ਕ੍ਰਿਪਾ ਸਾਗਰ ! ਜੇ ਤੂੰ ਕ੍ਰਿਪਾ ਕਰੇਂ ਤਾਂ ਮੈਂ ਇਸ ਸਾਰੀ ਸੰਗਰਾਮ ਕਥਾ ਵਿਚੋਂ ਚੰਡੀ ਦੀ ਕਥਾ ਲਿਖਣਾ ਚਾਹੁੰਦਾ ਹਾਂ, ਜੇ ਨੀਝ ਨਾਲ ਦੇਖਿਆ ਜਾਵੇ ਤਾਂ ਇਹ ਚੰਡੀ ਵੀ ਤੇਰੀ ਸ਼ਕਤੀ ਦਾ ਹੀ ਪ੍ਰਕਾਸ਼ ਹੈ—

ਸਵੈਯਾ

ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ
ਕੈ ਸ਼ਿਵ, ਸਕਤਿ ਦਏ ਸ੍ਰੁਤਿ ਚਾਰ, ਰਜੋ ਤਮ ਸਤ ਤਿਹੂ ਪੁਰ ਬਾਸਾ
ਦਿਉਸ ਨਿਸਾ ਸਸਿ ਸੂਰ ਕੇ ਦੀਪ ਸੁ ਸ੍ਰਿਸਟਿ ਰਚੀ ਪੰਚ ਤਤ ਪ੍ਰਕਾਸਾ
ਬੈਰ ਬਢਾਇ ਲਰਾਇ ਸੁਰਾਸੁਰ, ਆਪਹਿ ਦੇਖਤ ਬੈਠ ਤਮਾਸਾ । ੧ ।

ਦੋਹਰਾ

ਕ੍ਰਿਪਾਸਿੰਧੁ ਤੁਮਰੀ ਕ੍ਰਿਪਾ, ਜੋ ਕਛੁ ਮੋ ਪਰਿ ਹੋਇ ।
ਰਚੋਂ ਚੰਡਿਕਾ ਕੀ ਕਥਾ, ਬਾਣੀ ਸੁਭ ਸਭ ਹੋਇ । ੨ ।

ਇਸ ਤੋਂ ਬਾਦ ਕਾਵਿ ਦੀ ਨਾਇਕਾ ਚੰਡੀ ਦੀ ਉਸਤਤਿ ਹੈ । ਫਿਰ ੮ ਅਧਿਆਵਾਂ ਵਿਚ ਸਾਰੀ ਕਥਾ ਅੰਕਿਤ ਕੀਤੀ ਹੈ ਜਿਸ ਦੇ ਕੁਲ ਛੰਦ ੨੩੩ ਹਨ । ਪਹਿਲੇ ਅਧਿਆ ਵਿਚ ਮਧੁ ਕੈਟਭ ਦੈਂਤਾਂ ਦੇ ਬਧ ਦੀ ਕਥਾ ਹੈ, ਦੂਜੇ ਵਿਚ ਮਹਖਾਸੁਰ ਦੀ ਮੌਤ ਦੱਸੀ ਹੈ, ਤੀਜੇ ਅਧਿਆ ਵਿਚ ਦੈਂਤਾਂ ਦੇ ਰਾਜੇ ਸੁੰਭ ਨਿਸੁੰਭ ਵਲੋਂ ਭੇਜਿਆ ਧੂਮ੍ਰਲੋਚਨ ਦੈਂਤ

ਆਉਂਦਾ ਹੈ ਜੋ ਚੰਡੀ ਹੱਥੋਂ ਮਾਰਿਆ ਜਾਂਦਾ ਹੈ। ਚੌਥੇ ਅਧਿਆ ਵਿਚ ਚੰਡ ਤੇ ਮੁੰਡ ਦੇ ਦੈਂਤਾਂ ਦੇ ਨਾਸ ਦਾ ਹਾਲ ਹੈ। ਪੰਜਵਾਂ ਅਧਿਆ ਰਕਤਬੀਜ ਦੀ ਕਥਾ ਦਸਦਾ ਹੈ ਕਿ ਕਿਵੇਂ ਇਹ ਚੜ੍ਹ ਕੇ ਆਇਆ ਇਸਦੇ ਸਰੀਰ ਵਿਚੋਂ ਡਿਗੇ ਹਰ ਖੂਨ ਦੇ ਕਤਰੇ ਤੋਂ ਇਕ ਇਕ ਹੋਰ ਦੈਂਤ ਬਣ ਜਾਂਦਾ ਸੀ ਇਹ ਵੇਖਕੇ ਚੰਡੀ ਨੂੰ ਬਹੁਤ ਗੁੱਸਾ ਚੜ੍ਹਿਆ ਉਸਦੇ ਮੱਥੇ ਵਿਚੋਂ ਕਾਲੀ ਦੇਵੀ ਪ੍ਰਗਟ ਹੋਈ ਜਿਸ ਨੇ ਉਹ ਖੂਨ ਦੇ ਟੇਪੇ ਇਸ ਤੇਜ਼ੀ ਨਾਲ ਚੱਟੇ ਕਿ ਕੋਈ ਨਵਾਂ ਦੈਂਤ ਨ ਬਣ ਸਕਿਆ ਤੇ ਅਖੀਰ ਚੰਡੀ ਨੇ ਉਸਨੂੰ ਮਾਰ ਦਿਤਾ। ਛੇਵੇਂ ਅਧਿਆ ਵਿਚ ਨਿਸੁੰਭ ਦੇ ਮਾਰੇ ਜਾਣ ਦਾ ਬ੍ਰਿਤਾਂਤ ਹੈ ਤੇ ਸੱਤਵੇਂ ਵਿਚ ਦੈਂਤਰਾਜ ਸੁੰਭ ਦਾ; ਅੰਤ ਅਠਵੇਂ ਵਿਚ ਚੰਡੀ ਮਾਈ ਦੀ ਜੈਜੈਕਾਰ ਹੁੰਦੀ ਦਿਖਾਈ ਹੈ। ਇਹ ਹੈ ਸਾਰੀ ਕਹਾਣੀ ਜੋ ਗੁਰੂ ਸਾਹਿਬ ਨੇ ਆਪਣੀ ਵਚਿਤਰ ਸ਼ੈਲੀ ਵਿਚ ਰੂਪਮਈ ਬਣਾ ਕੇ ਪੇਸ਼ ਕੀਤੀ ਹੈ। ਜੇ ਇਸਨੂੰ ਅਸਲ ਦੁਰਗਾ ਪਾਠ ਨਾਲ ਮਿਲਾਕੇ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕਿਵੇਂ ਗੁਰੂ ਸਾਹਿਬ ਨੇ ਕੇਵਲ ਚੋਣਵੀਂ ਕਥਾ-ਵਸਤੂ ਲੈ ਕੇ ਬਾਕੀ ਸਾਰੀ ਉਸਾਰੀ ਆਪ ਕੀਤੀ ਤੇ ਸਿਧੀ ਕਹਾਣੀ ਲਿਖਕੇ ਇਸਨੂੰ ਬਲਵਾਨ ਬਣਾਇਆ ਹੈ। ਇਕ ਗੱਲ ਉਹ ਆਪ ਹੀ ਕਹਿੰਦੇ ਹਨ ਕਿ ਇਸ ਵਿਚ ਮੈਂ ਥਾਂ ਥਾਂ ਨਵੀਆਂ ਉਪਮਾਵਾਂ ਤੇ ਦ੍ਰਿਸ਼ਟਾਂਤ ਦੇ ਕੇ ਇਸ ਨੂੰ ਯਥਾ-ਯੋਗ ਰੋਚਕ ਬਣਾਉਣ ਦਾ ਯਤਨ ਜ਼ਰੂਰ ਕੀਤਾ ਹੈ, ਮੇਰਾ ਵੀ ਇਹ ਇਕ ਸ਼ੌਕ ਹੀ ਹੈ। ਜਿਸ ਮਨੋਰਥ ਲਈ ਕੋਈ ਇਸ ਰਚਨਾ ਨੂੰ ਪੜ੍ਹੇ ਸੁਣੇਗਾ, ਉਸਨੂੰ ਉਸਨੂੰ ਉਹੋ ਫਲ ਮਿਲੇਗਾ।

ਏਕ ਤੇ ਏਕ ਰਸਾਲ ਭਇਓ
ਨਖ ਤੇ ਸਿਖ ਲਉ ਉਪਮਾ ਸੁ ਨਈ ਹੈ...।
ਕਉਤਕ ਹੇਤ ਕਰੀ ਕਵਿ ਨੇ,
ਸਤਿਸਯ ਕੀ ਕਥਾ ਇਹ ਪੂਰੀ ਭਈ ਹੈ।
ਜਾਹਿ ਨਮਿਤ ਪੜੈ ਸੁਨਹੈ ਨਰ,,
ਸੋ ਨਿਸਚੈ ਕਰ ਤਾਹਿ ਦਈ ਹੈ। ੨੩੨।

ਇਸ ਰਚਨਾ ਵਿਚ ਗੁਰੂ ਸਾਹਿਬ ਨੇ ਕੁਝ ਦੋਹਰਿਆਂ ਤੇ ਕਬਿੱਤਾਂ ਤੋਂ ਇਲਾਵਾ ਜ਼ਿਆਦਾਤਰ ਸਵੈਈਆ ਛੰਦ ਹੀ ਵਰਤਿਆ ਹੈ ਜਦੋਂ ਕਿ ਬਚਿਤਰ ਨਾਟਕ ਵਾਲੀ ਚੰਡੀ ਕਥਾ ਵਿਚ ਵਧੇਰੇ ਬੀਰ ਰਸੀ ਛੰਦਾਂ ਦਾ ਪ੍ਰਯੋਗ ਹੈ। ਇਥੇ ਵੀ ਬੀਰ ਰਸ ਦਾ ਰੰਗ ਹੈ ਪਰੰਤੂ ਜ਼ਿਆਦਾ ਜ਼ੋਰ ਅਲੰਕਾਰਕ ਢੰਗ ਨਾਲ ਕਥਾ-ਵਰਣਨ ਉਤੇ ਹੈ। ਹਰ ਦੈਂਤ ਦੀ ਲੜਾਈ ਦੱਸਣ ਲਈ ਵੱਖਰਾ ਅਧਿਆ ਨੀਅਤ ਕੀਤਾ, ਉਸਦੀ ਚੜ੍ਹਾਈ ਦੱਸੀ ਤੇ ਫਿਰ ਦੇਵੀ ਹੱਥੋਂ ਉਸਦੇ ਮਾਰੇ ਜਾਣ ਦੀ ਵਿਥਿਆ ਸੁਆਦ ਲਾ ਲਾ ਲਿਖੀ ਹੈ। ਕਿਵੇਂ ਦੈਂਤ ਚੜ੍ਹ ਕੇ ਆਏ, ਕਿਵੇਂ ਚੰਡੀ ਉਨ੍ਹਾਂ ਉਤੇ ਟੁਟਕੇ ਪਈ ਤੇ ਕਿਵੇਂ ਕਿਵੇਂ ਸੂਰਮੇ ਰਣ ਭੂਮੀ ਵਿਚ ਜਾਨਾਂ ਦਿੰਦੇ ਗਏ, ਇਹ ਗੱਲਾਂ ਕਵੀ ਨੇ ਜਾਣ ਬੁਝਕੇ ਅਲੰਕਾਰਕ ਸਜਾਵਟ ਨਾਲ ਪੇਸ਼ ਕੀਤੀਆਂ ਹਨ ਤੇ ਅਲੰਕਾਰ ਵਧੇਰੇ ਉਪਮਾ, ਉਤਪ੍ਰੇਖਿਆ ਯਾ ਦ੍ਰਿਸ਼ਟਾਂਤ ਆਦਿ ਵਰਤੇ ਹਨ। ਕੁਝ ਤਸ਼ਬੀਹਾਂ ਐਸੀਆਂ ਵੀ ਹਨ ਜੋ 'ਦੁਰਗਾ ਕੀ ਵਾਰ' ਵਿਚ ਵੀ ਦੁਹਰਾਈਆ ਹਨ ਜਿਵੇਂ ਕਿ ਸੂਹੀ

ਸਾੜ੍ਹੀ, ਤਰਖਾਣਾਂ ਦੀਆਂ ਵੱਢੀਆਂ ਗੇਲੀਆਂ, ਪਹਾੜ ਤੇ ਮੀਂਹ ਪੈਣ ਕਾਰਣ ਵਗਦੀ ਲਾਲ ਨਦੀ, ਟਟਹਿਣਿਆਂ ਦੀ ਚਮਕ ਆਦਿ। ਕਈ ਕਲਪਨਾ ਵੀ ਰਲਦੀਆਂ ਹਨ, ਜਿਵੇਂ ਚੰਡੀ ਦੀ ਮਾਰੀ ਤੇਗ ਦੈਂਤ, ਕਾਠੀ, ਘੋੜੇ ਆਦਿ ਨੂੰ ਵੱਢਦੀ ਧਰਤੀ ਵਿਚ ਜਾ ਧਸੀ—

ਚੰਡਿ ਲੈ ਪਾਨ ਕ੍ਰਿਪਾਨ ਹਨੇ ਅਰਿ, ਛੋਰਿ ਦਈ ਸਿਰ ਦਾਨਵ ਤਾ ਮਹਿ
ਮੁੰਡਹਿ ਤੁੰਡਹਿ ਰੁੰਡਹਿ ਚੀਰ, ਪਲਾਨ ਕਿਕਾਨ ਧਸੀ ਬਸੁਧਾ ਮਹਿ। ੧੯੮।

ਆਮ ਤੌਰ ਤੇ ਕਵੀ ਨੇ ਛੰਦ ਦੀ ਅੰਤਲੀ ਤੁਕ ਵਿਚ ਉਪਮਾ ਯਾ ਦ੍ਰਿਸ਼ਟਾਂਤ ਦੇ ਕੇ ਘਟਨਾ ਬਿਆਨਣ ਦਾ ਯਤਨ ਕੀਤਾ ਹੈ, ਕੁਝ ਉਦਾਹਰਣ ਇਥੇ ਦਿੰਦੇ ਹਾਂ:—

ਸ੍ਰੋਨ ਪ੍ਰਵਾਹ ਮੈਂ ਪਾਇ ਪਸਾਰ ਕੇ,ਸੋਇ ਹੈਂ ਸੂਰ ਮਨੋ ਮਦ ਮਾਤੇ। ੧੭।
ਪਾਸ ਨਿਹਾਰਕੈ ਗਿੱਝ ਰਤੈ, ਚਟਸਾਰ ਪੜੈਂ ਜਿਮ ਬਾਰਕ ਸੰਥਾ। ੧੯।
ਜਿਉ ਧੁਬੀਆ ਸਰਿਤਾ ਤਟ ਜਾਇਕੈ, ਲੈ ਪਟ ਕੋ ਪਟ ਸਾਥ ਪਛਾਰਿਓ। ੩੪।
ਜਨੁ ਖੇਲਨ ਕੋ ਸਰਿਤਾ ਤਟ ਜਾਇ, ਚਲਾਵਤ ਹੈ ਛਿਛਲੀ ਲਰਕਾ। ੪੩।
ਜਿਉਂ ਹਨੂਮਾਨ ਉਖਾਰ ਪਹਾਰ ਕੋ, ਰਾਵਨ ਕੇ ਉਰ ਭੀਤਰ ਮਾਰਿਓ। ੪੬।
ਮਾਨੋਂ ਪਹਾਰ ਕਰਾਰ ਮੈਂ ਚੋਂਚ, ਪਸਾਰ ਰਹੇ ਸ਼ਿਸ਼ੁ ਸਾਰਕ ਜੈਸੇ। ੬੬।
ਤਬ ਸੇਸ ਕੇ ਸੀਸ ਧਰਾ ਲਰਜੀ, ਜਨੁ ਮਧਿ ਤਰੰਗਨਿ ਨਾਵ ਹਲੀ। ੧੦੮।
ਖੁਰ ਬਾਜਨ ਧੂਰ ਉਡੀ ਨਭ ਕੋ, ਕਵਿ ਕੇ ਮਨ ਤੇ ਉਪਮਾ ਨ ਟਲੀ।
ਭਵ ਭਾਰ ਅਪਾਰ ਨਿਵਾਰਨ ਕੋ, ਧਰਨੀ ਮਨੋ ਬ੍ਰਹਮ ਕੇ ਲੋਕ ਚਲੀ। ੧੦੮।
ਤੀਰ ਚਲੇ ਇਮ ਬੀਰਨ ਕੇ, ਬਹੁ ਮੇਘ ਮਨੋ ਬਲ ਕੈ ਬਰਖਿਓ ਹੈ। ੧੩੦।
ਮਾਨਹੁ ਫਾਰ ਪਹਾਰਹੁੰ ਕੋ, ਸੁਤ ਤੱਛਕ ਕੇ ਨਿਕਸੇ ਕਰ ਬਾਨੇ। ੧੩੧।
ਮਾਨਹੁ ਆਗ ਲਗਾਇ ਹਨੂੰਰਤੂ, ਲੰਕ ਅਵਾਸ ਕੀ ਡਾਰੀ ਅਟਾਰੀ। ੧੩੨।
ਪਉਨ ਕੇ ਗਉਨ ਕੇ ਤੇਜ ਪ੍ਰਤਾਪ ਤੇ, ਪੀਪਰ ਕੇ ਜਿਉਂ ਪਾਤ ਉਡਾਨੇ। ੧੩੪।
ਪੂਰਨਿਪੁਨ ਭਏ ਨਭ ਤੇ ਸੁ ਮਨੋ, ਭੂਅ ਟੂਟ ਨਛੱਤ੍ਰ ਪਰਿਓ ਹੈ। ੧੪੯।
ਗੇਰੂ ਨਗੰ ਪਰ ਕੈ ਬਰਖਾ, ਧਰਨੀ ਪਰਿ ਮਾਨਹੁ ਰੰਗ ਢਰਿਓ ਹੈ। ੧੫੬।
ਘਾਉ ਲਸੈ ਤਨ ਦੈਂਤ ਕੇ ਯੌਂ ਜਨੁ, ਦੀਪਕ ਮੱਧ ਫਨੂਸ ਕੀ ਥੈਲੀ। ੧੫੭।
ਮਾਨਹੁ ਸੀਸ ਮਹੱਲ ਕੇ ਬੀਚ, ਸੁ ਮੂਰਤਿ ਏਕ ਅਨੇਕ ਕੀ ਝਾਈ। ੧੫੯।
ਸ੍ਰੋਣਤ ਬਿੰਦ ਗਿਰਿਓ ਧਰਨੀ ਪਰ, ਜਿਉਂ ਅਸਿ ਸੋ ਘਰ ਸੀਸ ਭਜਿਓ ਹੈ।
ਮਾਨੋ ਅਤੀਤ ਕਰਯੋ ਚਿਤ ਕੋ, ਧਨਵੰਤ ਸਭੋ ਨਿਜ ਮਾਲ ਤਜਿਓ ਹੈ। ੧੭੧।
ਸ੍ਰਉਨ ਸੋ ਲਾਲ ਭਈ ਧਰਨੀ, ਸੁ ਮਨੋ ਅੰਗ ਸੂਹੀ ਕੀ ਸਾਰੀ ਕਰੀ ਹੈ। ੧੯੦।
ਮਾਨੋ ਮਹਾ ਬਨ ਮੈਂ ਬਰ ਬ੍ਰਿਛਨ, ਕਾਟ ਕੇ ਬਾਢੀ ਜੁਦੇ ਕੇ ਧਰੇ ਹੈਂ। ੧੯੧।
ਮਾਨਹੁ ਸਿੰਗਲ ਦੀਪ ਕੀ ਨਾਰਿ, ਗਰੇ ਮੈਂ ਤੰਬੋਰ ਕੀ ਪੀਕ ਨਵੀਨੀ। ੧੯੪।
ਮੁੰਗਰ ਲਾਇ ਹਲਾਇ ਮਨੋ ਤਰੁ, ਕਾਛੀ ਨੇ ਪੇਡ ਤੇ ਤੂਤ ਗਿਰਾਏ। ੨੦੦।
ਮਾਨਹੁ ਸਾਰ ਕੀ ਸਾਰ ਲੈ ਹਾਥ, ਚਲਾਈ ਹੈ ਸਾਬਨ ਕੋ ਸਬੁਨੀਗਰ। ੨੦੨।

ਲੱਥ ਪੈ ਲੱਥ ਗਈ ਧਰ ਇਉਂ, ਸੁ ਮਨੋ ਸੁਰ ਲੋਕ ਕੀ ਸੀਢੀ ਬਨਾਈ। ੨੧੫।
ਸਾਰ ਸੌਂ ਸਾਰ ਕੀ ਧਾਰ ਬਜੀ, ਝਨਕਾਰ ਉਠੀ ਤਿੰਹ ਤੇ ਚਿਨਗਾਰੀ।
ਮਾਨਹੁ ਭਾਦਵ ਮਾਸ ਕੀ ਰੈਨ, ਲਸੈਂ ਪਟਬੀਜਨ ਕੀ ਚਮਕਾਰੀ। ੨੧੯।

ਇਸ ਤਰ੍ਹਾਂ ਪ੍ਰਾਕ੍ਰਿਤਕ, ਇਤਿਹਾਸਕ ਤੇ ਮਿਥਿਹਾਸਕ ਢੰਗ ਦੇ ਅਲੰਕਾਰ ਥਾਂ ਥਾਂ ਵਰਤੇ ਮਿਲਦੇ ਹਨ ਜੋ ਰਣਭੂਮੀ ਵਿਚ ਵੀ ਦੂਸਰੀ ਦੁਨੀਆਂ ਦੀ ਝਾਕੀ ਲਿਆ ਪੇਸ਼ ਕਰਦੇ ਹਨ। ਚੰਡੀ ਤੋਂ ਦੈਂਤ ਕਿਵੇਂ ਭੱਜਦੇ ਹਨ, ਇਸ ਗੱਲ ਨੂੰ ਦ੍ਰਿਸ਼ਟਾਂਤਾਂ ਰਾਹੀਂ ਇਉਂ ਵਰਨਣ ਕੀਤਾ ਹੈ:—

ਭਾਨੁ ਤੇ ਜਿਉਂ ਤਮ ਪਉਨ ਤੇ ਜਿਉਂ ਘਨ
ਮੋਰ ਤੇ ਜਿਉਂ ਫਨ ਤਿਉਂ ਸੁਕਚਾਨੇ।
ਸੂਰ ਤੇ ਕਾਤਰ ਕੂਰ ਤੇ ਚਾਤਰ,
ਸਿੰਘ ਤੇ ਸਾਤਰ ਏਣਿ ਡਰਾਨੇ।
ਸੂਮ ਤੇ ਜਿਉਂ ਜਸ ਬਿਉਗ ਤੇ ਜਿਉਂ ਰਸ,
ਪੂਤ ਕਪੂਤ ਤੇ ਜਿਉਂ ਬੰਸੁ ਹਾਨੇ।
ਧਰਮ ਜਿਉਂ ਕ੍ਰਧ ਤੇ ਭ੍ਰਮ ਸੁਬੁਧਿ ਤੇ,
ਚੰਡ ਕੇ ਜੁਧ ਤੇ ਦੈਂਤ ਪਰਾਨੇ। ੧੪੬।

ਚੰਡੀ ਦੀ ਚੜ੍ਹਾਈ ਦਾ ਦ੍ਰਿਸ਼ ਵੀ ਦੇਖਣ ਵਾਲਾ ਹੈ:—

ਸਿੰਘ ਚੜ੍ਹੀ ਮੁਖ ਸੰਖ ਬਜਾਵਤ, ਜਿਉਂ ਘਨ ਮੈਂ ਤੜਿਤਾ ਦੁਤਿ ਮੰਡੀ।
ਚਕ੍ਰ ਚਲਾਇ ਗਿਰਾਇ ਦਯੋ, ਅਰਿ ਭਾਜਤ ਦੈਂਤ ਬਡੇ ਬਰਬੰਡੀ।
ਭੂਤ ਪਿਸਾਚਨਿ ਮਾਸ ਅਹਾਰ ਕਰੈ, ਕਿਲਕਾਰ ਖਿਲਾਰ ਕੈ ਝੰਡੀ।
ਮੁੰਡ ਕੋ ਮੁੰਡ ਉਤਾਰ ਦਯੋ, ਅਬ ਚੰਡ ਕੋ ਹਾਥ ਲਗਾਵਤ ਚੰਡੀ। ੧੧੫।

ਆਮ ਤੌਰ ਤੇ ਬੀਰ ਰਸੀ ਵਰਣਨ ਵਿਚ ਸ਼ਿੰਗਾਰ ਦੀ ਗੱਲ ਜਾਇਜ਼ ਨਹੀਂ ਮੰਨੀ ਗਈ ਪਰੰਤੂ ਗੁਰੂ ਸਾਹਿਬ ਮਨੁਖੀ ਆਚਰਣ ਤੇ ਸੁਭਾਉ ਤੋਂ ਜਾਣੂ ਸਨ, ਇਸ ਲਈ ਉਹ ਜਾਣਦੇ ਹਨ ਕਿ ਜਦ ਇਕ ਔਰਤ ਸ਼ੇਰ ਦੀ ਸਵਾਰੀ ਕਰਕੇ ਹਥਿਆਰ ਫੜਕੇ ਨਚਦੀ ਤੇ ਆਪਣੇ ਰੰਗ ਢੰਗ ਦਿਖਾਉਂਦੀ ਹੈ, ਜ਼ਰੂਰੀ ਹੈ ਦੂਜੇ ਪਾਸੇ ਪੁਰਖ ਸਰੋਤਾਂ ਦੇ ਮਨਾਂ ਉਤੇ ਕਝ ਨ ਕੁਝ ਅਸਰ ਹੋਵੇ। ਇਸ ਅਸਰ ਦੀ ਝਾਕੀ ਉਨ੍ਹਾਂ ਉਸ ਸਮੇਂ ਦਿਖਾਈ ਹੈ ਜਦੋਂ ਚੰਡ ਦੈਂਤ ਰਾਜੇ ਸੁੰਭ ਪਾਸ ਜਾ ਕੇ ਦਸਦਾ ਹੈ ਕਿ ਚੰਡੀ ਇਸਤਰੀਆਂ ਦੀ ਬੀਰ ਸੁੰਦਰੀ ਹੈ। ਉਸਦਾ ਲਚਕਦਾਰ ਸਰੀਰ ਆਕਰਸ਼ਕ ਤੇ ਉਸਦੇ ਨੈਣ ਤਾਂ ਸਚਮੁਚ ਹੀ ਮੋਹਣ ਵਾਲੇ ਹਨ। ਇਥੇ ਅਨੁਪ੍ਰਾਸ ਅਲੰਕਾਰ ਦੀ ਛਬਿ ਵੀ ਦੇਖਣ ਵਾਲੀ ਹੈ:—

ਹਰਿ ਸੋ ਮੁਖ ਹੈ ਹਰਤੀ ਦੁਖ ਹੈ, ਅਲਕੈਂ ਹਰਿ ਹਾਰ ਪ੍ਰਭਾ ਹਰਨੀ ਹੈ।
ਲੋਚਨ ਹੈਂ ਹਰਿ ਸੇ ਸਰਸੇ, ਹਰਿ ਸੇ ਭਰੁਟੇ ਹਰਿ ਸੀ ਬਰਨੀ ਹੈ।
ਕੇਹਰਿ ਸੀ ਕਰ ਹਾ ਚਲਬੋ, ਹਰਿ ਪੈ ਹਰਿ ਕੀ ਹਰਿਨੀ ਤਰਨੀ ਹੈ।

ਹੈ ਕਰ ਮੈਂ ਹਰਿ ਪੈ ਹਰਿ ਸੋ. ਹਰਿ ਰੂਪ ਕੀਏ ਹਰਿ ਕੀ ਧਰਨੀ ਹੈ । ੮੮ ।

ਇਸੇ ਤਰ੍ਹਾਂ ਉਹ ਦੈਂਤ ਦੇਵੀ ਦੇ ਨੈਣਾਂ ਦੀ ਤਾਰੀਫ ਕਰਦਾ ਕਹਿੰਦਾ ਹੈ —

ਕਬਿੱਤ—ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ ਅਲਿ
ਫਿਰਤ ਦਿਵਾਨੇ ਬਨ ਡੋਲੈ ਜਿਤ ਤਿਤ ਹੀ
ਕੀਰ ਅਉ ਕਪੋਤ ਬਿੰਬ ਕੋਕਲਾ ਕਲਾਪੀ ਬਨ
ਲੂਟੇ ਫੂਟੇ ਫਿਰੈਂ ਮਨ ਚੈਨ ਹੂੰ ਨ ਕਿਤਹੀ
ਦਾਰਮ ਦਰਕ ਗਯੋ ਪੇਖਿ ਦਸਨਨ ਪਾਂਤਿ
ਰੂਪ ਹੀ ਕੀ ਕ੍ਰਾਂਤਿ ਜਗ ਫੈਲ ਰਹੀ ਸਿਤ ਹੀ
ਐਸੀ ਗੁਨ ਸਾਗਰ ਉਜਾਗਰ ਸੁ ਨਾਗਰ ਹੈ
ਲੀਨੋ ਮਨ ਮੇਰੋ ਹਰਿ ਨੈਨ ਕੋਰ ਚਿਤ ਹੀ । ੮੯ ।

ਇਹ ਸ਼ਿੰਗਾਰੀ ਪੱਖ ਬੀਰ ਕਥਾ ਵਿਚ ਰਵਾਇਤੀ ਤੌਰ ਤੇ ਵਿਵਰਜਤ ਹੋਣ ਦੇ ਬਾਵਜੂਦ ਵੀ ਮਨੋਵਿਗਿਆਨੀ ਕਲਾਕਾਰ ਨੇ ਅਣਡਿਠ ਨਹੀਂ ਹੋਣ ਦਿਤਾ ।

ਭਾਰਤੀ ਮਿਥਿਹਾਸ ਵਿਚ ਦੇਵੀ ਦਾ ਸੰਕਲਪ ਬਹੁਤ ਮਹਾਨ ਰਿਹਾ ਹੈ, ਇਹ ਪਰਮੇਸ਼ਰ ਦੀ ਅਸੀਮ ਸ਼ਕਤੀ ਦੀ ਅੰਸ਼ ਹੈ ਜੋ ਅਵਤਾਰ ਲੈਕੇ ਸਮੇਂ ਸਮੇਂ ਦੁਸ਼ਟਾਂ ਦਾ ਨਾਸ ਕਰਦੀ ਹੈ । ਕਿਤੇ ਕਿਤੇ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਸਤੋ ਗੁਣੀ, ਰਜੋਗੁਣੀ ਤੇ ਤਮੋਗੁਣੀ ਸੁਭ ਵਾਲੇ ਬ੍ਰਹਮਾ, ਵਿਸ਼ਨੂ ਤੇ ਮਹੇਸ਼ ਸ਼ਕਤੀਆਂ ਉਤੇ ਅਸੁਰੀ ਸ਼ਕਤੀਆਂ ਕਾਬੂ ਪਾ ਲੈਂਦੀਆਂ ਹਨ ਤਾਂ ਫਿਰ ਇਹ ਦੇਵੀ ਪ੍ਰਗਟ ਹੁੰਦੀ ਤੇ ਆਪਣੇ ਚਮਤਕਾਰ ਦਿਖਾਉਂਦੀ ਹੈ । ਦਰ ਅਸਲ ਦੇਵਤੇ ਨੇਕੀ ਦੇ ਪ੍ਰਤਿਨਿਧ ਹਨ ਤੇ ਦੈਂਤ ਬਦੀ ਦੇ, ਦੁਰਗਾ ਉਹ ਬੀਰ ਆਤਮਾ ਹੈ ਜੋ ਇਨ੍ਹਾਂ ਸਭ ਦੈਂਤਾਂ ਨੂੰ ਨਾਸ਼ ਨਾਬੂਦ ਕਰ ਸਕਦੀ, ਅੰਤ ਵਿਜੈ ਪ੍ਰਾਪਤ ਕਰਦੀ ਹੈ । ਚੰਡੀ ਇਸ ਦੈਵੀ ਸਪਿਰਟ ਦੀ ਪ੍ਰਤੀਕ ਹੈ ਜੋ ਮਨੁਖੀ ਆਤਮਾ ਨੂੰ ਸ਼ਕਤੀ ਪ੍ਰਦਾਨ ਕਰਦੀ ਰਹਿੰਦੀ ਹੈ । ਇਸੇ ਕਾਰਣ ਭਾਰਤੀ ਧਰਮ ਤੇ ਸਾਹਿਤ ਵਿਚ ਇਸਦੀ ਜੈਜੈਕਾਰ ਗਾਈ ਜਾਂਦੀ ਰਹੀ ਹੈ । ਅਜੇਹੀ ਪਰੰਪਰਾਈ ਪ੍ਰਥਾ ਨੂੰ ਮੁਖ ਰਖ ਕੇ ਹੀ ਗੁਰੂ ਸਾਹਿਬ ਨੇ ਇਸ ਬੀਰ ਚਰਿਤ੍ਰ ਨੂੰ ਅੰਕਿਤ ਕੀਤਾ ਹੈ ਅਤੇ ਇਸਦਾ ਅਧਾਰ 'ਦੁਰਗਾ ਸਪਤਸ਼ਤੀ' ਦੀ ਉਹ ਰਚਨਾ ਹੈ ਜੋ ਹਿੰਦੂ ਜਨਤਾ ਵਿਚ ਨਿਤਨੇਮ ਬਣਾ ਕੇ ਆਮ ਪੜ੍ਹੀ ਜਾਂਦੀ ਸੀ ।

## ੫. ਵਾਰ ਦੁਰਗਾ ਕੀ

ਪੰਜਾਬੀ ਵਿਚ ਸ੍ਰੀ ਦਸਮੇਸ਼ ਜੀ ਦੀ ਇਕੋ ਇਕ ੫੫ ਛੰਦਾਂ ਦੀ ਰਚਨਾ 'ਵਾਰ ਦੁਰਗਾ ਕੀ' ਹੈ ਜਿਸਦੇ ਜੰਗੀ ਬਿਗਲ ਦੀ ਪ੍ਰਭਾਵਸਾਲੀ ਧੁਨ ਦੇ ਮਸਤਾਨੇ ਕੀਤੇ ਨਿਹੰਗ ਸਿੰਘ ਅਜ ਵੀ ਨਿਰਭੈ ਤੇ ਤਿਆਰ ਬਰਤਿਆਰ ਨਜ਼ਰ ਆਉਂਦੇ ਹਨ । ਇਸ ਵਿਚ ਗੁਰੂ ਸਾਹਿਬ ਨੇ 'ਦੁਰਗਾ ਸਪਤਸ਼ਤੀ' ਦੀ ਕਥਾ ਦੇ ਅਧਾਰ ਤੇ ਚੰਡੀ ਦੇਵੀ ਦੀ ਦੈਂਤਾਂ ਉਤੇ ਵਿਜਯ ਦਾ ਧੜੱਲੇਦਾਰ ਵਰਨਣ ਕੀਤਾ ਹੈ । ਇਸਦੀ ਬੀਰ ਨਾਇਕਾ ਸ਼ੇਰ ਦੀ ਸਵਾਰੀ ਕਰਨ ਵਾਲੀ ਦੁਰਗਾ ਹੈ ਤੇ ਪ੍ਰਤਿਨਾਇਕ ਮਹਖਾਸੁਰ, ਧੂਮ੍ਰਲੋਚਨ, ਚੰਡ, ਮੁੰਡ, ਸ੍ਰੋਣਤਬੀਜ ਤੇ ਸੁੰਭ, ਨਿਸੁੰਭ ਆਦਿ ਹਨ । ਇਹਨਾਂ ਨੂੰ ਮਾਰ ਕੇ ਦੇਵੀ ਇੰਦਰ ਨੂੰ ਰਾਜ ਦਿਵਾਉਂਦੀ ਹੈ । ਇਕ ਸੁੰਦਰੀ ਦਾ ਸੰਗਰਾਮੀਏ ਰੂਪ ਵਿਚ ਜਿੱਤਾਂ ਜਿਤਦੀ ਦਿਖਾਉਣ ਤੋਂ ਮਕਸਦ ਉਹਨਾਂ ਦਾ ਇਹੋ ਦਸਣਾਂ ਸੀ ਕਿ ਇਕ ਅਬਲਾ ਆਖੀ ਜਾਣ ਵਾਲੀ 'ਇਸਤਰੀ ਜੇ ਬੀਰੰਗਨਾ ਬਣਕੇ ਧਰਮ ਯੁਧ ਦੇ ਚਾਉ ਨਾਲ ਜੂਝੇ ਤਾਂ ਉਹ ਵਡੇ ਵਡੇ ਅਭਿਮਾਨੀ ਦੈਂਤਾਂ ਨੂੰ ਪਛਾੜ ਕੇ ਇੰਦਰ ਵਰਗੇ ਦੇਵਤੇ ਨੂੰ ਜਿਤ ਦਿਵਾ ਸਕਦੀ ਹੈ । ਇਸ ਲਈ ਮਰਦਾਂ ਨੂੰ ਇਸ ਤੋਂ ਸਬਕ ਲੈ ਕੇ ਆਪਣੇ ਆਪ ਅੰਦਰ ਬੀਰਤਾ, ਸਾਹਸ ਤੇ ਸਵੈਮਾਨ ਜੇਹੇ ਉਤਮ ਗੁਣ ਪੈਦਾ ਕਰਨੇ ਚਾਹੀਦੇ ਹਨ । ਕੁਝ ਲੋਕਾਂ ਨੂੰ ਇਹ ਵੀ ਭੁਲੇਖਾ ਹੈ ਕਿ ਗੁਰੂ ਸਾਹਿਬ ਦੇਵੀ ਦੇ ਪੁਜਾਰੀ ਸਨ, ਇਸ ਕਰਕੇ ਉਹਨਾਂ ਇਹ ਵਾਰ ਲਿਖੀ। ਉਹ ਲੋਕ ਇਹ ਨਹੀਂ ਜਾਣਦੇ ਕਿ ਉਹ ਉਪਾਸ਼ਕ ਤਾਂ ਕੇਵਲ ਪ੍ਰਭੂ ਦੀ ਮਹਾਨ ਸ਼ਕਤੀ ਦੇ ਹੀ ਸਨ ਜਿਸਨੂੰ ਉਹਨਾਂ ਭਗਉਤੀ, ਖੜਗ, ਤੇਗ, ਕਾਲ ਯਾ ਅਸਿਧੁਜ ਆਦਿ ਵੀ ਆਖਿਆ ਹੈ । 'ਪ੍ਰਿਥਮ ਭਗਉਤੀ ਸਿਮਰਕੈ' ਵਿਚ ਉਹ ਇਸੇ ਰੱਬੀ ਸ਼ਕਤੀ ਨੂੰ ਧਿਆਉਂਦੇ ਹਨ ਜੋ ਪਹਿਲੇ ਖੰਡਾ-ਕਾਂਡ ਰੂਪ ਧਾਰਦਾ ਤੇ ਸ੍ਰਿਸਟੀ ਦੀ ਰਚਨਾ ਕਰਦਾ ਹੈ ਤੇ ਇਸੇ ਮਹਾਨ ਸੱਤਾ ਬਾਰੇ ਉਹ ਅਗੇ ਜਾ ਕੇ ਕਹਿੰਦੇ ਹਨ ਕਿ ਤੇਰੇ ਬਲ ਨਾਲ ਹੀ ਰਾਮ ਕ੍ਰਿਸ਼ਨ ਆਦਿਕ ਅਵਤਾਰਾਂ ਜਿੱਤ ਪਾਈ ਤੇ ਤੇਰੇ ਬਲ ਨਾਲ ਹੀ ਇਸ ਦੁਰਗਾ ਨੇ ਦੈਂਤਾਂ ਦਾ ਨਾਸ ਕੀਤਾ ਹੈ । ਸ਼ਬਦ ਸਾਫ਼ ਹਨ ।—

ਖੰਡਾ ਪ੍ਰਿਥਮ ਮਨਾਇਆ, ਜਿਨਿ ਸਭ ਸੈਸਾਰੁ ਉਪਾਇਆ ।
ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤੀ ਦਾ ਖੇਲੁ ਬਣਾਇਆ ।
ਚਉਦਹ ਤਬਕ ਬਣਾਇਕੈ, ਕੁਦਰਤੀ ਦਾ ਖੇਲੁ ਦਿਖਾਇਆ ।
ਸਿੰਧ ਪਰਬਤ ਮੇਦਨੀ, ਬਿਨ ਥੰਮਾ ਗੈਣੁ ਰਹਾਇਆ ।
ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦ ਰਚਾਇਆ ।

ਤੈ ਹੀ ਦੁਰਗਾ ਸਾਜੀਐ, ਦੈਂਤਾਂ ਦਾ ਨਾਸ ਕਰਾਇਆ।
ਤੈਥੋਂ ਹੀ ਬਲੁ ਰਾਮ ਲੈ, ਨਾਲ ਬਾਣਾਂ ਦੇ ਰਾਵਣ ਘਾਇਆ।
ਤੈਥੋ ਹੀ ਬਲੁ ਕ੍ਰਿਸਨ ਲੈ, ਕੰਸੁ ਕੇਸੀ ਪਕੜਿ ਗਿਰਾਇਆ।
ਬੜੇ ਬੜੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ।
ਕਿਨੈ ਤੇਰਾ ਅੰਤੁ ਨਾ ਪਾਇਆ। ੨।

ਇਸ ਤੋਂ ਜ਼ਾਹਰ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਇਸ਼ਟ ਉਹ ਹੈ ਜੋ ਸਾਰੀਆਂ ਸ਼ਕਤੀਆਂ ਦਾ ਸੋਮਾ ਤੇ ਸਭ ਪੀਰਾਂ ਅਵਤਾਰਾਂ ਨੂੰ ਤਾਕਤਾਂ ਬਖਸ਼ਣ ਵਾਲਾ ਹੈ।

ਮਹਾਨ ਦੇਵੀ ਸ਼ਕਤੀ ਭਗਉਤੀ ਹੈ, ਚੰਡੀ ਨਹੀਂ ਤੇ ਨਾ ਹੀ ਦੁਰਗਾ ਯਾ ਭਵਾਨੀ ਹੈ। ਇਹ ਤਾਂ ਉਸਦੀਆਂ ਦਾਸੀਆਂ ਹਨ।

'ਅਨਹਦ ਰੂਪ ਅਨਾਹਦ ਬਾਨੀ
ਚਰਨ ਸਰਨ ਜਿਹ ਬਸਤ ਭਵਾਨੀ। [ਅਕਾਲ ਉਸਤਤਿ]

ਆਮ ਤੌਰ ਤੇ ਇਸ ਵਾਰ ਦਾ ਨਾਮ ਚੰਡੀ ਦੀ ਵਾਰ ਪ੍ਰਸਿੱਧ ਹੋ ਗਿਆ ਹੈ ਯਾ ਫਿਰ 'ਵਾਰ ਭਗਉਤੀ ਜੀ ਕੀ' ਵੀ ਕਿਹਾ ਜਾਂਦਾ ਹੈ! ਪਰ ਇਹ ਦੋਵੇਂ ਨਾਮ ਬਾਦ ਵਿਚ ਪ੍ਰਚਲਤ ਹੋਏ ਸਿੱਧ ਹੁੰਦੇ ਹਨ। 'ਵਾਰ ਦੁਰਗਾ ਕੀ' ਪ੍ਰਮਾਣਿਕ ਨਾਮ ਹੋਣ ਦਾ ਪਹਿਲਾ ਸਬੂਤ ਤਾਂ ਇਹ ਹੈ ਕਿ ਸ੍ਰੀ ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ, ਜਿਵੇਂ ਕਿ ਅਨੰਦਪੁਰੀ ਬੀੜ, ਭਾਈ ਮਨੀ ਸਿੰਘ ਵਾਲੀ, ਪਟਨੇ ਸਾਹਿਬ ਵਾਲੀ ਤੇ ਮੋਤੀ ਬਾਗ ਪਟਿਆਲੇ ਵਾਲੀ—ਸਾਰੀਆਂ ਹੀ ਲਿਖਤੀ ਬੀੜਾਂ ਵਿਚ ਸਿਰਲੇਖ ਇਹੋ ਮਿਲਦਾ ਹੈ। ਸ੍ਰੀ ਦਸਮੇਸ਼ ਜੀ ਦੇ ਹਜ਼ੂਰੀ ਲਿਖਾਰੀ ਭਾਈ ਦਰਬਾਰੀ ਨੇ ਜੋ ਇਸਦਾ ਪਹਿਲਾਂ ਖਰੜਾ ਲਿਖਿਆ, ਉਸਤੇ ਸਿਰਲੇਖ 'ਵਾਰ ਦੁਰਗਾ ਕੀ' ਹੀ ਹੈ। ਪੱਥਰ ਦੇ ਛਾਪੇ ਦੀ ੧੧੫੯ ਸਫ਼ੇ ਵਾਲੀ ਬੀੜ 'ਵਿਚ ਵੀ ਅਜੇਹਾ ਹੀ ਹੈ। ਦੂਜੇ, ਜਦੋਂ ਅਸੀਂ ਇਸ ਪ੍ਰਬੰਧ ਕਾਵਿ ਦੀ ਅੰਦਰਲੀ ਗਵਾਹੀ ਲੱਭਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਸ ਵਿਚ ਦੇਵੀ ਲਈ ਤਿੰਨ ਵਾਰ 'ਭਵਾਨੀ, ਛੇ ਵਾਰ 'ਚੰਡੀ' ਤੇ ੩੯ ਵਾਰ 'ਦੁਰਗਾ' ਪਦ ਵਰਤਿਆ ਗਿਆ ਹੈ, ਭਗਉਤੀ ਇਕ ਵਾਰ ਵੀ ਨਹੀਂ ਵਰਤਿਆ। ਆਖ਼ਰ ਨਾਇਕਾ ਦਾ ਜੋ ਨਾਮ ਕਵੀ ਰਚਨਾ ਵਿਚ ਵਰਤਦਾ ਹੈ, ਉਸੇ ਦੇ ਅਧਾਰ ਤੇ ਹੀ ਸਿਰਲੇਖ ਹੋ ਸਕਦਾ ਸੀ। ਤੀਜੀ ਦਲੀਲ ਇਹ ਵੀ ਹੈ ਕਿ ਮੂਲ ਸੰਸਕ੍ਰਿਤ ਰਚਨਾ ਦਾ ਨਾਮ 'ਦੁਰਗਾ ਸਪਤਸ਼ਤੀ' ਯਾ 'ਦੁਰਗਾ ਪਾਠ' ਹੈ, ਇਸ ਅਨੁਸਾਰ 'ਵਾਰ ਦੁਰਗਾ ਕੀ' ਨਾਮ ਰਖਿਆ ਜਾਣਾ ਹੀ ਉਚਿਤ ਸੀ। 'ਵਾਰ ਭਗਉਤੀ ਜੀ ਕੀ'ਨਾਮ ਪੈਣ ਦਾ ਕਾਰਣ ਇਤਨਾ ਹੀ ਜਾਪਦਾ ਹੈ ਕਿ ਅਰੰਭ ਵਿਚ 'ਸ੍ਰੀ ਭਗਉਤੀ ਜੀ ਸਹਾਇ' ਸੀ ਤੇ ਫਿਰ ਪਉੜੀ 'ਪ੍ਰਿਥਮ ਭਗਉਤੀ ਸਿਮਰਕੈ' ਨਾਲ ਸ਼ੁਰੂ ਹੁੰਦੀ, ਸਿੱਟਾ ਇਹ ਹੋਇਆ ਕਿ ਇਨ੍ਹਾਂ ਨਾਮਾਂ ਦਾ ਸਦਕਾ ਵਾਰ ਦਾ ਨਾਮ ਵੀ ਆਮ ਲੋਕਾਂ'ਵਾਰ ਭਗਉਤੀ ਜੀ ਕੀ' ਹੀ ਪਾ ਦਿਤਾ। 'ਚੰਡੀ ਦੀ ਵਾਰ'ਇਸ ਲਈ ਕਿ ਦੁਰਗਾ ਨੂੰ ਚੰਡੀ ਵੀ ਆਖਦੇ ਹਨ ਤੇ ਇਸੇ ਨਾਂ ਉਤੇ ਗੁਰੂ ਜੀ ਨੇ ਇਸ ਦਾ ਚਰਿਤਰ ਹਿੰਦੀ ਵਿਚ ਲਿਖਿਆ ਹੈ, ਵੈਸੇ ਭਗਉਤੀ ਤੇ ਦੁਰਗਾ ਵੱਖ ਵੱਖ ਅਰਥ ਰਖਦੇ ਹਨ। ਭਗਉਤੀ ਦਾ

ਅਰਥ ਤਲਵਾਰ ਹੈ ਜੈਸਾ ਕਿ ਭਾਈ ਗੁਰਦਾਸ ਨੇ ਵੀ ਵਰਤਿਆ ਹੈ :—

'ਨਾਉ ਭਗਉਤੀ ਲੋਹ ਘੜਾਇਆ । ੬ ।' [ਵਾਰ ੨੫

ਗੁਰੂ ਸਾਹਿਬ ਵਾਰ ਵਿਚ ਇਸੇ ਅਰਥ ਵਿਚ ਪ੍ਰਯੋਗ ਕਰਦੇ ਹਨ—

'ਲਈ ਭਗਉਤੀ ਦੁਰਗਸਾਹ' । ਪ੩ ।

ਇਹ ਅਸੀਂ ਅਗੇ ਵੀ ਵਿਚਾਰ ਚੁਕੇ ਹਾਂ ਕਿ ਸ੍ਰੀ ਦਸਮੇਸ਼ ਜੀ ਨੇ ਤਲਵਾਰ ਬੋਧਕ ਪਦਾਂ ਨੂੰ ਜਾਣ ਕੇ ਪਰਮੇਸਰ ਦੇ ਅਰਥਾਂ ਵਿਚ ਵਰਤਿਆ ਹੈ, ਇਹ ਉਹਨਾ ਦੀ ਸੰਤ ਸਿਪਾਹੀ ਸ਼ਬਦਾਵਲੀ ਅਪਣੀ ਹੈ। ਬਚਿਤਰ ਨਾਟਕ ਦੇ ਮੁੱਢ ਵਿਚ ਉਹ ਮੰਗਲਾਚਰਣ ਕਰਦੇ ਕਹਿੰਦੇ ਹਨ —

ਨਮਸਕਾਰ ਸ੍ਰੀ ਖੜਗ ਕੋ ਕਰਉ ਸੁ ਹਿਤ ਚਿਤ ਲਾਇ।

ਇਥੇ ਖੜਗ ਦਾ ਅਰਥ ਤਲਵਾਰ ਨਹੀਂ, ਅਕਾਲ ਸ਼ਕਤੀ ਹੈ। ਇਵੇਂ 'ਵਾਰ ਦੁਰਗਾ ਕੀ' ਦੇ ਅਰੰਭ ਵਿਚ ਜੋ 'ਪ੍ਰਿਥਮ ਭਗਉਤੀ ਸਿਮਰਕੈ' ਪਾਠ ਹੈ, ਇਥੇ ਭਗਉਤੀ ਦਾ ਅਰਥ ਦੇਵੀ ਨਹੀਂ ਸਗੋਂ ਤਲਵਾਰ ਹੈ ਤੇ ਤਲਵਾਰ ਤੋਂ ਭਾਵ ਅਕਾਲ ਸ਼ਕਤੀ ਹੈ। ਇਹ ਸ਼ਬਦ ਗੁਰੂ ਜੀ ਨੇ ਕੇਵਲ ਇਥੇ ਹੀ ਇਉਂ ਨਹੀਂ ਵਰਤਿਆ ਸਗੋਂ ਹੋਰ ਵੀ ਕਈ ਥਾਂ 'ਸ੍ਰੀ ਭਗਉਤੀ ਜੀ ਸਹਾਇ' ਕਹਿਕੇ ਪਰਮੇਸ਼ਰ ਦਾ ਮੰਗਲ ਕੀਤਾ ਹੈ। ਇਕ ਹੋਰ ਪੱਖ ਤੋਂ ਵੀ ਇਸ ਦਾ ਵਿਚਾਰ ਧਿਆਨ ਯੋਗ ਹੈ, ਪੁਰਾਣੇ ਸੰਸਕ੍ਰਿਤ ਸਾਹਿਤ ਵਿਚ 'ਭਗਵਤ' ਸ਼ਬਦ ਪਰਮੇਸਰ ਦੇ ਅਰਥਾਂ ਵਿਚ ਪ੍ਰਸਿਧ ਹੈ, ਤੇ ਹਿੰਦੀ ਵਿਚ ਵੀ ਐਸਾ ਹੀ ਹੈ ਤੇ ਗੁਰੂ ਸਾਹਿਬ ਨੇ ਇਸਦੀ ਵਰਤੋਂ ਵੀ ਕੀਤੀ ਹੈ—

'ਪ੍ਰਿਥਮ ਧਰਹੁ ਭਗਵਤ ਕੋ ਧਿਆਨਾ
ਬਹੁਰ ਕਰਹੁ ਕਵਿਤਾ ਬਿਧਿ ਨਾਨਾ ।'

ਇਸੇ ਭਗਵਤ ਦਾ ਇਸਤਰੀ ਲਿੰਗ ਰੂਪ 'ਭਗਵਤੀ' ਤੇ 'ਭਗਉਤੀ ਹੈ, ਮੁਰਾਦ ਮਹਾਨ ਚੇਤਨ ਸ਼ਕਤੀ ਤੋਂ ਹੀ ਹੈ ਜੋ ਕਿ ਦੁਰਗਾ ਵਰਗੀਆਂ ਅਨੇਕਾਂ ਦੇਵੀਆਂ ਤੇ ਦੇਵਤੇ ਪੈਦਾ ਕਰ ਸਕਦੀ ਹੈ। ਸੋ ਇਸ ਭੇਦ ਨੂੰ ਧਿਆਨ ਗੋਚਰਾ ਕਰਨਾ ਜ਼ਰੂਰੀ ਹੈ ਕਿ ਚੰਡੀ ਜਾਂ ਦੁਰਗਾ ਤਾਂ ਦੇਵੀ ਹੀ ਹੈ ਜਿਸ ਨੇ ਦੈਂਤਾਂ ਨੂੰ ਹਰਾਇਆ ਪਰੰਤੂ ਭਗਉਤੀ ਉਸ ਤੋਂ ਬਹੁਤ ਵਡੇਰੀ ਮਹਾਂ ਸ਼ਕਤੀ ਹੈ ਜਿਸਦੇ ਇਹ ਦੇਵੀ ਦੇਵਤੇ ਸਭ ਪਾਣੀਹਾਰ ਹਨ। ਇਸ ਗੱਲ ਨੂੰ ਵਾਰ ਦੀ ਦੂਜੀ ਪਉੜੀ ਵਿਚ ਗੁਰੂ ਸਾਹਿਬ ਨੇ ਆਪ ਹੀ ਸਪਸ਼ਟ ਕੀਤਾ ਹੈ।

ਤੈ ਹੀ ਦੁਰਗਾ ਸਾਜੀਏ, ਦੈਂਤਾਂ ਦਾ ਨਾਸ ਕਰਾਇਆ।

ਸੋ ਗੁਰੂ ਸੰਕੇਤਾਵਲੀ ਵਿਚ ਦੁਰਗਾ ਤੇ ਭਗਉਤੀ ਵੱਖ ਵੱਖ ਹਨ। ਇਹਨਾਂ ਨੂੰ ਇਕ ਸਮਝਣਾ ਭੁਲ ਹੈ। ਇਹ ਠੀਕ ਹੈ ਕਿ ਦੁਰਗਾ ਵੀ ਉਸੇ ਅਨੰਤ ਸ਼ਕਤੀ ਦੀ ਕਿਰਣ ਹੈ ਪਰ ਪੂਰਨ ਅਨੰਤ ਸ਼ਕਤੀ ਨਹੀਂ। ਗੁਰੂ ਸਾਹਿਬ ਤੇ ਆਮ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਇਹੋ ਭੇਦ ਸੀ। ਜਿਨ੍ਹਾਂ ਇਹ ਭੇਦ ਨਹੀਂ ਜਾਣਿਆ ਉਨ੍ਹਾਂ ਨੂੰ 'ਪ੍ਰਿਥਮ ਭਗਉਤੀ ਸਿਮਰਕੈ' ਦੇ ਸਹੀ ਅਰਥ ਸਮਝਣ ਵਿਚ ਕਾਫੀ ਔਖ ਹੋਈ ਹੈ।

ਕਥਾ-ਵਸਤੂ—

ਇਸ ਵਾਰ ਦੀ ਕਹਾਣੀ ਦਾ ਸਾਰ ਇਹ ਹੈ ਕਿ ਤ੍ਰੇਤਾਯੁਗ ਵਿਚ ਦੈਂਤਾਂ ਦਾ ਭਜਾਇਆ ਇੰਦਰ ਕੈਲਾਸ਼ ਤੇ ਦੁਰਗਾ ਦੀ ਸ਼ਰਣ ਆ ਬੇਨਤੀ ਕਰਦਾ ਹੈ ਕਿ ਮੇਰਾ ਗੁਆਚਾ ਰਾਜ ਮੈਨੂੰ ਦਿਵਾਇਆ ਜਾਵੇ। ਇਹ ਪਰਮੇਸ਼ਰ ਦੀ ਲੀਲ੍ਹਾ ਹੈ ਕਿ ਉਹ ਦੇਵਤਿਆਂ ਦਾ ਅਹੰਕਾਰ ਤੋੜਣ ਲਈ ਅਜੇਹੀ ਹੇਠਲੀ ਉਤੇ ਕਰਦਾ ਹੈ। ਇੰਦਰ ਵਰਗਾ, ਦੇਵਤਿਆਂ ਦਾ ਰਾਜਾ ਸ਼ਰਨਾਰਥੀ ਹੋਕੇ ਤਲਾ ਤੇ ਨ੍ਹਾਉਣ ਆਈ ਦੁਰਗਸ਼ਾਹ ਪਾਸ ਗਿੜਗਿੜਾਂਦਾ ਹੈ ਤੇ ਅਗੋਂ ਦੁਰਗਾ ਖਿੜ ਖਿੜਾਕੇ ਹੱਸਦੀ ਤੇ ਉਸਨੂੰ ਮੱਦਦ ਦਾ ਭਰੋਸਾ ਦਿਵਾਉਂਦੀ ਹੈ:

ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ
ਓਹੀ ਸ਼ੀਹ ਮੰਗਾਇਆ ਰਾਕਸ਼ ਭੱਖਣਾ
'ਚਿੰਤਾ ਕਰਹੁ ਨ ਕਾਈ,' ਦੇਵਾਂ ਨੂੰ ਆਖਿਆ
ਰੋਹ ਹੋਈ ਮਹਾਂਮਾਈ ਰਾਕਸ਼ ਮਾਰਣੇ । ੫ ।

ਦੁਰਗਾ ਸ਼ੇਰ ਦੀ ਸਵਾਰੀ ਕਰਕ ਮੈਦਾਨ ਵਿਚ ਨਿਤਰਦੀ ਤੇ ਰਾਕਸ਼ਾਂ ਦੇ ਆਹੂ ਲਾਹੁੰਦੀ ਜਾਂਦੀ ਹੈ। ਪਹਿਲੇ ਟਾਕਰੇ ਵਿਚ ਹੀ ਦੈਂਤਾਂ ਦਾ ਰਾਜਾ ਮਹਿਖਾਸੁਰ ਤਲਵਾਰ ਨਾਲ ਮੌਤ ਦੇ ਘਾਟ ਉਤਾਰ ਦਿਤਾ ਜਾਂਦਾ ਹੈ ਤੇ ਦੇਵੀ ਫੌਰਨ ਇੰਦਰ ਨੂੰ ਰਾਜ ਦੇਕੇ ਲੋਪ ਹੋ ਜਾਂਦੀ ਹੈ। ਪਰ ਛੇਤੀ ਹੀ ਸੁੰਭ ਤੇ ਨਿਸੁੰਭ ਦੋ ਹੋਰ ਗੁਮਾਨੀ ਦੈਂਤ ਇੰਦਰਪੁਰੀ ਉਤੇ ਧਾਵਾ ਬੋਲ ਦਿੰਦੇ ਹਨ ਜਿਨ੍ਹਾਂ ਨਾਲ ਤਕੜੀ ਭਾਰੀ ਫੌਜ ਹੈ। ਰਾਜੇ ਸੁੰਭ ਨੇ ਪਹਿਲੇ ਧੂਮਰਲੋਚਨ ਫਿਰ ਚੰਡ, ਮੁੰਡ ਤੇ ਸ੍ਰੋਣਤਬੀਜ ਜੇਹੇ ਆਪਣੇ ਬਹਾਦਰ ਜਰਨੈਲਾਂ ਨੂੰ ਘਲਿਆ ਜੋ ਇਕ ਇਕ ਕਰਕੇ ਮਾਰੇ ਗਏ। ਸਰੋਣਤਬੀਜ ਦੇ ਲਹੂ ਦਾ ਕਤਰਾ ਜਦੋਂ ਧਰਤੀ ਤੇ ਡਿਗਦਾ ਸੀ, ਤਾਂ ਇਕ ਹੋਰ ਰਾਕਸ਼ ਪੈਦਾ ਹੋ ਜਾਂਦਾ ਸੀ। ਇਸ ਕਰਕੇ ਚੰਡੀ ਨੇ ਕਾਲੀ ਨੂੰ ਬੁਲਾਇਆ, ਉਸਨੇ ਅਜੇਹੀ ਫੁਰਤੀ ਨਾਲ ਖ਼ੂਨ ਪੀਤਾ, ਕੋਈ ਤੁਪਕਾ ਹੇਠ ਨਾ ਡਿਗਣ ਦਿਤਾ। ਸਰੋਣਤ ਬੀਜ ਦੀ ਮੌਤ ਪਿਛੋਂ ਨਿਸੁੰਭ ਆਇਆ ਤੇ ਫੇਰ ਖ਼ੁਦ ਸੁੰਭ ਰਾਜਾ, ਇਹ ਵੀ ਵਾਹੀ ਵਾਹੀ ਚੰਡੀ ਦੇ ਹੱਥੋਂ ਮਾਰੇ ਗਏ। ਇਸ ਤਰ੍ਹਾਂ ਸਾਰੇ ਦੈਂਤਾਂ ਦਾ ਨਾਸ ਕਰਕੇ ਦੇਵੀ ਨੇ ਇੰਦਰ ਨੂੰ ਰਾਜ ਦਿਵਾਇਆ ਤੇ ਜਗਦੰਬਾ ਦੀ ਜੈਜੈਕਾਰ ਹੋਈ।

ਸੁੰਭ ਨਿਸੁੰਭ ਪਠਾਇਆ, ਜਮ ਦੇ ਧਾਮ ਨੋ
ਇੰਦਰ ਸੱਦਿ ਬੁਲਾਇਆ, ਰਾਜ ਅਭਿਖੇਖ ਨੋ
ਸਿਰ ਤੇ ਛਤ੍ਰ ਫਿਰਾਇਆ ਰਾਜੇ ਇੰਦਰ ਦੇ
ਚਉਦਹ ਲੋਕਾਂ ਛਾਇਆ, ਜਸੁ ਜਗਮਾਤ ਦਾ। ੫੫ ।

ਇਹ ਹੈ ਸੰਖੇਪ ਜੇਹੀ ਕਹਾਣੀ ਕਿ ਦੁਰਗਾ ਦੇਵੀ ਰੋਹ ਵਿਚ ਆ ਕੇ ਵਡੇ ਵਡੇ ਰਾਖਸ਼ਾਂ ਨੂੰ ਪਛਾੜਦੀ ਤੇ ਦੇਵਤਿਆਂ ਨੂੰ ਜਿੱਤ ਦਿਵਾਂਦੀ ਹੈ। ਸਾਰੀ ਵਾਰ ਘਮਸਾਣ ਦੇ ਯੁੱਧ ਦਾ ਇਕ ਜੋਸ਼ੀਲਾ ਤੇ ਬਾਂਕਾ ਚਿੱਤਰ ਹੈ ਕਿ ਕਿਵੇਂ ਇਕ ਬੀਰਾਂਗਨਾ ਅਤਿ ਡਰਾਉਣੇ ਮਾਰੂ ਦੈਂਤਾਂ ਦੇ ਸੱਥਰ ਲਾਹੁੰਦੀ ਜਾਂਦੀ ਹੈ। ਇਸੇ ਕਰਕੇ ਕਿਤੇ ਕਿਤੇ ਗੁਰੂ ਸਾਹਿਬ ਦੁਰਗਾ ਨੂੰ 'ਦੁਰਗਸ਼ਾਹ' ਨਾਮ ਨਾਲ ਵੀ ਪੁਕਾਰਦੇ ਹਨ, ਜਿਵੇਂ ਉਹ ਬੀਰਤਾ ਦੀ ਮਲਕਾ ਹੋਵੇ। ਇਸ

ਚਿੱਤਰ ਨੂੰ ਵੇਖ ਕੇ ਜਿਥੇ ਇਸਤਰੀ ਦੀ ਹੈਸੀਅਤ ਉਚੇਰੀ ਹੁੰਦੀ, ਉਥੇ ਮਰਦਾਂ ਨੂੰ ਵੀ ਇਸ ਤੋਂ ਘਣੇਰੀ ਪਰੇਰਨਾ ਮਿਲਦੀ ਹੈ ਕਿ ਜੇ ਕਰ ਇਕੱਲੀ ਚੰਡੀ ਖੰਡਾ ਖੜਕਾਕੇ ਇਤਨੇ ਦੁਸ਼ਟਾਂ ਨੂੰ ਸੋਧ ਸਕਦੀ ਹੈ ਤਾਂ ਮੁਗ਼ਲ ਸਾਮਰਾਜ ਵਰਗੇ ਦੈਂਤਾਂ ਨੂੰ ਉਹ ਕਿਉਂ ਨਹੀਂ ਭੁਇੰ ਲਾਹ ਸਕਦੇ । ਇਹੋ ਗੱਲ ਸੀ, ਜਿਸ ਦੇ ਸਦਕੇ, ਅਠਾਰ੍ਹਵੀਂ ਸਦੀ ਵਿਚ ਲਗਾਤਾਰ ਸੌ ਵਰ੍ਹੇ ਸਿੰਘ ਸੂਰਮੇ ਸਾਮਰਾਜੀ ਦੈਂਤ ਦੇ ਵਿਰੁਧ ਨਿਰਭੈ ਹੋਕੇ ਲੜਦੇ ਰਹੇ ਤੇ ਆਖ਼ਰ ਉਹਨਾਂ ਇਸ ਦੈਂਤ ਨੂੰ ਖਪਾ ਕੇ ਦਮ ਲਿਆ । ਇਹ ਇਸ ਵਾਰ ਦਾ ਇਕ ਕ੍ਰਿਸ਼ਮਾ ਹੈ ਜਿਸ ਦੀ ਪੁਸ਼ਟੀ ਇਤਿਹਾਸ ਪੂਰੀ ਤਰ੍ਹਾਂ ਕਰ ਰਿਹਾ ਹੈ । ਹੁਣ ਵੀ ਨਿਹੰਗ ਸਿੰਘ ਆਪਣੇ ਜੋਸ਼ ਅਤੇ ਉਤਸ਼ਾਹ ਨੂੰ ਬਰਕਰਾਰ ਰੱਖਣ ਲਈ ਰੋਜ਼ਾਨਾ ਇਸਦਾ ਪਾਠ ਕਰਦੇ ਤੇ ਬਾਕੀ ਆਮ ਸਿਖ ਚੰਡੀ ਦਾ ਪਾਠ ਕਰਨੋਂ ਇਸ ਲਈ ਸੰਕੁਚਦੇ ਹਨ ਕਿ ਇਸਦੇ ਪੜ੍ਹਿਆਂ ਲੜਾਈ ਛਿੜ ਪੈਂਦੀ ਹੈ । ਸੋ ਅਜੇਹਾ ਬੀਰ ਰਸੀ ਪ੍ਰਭਾਵ ਦਸਦਾ ਹੈ ਕਿ ਕਲਾਕਾਰ ਕਵੀ ਨੇ ਇਸਦੇ ਰੂਪਕ ਢਾਂਚੇ ਨੂੰ ਹਰ ਪਾਸਿਓਂ ਸੰਪੂਰਣ ਕਰ ਕੇ ਪੇਸ਼ ਕੀਤਾ ਹੈ ।

ਇਸਦੀ ਬਿੰਬਾਵਲੀ, ਸ਼ਬਦਾਵਲੀ, ਰੂਪਾਵਲੀ, ਵਾਤਾਵਰਣ, ਚੁਸਤ ਬੰਦਸ਼ ਸਭੋ ਬੀਰ ਰਸੀ ਰੰਗਣ ਦਾ ਹੈ ਜੋ ਮਨ ਨੂੰ ਪ੍ਰਚੰਡ ਕਰਕੇ ਜਲਾਲੀ ਰੰਗ ਚਾੜ੍ਹਦਾ ਤੇ ਛੁਪੀਆਂ ਕਲਾਂ ਨੂੰ ਉਘਾੜਦਾ ਹੈ । ਇਸ ਰੂਪਕ ਬਣਤਰ ਵਿਚ ਦੋ ਗੱਲਾਂ ਬਹੁਤ ਪ੍ਰਭਾਵਸ਼ਾਲੀ ਸਿਧ ਹੋਈਆਂ ਹਨ ਇਕ ਤਾਂ ਅਲੰਕਾਰਾਂ ਨਾਲ ਸਜੀ ਜੋਸ਼ੀਲੀ ਸ਼ੈਲੀ ਤੇ ਦੂਜੇ ਧੜੱਲੇਦਾਰ ਬੋਲੀ ।

ਜਿਸ ਤਰ੍ਹਾਂ ਫੌਜੀ ਵਾਜੇ ਦੀ ਧੁਨ ਨਾਲ ਸਿਪਾਹੀ ਦਾ ਹਰ ਕਦਮ ਅਗੇ ਵਧਦਾ ਹੈ, ਤਿਵੇਂ ਇਸ ਵਾਰ ਦੀ ਹਰ ਪਉੜੀ ਬਾਜਾਂ ਵਾਂਗ ਤਰਾਰੇ ਲੈਂਦੀ ਧੌਂਸੇ ਦੀ ਚੋਟ ਨਾਲ ਤੁਰਦੀ ਹੈ ਤੇ ਸੂਰਬੀਰਤਾ ਦਾ ਸਾਗਰ ਉਛਾਲੇ ਮਾਰਦਾ ਨਜ਼ਰੀ ਪੈਂਦਾ ਹੈ । ਕੌਣ ਹੈ, ਇਸ ਬਿਆਨ ਨੂੰ ਪੜ੍ਹ ਕੇ ਜਿਸ ਦਾ ਖ਼ੂਨ ਉਬਾਲੇ ਨ ਖਾਣ ਲਗ ਜਾਵੇ ।

> 'ਜੰਗ ਮੁਸਾਫਾ ਵਜਿਆ, ਰਣ ਘੁਰੇ ਨਗਾਰੇ ਚਾਵਲੇ
> ਝੂਲਨਿ ਨੇਜੇ ਬੈਰਕਾਂ, ਨੀਸਾਣ ਲਸਨਿ ਲਿਸਾਵਲੇ ।'
> 'ਚੋਟ ਪਈ ਦਮਾਮੇ ਦਲਾਂ ਮੁਕਾਬਲਾ ।
> ਦੇਵੀ ਦਸਤ ਨਚਾਈ ਸੀਹਣਿ ਸਾਰ ਦੀ ।'
> 'ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ ।'
> 'ਚੋਟ ਪਈ ਖਰਚਾਮੀ ਦਲਾਂ ਮੁਕਾਬਲਾ ।'
> 'ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲ ਧਉਂਸਾ ਭਾਰੀ ।'
> 'ਧੱਗਾਂ ਸੂਲ ਬਜਾਈਆਂ, ਦਲਾਂ ਮੁਕਾਬਲਾ ।'
> ਧੂਹਿ ਮਿਆਨੋਂ ਲਈਆਂ, ਜੁਆਨੀ ਸੂਰਮੀ ।'
> 'ਦੁਹਾ ਕੰਧਾਰਾਂ ਮੁਹਿ ਜੁੜੇ, ਦਲ ਘੁਰੇ ਨਗਾਰੇ ।
> ਓਰੜਿ ਆਏ ਸੂਰਮੇ, ਸਰਦਾਰ ਰਣਿਆਰੇ ।'

ਇਸਤਰ੍ਹਾਂ ਥਾਂ ਥਾਂ ਇਹ ਧੌਂਸਾ ਯਾ ਨਗਾਰਾ ਜੰਗੀ ਸੁਰ ਨੂੰ ਉਭਰਦਾ ਦਰਸਾਉਂਦਾ ਹੈ

ਇਸ ਤੋਂ ਇਲਾਵਾ ਕਵੀ ਨੇ ਆਪਣੀ ਬੀਰ ਨਾਇਕਾ ਦੀ ਹੀ ਸ਼ਲਾਘਾ ਨਹੀਂ ਕੀਤੀ ਸਗੋਂ ਥਾ ਥਾ ਤੇ ਦੈਂਤਾਂ ਦੀ ਚਤ੍ਰਤ ਨੂੰ ਵੀ ਪੂਰੇ ਜ਼ੋਰ ਨਾਲ ਬਿਆਨਿਆ ਹੈ। ਉਹ ਪੂਰੇ ਤਾਣ ਨਾਲ ਬੱਦਲ ਵਾਗ ਗੱਜਦੇ, ਘੋੜ ਨਚਾਉਂਦੇ ਆਉਂਦੇ ਸ਼ਸਤਰਾਂ ਦੇ ਜੌਹਰ ਦਿਖਾਉਂਦੇ ਹਨ ਤੇ ਕਈ ਵਾਰ ਬਹੁਤੇ ਹੋਲ ਕਰਕੇ ਦੁਰਗਾ ਨੂੰ ਘੇਰ ਵੀ ਲੈਂਦੇ ਹਨ। ਡਰਾਉਣੇ ਦੈਂਤਾਂ ਦਾ ਕੁਰੂਪ ਦੇਖੋ :

ਘੁਰੇ ਨਗਾਰੇ ਦੌਹਰੇ ਰਣ ਸੰਗਲਿਆਲੇ  
ਧੂੜ ਲਪੇਟੇ ਧੂਹਰੇ, ਸਿਰਦਾਰ ਜਟਾਲੇ  
ਉਖਲੀਆਂ ਨਾਸਾਂ ਜਿਨ੍ਹਾਂ, ਮੂੰਹ ਜਾਪਨ ਆਲੇ  
ਆਏ ਦੇਵੀ ਸਾਹਮਣੇ ਬੀਰ ਮੁੱਛਲਿਆਲੇ।  
ਸੁਰਪਤਿ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ।  
ਗੱਜੇ ਦੁਰਗਾ ਘੇਰਿ ਕੈ, ਜਣੁ ਘਣੀਅਰ ਕਾਲੇ। ੧੩।

ਇਕ ਹੋਰ ਸੂਰੇ ਦੈਂਤਾਂ ਦੀ ਝਾਕੀ ਵੀ—

ਆਹਰ ਮਿਲਿਆ ਆਹਰੀਆਂ ਸੈਨ ਸੂਰਿਆਂ ਸਾਜੀ।  
ਚਲੇ ਸਉਂਹੇ ਦੁਰਗਸ਼ਾਹ ਜਣੁ ਕਾਬੈ ਹਾਜੀ।  
ਤੀਰੀਂ 'ਤੇਗੀਂ' ਜਮਧੜੀਂ, ਰਣਿ ਵੰਡੀ ਭਾਜੀ  
ਇਕਿ ਘਾਇਲ ਘੂਮਨ ਸੂਰਮੇ, ਜਣੁ ਮਕਤਬ ਕਾਜ਼ੀ  
ਇਕ ਬੀਰ ਪਰੋਤੇ ਬਰਛੀਏ, ਜਿਉ ਝੁਕ ਪਉਨ ਨਿਮਾਜ਼ੀ।  
ਇਕ ਦੁਰਗਾ ਸਉਹੇ ਖੁਨਸਕੇ, ਖੁਨਸਾਇ ਤਾਜੀ  
ਇਕ ਧਾਵਨ ਦੁਰਗਾ ਸਾਹਮਣੇ; ਜਿਉ ਭੁਖਿਆਏ ਪਾਜੀ।  
ਕਦੇ ਨ ਰੱਜੇ ਜੁਧ ਤੇ ਰਜਿ ਹੋਏ ਰਾਜ਼ੀ। ੪੫।

ਮਹਿਖਾਸੁਰ ਦੀ ਵੰਗਾਰ ਵੀ ਸੁਣਨ ਵਾਲੀ ਹੈ ਜੋ ਇਹ ਕਹਿੰਦਾ ਹੈ ਕਿ ਮੈਂ ਤਾਂ ਇੰਦਰ ਵਰਗੇ ਭਜਾ ਦਿਤੇ, ਇਹ ਦੇਵੀ ਬਿਚਾਰੀ ਕੀ ਹੈ :—

ਉਮਲ ਲੱਥੇ ਜੋਧੇ ਮਾਰੂ ਬੱਜਿਆ।  
ਬੱਦਲ ਜਿਉ ਮਹਿਖਾਸੁਰ ਰਣ ਵਿਚਿ ਗੱਜਿਆ—  
'ਇੰਦਰ ਜੇਹਾ ਜੋਧਾ ਮੈਥੋਂ ਭੱਜਿਆ'।  
ਕਉਣ ਵਿਚਾਰੀ ਦੁਰਗਾ ਜਿਨ ਰਣੁ ਸਜਿਆ। ੧੬।

ਇਸ ਤਰ੍ਹਾਂ ਪ੍ਰਤਿਨਾਇਕ ਦੇ ਬਲ ਨੂੰ ਵੱਡਾ ਦਿਖਾ ਕੇ ਫਿਰ ਆਪਣੀ ਨਾਇਕਾ ਦਾ ਹੱਥ ਉਤੇ ਦਿਖਾਉਣਾ ਵਾਰਕਾਰ ਦੀ ਕਲਾਕਾਰੀ ਹੈ। ਵੱਡੀ ਖੂਬੀ ਅਲੰਕਾਰਮਾਲਾ ਦੀ ਹੈ, ਜੋ ਜੁੱਧ ਦੇ ਚਿਤਰਾਂ ਨੂੰ ਪੂਰੇ ਨਾਠ ਨਾਲ ਚਿਤ੍ਰਿਤ ਕਰਦੀ ਜਾਂਦੀ ਹੈ। ਜਦ ਮਹਿਖਾਸੁਰ ਦੇ ਸਿਰ ਵਿਚ ਚੰਡੀ ਨੇ ਤੇਗ਼ ਮਾਰੀ ਤਾਂ ਉਹ ਖੋਪਰ ਨੂੰ ਚੂਰ ਚੂਰ ਕਰਦੀ ਘੋੜੇ, ਕਾਠੀ ਤੇ ਅਗੇ ਧਰਤੀ ਨੂੰ ਚੀਰਦੀ ਫੇਰ ਧੌਲ ਦੇ ਸਿੰਗਾਂ ਤੋਂ ਵੀ ਅਗੇ ਕੱਛੂ ਦੇ ਸਿਰ ਤੇ ਜਾ ਵੱਜਦੀ ਹੈ।

ਖੂਨ ਦੇ ਪਰਨਾਲੇ ਇਉਂ ਵਹਿੰਦੇ ਹਨ ਜਿਵੇਂ ਪਹਾੜ ਤੇ ਮੀਂਹ ਪੈਣ ਕਾਰਣ ਬਰਸਾਤੀ ਨਾਲਿਆਂ ਦਾ ਲਾਲ ਪਾਣੀ ਵਗਦਾ ਹੁੰਦਾ ਹੈ ਜਾਂ ਸ਼ਿਵ ਦੀ ਜਟਾਂ ਵਿਚੋਂ ਗੰਗਾ; ਦੈਂਤਾਂ ਦੇ ਅੰਗ ਇਉਂ ਵੱਢੇ ਟੁਕੇ ਪਏ ਹਨ ਜਿਵੇਂ ਤਰਖਾਣ ਦੇ ਪਾਏ ਮੋਛੇ ਸੁਟੇ ਹੁੰਦੇ ਹਨ, ਬਰਛੀ ਮਾਰ ਮਾਰ ਕੇ ਚੰਡੀ ਨੇ ਦੈਂਤਾਂ ਦੇ ਰੱਕੜੇ ਇਉਂ ਪਰੋ ਲਏ ਹਨ ਜਿਵੇਂ ਔਲਿਆਂ ਲੱਦੀ ਟਾਹਣੀ ਯਾ ਹਲਵਾਈ ਦੀ ਵੜੇ ਪਰੋਤੀ ਸੀਖ, ਤੇਗਾਂ ਬੱਦਲਾਂ ਵਿਚ ਇਉਂ ਲਿਸ਼ਕਦੀਆਂ ਹਨ ਜਿਵੇਂ ਬਿਜਲੀ । ਜ਼ਖਮੀ ਰਾਕਸ਼ ਇਉਂ ਲਿਟਦੇ ਫਿਰਦੇ ਹਨ ਜਿਵੇਂ ਮਦਮਸਤ ਸ਼ਰਾਬੀ, ਦੁਰਗਾ ਦੀ ਲਹੂ-ਲਿਬੜੀ ਸੂਹੀ ਤਲਵਾਰ ਇਉਂ ਜਾਪਦੀ ਹੈ ਜਿਵੇਂ ਕੋਈ ਸ਼ਹਿਜ਼ਾਦੀ ਸੂਹੀ ਸਾੜ੍ਹੀ ਪਾ ਕੇ ਆਈ ਹੋਵੇ । ਸੰਜੋਆਂ ਉਤੇ ਤੇਗਾਂ ਲੱਗਣ ਨਾਲ ਇਉਂ ਖੜਕਾਰ ਹੁੰਦਾ ਹੈ ਜਿਵੇਂ ਕਿਧਰੇ ਠਠਿਆਰ ਭਾਂਡੇ ਘੜ ਰਹੇ ਹੋਣ, ਘੋੜਿਆਂ ਦੀ ਅਸਮਾਨੀਂ ਚੜ੍ਹਦੀ ਧੂੜ ਇਉਂ ਲਗਦੀ ਹੈ ਜਿਵੇਂ ਧਰਤੀ ਇੰਦਰ ਪਾਸ ਪੁਕਾਰ ਕਰਨ ਜਾ ਰਹੀ ਹੋਵੇ । ਵੱਡੇ ਵੱਡੇ ਦੈਂਤ ਇਉਂ ਦਿਸਦੇ ਹਨ ਜਿਵੇਂ ਉਚੇ ਮੁਨਾਰੇ ਤੇ ਦੁਰਗਾ ਬਿਜਲੀ ਵਾਂਗ ਪੈ ਕੇ ਇਹਨਾਂ ਮੁਨਾਰਿਆਂ ਨੂੰ ਢਾਹੁੰਦੀ ਜਾਂਦੀ ਹੈ, ਸੂਰਮੇ ਰਣ ਭੂਮੀ ਵਿਚ ਇਉਂ ਨਚਦੇ ਫਿਰਦੇ ਹਨ ਜਿਵੇਂ ਨਟ ਬਾਜ਼ੀਆਂ ਪਾ ਰਹੇ ਹੋਣ ਯਾ ਪੋਸਤੀ ਪੋਸਤ ਪੀ ਕੇ ਲਟਬੌਰੇ ਹੋਣ, ਜੋਧਿਆਂ ਦੇ ਲਹੂ ਲਿਬੜੇ ਬਾਣੇ ਇਸ ਤਰ੍ਹਾਂ ਲਗਦੇ ਹਨ ਜਿਵੇਂ ਬਾਗ਼ਾਂ ਵਿਚ ਖਿੜੇ ਲਾਲ ਲਾਲ ਫੁਲ ।

ਸ੍ਰੋਣਤ ਬੀਜ ਦੇ ਦੁਆਲੇ ਹੂਰਾਂ ਇਉਂ ਝੁਰਮਟ ਪਾ ਰਹੀਆਂ ਹਨ
ਜਿਵੇਂ ਲਾੜੇ ਦੁਆਲੇ ਲਾੜੀਆਂ ।

ਮਾਰੇ ਗਏ ਬੀਰਾਂ ਦੀਆਂ ਲਾਸ਼ਾਂ ਇਉਂ ਪਈਆਂ ਹਨ ਜਿਵੇਂ ਕੋਈ ਹੋਲੀ ਖੇਡਕੇ ਥੱਕਕੇ ਸੌਂ ਗਏ ਹੋਣ ਯਾ ਫਿਰ ਸੂਰਮੇ ਭੰਗਾਂ ਪੀ ਕੇ ਪਏ ਹੋਣ । ਇਹ ਬੀਰ-ਝਾਕੀਆਂ ਐਸੀਆਂ ਹਨ ਜਿਸਨੂੰ ਵੇਖਣ ਲਈ ਫਰਿਸ਼ਤੇ ਵੀ ਅਸਮਾਨੋਂ ਉਤਰਕੇ ਆ ਰਹੇ ਹਨ ।

ਇਹ ਸਾਰਾ ਵਰਣਨ ਤੀਰਾਂ, ਤਲਵਾਰਾਂ, ਖੰਡੇ, ਬਰਛੀਆਂ ਦੀ ਛਣਕਾਰ ਨਾਲ ਤੇ ਢੋਲ ਧੌਂਸਿਆਂ ਦੀ ਧੁੰਕਾਰ ਨਾਲ ਗੂੰਜਦਾ ਸੁਣਾਈ ਦਿੰਦਾ ਹੈ ਤੇ ਗੁਰੂ ਸਾਹਿਬ ਦੀ ਬਲਵਾਨ ਸ਼ੈਲੀ ਦਾ ਹਿਸਾ ਉਸੇ ਤਰ੍ਹਾਂ ਦਾ ਹੈ ਜਿਵੇਂ ਜੰਗ ਵਿਚ ਗਰਜਦੇ ਨਗਾਰਿਆਂ ਦਾ । ਇਸ ਬਾਰੇ ਬਹੁਤਾ ਕਹਿਣ ਦੀ ਲੋੜ ਨਹੀਂ, ਦੋ ਚਾਰ ਪਉੜੀਆਂ ਪੜ੍ਹਕੇ ਡੌਲੇ ਫਰਕਣ ਲਗ ਪੈਂਦੇ ਹਨ ਤੇ ਦੁਰਗਾ ਦਾ ਜਗਮਗਾਉਂਦਾ ਜਲਾਲ ਸਾਹਮਣੇ ਮੂਰਤੀਮਾਨ ਆ ਹੁੰਦਾ ਹੈ । ਮਿਸਾਲ ਲਈ ਇਕ ਪਉੜੀ ਦਿੰਦੇ ਹਾਂ —

ਜੰਗ ਮੁਸਾਫ਼ਾ ਬਜਿਆ, ਰਣ ਘੁਰੇ ਨਗਾਰੇ ਚਾਵਲੇ
ਝੂਲਨਿ ਨੇਜੇ ਬੈਰਕਾਂ, ਨੀਸਾਣ ਲਸਨਿ ਲਸਾਵਲੇ
ਢੋਲ ਨਗਾਰੇ ਪਉਣ ਦੇ, ਊਂਘਨ ਜਾਣੁ ਜਟਾਵਲੇ
ਦੁਰਗਾ ਦਾਨੋ ਡਹੇ ਰਣ, ਨਾਦ ਵੱਜਨਿ ਖੇਤ ਭੀਹਾਵਲੇ
ਬੀਰ ਪਰੋਤੇ ਬਰਛੀਏ; ਜਣੁ ਡਾਲ ਚਮੁਟੇ ਆਵਲੇ
ਇਕ ਵੱਢੇ ਤੇਗੀਂ ਤੜਫੀਅਨ, ਮਦ ਪੀਤੇ ਲੋਟਨਿ ਬਾਵਲੇ

ਇਕ ਚੁਣਿ ਚੁਣਿ ਝਾੜਉਂ ਕਢੀਅਨੁ, ਰੇਤ ਵਿਚੋਂ ਸੁਇਨਾ ਡਾਵਲੇ
ਗਦਾ ਤ੍ਰਿਸੂਲ ਬਰਛੀਆਂ, ਤੀਰ ਵਗਨਿ ਖਰੇ ਉਤਾਵਲੇ।
ਜਣੁ ਡਸ ਭੁਜੰਗਮ ਸਾਂਵਲੇ
ਮਰ ਜਾਵਨਿ ਬੀਰ ਰੁਹਾਵਲੇ । ੮ ।

ਵਾਰ ਵਿਚ ਗੁਰੂ ਸਾਹਿਬ ਦੇ ਜ਼ਮਾਨੇ ਵਰਤੀ ਜਾਂਦੀ ਜੰਗੀ ਸਮੱਗਰੀ ਤੇ ਹਥਿਆਰਾਂ ਦਾ ਵੀ ਕਾਫ਼ੀ ਵਰਣਨ ਹੈ ਜਿਵੇਂ ਤਲਵਾਰ, ਤੀਰ ਧਨੁਖ, ਤੁਫੰਗ, ਗਦਾ, ਤ੍ਰਿਸੂਲ, ਚੱਕਰ, ਬੇਰਕ ਨੇਜ਼ੇ, ਬਰਛੇ, ਨੀਸਾਣ, ਜ਼ਿਰਹ ਬਖਤਰ, ਢਾਲ, ਸੰਜੋਅ, ਪਟੇਲਾ, ਟੋਪ, ਪਾਖਰਾ, ਬਰਗਸਤਾਣ, ਤੇ ਮਾਰੂ ਬਾਜੇ-ਧੌਂਸੇ, ਨਗਾਰੇ, ਦਮਾਮੇ, ਧੱਗਾਂ, ਸੰਖ, ਭੇਰੀ ਆਦਿ । ਇਹ ਵੀ ਪਤਾ ਲਗਦਾ ਹੈ ਕਿ ਕਦੀ ਹਥਿਆਰਾਂ ਲਈ ਮੁਲਤਾਨ ਚੰਗਾ ਮਸ਼ਹੂਰ ਸੀ । ਦੁਰਗਾ ਦੇਵੀ ਜ਼ਿਆਦਾਤਰ ਤੇਗ, ਖੰਡਾ ਯਾ ਗਦਾ ਦੀ ਵਰਤੋਂ ਕਰਦੀ ਹੈ । ਉਸਦੀ ਸਵਾਰੀ ਸ਼ੇਰ ਹੈ । ਦਰਅਸਲ ਸ਼ੇਰ ਹੌਸਲੇ ਤੇ ਸਾਹਸ ਦਾ ਪ੍ਰਤੀਕ ਹੈ, ਇਸ ਤੋਂ ਬਿਨਾ ਕਰਮਯੋਗ ਦੀ ਤੇਗ ਚਲਾਈ ਵੀ ਨਹੀਂ ਜਾ ਸਕਦੀ । ਵਾਰ ਦਾ ਮੁਖ ਆਦਰਸ਼ ਇਹੋ ਦੱਸਣਾ ਹੈ ਕਿ ਸੰਸਾਰ ਦੇ ਰਣਖੇਤਰ ਵਿਚ ਸੁਰ ਤੇ ਅਸੁਰ ਦਾ, ਨੇਕੀ ਤੇ ਬਦੀ ਦਾ ਜ਼ੋਰਦਾਰ ਸੰਘਰਸ਼ ਹੋ ਰਿਹਾ ਹੈ ਜਿਸ ਵਿਚ ਪ੍ਰਭੂ ਦੀ ਸ਼ਕਤੀ ਸਦਾ ਨੇਕੀ ਦਾ ਪੱਖ ਲੈਂਦੀ ਤੇ ਆਖਰ ਇਸ ਦੀ ਫਤੇ ਹੁੰਦੀ ਹੈ । ਪਰੰਤੂ ਇਸ ਵਿਜਯ ਦੇਵੀ ਨੂੰ ਵਰਨ ਲਈ ਤਨ ਤੇ ਮਨ ਦੋਵੇਂ ਬਲਵਾਨ ਹੋਣੇ ਜ਼ਰੂਰੀ ਹਨ । ਜੇ ਮਨ ਬਲਵਾਨ ਨਹੀਂ ਤਾਂ ਸ਼ੇਰ ਦੀ ਸਵਾਰੀ ਨਹੀਂ ਕੀਤੀ ਜਾ ਸਕਦੀ ਤੇ ਜੇ ਤਨ ਬਲਵਾਨ ਨਹੀਂ ਤਾਂ ਤੇਗ ਵੀ ਨਹੀਂ ਵਾਹੀ ਜਾ ਸਕਦੀ । ਸੋ ਦੁਰਗਾ ਦੀ ਵਾਰ ਦੋਹਾਂ ਨੂੰ ਬਲਵਾਨ ਕਰਨ ਦੀ ਪ੍ਰੇਰਨਾ ਦਿੰਦੀ ਇਹ ਸਮਝਾਉਂਦੀ ਹੈ ਕਿ ਵੈਰੀ ਸ਼ਕਤੀਆਂ ਭਾਵੇਂ ਕਿੰਨੀਆਂ ਵੀ ਹੋਣ ਜੇਕਰ ਸਾਡੀ ਤਬੀਅਤ ਤਕੜੀ ਹੋਵੇ, ਪੱਖ ਨਿਆਂ ਦਾ ਹੋਵੇ ਤਾਂ ਇਕੱਲਿਆਂ ਹੀ ਸਭ ਵੈਰੀਆਂ ਨੂੰ ਹਰਾ ਕੇ ਜੈ ਜੈਕਾਰ ਕੀਤੀ ਜਾ ਸਕਦੀ ਹੈ ।

ਇਸ ਵਾਰ ਨੇ ਪੰਜਾਬੀਆਂ ਦੀਆਂ ਜਿੱਤਾਂ ਵਿਚ ਸਦਾ ਚੋਖਾ ਹਿਸਾ ਪਾਇਆ ਹੈ ਤੇ ਅਜ ਵੀ ਇਸ ਦੀ ਸਾਹਿਤਕ ਹਸਤੀ ਸ਼ੇਰ ਵਾਂਗ ਗਰਜਦੀ ਸੁਣਾਈ ਦਿੰਦੀ ਹੈ । ਸਤਿਗੁਰਾਂ ਦਾ ਕਮਾਲ ਇਹ ਹੈ ਕਿ ਉਨ੍ਹਾਂ ਇਕੋ ਕਹਾਣੀ ਨੂੰ ਵੱਖ ਵੱਖ ਜ਼ਬਾਨਾਂ ਵਿਚ ਵਖੋ ਵਖਰੇ ਰੂਪਾਂ ਰਾਹੀਂ ਪੇਸ਼ ਕਰਕੇ ਬੀਰ ਭਾਵਨਾ ਜਗਾਉਣ ਦਾ ਸਫਲ ਉਪਰਾਲਾ ਕੀਤਾ ਹੈ ਤੇ ਇਹ ਪੰਜਾਬੀ ਰੂਪ ਸਭ ਤੋਂ ਵਧ ਬਲਵਾਨ ਸਿੱਧ ਹੋਇਆ ਹੈ ।

## ੬. ਗਿਆਨ ਪ੍ਰਬੋਧ

ਜਿਵੇਂ 'ਬਚਿਤਰ ਨਾਟਕ' ਗ੍ਰੰਥ ਭਾਰਤੀ ਧਰਮਾਂ ਦਾ ਪੁਰਾਣਕ ਇਤਿਹਾਸ ਪੇਸ਼ ਕਰਦਾ ਹੈ ਤਿਵੇਂ 'ਗਿਆਨ ਪ੍ਰਬੋਧ' ਭਾਰਤੀ ਧਰਮਾਂ ਦੀ ਵਿਚਾਰਧਾਰਾ ਦੀ ਪੋਥੀ ਹੈ ਸੀ ਪਰ ਇਹ ਸੰਪੂਰਨ ਪ੍ਰਾਪਤ ਨਹੀਂ, ਕੇਵਲ ੩੩੬ ਛੰਦ ਮਿਲਦੇ ਹਨ। ਗੁਰੂ ਸਾਹਿਬ ਇਸ ਨੂੰ ਪੂਰਾ ਨਹੀਂ ਕਰ ਸਕੇ ਯਾ ਸਾਡੇ ਤਕ ਹੀ ਇਤਨੇ ਛੰਦ ਪਹੁੰਚੇ ਹਨ, ਇਸ ਬਾਰੇ ਕੁਝ ਵੀ ਆਖਣਾ ਔਖਾ ਹੈ। ਪਰੰਤੂ ਇਸ ਰਚਨਾ ਦੀ ਅੰਦਰਲੀ ਗਵਾਹੀ ਤੋਂ ਸਪਸ਼ਟ ਹੈ ਕਿ ਕਵੀ ਜੀਵਨ ਦੇ ਚਾਰ ਪੱਖਾਂ ਨੂੰ ਵਿਚਾਰ ਗੋਚਰਾ ਕਰਨਾ ਚਾਹੁੰਦਾ ਹੈ ਜੋ ਧਰਮ, ਅਰਥ, ਕਾਮ, ਮੋਖ ਕਰਕੇ ਪ੍ਰਸਿਧ ਹਨ। ਭਾਰਤੀ ਸਾਹਿਤ ਵਿਚ ਇਨ੍ਹਾਂ ਨੂੰ 'ਚਾਰ ਪਦਾਰਥ' ਵੀ ਕਿਹਾ ਗਿਆ ਹੈ। ਪਹਿਲੇ ੧੨੫ ਛੰਦ ਅਕਾਲ ਮਹਿਮਾ ਦੇ ਹਨ, ਇਸਦੀ ਸੁਰ ਤੇ ਨੁਹਾਰ, ਸ਼ੈਲੀ ਤੇ ਬੋਲੀ ਜਾਪੁ ਤੇ ਅਕਾਲ ਉਸਤਤਿ ਨਾਲ ਰਲਦੀ ਮਿਲਦੀ ਹੈ। ਹਾਂ. ਛੰਦ ਜ਼ਰੂਰ ਕਈ ਵੰਨਗੀ ਦੇ ਵਰਤੇ ਹਨ ਜਿਵੇਂ ਛਪੈ, ਕਬਿਤ, ਪਾਧੜੀ, ਤ੍ਰਿਭੰਗੀ, ਤੋਟਕ, ਤੋਮਰ, ਭੁਯੰਗ ਪ੍ਰਯਾਤ, ਨਾਰਾਜ ਅਰਧ ਨਾਰਾਜ, ਰਸਾਵਲ, ਰੂਆਲ, ਕਲਸ ਤੇ ਬਹਰ ਤਵੀਲ ਪਸ਼ਚਮੀ ਆਦਿ। ਅਕਾਲ ਦੀ ਉਸਤਤਿ ਉਸੇ ਢੰਗ ਦੀ ਹੈ —

ਛਤ੍ਰ ਧਾਰੀ ਛਤ੍ਰ ਪਤਿ ਛੈਲ ਰੂਪ ਛਿਤ ਨਾਥ,
ਛੋਣੀ ਕਰ ਛਾਇਆ ਬਰ ਛਤ੍ਰੀਪਤਿ ਗਾਈਐ,

ਬਿਸ਼ਨਾਥ ਬਿਸਵੰਭਰ ਬੇਦ ਨਾਥ ਬਾਲਾਕਰ,
ਬਾਜੀਗਰਿ ਬਾਨਧਾਰੀ ਬੰਧਨ ਬਤਾਈਐ।

ਨਿਉਲੀ ਕਰਮ ਦੂਧਾਧਾਰੀ ਬਿਦਿਆਧਰ ਬ੍ਰਹਮਚਾਰੀ,
ਧਿਆਨ ਕੋ ਲਗਾਵੈ ਨੈਕੁ ਧਿਆਨ ਹੂੰ ਨ ਪਾਈਐ।
ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ,
ਐਸੋ ਰਾਜ ਛੋਡਿ ਅਉਰ ਦੂਜਾ ਕਉਨ ਧਿਆਈਐਂ। ੪੨।

ਜੁਧ ਕੇ ਜਿਤਈਆ ਰੰਗ ਭੂਮ ਕੇ ਭਵਈਆ,
ਭਾਰ ਭੂਮਿ ਕੇ ਮਿਟਈਆ ਨਾਥ-ਤੀਨੋਂ ਲੋਕ ਗਾਈਐ।

ਕਾਹੂ ਕੋ ਤਨਈਆ ਹੈ ਨ ਮਈਆ ਜਾਂ ਕੇ ਭਈਆ ਕੋਊ.
ਛਉਨੀ ਹੂੰ ਕੇ ਛਈਆ ਛੋਡ ਕਾ ਸਿਉ ਪ੍ਰੀਤ ਲਾਈਐ।

ਸਾਧਨਾ ਸਧਈਆ ਧੂਨ ਧਾਨੀ ਕੇ ਧਜਈਆ ਧੋਮ,
ਧਾਰ ਕੇ ਧਰਈਆ ਧਿਆਨ ਤਾਂਕੋ ਸਦਾ ਲਾਈਐ ।
ਆਉ ਕੇ ਬਢਈਆ ਏਕ ਨਾਮ ਕੇ ਜਪਈਆ ਅਉਰ
ਕਾਮ ਕੇ ਕਰਈਆ ਛੋਡ ਅਉਰ ਕਉਨ ਧਿਆਈਐ । ੪੩ ।

ਅਕਾਲ ਮਹਿਮਾ ਗਾਉਂਦਿਆ ਅਲੰਕਾਰਕ ਚਮਤਕਾਰ ਖ਼ੂਬ ਦਿਖਾਏ ਹਨ ਤੇ ਵਿਸ਼ੇਸ਼ ਤੌਰ ਤੇ ਉਸਦੇ ਜਲਾਲੀ ਰੂਪ ਦਾ ਚਰਚਾ ਕੀਤਾ ਹੈ :—

ਕੁਲ ਕਲੰਕ ਕਰਿਹੀਨ, ਕ੍ਰਿਪਾਸਾਗਰ ਕਰੁਣਾਕਰ
ਕਰਣ ਕਾਰਣ ਸਮਰਥ ਕ੍ਰਿਪਾ ਕੀ ਸੂਰਤ ਕ੍ਰਿਤਧਰ
ਕਾਲ ਕਰਮ ਕਰਹੀਨ ਕ੍ਰਿਆ ਜਿਹ ਕੋਇ ਨ ਬੂਝੈ
ਕਹਾਂ ਕਹੈ ਕਹਾਂ ਕਰੇ, ਕਹਾਂ ਕਾਲਨ ਕੇ ਸੁਝੈ
ਕੰਜਲਕ ਨੈਨ ਕੰਬੂ ਗ੍ਰੀਵਹਿ ਕਟਿ ਕੇਹਰਿ ਕੁੰਜਰ ਗਵਨ
ਕਦਲੀ ਕੁਰੰਕ ਕਰਪੂਰ ਗਤ, ਬਿਨ ਅਕਾਲ ਦੂਜੋ ਕਵਨ । ੩੭ ।
ਮੁਖ ਮੰਡਲ ਪਰ ਲਸਤ ਜੋਤਿ ਉਦੋਤ ਅਮਿਤ ਗਤਿ
ਜਟਤ ਜੋਤਿ ਜਗਮਗਤ, ਲਜਤ ਲਖ ਕੋਟ ਨਿਖਿਤ ਪਤਿ
ਚਕ੍ਰਵਰਤੀ ਚਕ੍ਰਵੈ ਚਕ੍ਰ ਚਉ ਚਕ੍ਰ ਕਰਿ ਧਰਿ
ਪਦਮਨਾਥ ਪਦਮਾਛ ਨਵਲ ਨਾਰਾਇਣ ਨਰਹਰਿ
ਕਾਲਖ ਬਿਹੰਡਣ ਕਿਲਵਿਖ ਹਰਣ, ਸੁਰਨਰ ਮੁਨਿ ਬੰਦਤ ਚਰਨ
ਖੰਡਣ ਅਖੰਡ ਮੰਡਣ ਅਭੈ ਨਮੋ ਨਾਥ ਭਉ ਭੈ ਹਰਨ । ੩੪ ।

ਪ੍ਰਭੂ ਕੀਰਤੀ ਤੋਂ ਇਲਾਵਾ ਗੁਰੂ ਸਾਹਿਬ ਉਸਦੀ ਪੂਜਾ ਤੇ ਪ੍ਰਸੰਨਤਾ ਲਈ ਕੀਤੇ ਜਾਣ ਵਾਲੇ ਕਰਮਕਾਂਡਾ ਨਾਲ ਸੰਮਤੀ ਨਹੀਂ ਰਖਦੇ । ਯੱਗਾਂ ਦਾ ਇਤਿਹਾਸਕ ਤੌਰ ਤ ਚਰਚਾ ਤਾਂ ਪੂਰੇ ਜ਼ੋਰ ਸ਼ੋਰ ਨਾਲ ਕਰਦੇ ਹਨ ਪਰ ਉਹ ਇਨ੍ਹਾਂ ਯੱਗ-ਰੀਤੀਆਂ ਦੇ ਹਾਮੀ ਨਹੀਂ । ਸਗੋਂ ਉਹ ਇਨ੍ਹਾਂ ਨੂੰ ਵਹਿਮ ਭਰਮ ਤੋਂ ਵਧ ਨਹੀਂ ਮੰਨਦੇ—

ਨਿਵਲ ਆਦਿ ਕਰਮਣੰ । ਅਨੰਤ ਦਾਨ ਧਰਮਣੰ ।
ਅਨੰਤ ਤੀਰਥ ਬਾਸਨੰ । ਨ ਏਕ ਨਾਮ ਕੇ ਸਮੰ । ੮੯ ।

ਅਨੰਤ ਜੱਗਯ ਕਰਮਣੰ । ਗਜਾਦਿ ਆਦਿ ਧਰਮਣੰ
ਅਨੇਕ ਦੇਸ ਭਰਮਣੰ । ਨ ਏਕ ਨਾਮ ਕੇ ਸਮੰ । ੯੦ ।

ਅਨੰਤ ਤੀਰਥ ਆਦਿ ਆਸਨਾਦਿ ਨਾਰਦ ਆਸਨੰ
ਬੈਰਾਗ ਅਉ ਸੰਨਿਆਸ, ਅਉ ਅਨਾਦਿ ਜੋਗ ਪ੍ਰਾਸਨੰ
ਅਨਾਦਿ ਤੀਰਥ ਸੰਜਮਾਦਿ ਬਰਤ ਨੇਮ ਪੇਖੀਐ
ਅਨਾਦਿ ਅਗਾਧਿ ਕੇ ਬਿਨਾ ਸਮਸਤ ਭਰਮ ਲੇਖੀਐ । ੧੦੮ ।

ਅਗੇ ਵਿਚਾਰ ਲਈ ਆਤਮਾ ਤੇ ਪਰਮਾਤਮਾ ਦਾ ਸੰਵਾਦ ਇਉਂ ਸ਼ੁਰੂ ਹੁੰਦਾ ਹੈ ਜੋ ਕਿ ਸਾਰੀ ਪੁਸਤਕ ਦੀ ਰੂਪ ਰੇਖਾ ਦਸਦਾ ਹੈ —

ਦਿਨ ਅਜਬ ਏਕ ਆਤਮਾ ਰਾਮ । ਅਨਭਉ ਸਰੂਪ ਅਨਹਦ ਅਕਾਮ ।
ਅਨਛਿਜ ਤੇਜ ਆਜਾਨ ਬਾਹੁ । ਰਾਜਾਨ ਰਾਜੁ ਸਾਹਾਨ ਸਾਹੁ । ੧੨੬ ।
ਉਚਰਯੋ ਆਤਮਾ ਪਰਮਾਤਮਾ ਸੰਗ । ਉਤਭੁਜ ਸਰੂਪ ਅਬਿਗਤ ਅਭੰਗ ।
ਇਹ ਕਉਨ ਆਹਿ ਆਤਮ ਸਰੂਪ । ਜਿਹ ਅਮਿਤ ਤੇਜ ਅਤਿਭੂਤਿ ਵਿਭੂਤਿ । ੧੨੭।

ਪ੍ਰਮਾਤਮਾ ਬਾਚ—

ਯਹ ਬ੍ਰਹਮ ਆਹਿ ਆਤਮਾ ਰਾਮ । ਜਿਹ ਅਮਿਤ ਤੇਜ ਅਬਿਗਤ ਅਕਾਮ ।
ਜਿਹ ਭੇਦ ਭਰਮ ਨਹੀਂ ਕਰਮ ਕਾਲ । ਜਿਹ ਸਤ੍ਰੁ ਮਿਤਰ ਸਰਬਾ ਦਿਆਲ । ੧੨੮ ।
ਡੱਬਿਓ ਨ ਡੂਬੈ ਸੋਖਿਓ ਨ ਜਾਇ । ਕਟਿਓ ਨ ਕਟੈ ਨ ਬਾਰਾਯੋ ਬਰਾਇ ।
ਛਿਜੈ ਨ ਨੈਕੁ ਸਤ ਸ਼ਸਤਰ ਪਾਤ । ਜਿਹ ਸਤ੍ਰੁ ਮਿਤਰ ਨਹੀਂ ਜਾਤ ਪਾਤ । ੧੨੯ ।
ਸਤਰ ਸਹੰਸ ਸਤ ਸਤ ਪ੍ਰਘਾਇ । ਛਿਜੈ ਨ ਨੈਕੁ ਖੰਡਿਓ ਨ ਜਾਇ ।
ਨਹੀਂ ਜਰੈ ਨੈਕ ਪਾਵਕ ਮੰਝਾਰ । ਬੋਰੈ ਨ ਸਿੰਧ ਸੋਖੈ ਨ ਬਯਾਰ । ੧੩੦ ।
ਇਕ ਕਰਯੋ ਪ੍ਰਸ਼ਨ ਆਤਮਾ ਦੇਵ । ਅਨਭੰਗ ਰੂਪ ਅਨਭਉ ਅਭੇਵ ।
ਯਹਿ ਚਤੁਰ ਵਰਗ ਸੰਸਾਰ ਦਾਨ । ਕਿਹੁ ਚਤੁਰ ਵਰਗ ਕਿਜੈ ਵਖਿਆਨ । ੧੩੧ ।
ਇਕ ਰਾਜ ਧਰਮ ਇਕ ਦਾਨ ਧਰਮ । ਇਕ ਭੋਗ ਧਰਮ ਇਕ ਮੋਛ ਕਰਮ ।
ਇਹ ਚਤੁਰ ਵਰਗ ਸਭ ਜਗ ਭਣੰਤ । ਸੇ ਆਤਮਾਹ ਪ੍ਰਾਤਮਾ ਪੁਛੰਤ । ੧੩੨ ।
ਇਕ ਰਾਜ ਧਰਮ ਇਕ ਧਰਮ ਦਾਨ । ਇਕ ਭੋਗ ਧਰਮ ਇਕ ਮੋਛਵਾਨ ।
ਤੁਮ ਕਹੋ ਚਤੁਰ ਚਤੁਰੇ ਬਿਚਾਰ । ਜੇ ਤ੍ਰਿਕਾਲ ਭਏ ਜੁਗ ਅਪਾਰ । ੧੩੩ ।
ਬਰਨਨ ਕਰੋ ਤੁਮ ਪ੍ਰਿਥਮ ਦਾਨ । ਜਿਮ ਦਾਨ ਧਰਮ ਕੀਨੇ ਨ੍ਰਿਪਾਨ ।
ਸਤਿਜੁਗ ਕਰਮ ਸੁਰਦਾਨ ਦੇਂਤ । ਭੂਮਾਦਿ ਦਾਨ ਕੀਨੇ ਅਕੰਥ । ੧੩੪ ।
ਤ੍ਰੇ ਜੁਗ ਮਹੀਪ ਬਰਨੈ ਨ ਜਾਤ । ਗਾਥਾ ਅਨੰਤ ਉਪਮਾ ਅਗਾਤ ।
ਜੋ ਕੀਏ ਜਗਤ ਮੈਂ ਜੱਗ ਧਰਮ । ਬਰਨੈ ਨ ਜਾਂਹਿ ਤੇ ਅਮਿਤ ਕਰਮ । ੧੩੫ ।
ਕਲਿਜੁਗ ਤੇ ਆਦਿ ਜੋ ਭਏ ਮਹੀਪ । ਇਹ ਭਰਥ ਖੰਡ ਮਹਿ ਜੰਬੁ ਦੀਪ ।
ਤਵ ਬਲ ਪ੍ਰਤਾਪ ਬਰਣੋ ਸੁ ਤੇਣ । ਰਾਜਾ ਯੁਧਿਸਟਰ ਭੂ ਭਰਥ ਏਣ । ੧੩੬ ।

ਇਸ ਸੰਵਾਦ ਤੋਂ ਜ਼ਾਹਰ ਹੈ ਕਿ ਕਵੀ ਆਤਮਾ ਵਲੋਂ ਪੁਛੇ ਚਾਰ ਪ੍ਰਸ਼ਨਾਂ ਦਾ ਉਤਰ ਦੇਣ ਦੀ ਯੋਜਨਾ ਰਖਦਾ ਹੈ ਤੇ ਉਹ ਪ੍ਰਸ਼ਨ ਹਨ —

੧, ਰਾਜ ਧਰਮ—ਧਰਮ (ਨੀਤੀ)
੨. ਦਾਨ ਧਰਮ—ਅਰਥ
੩. ਭੋਗ ਧਰਮ—ਕਾਮ
੪. ਮੋਖ ਧਰਮ—ਮੋਖ

ਨਾਲ ਹੀ ਇਹ ਵੀ ਆਖਿਆ ਹੈ ਕਿ ਪਹਿਲ ਤੁਸੀਂ ਦਾਨ ਧਰਮ ਦਾ ਹੀ ਨਿਰੂਪਣ ਕਰੋ। ਇਸ ਅਨੁਸਾਰ ਦਾਨ ਧਰਮ ਜਿਸ ਵਿਚ ਯੱਗਾਂ ਦਾ ਵਿਸ਼ੇਸ਼ ਅਸਥਾਨ ਹੈ ਤੇ ਪੁਰਾਣੇ ਰਾਜੇ ਮਹਾਰਾਜੇ ਯੱਗਾਂ ਦੁਆਰਾ ਹੀ ਦਾਨ ਪੁੰਨ ਕਰਦੇ ਸਨ, ਇਸਦਾ ਇਤਿਹਾਸਕ ਪਿਛਵਾੜਾ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਪਾਂਡਵਾਂ ਦੇ ਉਤਰਾਧਿਕਾਰੀਆਂ ਪ੍ਰੀਖਸ਼ਤ, ਜਨਮੇਜਾ ਅਜੈ ਸਿੰਘ ਆਦਿ ਨੇ ਇਸ ਦਾਨ ਧਰਮ ਨੂੰ ਨਿਭਾਇਆ। ਪਰੰਤੂ ਰਾਜਿਆਂ ਦੇ ਪ੍ਰਸੰਗਾਂ ਵਿਚ ਇਹ ਗੱਲ ਸਾਫ ਲਿਖੀ ਹੈ ਕਿ ਇਹ ਰਾਜਸੀ ਤ੍ਰਿਸ਼ਨਾਲੂ ਲੋਕ, ਝਗੜੇ ਝੰਜਟ, ਮਾਨਸਕ ਗੜਬੜ ਤੇ ਕਾਮ ਵਾਸਨਾਵਾਂ ਦੇ ਪੁਤਲੇ ਸਨ, ਇਹਨਾਂ ਨੂੰ ਆਦਰਸ਼ ਜੀਵਨ ਨਹੀਂ ਮੰਨ ਲੈਣਾ ਚਾਹੀਦਾ ਤੇ ਨਾ ਹੀ ਯੱਗ ਮਾਨਸਿਕ ਪਰਿਵਰਤਨ ਲਈ ਸਾਧਨ ਬਣ ਸਕਦੇ ਹਨ। ਕੁਝ ਛੋਟੇ ਛੋਟੇ ਪ੍ਰਸੰਗ ਵੀ ਮਹਾਂ ਭਾਰਤ ਦੇ ਅਧਾਰ ਤੇ ਦਿਤੇ ਹਨ ਤੇ ਇਥੇ ਹੀ ਇਹ ਅਧੂਰਾ ਭਾਗ ਖਤਮ ਹੋ ਜਾਂਦਾ ਹੈ। ਥਾਂ ਥਾਂ ਆਏ ਕੁਝ ਇਸ਼ਾਰੇ ਵਿਦਵਾਨ ਪਾਠਕਾਂ ਦਾ ਧਿਆਨ ਜ਼ਰੂਰ ਖਿਚਦੇ ਹਨ।

ਜਿਵੇਂ ਕਿ ਜਿਥੇ ਇਕ ਸਨੌਢੀ ਵਿਦਵਾਨ ਬ੍ਰਾਹਮਣ ਦੀ ਅਗਵਾਈ ਵਿਚ ਸਾਰਾ ਯੱਗ ਕਰਮ ਹੁੰਦਾ ਹੈ, ਉਥੇ ਗੁਰੂ ਸਾਹਿਬ ਪ੍ਰਚਲਤ ਵਿਦਿਆਵਾਂ ਦਾ ਚਰਚਾ ਕਰਦੇ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਆਪ ਉਸ ਸਮੇਂ ਦੀ ਅਧਿਐਨ-ਪ੍ਰਣਾਲੀ ਦੀ ਅਨੇਕ ਪੱਖੀ ਜਾਣਕਾਰੀ ਰਖਦੇ ਸਨ। ਜੇ ਸਹੀ ਤਰ੍ਹਾਂ ਵੇਖੀਏ ਤਾਂ ਗੁਰੂ ਸਾਹਿਬ ਦੀ ਸਮਕਾਲੀ ਵਿਦਿਅਕ ਧਾਰਾ ਦੀ ਵੀ ਇਸ ਤੋਂ ਟੋਹ ਲਗਦੀ ਹੈ ਕਿ ੧੭ਵੀਂ ਸਦੀ ਵਿਚ ਪੁਰਾਤਨ ਵਿਦਿਆ ਕੇਂਦਰਾਂ ਵਿਚ ਕੀ ਕੀ ਕੁਝ ਪੜ੍ਹਾਇਆ ਜਾਂਦਾ ਸੀ।

ਕਹੂੰ ਬ੍ਰਹਮ ਬਾਨੀ ਕਰਹਿ ਬੇਦ ਚਰਚਾ। ਕਹੂੰ ਬਿਪ੍ਰ ਬੈਠੇ ਕਰਹਿ ਬ੍ਰਹਮ ਅਰਚਾ। ੨੭੨।
ਕਹੂੰ ਕੋਕਸਾਰੰ ਪੜੈ ਨੀਤਿ ਧਰਮੰ। ਕਹੂੰ ਨਯਾਇ ਸ਼ਾਸਤ੍ਰੰ ਪੜ੍ਹੈ ਛਤ੍ਰਿ ਕਰਮੰ।
ਕਹੂੰ ਬ੍ਰਹਮ ਵਿਦਯਾ ਪੜੈ ਬਯੋਮਬਾਨੀ। ਕਹੂੰ ਪ੍ਰੇਮ ਸਿਉ ਪਾਠਿ ਪਠਿਐ ਪਿਤਾਨੀ। ੨੭੫
ਕਹੂੰ ਪ੍ਰਾਕ੍ਰਿਤੰ ਨਾਗ ਭਾਖਾ ਉਚਾਰਹਿ। ਕਹੂੰ ਸੰਸਕ੍ਰਿਤੰ ਬਯੋਮ ਬਾਨੀ ਬਿਚਾਰਹਿ।
ਕਹੂੰ ਸ਼ਾਸਤ੍ਰ ਸੰਗੀਤ ਮੋਂ ਗੀਤ ਗਾਵੈ। ਕਹੂੰ ਜੱਛ ਗੰਧ੍ਰਬ ਬਿਦਿਆ ਬਤਾਵੈ। ੨੭੬।
ਕਹੂੰ ਨਿਆਇ ਮੀਮਾਂਸਕਾ ਤਰਕ ਸਾਸਤ੍ਰੰ। ਕਹੂੰ ਅਗਨਿ ਬਾਣੀ ਪੜੈ ਬ੍ਰਹਮ ਅਸਤ੍ਰੰ।
ਕਹੂੰ ਬੇਦ ਪਾਤੰਜਲੇ ਸੇਖ ਕਾਨੰ। ਪੜੈ ਚਕ੍ਰ ਚਉਦਹ ਬਿਦਿਆ ਨਿਧਾਨੰ। ੨੭੭
ਕਹੂੰ ਭਾਖ ਬਾਚੇ ਕਹੂੰ ਕੋਮਦੀਜੰ। ਕਹੂੰ ਸਿਧਿਕਾ ਚੰਦ੍ਰਿਕਾ ਸਾਰਸੁਤੀਯੰ।
ਕਹੂੰ ਵਯਾਕਰਣੰ ਬੈਸਿਕਾਲਾਪ ਕਥੈ। ਕਹੂੰ ਪ੍ਰਾਕ੍ਰਿਆ ਕਾਸਿਕਾ ਸਰਬ ਮਥੈ। ੨੭੮
ਕਹੂੰ ਬੈਠ ਮਨੋਰਮਾ ਗਰੰਥ ਬਾਚੈ। ਕਹੂੰ ਗਾਇ ਸੰਗੀਤ ਮੋਂ ਗੀਤ ਨਾਚੈ।
ਕਹੂੰ ਸਸਤ੍ਰ ਕੀ ਸਰਬ ਵਿਦਯਾ ਬੀਚਾਰੈ। ਕਹੂੰ ਅਸਤਰ ਵਿਦਯਾ ਵਾਚੈਂ ਸੋਕ ਟਾਰੈਂ।੨੭੯
ਕਹੂੰ ਗਦਾ ਕੋ ਜੁਧ ਕੈ ਕੈ ਦਿਖਾਵੈ। ਕਹੂੰ ਖੜਗ ਵਿਦਯਾ ਜੁਝੈ ਮਾਨ ਪਾਵੈ।
ਕਹੂੰ ਬਾਂਕ ਬਿਦਯਾਹਿ ਫੇਰੇ ਪ੍ਰਬਾਨੰ। ਕਹੂੰ ਜਲਤ੍ਰੰਗੰ ਵਾਕ ਬਿਦਯਾ ਬਖਾਨੰ। ੨੮੦

ਕਹੂੰ ਬੈਠਕੈ ਗਾਰੁੜੀ ਗਰੰਥ ਬਾਚੈ । ਕਹੂੰ ਸਾਂਭਵੀ ਰਾਸ ਭਾਖਾ ਸੁ ਰਾਚੈ ।
ਕਹੂੰ ਯਾਮਨੀ ਤੰਰਕੀ ਬੀਰ ਬਿਦਯਾ । ਕਹੂੰ ਪਾਰਸੀ ਕੌਚ ਵਿਦਯਾ ਅਭਿਦਿਆ । ੨੮੧

ਕਹੂੰ ਸ਼ਸਤ੍ਰ ਕੋ ਘਾਉ ਬਿਦਯਾ ਬਤੈਗੇ । ਕਹੂੰ ਅਸਤ੍ਰ ਕੇ ਪਾਤਕਾ ਪੈ ਚਲੈਗੇ ।
ਕਹੂੰ ਚਰਮ ਕੀ ਚਾਰ ਬਿਦਿਆ ਬਤਾਵੈ । ਕਹੂੰ ਬ੍ਰਹਮ ਵਿਦਯਾ ਕਰੈ ਦਰਬ ਪਾਵੈ । ੨੮੨

ਕਹੂੰ ਨ੍ਰਿਤ ਬਿਦਯਾ ਕਹੂੰ ਨਾਦ ਭੇਦੰ : ਕਹੂੰ ਪਰਮ ਪੌਰਾਨ ਕਥ ਕਤੇਬੰ ।
ਸਬੈ ਅਛਰ ਬਿਦਯਾ ਸਬੈ ਦੇਸ ਬਾਨੀ । ਸਬੰ ਦੇਸ ਪੂਜਾ ਸਮਸਤੋ ਪ੍ਰਧਾਨੀ । ੨੮੩

ਜੈਸਾ ਕਿ ਅਸੀਂ ਪਹਿਲੇ ਵੀ ਕਹਿ ਆਏ ਹਾਂ ਕਿ 'ਗਿਆਨ ਪ੍ਰਬੋਧ' ਸੰਪੂਰਣ ਪ੍ਰਾਪਤ ਨਹੀਂ, ਇਸ ਕਰਕੇ ਇਸਦਾ ਸਹੀ ਤੇ ਪੂਰਾ ਲੇਖਾ-ਜੋਖਾ ਕਰਨਾ ਵੀ ਸੰਭਵ ਨਹੀਂ, ਪਰ ਅਕਾਲ ਮਹਿਮਾ ਤੇ ਕਰਮਕਾਂਡ ਖੰਡਨ ਦੀ ਬਲਵਾਨ ਸ਼ੈਲੀ ਤੋਂ ਗੁਰੂ ਸਾਹਿਬ ਦੀ ਅਵਾਜ਼ ਸਪਸ਼ਟ ਹੈ। ਨਾਲ ਹੀ ਅਜੇਹੇ ਹਵਾਲੇ ਇਹ ਸਿਧ ਕਰਨ ਲਈ ਕਾਫ਼ੀ ਹਨ ਕਿ ਸਤਿਗੁਰੂ ਸਮਕਾਲੀ ਵਿਦਿਆ ਪ੍ਰਣਾਲੀ ਤੋਂ ਭਲੀ ਭਾਂਤ ਜਾਣੂ ਸਨ । ਖਾਸ ਕਰਕੇ ਪੰਡਤਾਂ ਵਿਚ ਜਿਨ੍ਹਾਂ ਸੰਸਕ੍ਰਿਤ ਵਿਆਕਰਣਾਂ ਦਾ ਉਨ੍ਹੀਂ ਦਿਨੀਂ ਵਿਸ਼ੇਸ਼ ਚਰਚਾ ਸੀ, ਉਹਨਾਂ ਵਲ ਬੜੇ ਸਪਸ਼ਟ ਇਸ਼ਾਰੇ ਦਿਤੇ ਗਏ ਹਨ ਜਿਵੇਂ ਕੌਮਦੀ, ਸਿਧਿਕਾ, ਚੰਦ੍ਰਿਕਾ, ਕਾਸ਼ਿਕਾ, ਸਾਰਸੁਤ ਆਦਿ । ਇਸੇ ਪਰਕਾਰ ਯੁੱਧ ਵਿਦਿਆ ਸਬੰਧੀ ਆਏ ਵੇਰਵੇ ਵੀ ਵਿਸ਼ੇਸ਼ ਧਿਆਨ ਦੇ ਮੁਥਾਜ ਹਨ ।

SIKHBOOKCLUB.COM

## ੭. ਸ਼ਸਤ੍ਰ ਨਾਮਮਾਲਾ

ਹਿੰਦੀ ਵਿਚ 'ਨਾਮਮਾਲਾ' ਕੋਸ਼ ਯਾ ਡਿਕਸ਼ਨਰੀ ਨੂੰ ਕਹਿੰਦੇ ਹਨ। ਇਹ ਇਕ ਤਰ੍ਹਾਂ ਸ਼ਸਤ੍ਰਾਂ ਦਾ ਕੋਸ਼ ਹੈ ਜਿਸ ਦੇ ਪੰਜ ਅਧਿਆਵਾਂ ਵਿਚ ਪੰਜ ਮੁਖ ਸ਼ਸਤਰਾਂ—ਤਲਵਾਰ, ਚਕ੍ਰ, ਤੀਰ, ਪਾਸ਼ ਤੇ ਤੁਪਕ (ਬੰਦੂਕ) ਦੇ ਅਨੇਕ-ਭਾਂਤੀ ਨਾਮ ਅਦ੍ਰਿਸ਼ਟ ਕੂਟ ਦੇ ਅਲੰਕਾਰਕ ਚਮਤਕਾਰ ਦੁਆਰਾ ਅੰਕਿਤ ਕੀਤੇ ਗਏ ਹਨ। ਸੋ ਇਹ ਗ੍ਰੰਥ ਸ਼ਸਤਰ-ਚਮਤਕਾਰ ਵੀ ਹੈ ਤੇ ਸ਼ਾਸਤਰ ਚਮਤਕਾਰ ਵੀ, ਯੁੱਧਜੀਵੀ ਤੇ ਬੁਧਿਜੀਵੀ ਦੋਹਾਂ ਤਰ੍ਹਾਂ ਦੇ ਪਾਠਕ ਇਸਦਾ ਰਸ ਮਾਣ ਸਕਦੇ ਹਨ। ਜੇਹਾ ਕਿ ਅਸੀਂ ਅਗੇ ਵੀ ਕਈ ਥਾਂ ਆਖ ਚੁਕੇ ਹਾਂ ਕਿ ਗੁਰੂ ਸਾਹਿਬ ਦਾ ਹਰ ਸਾਹਿਤਕ ਕਰਮ ਮਨੁਖੀ ਸਾਹਸ ਤੇ ਬੀਰਤਾ ਨੂੰ ਜਗਾਉਣਹਾਰਾ ਹੈ ਚਾਹੇ ਉਹ ਅਧਿਆਤਮਕ ਸਾਹਿਤ ਹੈ ਚਾਹੇ ਅਵਤਾਰਾਂ ਦਾ ਕਥਾ-ਸਾਹਿਤ, ਇਹ ਕੋਸ਼ ਸਾਹਿਤ ਵੀ ਇਸੇ ਲੜੀ ਦਾ ਮਣਕਾ ਹੈ। ਸ਼ਾਇਦ ਹਿੰਦੀ ਵਿਚ ਇਹ ਆਪਣੀ ਤਰ੍ਹਾਂ ਦੀ ਅਨੋਖੀ ਰਚਨਾ ਹੈ ਜਿਸ ਵਿਚ ਕੇਵਲ ਸ਼ਸਤਰਾਂ ਦੀ ਨਾਮਮਾਲਾ ਅੰਕਿਤ ਹੈ। ਛੰਦ ਵਧੇਰੇ ਦੋਹਰਾ, ਚੌਪਈ ਤੇ ਅੜਿਲ ਵਰਤਿਆ ਹੈ।

ਗੁਰੂ ਸਾਹਿਬ ਦੇ ਹੁਕਮਨਾਮਿਆਂ ਵਿਚ ਸੰਗਤਾਂ ਨੂੰ ਬਾਰ ਬਾਰ ਤਾਕੀਦ ਕੀਤੀ ਮਿਲਦੀ ਹੈ :—

'ਸੰਗਤਿ ਹਥੀਆਰ ਬੰਨ ਕੈ ਦਰਸਨ ਆਵਣਾ।'
'ਸਰਬਤਿ ਖਾਲਸੇ ਹਥੀਯਾਰ ਬਨਿ ਕੈ ਹਜ਼ੂਰਿ ਆਵਣਾ।'
'ਜੋ ਸਿਖ ਹਥੀਆਰ ਬਨਿ ਕੇ ਦਰਸਨਿ ਆਵਗੁ
ਸੋ ਨਿਹਾਲ ਹੋਗੁ।'

ਇਹ ਪੰਜ ਹਥਿਆਰ ਸਨ—ਕ੍ਰਿਪਾਨ, ਤੀਰ ਕਮਾਣ, ਨੇਜ਼ਾ, ਕਟਾਰ ਤੇ ਬੰਦੂਕ। ਸ਼ਸਤ੍ਰ ਨਾਮਮਾਲਾ ਦੇ ਪੰਜਾਂ ਅਧਿਆਵਾਂ ਵਿਚ ਕ੍ਰਿਪਾਨ, ਚਕਰ, ਤੀਰ, ਪਾਸ਼ ਤੇ ਤੁਪਕ-ਇਨ੍ਹਾਂ ਪੰਜ ਹਥਿਆਰਾਂ ਦੀ ਨਾਮਾਵਲੀ ਦਿਤੀ ਹੈ। ਪਹਿਲੇ ਅਧਿਆ ਵਿਚ ਨਾਲ ਬਰਛੀ ਤੇ ਕਟਾਰ ਆਦਿ ਦੇ ਨਾਮ ਵੀ ਦਿਤੇ ਹਨ। ਗ੍ਰੰਥ ਮੁਕੰਮਲ ਨਹੀਂ ਜਾਪਦਾ ਕਿਉਂਕਿ ਸਮਾਪਤੀ ਦਾ ਸੰਕੇਤ ਨਹੀਂ। ਹੋ ਸਕਦਾ ਹੈ, ਕੁਝ ਹੋਰ ਸ਼ਸਤ੍ਰਾਂ ਦੀ ਨਾਮ ਮਾਲਾ ਵੀ ਹੋਵੇ। ਪਟਨਾ ਮਿਸਲ ਦੀ ਬੀੜ ਅਨੁਸਾਰ ਇਸ ਰਚਨਾ ਦੇ ਕੁਲ ਛੰਦ ੧੪੫੫ ਸਨ ਪਰ ਹੁਣ ੧੩੧੮ ਹੀ ਪ੍ਰਾਪਤ ਹਨ।

ਪਹਿਲੇ ੨੭ ਛੰਦ ਮੰਗਲਾਚਰਣ ਦੇ ਹਨ ਜਿਸ ਵਿਚ ਸ਼ਸਤਰ ਤੇ ਰੱਬੀ ਸ਼ਕਤੀ ਨੂੰ ਇਕ ਰੂਪ ਕਰਕੇ ਪੇਸ਼ ਕੀਤਾ ਗਿਆ ਹੈ ਤਾਂ ਕਿ ਸੰਤ ਸਿਪਾਹੀ ਸ਼ਸਤਰ-ਪਿਆਰ ਤੇ ਰੱਬੀ

ਪਿਆਰ ਨੂੰ ਇਕੋ ਤਸਵੀਰ ਦੇ ਦੋ ਪਹਿਲੂ ਜਾਣ ਸਕਣ। ਫਿਰ ਵੇਰਵਾ ਇਉਂ ਹੈ:—

੧ ਅਧਿਆ ੨੮ ਤੋਂ ੫੬ ਛੰਦ ਤਕ—ਤਲਵਾਰ ਦੇ ਨਾਮ ਹਨ।

੨ ਅਧਿਆ ੫੭ ਤੋਂ ੭੪ ਛੰਦ ਤਕ—ਚੱਕਰ ਦੇ ਨਾਮ ਹਨ।

੩ ਅਧਿਆ ੭੫ ਤੋਂ ੨੫੨ ਛੰਦ ਤਥ—ਤੀਰ ਦੇ ਨਾਮ ਹਨ।

੪ ਅਧਿਆ ੨੫੩ ਤੋਂ ੪੬੦ ਛੰਦ ਤਕ—ਪਾਸ਼ ਦੇ ਨਾਮ ਹਨ।

੫ ਅਧਿਆ ੪੬੧ ਤੋਂ ੧੩੧੮ ਛੰਦ ਤਕ—ਤੁਪਕ ਦੇ ਨਾਮ ਹਨ।

ਪਹਿਲੇ ਮੰਗਲਾਚਰਣ ਰੂਪ ਵਿਚ ਦਿਤੀ ਭੂਮਿਕਾ ਗੁਰੂ-ਕਵੀ ਦੇ ਪੱਖ ਨੂੰ ਬਹੁਤ ਸੁੰਦਰ ਭਾਂਤ ਉਜਾਗਰ ਕਰਦੀ ਹੈ। ਕਲਾਕਾਰ ਦਾ ਇਹ ਢੰਗ ਨਵਾਂ ਰੰਗ ਭਰਨ ਵਾਲਾ ਹੈ, ਮੈਤਾਂ ਵਿਚ ਸਿਪਾਹੀ ਦਾ ਰੰਗ ਤੇ ਕਮਜ਼ੋਰਾਂ ਨਿਤਾਣਿਆਂ ਵਿਚ ਜੋਧਿਆਂ ਦਾ ਰੰਗ ਭਰਨ ਵਾਲਾ ਗੁਰੂ ਇਉਂ ਸ਼ੁਰੂ ਕਰਦਾ ਹੈ:—

ਸਾਗ ਸਰੋਹੀ ਸੈਫ ਅਸਿ, ਤੀਰ ਤੁਪਕ ਤਲਵਾਰ।
ਸਤ੍ਰਾਂਤਕ ਕਵਚਾਂਤ ਕਰਿ, ਕਰੀਐ ਰੱਛ ਹਮਾਰ। ੧।
ਅਸਿ ਕਿਰਪਾਨ ਧਾਰਾਧਰੀ, ਸੈਫ ਸੂਲ ਜਮਦਾਢ।
ਕਵਚਾਂਤਕ ਸ਼ਤ੍ਰਾਂਤ ਕਰਿ, ਤੇਗ ਤੀਰ ਧਰ ਬਾਢ। ੨।
ਅਸਿ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ, ਯਹੈ ਹਮਾਰੈ ਪੀਰ। ੩।
ਤੀਰ ਤੁਹੀ ਸੈਹਥੀ ਤੁਹੀ, ਤੁਹੀ ਤਬਰ ਤਰਵਾਰ।
ਨਾਮ ਤਿਹਾਰੋ ਜੋ ਜਪੈ, ਭਏ ਸਿੰਧ ਭਵ ਪਾਰ। ੪।
ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ ਅਰੁ ਤੀਰ।
ਤੁਹੀ ਨਿਸ਼ਾਨੀ ਜੀਤ ਕੀ, ਆਜ ਤੁਹੀ ਜਗ ਬੀਰ। ੫।
ਤੁਹੀ ਸੂਲ ਸੈਹਥੀ ਤਬਰ, ਤੂ ਨਿਖੰਗ ਅਰੁ ਬਾਨ।
ਤੁਹੀ ਕਟਾਰੀ ਸੇਲ ਸਭ, ਤੁਮਹੀ ਕਰਦ ਕ੍ਰਿਪਾਨ। ੬।
ਸਸ਼ਤਰ ਅਸਤਰ ਤੁਮਹੀ ਸਿਪਰ, ਤੁਮਹੀ ਕਵਚ ਨਿਖੰਗ।
ਕਵਚਾਂਤਕ ਤੁਮਹੀ ਬਨੇ, ਤੁਮ ਬਯਾਪਕ ਸਰਬੰਗ। ੭।

ਇਸ ਮਹਾਂਸ਼ਕਤੀ ਨੂੰ ਸ਼ਸਤਰਾਂ ਤੱਕ ਹੀ ਸੀਮਤ ਨਹੀਂ ਰੱਖਿਆ, ਗੁਰੂ ਸਾਹਿਬ ਉਸਦੇ ਅਸ਼ਸਤ੍ਰ ਰੂਪ ਨੂੰ ਵੀ ਮੂਰਤੀਮਾਨ ਕਰਦੇ ਹਰ ਯੁਗ ਦੇ ਅਵਤਾਰ ਵਿਚ ਉਸਦੀ ਸੱਤਾ ਦੇਖ ਰਹੇ ਹਨ:—

ਪ੍ਰਿਥਮ ਉਪਾਵਹੁ ਜਗਤ ਤੁਮ, ਤੁਮਹੀ ਪੰਥ ਬਨਾਇ।
ਆਪ ਤੁਹੀ ਝਗਰਾ ਕਰੋ, ਤੁਮਹੀਂ ਕਰੋ ਸਹਾਇ। ੧੫।
ਮੱਛ ਕੱਛ ਬਾਰਾਹ ਤੁਮ, ਤੁਮ ਬਾਵਨ ਅਵਤਾਰ।
ਨਰ ਸਿੰਘ ਬਊਧਾ ਤੁਹੀ, ਤੁਹੀ ਜਗਤ ਕੋ ਸਾਰ। ੧੬।

ਤੁਹੀਂ ਰਾਮ ਸ੍ਰੀ ਕ੍ਰਿਸ਼ਨ ਤੁਮ, ਤੁਹੀ ਬਿਸ਼ਨ ਕੋ ਰੂਪ ।
ਤੁਹੀ ਪ੍ਰਜਾ ਸਭ ਜਗਤ ਕੀ, ਤੁਹੀ ਆਪ ਹੀ ਭੂਪ । ੧੭ ।
ਤੁਹੀ ਬਿਪ੍ਰ ਛਤ੍ਰੀ ਤੁਹੀਂ, ਤੁਹੀਂ ਰੰਕ ਅਰ ਰਾਉ ।
ਸਾਮ ਦਾਮ ਅਰ ਡੰਡ ਤੁਮ, ਤੁਮ ਹੀ ਭੇਦ ਉਪਾਉ । ੧੮ ।
ਸੀਸ ਤੁਹੀ ਕਾਯਾ ਤੁਹੀ, ਤੂ ਪ੍ਰਾਨੀ ਕੇ ਪ੍ਰਾਨ ।
ਤੈ ਬਿਦਯਾ ਜੁਗ ਬਕਤ੍ਰ ਹ੍ਵੈ, ਕਰੇ ਬੇਦ ਬਖਯਾਨ । ੧੯ ।

ਇਹ ਮੰਗਲਾਚਰਣ ਪਰਗਟ ਕਰਦਾ ਹੈ ਕਿ ਗੁਰੂ ਸਾਹਿਬ ਦੀ ਨਜ਼ਰ ਵਿਚ ਸ਼ਸਤਰ ਮਹਾਂਸ਼ਕਤੀ ਦਾ ਪ੍ਰਤੀਕ ਹਨ ਤੇ ਉਹ ਮਹਾਂ ਸ਼ਕਤੀ ਉਹੋ ਹੀ ਹੈ ਜੋ ਸਾਰੀ ਸ੍ਰਿਸ਼ਟੀ ਦੀ ਸਾਜਨਹਾਰ ਤੇ ਬਿਨਾਸ਼ਨਹਾਰ ਹੈ । ਇਸ ਤੋਂ ਵੀ ਅੱਗੇ ਸਤਿਗੁਰੂ ਆਪਣਾ ਅਨੁਭਵ ਦਸਦੇ ਕਹਿੰਦੇ ਹਨ ਕਿ ਇਹ ਮਹਾਂ ਸ਼ਕਤੀ, ਰਚਨਾ ਤੋਂ ਭਿੰਨ ਨਹੀਂ ਬਲਕਿ ਕਾਇਆ ਤੇ ਪ੍ਰਾਣ ਰੂਪ ਵੀ ਇਹੋ ਹੈ, ਵਿਦਿਆ ਤੇ ਗਿਆਨ ਰੂਪ ਵੀ ਇਹੋ ਹੈ । ਫਿਰ ਸਮੁੱਚੇ ਤੌਰ ਤੇ ੭-੮ ਦੋਹਰਿਆਂ ਵਿਚ ਸਾਰੇ ਮੁਖ ਸ਼ਸਤਰਾਂ ਨੂੰ ਪ੍ਰਣਾਮ ਕੀਤੀ ਤੇ ਆਖਿਆ ਹੈ, ਤੁਹਾਡੀ ਕ੍ਰਿਪਾ ਨਾਲ ਹੀ ਰਾਜੇ ਬਣਦੇ ਤੇ ਜਮ ਦੇ ਫਾਹ ਕੱਟੇ ਜਾਂਦੇ ਹਨ ਅਰਥਾਤ ਰਾਜ ਤੇ ਮੁਕਤੀ ਦੋਵੇਂ ਤੁਹਾਡੇ ਹੱਥ ਵਿਚ ਹਨ । ਤੁਸੀਂ ਆਪਣਾ ਜਾਣ ਕੇ ਮੇਰੇ ਵੀ ਕੰਮ ਸਵਾਰੋ —

ਬਾਂਕ ਬੱਜ੍ਰ ਬਿਛੂਓ ਬਿਸਿਖ, ਬਿਰਹ ਬਾਨ ਸਭ ਰੂਪ ।
ਜਿਨਕੋ ਤੁਮ ਕ੍ਰਿਪਾ ਕਰੀ, ਭਏ ਜਗਤ ਕੇ ਭੂਪ । ੨੫ ।
ਸ਼ਸਤ੍ਰ ਸੇਲ ਸਮਰਾਂਤ ਕਰਿ, ਸਿਪਰ ਅਰਿ ਸ਼ਮਸ਼ੇਰ ।
ਮੁਕਤ ਜਾਲ ਜਮ ਕੇ ਭਏ, ਜਿਨੈ ਗਹਯੋ ਇਕ ਬੇਰ । ੨੬ ।
ਸੈਫ ਸਰੋਹੀ ਸ਼ਤ੍ਰੁ ਅਰਿ, ਸਾਰੰਗਾਰਿ ਜਿਹ ਨਾਮ ।
ਸਦਾ ਹਮਾਰੇ ਚਿਤ ਬਸੌ, ਸਦਾ ਕਰੌ ਮਮ ਕਾਮ । ੨੭ ।

ਇਸ ਸੰਖਿਪਤ ਭੂਮਿਕਾ ਪਿਛੋਂ ਕੋਸ਼ ਸ਼ੁਰੂ ਹੁੰਦਾ ਹੈ ।

ਗੁਰੂ ਸਾਹਿਬ ਨੇ ਅਦ੍ਰਿਸ਼ਟ ਕੂਟ ਅਲੰਕਾਰ ਨਾਲ ਕਿਸਤਰ੍ਹਾਂ ਸ਼ਸਤਰਾਂ ਦੀ ਅਨੇਕ ਭਾਂਤੀ ਨਾਮ ਮਾਲਾ ਪੇਸ਼ ਕੀਤੀ ਹੈ, ਇਹ ਵੱਖੋ ਵੱਖ ਵੰਨਗੀਆਂ ਰਾਹੀਂ ਹੀ ਸਮਝਿਆ ਤੇ ਸੁਆਦਿਆ ਜਾ ਸਕਦਾ ਹੈ ।

(ੳ) ਜਿਵੇਂ ਤਲਵਾਰ ਦੇ ਨਾਂ ਕਵਚ-ਅਰਿ, (ਸੰਜੋਅ ਦੀ ਦੁਸ਼ਮਣ) ਸ਼ਤ੍ਰੂ-ਦੁਸ਼ਟ (ਦੁਸ਼ਟਾਂ ਦੀ ਵੈਰਨ) ਸਸ਼ਤ੍ਰਪਤਿ (ਸ਼ਸਤਰਾਂ ਦੀ ਮਲਕਾ) ਆਦਿ ਇਉਂ ਅੰਕਿਤ ਕੀਤੇ ਗਏ ਹਨ :—

ਕਵਚ ਸਬਦ ਪ੍ਰਿਥਮੈ ਕਹੋ, ਅੰਤ ਸ਼ਬਦ ਅਰਿ ਦੇਹੁ ।
ਸਭ ਹੀ ਨਾਮ ਕਿਰਪਾਨ ਕੇ, ਜਾਨ ਚਤੁਰ ਜੀਅ ਲੇਹੁ । ੨੮ ।
ਸ਼ਤ੍ਰੁ ਸ਼ਬਦ ਪ੍ਰਿਥਮੋ ਕਹੋ, ਅੰਤ ਦੁਸ਼ਟ ਪਦ ਭਾਖੁ ।
ਸਭੈ ਨਾਮ ਜਗਨਾਥ ਕੇ, ਸਦਾ ਹਿਰਦੇ ਮੋ ਰਾਖੁ । ੨੯ ।

ਸਭ ਸ਼ਸਤ੍ਰਨ ਕ ਨਾਮ ਕਹਿ, ਪ੍ਰਿਥਮ ਅੰਤ ਪਤਿ ਭਾਖੁ ।
ਸਭ ਹੀ ਨਾਮ ਕਿਰਪਾਨ ਕੇ, ਜਾਨ ਹਿਰਦੈ ਮਹਿ ਰਾਖੁ । ੩੪ ।

(ਅ) ਚਕਰ ਦੇ ਨਾਮ—

'ਬਿਸਨ ਨਾਮ ਪ੍ਰਿਥਮੈ ਉਚਰ ਪੁਨ ਪਦ 'ਸ਼ਸਤਰ' ਉਚਾਰਿ ।
ਨਾਮ ਸੁਦਰਸ਼ਨ ਕੇ ਸਭੈ, ਨਿਕਸਤ ਜਾਹਿ ਅਪਾਰ । ੫੭ ।
'ਮੁਰ' ਪਦ ਪ੍ਰਿਥਮ ਉਚਾਰ ਕੈ 'ਮਰਦਨ' ਬਹੁਰ ਕਹੋ ।
ਨਾਮ ਸੁਦਰਸ਼ਨ ਚਕਰ ਕੇ ਚਿਤ ਮੈਂ ਚਤੁਰ ਲਹੋ । ੫੮ ।

ਅਰਥਾਤ ਬਿਸ਼ਨੁ-ਸ਼ਸਤਰ ਯਾ ਮੁਰ-ਮਰਦਨ ਆਦਿ ।

(ੲ) ਤੀਰ ਦੇ ਨਾਮ—

ਬਿਸਿਖ, ਬਾਣ, ਸਰ, ਧਨੁਜ, ਭਨ, ਕਵਚਾਂਤਕ ਕੇ ਨਾਮ ।
ਸਦਾ ਹਮਾਰੀ ਜੈ ਕਰੋ, ਸਕਲ ਕਰੋ ਮਮ ਕਾਮ । ੭੫ ।
ਧਨੁਖ ਸ਼ੱਬਦ ਪ੍ਰਿਥਮੈ ਉਚਰਿ, ਅਗ੍ਰਜ ਬਹੁਰ ਉਚਾਰ ।
ਨਾਮ ਸਿਲੀਮੁਖ ਕੇ ਸਭੈ, ਲੀਜਹੁ ਚਤੁਰ ਸੁਧਾਰ । ੭੬ ।

ਅਰਥਾਤ ਧਨੁਖ-ਅਗ੍ਰਜ—ਧਨੁਖ ਦੇ ਅਗੇ ਤੋਂ ਪ੍ਰਗਟਣ ਵਾਲਾ ।

ਸਕਲ ਕਵਚ ਕੇ ਨਾਮ ਕਹਿ, 'ਭੇਦਕ' ਬਹੁਰ ਬਖਾਨ ।
ਨਾਮ ਸਕਲ ਸ੍ਰੀ ਬਾਨ ਕੇ, ਨਿਕਸਤ ਚਲੇ ਪ੍ਰਮਾਨ । ੮੦ ।

ਕਵਚ-ਭੇਦਕ—ਸੰਜੋਅ ਵਿੰਨ੍ਹਣ ਵਾਲਾ ।

ਸਭ ਅਕਾਸ ਕੇ ਨਾਮ ਕਹਿ, ਚਰ ਪਦ ਬਹੁਰ ਬਖਾਨ !
ਨਾਮ ਸਿਲੀਮੁਖ ਕੇ ਸਭੈ, ਲੀਜੈ ਚਤੁਰ ਪਛਾਨ । ੮੫ ।

ਅਕਾਸ ਚਰ—ਅਕਾਸ਼ ਵਿਚ ਚਲਣ ਵਾਲਾ (ਤੀਰ)

ਕਈ ਔਖੇ ਨਾਮ ਬਣਾਏ ਗਏ ਜਿਵੇਂ ਨਿਸਾ ਚਰ ਧਰ ਚਰ । ਰਾਤ ਨੂੰ ਚਲਣ ਵਾਲਾ ਚਦਰਮਾ, ਚੰਦਰਮਾ ਨੂੰ ਧਾਰਨ ਵਾਲੇ ਅਕਾਸ਼ ਵਿਚ ਵਿਚਰਨ ਵਾਲਾ ਤੀਰ—

ਰਾਤ੍ਰਿ ਨਿਸਾ, ਦਿਨ ਘਾਤਿਨੀ, ਚਰ ਧਰ ਸਬਦ ਬਖਾਨ ।
ਨਾਮ ਸਕਲ ਸ੍ਰੀ ਬਾਨ ਕੇ, ਕਰੀਅਹੁ ਚਤੁਰ ਬਖਾਨ । ੯੧ ।

ਰਾਤਿਰ ਚਰ ਧਰ ਚਰ ।
ਨਿਸਾ ਚਰ ਧਰ ਚਰ ।
ਦਿਨ ਘਾਤਿਨੀ ਚਰ ਧਰ ਚਰ ।

(ਸ) ਇਸਤਰ੍ਹਾਂ ਕਈ ਬਚਿਤਰ ਢੰਗ ਦੇ ਸੰਕੇਤ ਬਣਾ ਕੇ ਤੀਰ ਦੀ ਅਨੇਕ ਭਾਂਤੀ ਸ਼ਬਦਾਵਲੀ ਗਿਣਾਈ ਹੈ । ਚੌਥੇ ਅਧਿਆ ਵਿਚ ਪਾਸ਼ ਫਾਹੀ ਦੇ ਨਾਮ ਹਨ । ਪੁਰਾਣੇ ਜ਼ਮਾਨੇ ਵਿਚ ਇਹ ਇਕ ਤਰ੍ਹਾਂ ਦਾ ਸ਼ਸਤਰ ਸੀ ਜੋ ਸੂਤ ਯਾ ਚਮੜੇ ਦੀ ਇਕ ਪਰਕਾਰ ਦੀ ਰੱਸੀ ਹੁੰਦੀ ਸੀ, ਇਸ ਨੂੰ ਦੂਰੋਂ ਸੁਟਕੇ ਵੈਰੀ ਨੂੰ ਗਲ ਤੋਂ ਜਕੜ ਲਿਆ ਜਾਂਦਾ ਸੀ ਤੇ ਘੁਟਕੇ ਮਾਰ

ਦਿਤਾ ਜਾਂਦਾ ਸੀ। ਲੋਹੇ ਦੀ ਵੀ ਪਾਸ਼ ਹੁੰਦੀ ਸੀ।

ਬੀਰ ਗ੍ਰਸਤਨੀ ਗ੍ਰੀਵਧਰ, ਵਰਣਾਯੁਧ ਕਹਿ ਅੰਤ।
ਸਕਲ ਨਾਮ ਸ੍ਰੀ ਪਾਸ਼ ਕ, ਨਿਕਸਤ ਚਲੈਂ ਅਨੰਤ। ੩੫੩।

ਬੀਰ ਗ੍ਰਸਤਨੀ ਆਯੁਧ—ਜੋਧਿਆਂ ਨੂੰ ਫਾਹੁਣ ਵਾਲਾ ਹਥਿਆਰ।

ਗ੍ਰੀਵ ਧਰ ਆਯੁਧ—ਗਲ ਵਿਚ ਪਾਇਆ ਜਾਣ ਵਾਲਾ।

ਵਰੁਣਾਯਧ—ਵਰਣ ਦੇਵਤਾ ਦਾ ਸ਼ਸਤਰ।

ਪਾਸ਼ ਦਾ ਨਾਂ ਕਾਲ ਪਿਤਾ ਤਨੁਜਾਪਤਿ ਅਸਤਰ ਵੀ ਹੈ।

ਕਾਲ ਪਿਤਾ— ਸੂਰਜ, ਸੂਰਜ ਦੀ ਸਪੁਤਰੀ ਜਮਨਾ, ਜਮਨਾ ਦਾ ਪਤੀ ਵਰਣ ਦੇਵਤਾ ਉਸ ਦਾ ਅਸਤਰ—ਪਾਸ਼।

(ਹ) ਪੰਜਵੇਂ ਅਧਿਆ ਵਿਚ ੪੬੧ ਛੰਦ ਤੋਂ ਤੁਪਕ ਦੇ ਨਾਮ ਦਿਤੇ ਹਨ ਜੋ ਸਭ ਤੋਂ ਵਧ ਹਨ। ਤੁਪਕ—ਬੰਦੂਕ ਨੂੰ ਕਹਿੰਦੇ ਹਨ, ਇਸਦਾ ਮਹੱਤ੍ਵ ਹੋਰ ਹਥਿਆਰਾਂ ਦੇ ਮੁਕਾਬਲੇ ਵੈਸੇ ਵੀ ਵਧ ਹੈ, ਇਸੇ ਦੇ ਜ਼ੋਰ ਸਦਕੇ ਬਾਬਰ ਨੇ ਲੋਧੀਆਂ ਪਠਾਣਾਂ ਉਤੇ ਵਿਜਯ ਪਾਈ ਸੀ। ਗੁਰੂ ਨਾਨਕ ਸਾਹਿਬ ਨੇ ਇਸਦਾ ਜ਼ਿਕਰ ਕੀਤਾ ਹੈ—

'ਓਨੀ ਤੁਪਕਿ ਤਾਣਿ ਚਲਾਈ, ਓਨੀ ਹਸਤਿ ਚਿੜਾਈ। [ਆਸਾ

ਗੁਰੂ ਸਾਹਿਬ ਨੇ ਇਸ ਦੇ ਨਾਮ ਸਿਧੇ ਸਾਦੇ ਵੀ ਦਿਤੇ ਹਨ ਤੇ ਅਤਿਅੰਤ ਗੁੰਝਲਦਾਰ ਵੀ। ਸੌਖੇ ਨਾਮ, ਜਿਵੇਂ ਕਿ—

ਕਵਚ ਘਾਤਨੀ ਰਿਪੂ—ਸੰਜੋ ਤੋੜਨ ਵਾਲੀ ਵੈਰਣ—ਬੰਦੂਕ

ਸੁਭਟ ਘਾਇਨੀ ਰਿਪੂ, ਸ਼ਤਰੂ ਸੰਘਰਣੀ ਰਿਪੁ ਆਦਿ :

ਔਖੇ ਨਾਮਾਂ ਦਾ ਨਮੂਨਾ ਵੀ ਦੇਖ ਲਵੋ—

ਜਿਵੇਂ ਮ੍ਰਿਗ ਅਰਿ ਨਾਦਨਿ ਰਿਪੂ—ਮ੍ਰਿਗ ਅਰਿ-ਸ਼ੇਰ, ਸ਼ੇਰ ਵਾਂਗ ਗਰਜਣ ਵਾਲੀ ਫੌਜ ਤੇ ਉਸ ਫੌਜ ਦੀ ਦੁਸ਼ਮਣ—ਬੰਦੂਕ।

ਮ੍ਰਿਗਅਰਿ ਨਾਦਨਿ ਆਦਿ ਕਹਿ, ਰਿਪੁ ਅਰਿ ਬਹੁਰ ਬਖਾਨ।
ਨਾਮ ਤੁਪਕ ਕੇ ਹੋਤ ਹੈਂ, ਚੀਨਹੁ ਪ੍ਰਗਿਆਵਾਨ। ੫੭੭।

ਇਵੇਂ ਜਿਵੇਂ ਧਰਾਧਾਰ ਪ੍ਰਿਸ਼ਟਣੀ—ਧਰਤੀ ਹੈ ਜਿਸਦਾ ਅਧਾਰ—ਰੁੱਖ ਅਰਥਾਤ ਧਰਤੀ ਦੀ ਪਿੱਠ ਵਾਲੀ—ਬੰਦੂਕ।

ਧਰਾਧਾਰ ਪਦ ਪ੍ਰਿਥਮ ਉਚਾਰਨ ਕੀਜੀਐ।
ਪ੍ਰਿਸ਼ਠਣਿ ਪਦ ਕੋ ਬਹੁਰ ਠਉਰ ਤਹਿ ਦੀਜੀਐ।
ਸ਼ਕਲ ਤੁਪਕ ਕੇ ਨਾਮ ਚਤੁਰ ਜੀਅ ਜਾਨੀਐ।
ਹੋ ਯਾਂ ਕੇ ਭੀਤਰ ਭੇਦ ਨੈਕੁ ਨਹੀ ਮਾਨੀਐ। ੬੯੭।

ਕਈ ਨਾਮ ਕਾਫੀ ਕਲਿਸ਼ਟ ਹਨ ਜਿਵੇਂ—ਤਿਮਰ ਹਾ ਭਗਣਿ ਸੁਤ ਚਰ ਪਤਿ ਸ਼ਤਰੂ।

ਤਿਮਰ ਹਾ—ਹਨੇਰੇ ਨੂੰ ਨਾਸ ਕਰਨ ਵਾਲਾ ਚੰਦ

ਤਿਮਰ ਹਾ ਭਗਣਿ—ਚੰਦਰ ਭਗਾ ਨਦੀ ਵਾਲੀ ਧਰਤੀ
ਉਸਦਾ ਪੁਤਰ—ਘਾਹ
ਘਾਹ ਨੂੰ ਚਰਨ ਵਾਲਾ—ਮਿਰਗ
ਮਿਰਗਾਂ ਦਾ ਪਤੀ—ਸ਼ੇਰ
ਸ਼ੇਰ ਦੀ ਵੈਰਨ—ਬੰਦੂਕ ।

'ਤਿਮਰਉ ਚਰ ਹਾ, ਭਗਣਿ ਬਖਾਨਹੁ
ਸੁਤ ਚਰ ਕਹਿ ਪਤਿ ਸਬਦ ਪ੍ਰਮਾਨਹੁ
ਸ਼ਤ੍ਰੁ ਸ਼ਬਦ ਤਿਹ ਅੰਤ ਭਣੀਜੈ ।
ਨਾਮ 'ਤੁਪਕ' ਕੇ ਸਭ ਲਹਿ ਲੀਜੈ । ੧੦੦੬ ।

ਪਾਠਕ ਪੁੱਛ ਸਕਦੇ ਹਨ ਕਿ ਐਸੇ ਔਖੇ ਨਾਮ ਦੇਣ ਦਾ ਕੀ ਲਾਭ ਸੀ । ਇਸਦਾ ਜਵਾਬ ਸਮਕਾਲੀ ਕਾਵਿ ਰਚਨਾ ਦੇ ਝੁਕਾਵਾ ਤੋਂ ਮਿਲ ਜਾਂਦਾ ਹੈ । ਗੁਰੂ ਸਾਹਿਬ ਦੇ ਜ਼ਮਾਨੇ ਰੀਤੀ ਕਾਵਿ ਦੇ ਕਵੀ ਵਧੇਰੇ ਸ਼ਬਦ ਚਮਤਕਾਰ ਦਿਖਾਉਣ ਵਿਚ ਯਕੀਨ ਰਖਦੇ ਸਨ ਤੇ ਜੋ ਰਚਨਾ ਰਚਦੇ ਸਨ, ਉਹ ਵਧੇਰੇ ਭੋਗਵਾਦੀ ਕਿਸਮ ਦੀ ਹੁੰਦੀ ਸੀ। ਗੁਰੂ ਸਾਹਿਬ ਚੂੰਕਿ ਮਨੁਖੀ ਚੇਤਨਾ ਦੀ ਲਹਿਰ ਦੇ ਮੋਢੀ ਸਨ, ਇਸ ਕਰਕੇ ਪਾਠਕਾਂ ਦੀ ਰੁਚੀ ਨੂੰ ਮੁਖ ਰਖਕੇ ਸ਼ਬਦ ਚਮਤਕਾਰ ਵਾਲੀ ਰਚਨਾ ਤਾਂ ਕੀਤੀ ਪਰ ਸ਼ਸਤਰਾਂ ਦੀ ਬਹੁ-ਬਿਧਿ ਵਿਆਖਿਆ ਕਰਕੇ ਆਪਣਾ ਨਿਸ਼ਾਨਾ ਵੀ ਨਹੀਂ ਛਡਿਆ । ਸ਼ਾਇਦ ਸਸਤਰ ਨਾਮਮਾਲਾ ਆਪਣੀ ਤਰ੍ਹਾਂ ਦਾ ਹੀ ਹਿੰਦੀ ਕੋਸ਼ ਹੈ ਜਿਸ ਵਿਚ ਕੇਵਲ ਸ਼ਸਤਰਾਂ ਦੇ ਨਾਮ ਇਸਤਰ੍ਹਾਂ ਸ਼ਬਦ ਚਮਤਕਾਰ ਦਰਸਾ ਕੇ ਦਿਤੇ ਗਏ ਹਨ । ਦੂਜਾ ਲਾਭ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਦੁਸ਼ਮਨ ਤੋਂ ਛੁਪਾਉਣ ਲਈ ਆਮ ਤੌਰ ਤੇ ਫੌਜੀ ਗੁਪਤ-ਭਾਸ਼ਾ ਦਾ ਪ੍ਰਯੋਗ ਕਰਦੇ ਹਨ, ਇਸ ਮੰਤਵ ਦੀ ਪੂਰਤੀ ਲਈ ਵੀ ਇਹ ਸ਼ਸਤਰ ਕੋਸ਼ ਕੰਮ ਆਉਣ ਵਾਲਾ ਹੈ।

ਇਸਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਉਦੇਸ਼ ਲਈ ਸ਼ਸਤਰਾਂ ਦਾ ਕੋਸ਼ ਲਿਖਕੇ ਜਿਥੇ ਸਿਪਾਹੀਆਂ ਜੋਧਿਆਂ ਨੂੰ ਉਤਸ਼ਾਹਤ ਕੀਤਾ, ਉਥੇ ਕਵੀਆਂ ਵਿਦਵਾਨਾਂ ਲਈ ਸ਼ਬਦ ਚਮਤਕਾਰ ਵਿਖਾ ਕੇ ਇਕ ਨਵਾ ਅਨੋਖਾ ਤਜਰਬਾ ਕੀਤਾ । ਸੋ ਇਹ ਕੋਸ਼ ਇਕ ਦੁਧਾਰਾ ਖੰਡਾ ਹੈ ਜੋ ਸ਼ਸਤਰ ਤੇ ਸ਼ਾਸਤਰ ਚਮਤਕਾਰ ਦਾ ਅਜਾਇਬ ਘਰ ਹੈ। ਤਨ ਦੇ ਜੋਧੇ ਸੂਰਮੇ ਤੇ ਮਨ ਦੇ ਜੋਧੇ ਗੁਣੀ ਗਿਆਨੀ ਦੋਵੇਂ ਇਸ ਦਾ ਲਾਭ ਲੈ ਸਕਦੇ ਹਨ । ਗੁਰੂ ਸਾਹਿਬ ਦੀ ਕਲਾ-ਚੇਤਨਾ ਦੀ ਦਾਦ ਦੇਣੀ ਪੈਂਦੀ ਹੈ ਕਿ ਕਿਵੇਂ ਉਨ੍ਹਾਂ ਹਰ ਪਾਸਿਓਂ ਆਪਣੀ ਲਹਿਰ ਲਈ ਸਮੱਗਰੀ ਇਕੱਤਰ ਕੀਤੀ, ਭੰਡਾਰ-ਭਰੇ ਤੇ ਇਹ ਸ਼ਸਤਰ-ਭੰਡਾਰ ਵੀ ਇਸੇ ਸੁਤੰਤਰਤਾ ਸੰਗਰਾਮ ਵਿਚ ਸਹਾਇਕ ਹੋਣ ਵਾਲਾ ਹੈ । ਜਿਸ ਦੇਸ ਦੇ ਲੋਕ ਸ਼ਸਤਰ ਅਤੇ ਮੌਤ ਤੋਂ ਭੈ ਖਾਂਦੇ ਹੋਣ, ਉਹਨਾਂ ਨੂੰ ਨਿਰਭੈਤਾ ਪ੍ਰਦਾਨ ਕਰਨ ਲਈ ਧਰਮ-ਯੁਧ ਦੇ ਅਜੇਹੇ ਸਾਹਿਤ ਦੀ ਡਾਢੀ ਲੋੜ ਸੀ ਜਿਸ ਨੂੰ ਮਹਾਂਬਲੀ ਪਰਬੀਨ ਕਲਾਕਾਰ ਨੇ ਹਰ ਪਾਸਿਓਂ ਪੂਰਾ ਕੀਤਾ । ਹਥਿਆਰਾਂ ਦੀ ਇਹ ਚਮਤਕਾਰੀ ਪਰਿਦਰਸ਼ਨੀ ਅਜ ਵੀ ਉਤਸ਼ਾਹ ਤੇ ਸਾਹਸ ਪ੍ਰਦਾਨ ਕਰਨ ਵਾਲੀ ਹੈ ।

## ੮. ਚਰਿਤ੍ਰ ਪਖ੍ਯਾਨ

ਦਸਮ ਗਰੰਥ ਦੀ ਰਚਨਾਵਲੀ ਵਿਚ ਆਕਾਰ ਦੇ ਲਿਹਾਜ਼ ਨਾਲ 'ਚਰਿਤਰ ਪਖਯਾਨ' ਸਭ ਤੋਂ ਵੱਡਾ ਗਰੰਥ ਹੈ ਜਿਸਦੇ ੪੦੪ ਅਧਿਆ ਤੇ ੭੫੫੯ ਛੰਦ ਹਨ ਤੇ ਇਹ ਭਾਦੋਂ ਵਦੀ ਛਠ ੧੭੫੩ ਬਿ: ਨੂੰ ਸਤਲੁਜ ਕੰਢੇ ਅਨੰਦਪੁਰ ਸੰਪੂਰਣ ਕੀਤਾ ਗਿਆ ਸੀ। 'ਚਰਿਤਰੋ ਪਖਯਾਨ' ਦਾ ਅੱਖਰੀ ਅਰਥ ਹੈ—ਦਿਲਚਸਪ ਕਹਾਣੀਆਂ, ਛਲੀਆ ਕਿੱਸੇ। ਇਸਨੂੰ ਪਖਯਾਨ ਚਰਿਤਰ ਯਾ ਤ੍ਰਿਯਾ ਚਰਿਤਰ ਵੀ ਆਖਿਆ ਗਿਆ ਹੈ। ਇਹ ਦੇਸੀ ਬਿਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹਿ ਹੈ ਜੋ ਕਿ ਹਿੰਦੀ ਸਾਹਿਤ ਵਿਚ ਆਪਣੀ ਮਿਸਾਲ ਆਪ ਹੈ। ਆਮ ਖਿਆਲ ਹੈ ਕਿ ਇਸ ਵਿਚ ੪੦੪ ਤਿਰਯਾ ਚਰਿਤਰ ਦਿਤੇ ਗਏ ਹਨ, ਇਹ ਠੀਕ ਨਹੀਂ। ਪਹਿਲੀ ਗੱਲ ਇਹ ਕਿ ਚਾਰ ਸੌ ਚਾਰ ਕਹਾਣੀਆਂ ਨਹੀਂ, ਕਈ ਥਾਂ ਇਕੋ ਕਹਾਣੀ ਦੇ ਦੋ ਤਿੰਨ ਭਾਗ ਬਣਾ ਕੇ ਵੱਖ ਵੱਖ ਕਾਂਡਾਂ ਵਿਚ ਵੰਡਿਆ ਹੋਇਆ ਹੈ। ਕਹਾਣੀ ਇਕੋ ਹੈ। ਜੇ ਕਿਸੇ ਇਸਤਰੀ ਦੇ ਛਲ ਦਾ ਜਵਾਬ ਪੁਰਸ਼ ਨੂੰ ਛਲ ਵਿਚ ਦਿਤਾ ਤਾਂ ਉਸ ਲਈ ਦੂਜਾ ਅਧਿਆ ਰਚ ਲਿਆ ਗਿਆ ਹੈ। ਜਿਵੇਂ ਕਿ ਅਨੂਪ ਕੌਰ ਵਾਲਾ ਚਰਿਤਰ ੨੧, ੨੨ ਤੇ ੨੩ ਅਧਿਆਇ ਵਿਚ ਵੰਡ ਕੇ ਦਿਤਾ ਹੈ। ਅਹੱਲਿਆ ਦੀ ਕਥਾ ੧੧੫, ੧੧੬ ਤੇ ੧੧੭ ਤਿੰਨ ਅਧਿਆਵਾ ਵਿਚ, ਕਪਲ ਮੁਨੀ ਦੀ ੧੦੮ ਤੇ ੧੦੯ ਅਧਿਆ ਵਿਚ ਤੇ ਇਵੇਂ ਜਿਵੇਂ ਗੈਂਡੇ ਖਾਂ ਡੋਗਰ ਦੀ ਕਹਾਣੀ ੩੬ ਤੇ ੩੭ ਅਧਿਆ ਵਿਚ ਵੰਡ ਕੇ ਅੰਕਿਤ ਕੀਤੀ ਹੈ। ਕਹਾਣੀਕਾਰ ਇਸ ਵੰਡ ਲਈ ਆਪਣੀ ਥਾਂ ਠੀਕ ਹੈ ਕਿ ਜਿਸ ਨੇ ਜੋ ਚਾਲਾਕੀ ਯਾ ਜਵਾਬੀ ਚਾਲਾਕੀ ਕੀਤੀ, ਉਸਨੂੰ ਅੱਡ ਅੱਡ ਪੇਸ਼ ਕਰ ਦਿਤਾ ਪਰ ਸਮੁੱਚੇ ਤੌਰ ਤੇ ਇਹ ਕਹਿਣਾ ਪਵੇਗਾ ਕਿ ਇਸ ਹਿਸਾਬ ਕੁਲ ਕਹਾਣੀਆਂ ੪੦੪ ਨਹੀਂ, ਸਗੋਂ ਕਾਂਡ ੪੦੪ ਹਨ। ਵੈਸੇ ਕੁਲ ਗਿਣਤੀ ੪੦੫ ਲਿਖੀ ਹੈ ਪਰ ੩੨੫ਵਾਂ ਚਰਿਤਰ ਪਰਾਪਤ ਨਹੀਂ। ਫਿਰ ਇਹ ਸਾਰੇ ਤ੍ਰਿਯਾ ਚਰਿਤਰ ਵੀ ਨਹੀਂ. ਕਈ ਪੁਰਖ-ਚਰਿਤਰ ਹਨ। ਕਈ ਥਾਂ ਇਸਤਰੀ ਪੁਰਖ ਚਰਿਤਰਾਂ ਤੋਂ ਨਿਆਰੀ ਅਵਸਥਾ ਵੀ ਹੈ ਪਰੰਤੂ ਇਹ ਮੰਨਣਾ ਪਵੇਗਾ ਕਿ ਤ੍ਰਿਯਾ ਚਰਿਤਰ ਵਧੇਰੇ ਹਨ। ਵਖੋ ਵਖ ਚਰਿਤਰਾਂ ਵਿਚ ਮਨੋਵਿਗਿਆਨਕ ਪੱਖ ਤੋਂ ਵਖੋ ਵਖ ਤਰ੍ਹਾਂ ਦਾ ਵਿਸ਼ਲੇਸ਼ਣ ਮਿਲਦਾ ਹੈ। ਪੁਰਾਣਕ ਇਤਿਹਾਸਕ ਤੇ ਕਾਲਪਨਿਕ ਸਭ ਤਰ੍ਹਾਂ ਦੀਆਂ ਕਹਾਣੀਆਂ ਹਨ, ਵਧੇਰੇ ਮਸਾਲਾ ਲੋਕ ਪਰੰਪਰਾ ਦੇ ਭੰਡਾਰ ਵਿਚੋਂ ਲਿਆ ਗਿਆ ਹੈ। ਵੈਸੇ ਮਹਾਂਭਾਰਤ, ਕਥਾ ਸਰਿਤ ਸਾਗਰ, ਪੰਚਤੰਤ੍ਰ, ਪੁਰਸ਼ ਪ੍ਰੀਕਸ਼ਾ, ਬੈਤਾਲ ਪਚੀਸੀ, ਸਿੰਘਾਸਨ ਬਤੀਸੀ ਤੇ ਅਲਫ਼ ਲੈਲਾ ਵਿਚੋਂ ਕਈ ਕਥਾਵਾਂ ਲਈਆਂ ਗਈਆਂ ਹਨ। ਉਸ ਸਮੇਂ ਦੇ

ਫ਼ਾਰਸੀ ਸਾਹਿਤ ਵਿਚ ਵੀ ਅਜੇਹੀਆਂ ਨਾਰੀ ਕਹਾਣੀਆਂ ਲਿਖੇ ਜਾਣ ਦਾ ਰਿਵਾਜ ਸੀ ਜਿਵੇਂ ਕਿ 'ਅੱਯਾਰ ਦਾਨਿਸ਼' ਤੇ 'ਬਾਗ਼ੋ ਬਹਾਰ' ਆਦਿ ਤੋਂ ਸਿਧ ਹੈ ।

ਗੁਰੂ ਸਾਹਿਬ ਦੇ ਦਰਬਾਰੀ ਕਵੀ ਚੰਦ ਨੇ ਵੀ ਕੁਝ ਅਜੇਹੇ ਤ੍ਰਿਯਾ ਚਰਿਤਰ ਲਿਖੇ ਹਨ ਜੋ ਅਪ੍ਰਕਾਸ਼ਿਤ ਹਨ । ਸੋ ਤ੍ਰਿਯਾ ਚਰਿਤਰ ਲਿਖਣਾ ਉਸ ਸਮੇਂ ਦੀ ਸਾਹਿਤਕ ਪਰੰਪਰਾ ਵਿਚ ਆਮ ਸੀ। ਗੁਰੂ ਸਾਹਿਬ ਨੇ ਕਈ ਸਮਕਾਲੀ ਘਟਨਾਵਾਂ ਨੂੰ ਵੀ ਕਹਾਣੀ ਰੂਪ ਦੇ ਕੇ ਇਸੇ ਮਾਲਾ ਵਿਚ ਪ੍ਰੋ ਲਿਆ ਹੈ ਜਿਵੇਂ ਕਿ ਮੁਗਲਾਂ ਦੇ ਸ਼ਾਹੀ ਘਰਾਣੇ ਦੀਆਂ ਜਗ ਬੀਤੀਆਂ, ਅਨੰਦਪੁਰ ਦੀਆਂ ਅੱਖੀਂ ਡਿਠੀਆਂ ਤੇ ਡੱਚਾਂ, ਪੁਰਤਗਾਲਾਂ ਤੇ ਫਿਰੰਗੀਆਂ ਬਾਰੇ ਸੁਣੀਆਂ ਕਹਾਣੀਆਂ ਇਸ ਗਰੰਥ ਦਾ ਭਾਗ ਹਨ । ਪਾਤਰ ਵਧੇਰੇ ਰਾਜੇ, ਜਾਗੀਰਦਾਰ ਯਾ ਵਿਹਲੜ ਸਾਧ ਹਨ । ਸਪਸ਼ਟ ਹੈ ਕਿ ਸੰਗ੍ਰਹਿਕਾਰ ਨੇ ਕੋਈ ਪਾਸਾ ਛਡਿਆ ਨਹੀਂ, ਜਿਥੋਂ ਜੋ ਮਸਾਲਾ ਮਿਲਿਆ, ਉਸਨੂੰ ਇਕੱਤਰ ਕਰ ਦਿਤਾ । ਇਸੇ ਕਰਕੇ ਇਹ ਇਕ ਅਨੁਪਮ ਕਹਾਣੀ ਭੰਡਾਰ ਬਣ ਗਿਆ ਹੈ । ਪਰ ਵਿਚਾਰਨ ਯੋਗ ਸਵਾਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਵਰਗੇ ਧਾਰਮਕ ਨੇਤਾ ਦੀ ਅਜੇਹੇ ਕਹਾਣੀ-ਸੰਗ੍ਰਹਿ ਵਿਚ ਕੀ ਦਿਲਚਸਪੀ ਸੀ ? ਉਹਨਾਂ ਕਿਉਂ ਅਜੇਹਾ ਕੀਤਾ ? ਜੇ ਸੱਚ ਪੁਛਿਆ ਜਾਵੇ ਤਾਂ ਦਸਮ ਗਰੰਥ ਦੀ ਰਚਨਾ ਬਾਰੇ ਸ਼ੰਕਾ ਉਪਜਣ ਦਾ ਵੱਡਾ ਕਾਰਨ ਇਹ ਤ੍ਰਿਯਾ ਚਰਿਤਰ ਗਰੰਥ ਹੀ ਹੈ । ਜੋ ਕਿ ਸਾਰੇ ਦਸਮ ਗਰੰਥ ਦਾ ਅੱਧਾ ਭਾਗ ਹੈ ਤੇ ਵੈਸੇ ਇਕ ਸੁਤੰਤਰ ਗਰੰਥ ਹੈ ਤੇ ਸੁਤੰਤਰ ਹੀ ਛਪਣਾ ਯੋਗ ਹੈ । ਜਿਵੇਂ ਗਰਮ ਚਾਹ ਦਾ ਫੂਕਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ ਹੈ ਤਿਵੇਂ ਚਰਿਤਰ ਪਖਯਾਨ ਦੇ ਸ਼ੰਕਾਕਾਰ ਬਾਕੀ ਰਚਨਾਵਾਂ ਨੂੰ ਵੀ ਸ਼ੰਕਾ ਦੀ ਨਜ਼ਰ ਨਾਲ ਦੇਖਣ ਲਗ ਪੈਂਦੇ ਹਨ ।

ਇਹ ਗੱਲ ਤਾਂ ਸਾਫ਼ ਹੈ ਕਿ ਸਿਖ ਧਰਮ ਤੇ ਸਾਹਿਤ ਵਿਚ ਇਸਤਰੀ ਦੀ ਵਡਿਆਈ ਕੀਤੀ ਗਈ ਹੈ ਤੇ ਰਵਾਇਤੀ ਤੌਰ ਤੇ ਇਸਤਰੀ ਜਾਤੀ ਨਾਲ ਘਿਰਣਾ ਕਰਨ ਵਾਲੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ—

ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ । [ਵਾਰ ਆਸਾ

ਫਿਰ ਗੁਰੂ ਅਮਰਦਾਸ ਜੀ ਨੇ ਸਤੀ ਤੇ ਪਰਦੇ ਦੀ ਰਸਮ ਹਟਾ ਕੇ ਨਾਰੀ ਸੁਤੰਤਰਤਾ ਲਈ ਹੋਰ ਕਦਮ ਉਠਾਏ । ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਸਾਜਨਾ ਸਮੇਂ ਸ੍ਰੀ ਜੀਤੋ ਜੀ ਤੋਂ ਪਤਾਸੇ ਪੁਆ ਕੇ ਉਹਨਾਂ ਨੂੰ ਕੌਮੀ ਸਿਰਜਣਾ ਵਿਚ ਹਿਸੇਦਾਰ ਬਣਾਇਆ ਤੇ ਸ੍ਰੀ ਸਾਹਿਬ ਕੌਰ ਨੂੰ ਪੰਥ ਖਾਲਸੇ ਦੀ 'ਮਾਤਾ' ਕਰਾਰ ਦਿਤਾ । ਫਿਰ ਆਦਿ ਗਰੰਥ ਵਿਚ ਜੋ ਅਧਿਆਤਮਕ ਗੀਤ ਗਾਏ ਹਨ, ਉਹਨਾਂ ਵਿਚ ਸਭ ਤੋਂ ਵਧ ਇਸਤਰੀ ਦਾ ਪ੍ਰਤੀਕ ਵਰਤ ਕੇ ਭਗਤੀ ਭਾਵਨਾ ਪਰਗਟਾਈ ਗਈ ਹੈ । ਸਪਸ਼ਟ ਹੈ ਕਿ ਗੁਰੂ ਸਾਹਿਬਾਨ ਦੇ ਸਨਮੁਖ ਇਸਤਰੀ ਦੀ ਹੈਸੀਅਤ ਉਚੇਰੀ ਸੀ । ਇਜੇਹੀ ਪਰੰਪਰਾ ਤੇ ਮਾਨਤਾ ਦੇ ਬਾਵਜੂਦ ਫਿਰ ਗੁਰੂ ਸਾਹਿਬ ਨੂੰ ਇਸ ਤਰ੍ਹਾਂ ਦੇ ਇਸਤਰੀ ਚਰਿਤਰ ਲਿਖਣ ਦੀ ਕਿਉਂ ਲੋੜ ਪਈ । ਇਸ ਦਾ ਉਤਰ ਬੜਾ

ਸਾਫ ਹੈ, ਗੁਰੂ ਜੀ ਨੇ ਇਹ ਕਹਾਣੀਆਂ ਲਿਖ ਕੇ ਇਸਤਰੀ ਜਾਤੀ ਦੀ ਨਿਖੇਧੀ ਨਹੀਂ ਕੀਤੀ ਸਗੋਂ ਪਰ ਨਾਰੀ ਗਮਨ ਤੇ ਦੁਰਾਚਾਰੀ ਔਰਤਾਂ ਦੀ ਭੰਡੀ ਅਵੱਸ਼ ਕੀਤੀ ਹੈ। ਆਦਿ ਗਰੰਥ ਵਿਚ ਕਈ ਥਾਂ ਲਿਖਿਆ ਹੈ :—

ਪਰ ਧਨ ਪਰ ਨਾਰੀ ਰਤੁ ਨਿੰਦਾ, ਬਿਖੁ ਖਾਈ ਦੁਖੁ ਪਾਇਆ।

[ਮਲਾਰ ਮ, ੧

ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ. ਤੈਸੋ ਹੀ ਇਹੁ ਪਰ ਗ੍ਰਿਹੁ।

[ਆਸਾ ਮ. ੫

ਪੁਰਾਣੇ ਭਾਰਤੀ ਧਰਮਾਂ ਵਿਚ ਵੀ ਪੰਜ ਗੱਲਾਂ—ਪਰਾਈ ਜਾਨ, ਪਰਾਇਆ ਮਾਲ, ਪਰ ਇਸਤਰੀ, ਝੂਠ ਤੇ ਮਦ ਆਦਿ ਤੋਂ ਵਰਜਿਆ ਗਿਆ ਹੈ। ਇਹ ਅਜੇਹੇ ਔਗੁਣ ਹਨ ਜਿਸ ਨਾਲ ਸਮਾਜਕ ਮਰਯਾਦਾ ਭੰਗ ਹੁੰਦੀ ਤੇ ਮਨੁਖੀ ਆਚਾਰ ਦਾਗੀ ਹੁੰਦਾ ਹੈ। ਜੇ ਜ਼ਰਾ ਹੋਰ ਗਹੁ ਨਾਲ ਦੇਖੀਏ, ਮੁਗਲਰਾਜ ਦੇ ਜਾਗੀਰਦਾਰੀ ਪਰਬੰਧ ਕਾਰਣ ਵੇਸ਼ਵਾ-ਪ੍ਰਣਾਲੀ ਆਮ ਸੀ, ਇਸ ਉਤੇ ਕਾਨੂੰਨੀ ਰੋਕ ਟੋਕ ਵੀ ਕੋਈ ਨਹੀਂ ਸੀ। ਇਸ ਕਰਕੇ ਗੁਰੂ ਸਾਹਿਬ ਚਾਹੁੰਦੇ ਸਨ ਕਿ ਗਰਿਸਤੀ ਸੰਤ ਸਿਪਾਹੀ ਸਿਖਾਂ ਨੂੰ ਦੁਰਾਚਾਰੀ ਔਰਤਾਂ ਦੇ ਫ਼ਰੇਬੀ ਜਾਲ ਤੋਂ ਬਚਾਇਆ ਜਾਵੇ। ਐਸਾ ਨ ਹੋਵੇ ਕਿ ਕਿਧਰੇ ਸਿਖ ਸੈਨਿਕ, ਚਰਿਤਰ ਜਾਲ ਵਿਚ ਫ਼ਸਕੇ ਪਤਿਤ ਹੋ ਜਾਣ, ਇਸ ਨਾਲ ਧਰਮ ਨੂੰ ਤਾਂ ਠੇਸ ਲਗੇਗੀ ਹੀ. ਨਾਲ ਆਜ਼ਾਦੀ ਦੀ ਲਹਿਰ ਨੂੰ ਵੀ ਧੱਕਾ ਲਗੇਗਾ। ਫਿਰ ਵੇਸਵਾ ਬਣਦੀਆਂ ਵੀ ਵਧੇਰੇ ਮੁਸਲਮਾਨ ਔਰਤਾਂ ਸਨ, ਇਸ ਕਰਕੇ 'ਮੁਸਲੀ ਯੁੱਧ' ਨੂੰ ਖ਼ਾਸ ਤੌਰ ਤੇ 'ਕੁਰਹਿਤ' ਕਰਾਰ ਦਿਤਾ ਗਿਆ ਤੇ ਪਰਨਾਰੀ ਤੋਂ ਬਚਣ ਲਈ ਚਾਲਾਕ ਔਰਤਾਂ ਦੇ ਚਰਿਤਰ ਲਿਖ ਕੇ ਸਿਖਾਂ ਨੂੰ ਸਾਵਧਾਨ ਕੀਤਾ ਗਿਆ ਤਾਂ ਕਿ ਆਚਰਣਕ ਉਚਤਾ ਨੂੰ ਬਰਕਰਾਰ ਰਖਿਆ ਜਾ ਸਕੇ। 'ਚਰਿਤਰ ਪਖਯਾਨ' ਇਸ ਕਿਸਮ ਦਾ ਪ੍ਰਾਪੇਗੰਡਾ ਲਿਟਰੇਚਰ ਹੈ ਜਿਸ ਵਿਚ ਮਨੁਖ ਨੂੰ ਬਾਰ ਬਾਰ ਅਜੇਹੇ ਫੰਦਿਆਂ ਤੋਂ ਬਚਣ ਦੀ ਤਾਕੀਦ ਕੀਤੀ ਗਈ ਹੈ। ਇਸਨੂੰ 'ਸੁਖਮਨੀ' ਯਾ 'ਗੀਤਾ' ਸਮਝਕੇ ਪੜ੍ਹਨਾ ਭੁਲ ਹੈ : ਇਹ ਜ਼ਖਮਾਂ ਦੀ ਮੱਲ੍ਹਮ ਹੈ, ਖਾਣ ਯੋਗ ਰਸਾਇਣ ਨਹੀਂ। ਸੋ ਜਿਸ ਨੁਕਤੇ ਨੂੰ ਲੈ ਕੇ ਇਹ ਕਹਾਣੀ-ਰਚਨਾ ਕੀਤੀ ਗਈ ਹੈ, ਉਸੇ ਨੂੰ ਮੁਖ ਰਖਕੇ ਇਸ ਦਾ ਪਾਠ ਵਿਚਾਰ ਤੇ ਅਧਿਐਨ ਹੋਣਾ ਯੋਗ ਹੈ।

ਸਾਡੇ ਕੁਝ ਵਿਦਵਾਨਾਂ ਇਹ ਵੀ ਅਨੁਮਾਨ ਕੀਤਾ ਹੈ ਕਿ ਧਰਮ. ਅਰਥ, ਕਾਮ, ਮੋਖ ਵਿਚੋਂ ਇਹ ਗਰੰਥ ਕਾਮ ਯਾ ਭੋਗ ਦੀ ਵਿਆਖਿਆ ਕਰਦਾ ਹੈ, ਇਹ ਸਰਾਸਰ ਗ਼ਲਤ ਹੈ। ਇਹ ਕੋਕ ਸ਼ਾਸਤਰ ਨਹੀਂ, ਇਹ ਤਾਂ ਕੇਵਲ ਪਰਨਾਰੀ ਗਮਨ ਤੋਂ ਬਚਣ ਲਈ ਚੇਤੰਨ ਕਰਨ ਵਾਸਤੇ ਵੰਨ ਸੁਵੰਨੀਆਂ ਕਹਾਣੀਆਂ ਹਨ। ਸੋ ਨ ਇਹ ਅਧਿਆਤਮ ਸ਼ਾਸਤਰ ਹੈ, ਨ ਹੀ ਕਾਮ ਸ਼ਾਸਤਰ।

ਇਹ ਕਹਾਣੀਆਂ ਦਾ ਸਿਲਸਿਲਾ ਅਰੰਭ ਹੀ ਇਸਤ੍ਰਾਂ ਹੁੰਦਾ ਹੈ ਕਿ ਚਿਤਰਵਤੀ ਨਗਰੀ ਦਾ ਰਾਜਾ ਚਿਤਰ ਸਿੰਘ ਇਕ ਅਪਸਰਾ ਵਰਦਾ ਤੇ ਉਸਤੋਂ ਹਨੁਵੰਤ ਸਿੰਘ ਨਾਮ ਦਾ

ਸ਼ਹਿਜ਼ਾਦਾ ਜਨਮ ਲੈਂਦਾ ਹੈ, ਉਹ ਅਪਸਰਾ ਕੁਝ ਅਰਸਾ ਬਾਦ ਇੰਦਰ ਲੋਕ ਨੂੰ ਵਾਪਸ ਚਲੀ ਜਾਂਦੀ ਹੈ, ਰਾਜਾ ਵਿਛੋੜੇ ਵਿਚ ਬਹੁਤ ਔਖਾ ਹੁੰਦਾ ਹੈ। ਅਖੀਰ ਫੌਜਕਸ਼ੀ ਕਰਕੇ ਉਹ ਓੜਛਾ ਦੇ ਰਾਜੇ ਦੀ ਬੇਟੀ ਵਿਆਹ ਕੇ ਲਿਆਉਂਦਾ ਹੈ। ਜਦੋਂ ਨਵੀਂ ਰਾਣੀ ਘਰ ਆਉਂਦੀ ਹੈ ਤਾਂ ਉਹ ਸ਼ਹਿਜ਼ਾਦੇ ਹਨੁਵੰਤ ਸਿੰਘ ਦਾ ਰੂਪ ਦੇਖਕੇ ਉਸਤੇ ਮੋਹਤ ਹੋ ਜਾਂਦੀ ਹੈ ਪਰੰਤੂ ਰਾਜਕੁਮਾਰ ਮੰਨਦਾ ਨਹੀਂ। ਅਖੀਰ ਰਾਣੀ ਰਾਜੇ ਪਾਸ ਝੂਠੀ-ਮੂਠੀ ਸ਼ਿਕਾਇਤ ਕਰਦੀ ਹੈ ਕਿ ਤੇਰਾ ਮੁੰਡਾ ਬੜਾ ਖਰਾਬ ਹੈ, ਇਸਨੇ ਮੇਰੇ ਨਾਲ ਛੇੜਖਾਨੀ ਕੀਤੀ ਹੈ। ਇਸ ਤੇ ਹਨੁਵੰਤ ਸਿੰਘ ਨੂੰ ਕੈਦ ਕਰ ਦਿਤਾ ਜਾਂਦਾ ਹੈ। ਪਰੰਤੂ ਸਿਆਣੇ ਵਜ਼ੀਰ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਸਲੀਅਤ ਕੀ ਹੈ। ਇਸ ਕਰਕੇ ਉਹ ਰਾਜੇ ਨੂੰ ਸਮਝਾਉਣ ਲਈ ਇਸਤਰੀ ਚਲਿਤਰਾਂ ਦੀਆਂ ਕਹਾਣੀਆਂ ਸੁਣਾਉਂਦੇ ਹਨ ਤਾਂ ਕਿ ਉਹ ਨਿਰਦੋਸ਼ ਪੁੱਤਰ ਨੂੰ ਸਜ਼ਾ ਨ ਦੇਵੇ। ਇਸ ਢੰਗ ਨਾਲ ਇਹ ਸਾਰੀਆਂ ਕਹਾਣੀਆਂ ਵਜ਼ੀਰ ਤੇ ਰਾਜੇ ਦੇ ਸੰਵਾਦ ਵਿਚ ਅੰਕਿਤ ਕੀਤੀਆਂ ਗਈਆਂ ਹਨ। ਮਕਸਦ ਕੇਵਲ ਇਤਨਾ ਹੀ ਹੈ ਕਿ ਪੁਰਸ਼ ਨੂੰ ਅਪਣਾ ਆਚਰਣ ਉਚੇਰਾ ਰੱਖਣ ਹਿਤ ਇਸ ਕਿਸਮ ਦੇ ਛਲ ਫਰੇਬਾਂ ਤੇ ਕਪਟਾਂ ਤੋਂ ਬਚਣ ਲਈ ਸਾਵਧਾਨ ਰਹਿਣਾ ਚਾਹੀਦਾ ਹੈ। ਇਹ ਚਰਿਤਰ ਪਖਯਾਨ ਦੀਆਂ ਕਹਾਣੀਆਂ ਦਾ ਕੇਂਦਰੀ ਭਾਵ ਯਾ ਮੁਖ ਪਰਯੋਜਨ ਹੈ, ਜੋ ਕਿ ਇਹਨਾਂ ਟੂਕਾਂ ਤੋਂ ਜ਼ਾਹਰ ਹੈ —

ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ।
ਪੂਤ ! ਯਹੈ ਪਣ ਤੋਹਿ, ਪ੍ਰਾਨ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸੰਗਿ, ਨੇਹੁ ਤੁਮ ਨੀਤ ਬਢਈਅਹੁ।
ਪਰ ਨਾਰੀ ਕੀ ਸੇਜ, ਭੂਲਿ ਸੁਪਨੇ ਹੂੰ ਨ ਜਈਅਹੁ। ੫੧।
ਪਰ ਨਾਰੀ ਸੋ ਨੇਹੁ, ਛੁਰੀ ਪੈਨੀ ਕਰ ਜਾਨਹੁ।
ਪਰ ਨਾਰੀ ਕੇ ਭਜੇ, ਕਾਲ ਵਯਾਪਯੋ ਤਨ ਮਾਨਹੁ।
ਅਧਿਕ ਹਰੀਫੀ ਜਾਨ, ਭੋਗ ਪਰਤ੍ਰਿਯ ਜੁ ਕਰਹੀ।
ਹੋ ਅੰਤ ਸ੍ਵਾਨ ਕੀ ਮ੍ਰਿਤੁ, ਹਾਥ ਲੇਂਡੀ ਕੇ ਮਰਹੀ। ੫੩।

[ਚਰਿਤਰ ੨੧

ਟੰਗਿ ਨ ਜਾਨਤ ਪ੍ਰੀਤਿ ਕੀ, ਪੈਸਨ ਕੀ ਪ੍ਰਤੀਤਿ।
ਬਿੱਛੂ, ਬਿਸੀਅਰ, ਬੇਸਯਾ, ਕਹਹੁ ਕਵਨ ਕੇ ਮੀਤ।

[ਚਰਿਤਰ ੧੬

ਜਿਯਬੋ ਜਗ ਕੇ ਸਹਲ ਹੈ, ਯਹੈ ਕਠਿਨ ਦ੍ਵੈ ਕਾਮ।
ਪ੍ਰਾਤ ਸੰਭਰਬੋ ਰਾਜ ਕੇ, ਰਾਤਿ ਸੰਭਰਬੋ ਰਾਮ।

[ਚਰਿਤਰ ੮੧

ਏਕ ਮਦੀ ਦੂਜੇ ਤਰੁਨ, ਤੀਜੇ ਅਤਿ ਧਨ ਧਾਮ।
ਪਾਪ ਕਰੈ ਬਿਨ ਕਯੋਂ ਬਚੈ, ਬਚੇ ਬਚਾਵੈ ਰਾਮ।

[੧੮੩ ਚਰਿਤਰ

ਚੰਚਲਾਨ ਕ ਚਰਿਤਰ ਕੋ, ਚੀਨ ਸਕਤ ਨਹਿ ਕੋਇ ।
ਬ੍ਰਹਮ ਬਿਸ਼ਨੁ ਰੁਦ੍ਰਾਦਿ ਸਭ, ਸੁਰਪਤਿ ਕੋਊ ਹੋਇ ।

[੨੧੫ ਚਰਿਤਰ

ਜੇਹਾ ਕਿ ਅਸੀਂ ਅਗੇ ਵੀ ਆਖ ਚੁਕੇ ਹਾਂ ਕਿ ਸਾਰੀਆਂ ਕਹਾਣੀਆਂ ਤ੍ਰਿਯਾ ਚਰਿਤਰ ਨਹੀਂ, ਕਈ ਪੁਰਖ ਚਰਿਤਰ ਵੀ ਹਨ ਜਿਨ੍ਹਾਂ ਵਿਚ ਕਿਤੇ ਕਿਤੇ ਮਰਦਾਂ ਦੀ ਚਤੁਰਾਈ ਤੇ ਬੀਰਤਾ ਦਾ ਚਿਤਰ ਦਰਸਾਇਆ ਗਿਆ ਹੈ । ਇਸਦਾ ਭਾਵ ਵੀ ਇਹੋ ਹੀ ਹੈ ਕਿ ਬਿਖਮ ਹਾਲਾਤ ਵਿਚੋਂ ਵੀ ਚੇਤੰਨ ਹੋਕੇ ਨਿਕਲ ਜਾਣਾ ਸਿਆਣੇ ਪੁਰਸ਼ਾਂ ਦਾ ਕੰਮ ਹੈ । ਗੁਰੂ ਸਾਹਿਬ ਨੇ ਕੁਝ ਆਪ-ਬੀਤੀਆਂ ਵੀ ਦਰਜ ਕੀਤੀਆਂ ਹਨ ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ । ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ ੧੬, ੨੧, ੨੨, ੨੩ ਆਦਿ । ੧੫ ਨੰਬਰ ਕੀਰਤਪੁਰ ਦਾ ਹੈ ।

ਜਿਸ ਸਮੇਂ ਸਤਿਗੁਰੂ ਪਾਉਂਟੇ ਸਾਹਿਬ ਤੋਂ ਵਾਪਸ ਮੁੜਦੇ ਕਪਾਲ ਮੋਚਨ ਤੀਰਥ ਤੇ ਆਏ ਤਾਂ ਖਿਆਲ ਆਇਆ ਕਿ ਆਪਣੇ ਸਿਖਾਂ ਨੂੰ ਸਿਰੋਪਾਉ ਵਜੋਂ ਪੱਗਾਂ ਦਿਤੀਆਂ ਜਾਣ ਪਰੰਤੂ ਪੱਗਾਂ ਕਿਤੋਂ ਮਿਲੀਆਂ ਨਹੀਂ, ਕੁਝ ਸਿਖਾਂ ਨੂੰ ਪਾਉਂਟੇ ਤੇ ਬੂੜੀਏ ਵੀ ਭੇਜਿਆ ਗਿਆ ਪਰ ਇਤਨੀ ਮਲਮਲ ਉਥੋਂ ਨ ਮਿਲੀ ਅਖੀਰ ਫੈਸਲਾ ਕੀਤਾ ਕਿ ਇਸ ਪਵਿਤਰ ਤੀਰਥ ਲਾਗੇ ਜੋ ਪਿਸ਼ਾਬ ਕਰਦਾ ਹੋਵੇ ਉਸਨੂੰ ਫੜ ਲਓ ਤੇ ਉਸਦੀ ਪੱਗ ਲਾਹ ਲਓ, ਅਜੇਹਾ ਕਰਨ ਤੇ ਉਸਨੂੰ ਨਸੀਹਤ ਮਿਲੇਗੀ ਕਿ ਧਰਮ ਅਸਥਾਨ ਤੇ ਗੰਦ ਖਿਲਾਰਨੋਂ ਪ੍ਰਹੇਜ਼ ਕਰਨਾ ਚਾਹੀਦਾ ਹੈ । ਗੁਰੂ ਸਾਹਿਬ ਦੇ ਸਿਪਾਹੀਆਂ ਨੂੰ ਇਹ ਹੁਕਮ ਮਿਲਣ ਦੀ ਦੇਰ ਸੀ ਕਿ ਉਹਨਾਂ ਥੋੜੇ ਸਮੇਂ ਵਿਚ ਹੀ ਅਠ ਸੌ ਪੱਗਾਂ ਇਕੱਠੀਆਂ ਕਰ ਲਈਆਂ ਤੇ ਉਥੇ ਹੀ ਧੁਆ ਲਈਆਂ ਗਈਆਂ । ਇਸਤਰਾਂ ਉਨ੍ਹਾਂ ਉਜਲ ਦਸਤਾਰਾਂ ਦੇ ਆਏ, ਸਿਖਾਂ ਪ੍ਰੇਮੀਆਂ ਨੂੰ ਵੰਡਕੇ ਸਿਰੋਪਾਉ ਦਿਤੇ ਗਏ । ਇਹ ਘਟਨਾ ਗੁਰੂ ਸਾਹਿਬ ਨੇ 'ਪੁਰਖ ਚਰਿਤਰ' ਦੇ ਰੂਪ ਵਿਚ ੭੧ ਨੰਬਰ ਤੇ ਦਰਜ ਕੀਤੀ ਹੈ—

ਦੋਹਰਾ

ਨਗਰ ਪਾਂਵਟਾ ਬਹੁ ਬਸੈ, ਸਾਰਮੌਰ ਕੇ ਦੇਸ ।
ਜਮੁਨਾ ਨਦੀ ਨਿਕਟਿ ਬਹੈ, ਜਨਕ ਪੁਰੀ ਅਲਕੇਸ । ੧ ।
ਨਦੀ ਜਮਨ ਕੇ ਤੀਰ ਮੈਂ, ਤੀਰਥ ਮੁਚਨ ਕਪਾਲ ।
ਨਗਰ ਪਾਂਵਟਾ ਛੋਰਿ ਹਮ, ਆਏ ਤਹਾਂ ਉਤਾਲ । ੨ ।

ਚੌਪਈ

ਖਿਲਤ ਅਖੇਟਕ ਸੂਕਰ ਮਾਰੇ । ਬਹੁਤੇ ਮ੍ਰਿਗ ਔਰੈ ਹਨਿ ਡਾਰੇ ।
ਪੁਨ ਤ੍ਰਿਹ ਤਾਂ ਕੋ ਹਮ ਮਗੁ ਲੀਨੋ । ਵਾ ਤੀਰਥ ਕੇ ਦਰਸਨ ਕੀਨੋ । ੩ ।

ਦੋਹਰਾ

ਤਹਾਂ ਹਮਾਰੇ ਸਿਖ ਸਭ, ਅਮਿਤ ਪਹੂੰਚੇ ਆਇ ।
ਤਿਨੈ ਦੇਨ ਕੋ ਚਾਹਿਯੈ, ਜੋਰਿ ਭਲੌ ਸਿਰਪਾਇ । ੪ ।
ਨਗਰ ਪਾਂਵਟੇ ਬੂਰਿਯੈ, ਪਠਏ ਲੋਕ ਬੁਲਾਇ ।
ਏਕ ਪਾਗ ਪਾਈ ਨਹੀਂ, ਨਿਹਫਲ ਪਹੁੰਚੇ ਆਇ । ੫ ।

ਚੌਪਈ

ਮੋਲਹਿ ਏਕ ਪਾਗ ਨਹਿਂ ਪਾਈ । ਤਬ ਮਸਲਤਿ ਹਮ ਜਿਯਹਿ ਬਨਾਈ ।
ਜਾਹਿ ਇਹਾਂ ਮੂਤਤੋ ਲਖਿ ਪਾਵੈ । ਤਾਂ ਕੀ ਛੀਨ ਪਗਰਿਯਾ ਲਯਾਵੈ । ੬ ।
ਜਬ ਪਯਾਦਨ ਐਸੇ ਸੁਨਿ ਪਾਯੋ । ਤਿਹੀ ਭਾਂਤਿ ਮਿਲਿ ਸਭਨ ਕਮਾਯੋ ।
ਜੋ ਮਨਮੁਖ ਤੀਰਥ ਤਿਹ ਆਯੋ । ਪਾਗ ਬਿਨਾ ਕਰ ਤਾਂਹਿ ਪਠਾਯੋ । ੭ ।

ਦੋਹਰਾ

ਰਾਤਿ ਬੀਚ ਕਰਿ ਆਠ ਸੈ ਪ੍ਰਗਰੀ ਲਈ ਉਤਾਰਿ ।
ਆਨਿ ਤਿਨੈ ਹਮ ਢੀਗ ਮੈਂ, ਧੋਵਨਿ ਦਈ ਸੁਧਾਰਿ । ੮ ।

ਚੌਪਈ

ਪ੍ਰਾਤ ਲੇਤ ਸਭ ਧੋਇ ਮੰਗਾਈ । ਸਭ ਹੀ ਸਿਖਯਨ ਕੋ ਬੰਧਵਾਈ ।
ਬਚੀ ਸੁ ਬੇਚਿ ਤੁਰਤ ਤਹਿਂ ਲਈ । ਬਾਕੀ ਬਚੀ ਸਿਪਾਹਿਅਨ ਦਈ । ੯ ।

ਦੋਹਰਾ

ਬਟਿਕੈ ਪਗਰੀ ਨਗਰ ਕੌ, ਜਾਤ ਭਏ ਸੁਖ ਪਾਇ ।
ਭੇਦ ਮੂਰਖਨ ਨਾ ਲਹਯੋ, ਕਹਾਂ ਗਯੋ ਕਰਿ ਰਾਇ । ੧੦ ।

[ਚਰਿਤਰ ੭੧

ਸੋ ਉਨ੍ਹਾਂ ਪੁਰਾਣੀ ਲੋਕ ਪਰੰਪਰਾ ਤੇ ਸਾਹਿਤ ਭੰਡਾਰ ਵਿਚੋਂ ਹੀ ਇਹ ਕਹਾਣੀਆਂ ਨਹੀਂ ਲਈਆਂ ਸਗੋਂ ਸਮਕਾਲੀ ਸਮਾਜ ਵਿਚ ਵਾਪਰ ਰਹੇ ਚਲਿਤਰ ਵੀ ਦਰਜ ਕਰ ਦਿਤੇ ਹਨ । ਅਕਬਰ, ਜਹਾਂਗੀਰ ਤੇ ਸ਼ਾਹ ਜਹਾਂ ਦੀਆਂ ਸੁਣੀਆਂ ਸੁਣਾਈਆਂ ਕਹਾਣੀਆਂ ਵੀ ਲਿਖ ਦਿਤੀਆਂ ਹਨ । ਮੁਗਲ ਘਰਾਣੇ ਦੀਆਂ ਕਈ ਗੁਪਤ ਘਟਨਾਵਾਂ ਦਰਜ ਕਰਨੋਂ ਵੀ ਸੰਕੋਚ ਨਹੀਂ ਕੀਤਾ । ੨੭੮ ਚਰਿਤਰ ਵਿਚ ਔਰੰਗੇ ਦੀ ਭੈਣ ਰੋਸ਼ਨ ਆਰਾ ਦਾ ਹਾਲ ਦੇ ਦਿਤਾ ਹੈ—

ਸ਼ਹਿਰ ਜਹਾਨਾਬਾਦ ਬਸਤ ਜਹ । ਸਾਹਜਹਾਂ ਜੂ ਰਾਜ ਕਰਤ ਤਹ ।
ਦੁਹਿਤਾ ਰਾਇ ਰੋਸ਼ਨਾ ਤਾਂ ਕੇ । ਔਰ ਨਾਰਿ ਸਮ ਰੂਪ ਨਾ ਤਾਂ ਕੇ ।
ਸ਼ਾਹਜਹਾਂ ਜਬ ਹੀ ਮਰ ਗਏ । ਔਰੰਗਸ਼ਾਹ ਪਾਤਸ਼ਾਹ ਭਏ ।
ਸੈਫੁਦੀਨ ਸੰਗਿ ਯਾ ਕੋ ਪਿਆਰਾ । ਪੀਰ ਅਪਨ ਕਰ ਤਾਂਹਿ ਬਿਚਾਰਾ । ੨ ।

ਤਾਂ ਕੇ ਸੰਗ ਰੋਸ਼ਨਾ ਰਾਈ । ਬਿਬਿਧ ਬਿਬਿਧ ਤਨ ਪ੍ਰੀਤਿ ਉਪਜਾਈ ।
ਕਾਮ ਭੋਗ ਤਿਹ ਸੰਗ ਕਮਾਯੋ । ਤਾਂਹਿ ਪੀਰ ਅਪਨੋ ਠਹਿਰਾਯੋ । ੩ ।

ਇਸੇ ਤਰ੍ਹਾਂ ਸ਼ੇਖਾਂ, ਸੱਯਦਾਂ, ਮੁਗਲਾਂ, ਪਠਾਣਾਂ ਤੇ ਰਾਜਪੂਤਾਂ ਦੀਆਂ ਕਹਾਣੀਆਂ ਤਾਂ ਆਮ ਹਨ ।

ਸ਼ਿਵਾ ਜੀ ਦੇ ਪੁੱਤਰ ਸੰਭਾ ਜੀ ਬਾਰੇ ਮਸ਼ਹੂਰ ਹੈ ਕਿ ਉਹ ਕਾਮਨੀ ਜਾਲ ਵਿਚ ਫਸਣ ਕਾਰਨ ਹੀ ਮਾਰਿਆ ਗਿਆ ਸੀ । ਇਕ ਇਨਕਲਾਬੀ ਦੀ ਕਮਜ਼ੋਰੀ ਉਸ ਨੂੰ ਹੀ ਨਹੀਂ ਡੋਬਦੀ ਸਗੋਂ ਸਾਰੀ ਲਹਿਰ ਦਾ ਬੇੜਾ ਗ਼ਰਕ ਕਰ ਦਿੰਦੀ ਹੈ । ਸੰਭਾ ਜੀ ਨਾਲ ਇਵੇਂ ਹੋਈ ਉਹ ਆਪਣੇ ਦਰਬਾਰੀ ਕਵੀ ਕਲਸ ਦੀ ਲੜਕੀ ਦੇ ਪ੍ਰੇਮ-ਜਾਲ ਵਿਚ ਫਾਥਾ ਹੋਇਆ ਸੀ, ਉਸੇ ਹਾਲਤ ਵਿਚ ਉਹ ਮੁਗ਼ਲ ਸੈਨਾ ਦੇ ਹੱਥ ਆਇਆ ਤੇ ਮਾਰਿਆ ਗਿਆ, ਇਹ ਘਟਨਾ ਇਤਿਹਾਸਕ ਹੈ ਤੇ ੨੧੫ ਚਰਿਤਰ ਵਿਚ ਅੰਕਿਤ ਹੈ —

ਦੱਛਨ ਕੋ ਰਾਜਾ ਬਡੋ, ਸੰਭਾ ਨਾਮ ਸੁ ਬੀਰ ।
ਔਰੰਗਸ਼ਾਹ ਜਾਸੋਂ ਸਦਾ, ਲਰਤ ਰਹਤ ਰਨ ਧੀਰ । ੧ ।
ਸੰਭਾਪੁਰ ਸੁ ਨਗਰ ਇਕ ਤਹਾਂ, ਰਾਜ ਕਰਤ ਸੰਭਾ ਜੂ ਜਹਾਂ ।
ਇਕ ਕਵਿ ਕਲਸ ਰਹਤ ਗ੍ਰਿਹ ਵਾਂਕੇ । ਪਰੀ ਸਮਾਨ ਸੁਤਾ ਗ੍ਰਿਹ ਤਾਂਕੇ ।

ਇਸੇ ਤਰ੍ਹਾਂ ਡੱਚਾਂ, ਫਿਰੰਗੀਆਂ ਦੀਆਂ ਕਹਾਣੀਆਂ ਵੀ ਦਰਜ ਕੀਤੀਆਂ ਮਿਲਦੀਆਂ ਹਨ । ਇਹਨਾਂ ਕਹਾਣੀਆਂ ਤੋਂ ਉਸ ਸੰਘਰਸ਼ ਦੀ ਵੀ ਸੂਹ ਲਗਦੀ ਹੈ ਜੋ ਇਹਨਾਂ ਵਪਾਰੀ ਕੌਮਾਂ ਦੇ ਦਰਮਿਆਨ ਪਹਿਲੇ ਪਹਿਲ ਹੁੰਦਾ ਰਿਹਾ ਸੀ । ਕਹਾਣੀ, ਇਤਨੀ ਹੈ ਕਿ ਇਕ ਵਲੰਦੇਜ਼ੀ ਸਰਦਾਰ, ਡਰ ਕਾਰਣ ਮਰ ਗਿਆ ਤੇ ਉਸਦੀ ਬਹਾਦਰ ਘਰ ਵਾਲੀ ਨੇ ਚਤੁਰਾਈ ਕਰਕੇ ਉਸ ਦਾ ਲਾਖ ਦਾ ਪੁਤਲਾ ਬਣਵਾ ਲਿਆ ਤੇ ਉਸ ਦੇ ਹੱਥ ਬੰਦੂਕ ਫੜਾ ਦਿਤੀ । ਆਪ ਤਿਉਂਦੀ ਫੌਜ ਇਕੱਠੀ ਕਰਕੇ ਧਾਵਾ ਬੋਲ ਦਿਤਾ ਤੇ ਵੈਰੀ ਨੂੰ ਭਜਾ ਦਿਤਾ ।

ਵਲੰਦੇਜ਼ ਕੋ ਏਕ ਨ੍ਰਿਪਾਲਾ । ਵਲੰਦੇਜ਼ਦਈ ਘਰਿ ਬਾਲਾ ।
ਤਾਂ ਪਰ ਕੁਪਯੋ ਫਿਰੰਗ ਰਾਇ ਮਨ, ਸੈਨ ਚੜ੍ਹਾ ਲੈ ਕਰ ਸੰਗ ਅਨਗਨ ।
ਨਾਮ ਫਿਰੰਗੀ ਰਾਇ ਨ੍ਰਿਪਤਿ ਤਿਹ, ਅੰਗਰੇਜਨ ਪਰ ਚੜ੍ਹਤ ਕਰੀ ਜਿਹ ।
ਅਨਗਨ ਭਈ ਚਮੂੰ ਚਤੁਰੰਗਾ, ਜਨੁ ਕਰਿ ਉਮਡਿ ਚਲਯੋ ਜਲ ਗੰਗਾ । ੨ ।

ਅਜੇਹੀਆਂ ਕਹਾਣੀਆਂ ਤੋਂ ਪਤਾ ਲਗਦਾ ਹੈ ਕਿ ਕਹਾਣੀਕਾਰ ਨੂੰ ਜਿਥੋਂ ਕਿਥੋਂ ਵੀ ਤ੍ਰਿਯਾ ਚਰਿਤਰ ਦਾ ਮਸਾਲਾ ਮਿਲਿਆ, ਉਹ ਇਸ ਗਰੰਥ ਵਿਚ ਸਮੋ ਦਿਤਾ । ਕਈ ਕਹਾਣੀਆਂ ਉਹਨਾਂ ਆਪਣੇ ਵਾਪਾਰੀ ਸਿਖਾਂ ਪਾਸੋਂ ਵੀ ਸੁਣੀਆਂ ਹੋਣਗੀਆਂ ਤੇ ਕਈ ਉਹਨਾਂ ਨੂੰ ਰਵਾਇਤ ਵਿਚ ਚਲਦੀਆਂ ਮਿਲੀਆਂ, ਇਹਨਾਂ ਸਾਰੀਆਂ ਨੂੰ ਇਤਿਹਾਸਕ ਕਸਵੱਟੀ ਤੇ ਪਰਖਣ ਦੀ ਲੋੜ ਨਹੀਂ । ਸਕੰਦਰ ਬਾਦਸ਼ਾਹ ਦੀ ਕਹਾਣੀ ੨੧੭ ਚਰਿਤਰ ਵਿਚ ਦਿਤੀ ਹੈ ਤੇ ਉਸਨੂੰ ਸਾਰਾ ਹਿੰਦੁਸਤਾਨ ਫਤੇ ਕਰਦਾ ਦਸਿਆ ਹੈ ਜੋ ਇਤਿਹਾਸਕ ਤੌਰ ਤੇ ਠੀਕ

ਨਹੀਂ। ਫਿਰ ਲਿਖਿਆ ਹੈ —

> ਫਲੰਦੇਜਿਯਨ ਜੀਤ ਅੰਗਰੇਜਿਯਨ ਮਾਰਯੋ
> ਮਛਲੀ ਬੰਦਰ ਮਾਰਿ, ਬਹੁਰ ਹੁਗਲਿਯਹਿ ਉਜਾਰਯੋ
> ਬੰਕ ਬੰਦਰ ਕੋ ਜੀਤ, ਗੁਆ ਬੰਦਰ ਹੂ ਲੀਨੋ।
> ਹੈ ਹਿਜਲੀ ਬੰਦਰ ਜਾਇ, ਥਿਜੈ ਦੁੰਦਭ ਕਰਿ ਦੀਨੋ। ੧੭।

ਸੋ ਅਜੇਹੇ ਕਥਨ ਕੇਵਲ ਕਹਾਣੀ ਰੌਚਕਿਤਾ ਦਾ ਮਸਾਲਾ ਹਨ, ਜਿਵੇਂ ਸੁਣੇ, ਤਿਵੇਂ ਕਹਿ ਦਿਤੇ। ਹੁਣ ਵਾਲੀ ਇਤਿਹਾਸਕ ਖੋਜ ਦਾ ਅਭਾਪ ਸੀ।

ਚਰਿਤਰ ਪਖਯਾਨ ਦਾ ਇਕ ਹੋਰ ਬੜਾ ਧਿਆਨ ਯੋਗ ਪੱਖ ਹੈ, ਉਹਨਾਂ ਨਗਰ ਦੇਸਾਂ ਦੇ ਨਾਮ ਜਿਥੇ ਇਹ ਚਰਿਤਰ ਵਾਪਰੇ ਤੇ ਉਹਨਾਂ ਨਾਇਕ ਨਾਇਕਾਵਾਂ ਦੀ ਨਾਮਾਵਲੀ ਜਿਨਾਂ ਨਾਲ ਇਹ ਬੀਤੀ। ਨਾਇਕਾਵਾਂ ਦੇ ਨਾਮ ਬੜੀ ਦਿਲਚਸਪੀ ਵਾਲੇ ਤੇ ਸੌਖ ਕਿਸਮ ਦੇ ਹਨ ਜਿਵੇਂ ਕਿ—ਅਨੁਰਾਗਮਤੀ, ਜਗਜੋਤਮਤੀ, ਚਿਤਰਮਤੀ, ਸ਼ਿੰਗਾਰਮਤੀ, ਬਾਜਮਤੀ, ਨਾਜਮਤੀ ਕਾਮਵਤੀ, ਚੈਂਦਰਮਤੀ, ਰਸਮੰਜਰੀ, ਛਤਰਮੰਜਰੀ, ਪੁਹਪਮੰਜਰੀ, ਤਿਲਕਮੰਜਰੀ, ਕੰਜਪ੍ਰਭਾ, ਇੰਦਰ ਪ੍ਰਭਾ, ਰੂਪ ਕਲਾ, ਕੰਚਨ ਕਲਾ, ਰੁਸਤਮ ਕਲਾ, ਨਾਦਰਾ ਬਾਨੋ, ਜ਼ੈਨਾਬਾਦੀ, ਬਿੰਦੋ, ਛਜੀਆ, ਮੈਨ ਕੁਅਰ, ਲਾਛਮ ਕੁਅਰ ਆਦਿ।

ਇਸੇ ਤਰ੍ਹਾਂ ਜਿਨ੍ਹਾਂ ਸ਼ਹਿਰਾਂ ਯਾ ਇਲਾਕਿਆਂ ਦੇ ਨਾਮ ਆਏ ਹਨ, ਉਹ ਕਹਾਣੀਕਾਰ ਦੀ ਵਿਸ਼ਾਲ ਜਾਣਕਾਰੀ ਦੀ ਸਾਖੀ ਭਰਦੇ ਹਨ, ਜਿਵੇਂ ਕਿ ਓੜਛਾ, ਅਕਬਰਾਬਾਦ, ਅਨੰਦਪੁਰ, ਅਵਧਪੁਰੀ, ਇਸਤੰਬੋਲ, ਇਟਾਵਾ, ਸਮਰਕੰਦ, ਸਰਹੰਦ, ਸਰੋਹੀ, ਸ਼ਾਹਜਹਾਂਪੁਰ, ਸ਼ਾਹਜਹਾਂਨਾਬਾਦ, ਸਿਆਲਕੋਟ ਸੋਰਠ ਦੇਸ, ਹਰਿਦੁਆਰ, ਹਰਿਯਾਬਾਦ, ਹਿੰਗਲਾਜ, ਹੁਗਲੀ ਹੈਡੂਰ, ਕਨੌਜ, ਕਸ਼ਟਵਾਰ, ਕਪਾਲਮੋਚਨ, ਕਮਾਊਂ, ਕਰਨਾਟਕ, ਕਾਹਲੂਰ, ਕਾਲਿੰਜਰ, ਕੀਰਤਪੁਰ, ਕੁਰਖੇਤਰ, ਕੂਚ ਬਿਹਾਰ, ਕੈਲਾਖਰ, ਖੰਭਾਵਤੀ, ਗਜ਼ਨੀ, ਗੁਆਲੀਅਰ, ਗੁਹਾਟੀ ਗੁਜਰਾਤ, ਗੋਆ ਬੰਦਰ, ਗੋਖਾ, ਗੰਧਗਿਰੀ, ਘਾਟਮਪੁਰ, ਚਮਰੰਗ, ਚੰਪਾਵਤੀ, ਚਿੰਚੀ, ਚਿਤੌਰ ਜੂਨਾਗੜ੍ਹ, ਠੱਟਾ, ਤ੍ਰਿਹਤਪੁਰ, ਤ੍ਰਿਗਤਦੇਸ, ਤਿਹਾੜਾ, ਤਿਰਪੁਰਾ, ਤੈਲੰਗ, ਦਿਲੀ, ਦੌਲਤਾਬਾਦ, ਧਾਰਾ ਨਗਰੀ, ਨਕੋਦਰ, ਨਗੌਰ, ਨਰਵਰ, ਨਿਪਾਲ, ਨਾਰਨੌਲ, ਨੌਕੋਟੀ, ਪਲਵਲ, ਪਲਾਊ, ਪਾਂਵਟਾ, ਪੋਠੋਹਾਰ, ਫਿਰਹੰਗ ਦੇਸ, ਬਾਹਲੀਕ, ਬਗਦਾਦ, ਬਦਖਸ਼ਾ, ਬਨਾਰਸ, ਬੜਾਇਚ, ਬਾਂਸ ਬਰੇਲੀ, ਬ੍ਰਿਜ, ਬੀਕਾਨੇਰ, ਬੁਸ਼ਹਰ, ਬਖਾਰਾ, ਬੁੰਦੇਲਖੰਡ, ਭੁਟੀਆ, ਬੈਜਵਾੜਾ, ਭੇਹਰਾ, ਮਹਾਰਾਸ਼ਟਰ, ਮਸ਼ਹਦ, ਮਛਲੀ ਬੰਦਰ, ਮਾਝਾ ਦੇਸ ਮਾਲਨੇਰ, ਮਾਲਵਾ, ਮਦਰਦੇਸ, ਮੁਰਾਦਾਬਾਦ, ਮੁਲਤਾਨ, ਮੋਕਲਗੜ੍ਹ, ਮੋਰੰਗ, ਯੂਨਾਨ, ਰਣਥੰਭੋਰ, ਰਾਜਪੁਰੀ, ਰਾਜੌਰੀ ਰਾਮਦਾਸਪੁਰ, ਰੂਪ ਸ਼ਹਰ, ਰੂਮ, ਰੋਪੜ ਤੇ ਲਾਹੌਰ ਆਦਿ।

ਜਿਵੇਂ ਕਿ ਅਸੀਂ ਪਹਿਲੇ ਵੀ ਆਖ ਚੁਕੇ ਹਾਂ ਕਿ ਗੁਰੂ ਸਾਹਿਬ ਦੇ ਜ਼ਮਾਨੇ ਜੋ ਸਾਹਿਤ ਵਿਚ ਤੇ ਜ਼ਬਾਨੀ ਕਹਾਣੀਆਂ ਪ੍ਰਚਲਤ ਸਨ, ਉਹ ਕਾਫੀ ਲੈ ਲਈਆਂ ਗਈਆਂ ਹਨ। ਜਿਵੇਂ

ਪੰਜਾਬ ਦੀਆਂ ਪ੍ਰੀਤ-ਕਹਾਣੀਆਂ ਹੀਰ ਰਾਂਝਾ (੯੮) ਸੋਹਣੀ ਮਹੀਂਵਾਲ (੧੦੧) ਮਿਰਜ਼ਾ ਸਾਹਿਬਾਂ (੧੨੯) ਸੱਸੀ ਪੁੰਨੂੰ (੧੦੮) ਆਦਿ ਨੂੰ ਆਪਣੇ ਢੰਗ ਨਾਲ ਢਾਲਕੇ ਦਿਤਾ ਹੈ। ਇਹੋ ਹਾਲ ਕੋਕਲਾਂ, ਢੋਲਾ ਮਾਰੂ, ਮਾਧਵਾਨਲ ਕਾਮਕੰਦਲਾ ਤੇ ਯੂਸਫ਼ ਜ਼ੁਲੈਖਾ (੨੦੧) ਆਦਿ ਦੇਸੀ ਬਿਦੇਸ਼ੀ ਕਥਾਵਾਂ ਹੈ। ਕਈ ਲਤੀਫ਼ੇ ਵੀ ਛੰਦਬਧ ਕਰ ਦਿਤੇ ਹਨ ਜਿਵੇਂ ਚਾਰ ਠੱਗ ਬੱਕਰੀ ਨੂੰ ਕੁੱਤਾ ਦਸਕੇ ਠੱਗੀ ਕਰਦੇ ਹਨ ਯਾ ਜੁਲਾਹੇ ਦੀ ਕਹਾਣੀ—'ਆਈ ਜਾਓ ਫਸੀ ਜਾਓ।' ਇਹਨਾਂ ਵਿਚ ਛਲ ਕਪਟ, ਲੜਾਈ ਝਗੜੇ, ਮਾਰ ਕੁੱਟ, ਜੂਏਬਾਜ਼ੀ, ਨਸ਼ੇਬਾਜ਼ੀ ਦਾ ਵਰਣਨ ਹੈ ਜਿਨ੍ਹਾਂ ਦਾ ਹੋਣਾ ਆਮ ਗੱਲ ਸੀ। ਕਿਤੇ ਕਿਤੇ ਇਸ਼ਕ ਦੀ ਲੜਾਈ ਵਿਚ ਸਚੀ ਮੁਚੀਂ ਦੀ ਲੜਾਈ ਵਿਸਤਾਰ ਨਾਲ ਬਿਆਨ ਕੀਤੀ ਹੈ। ਕਿਤੇ ਕਿਤੇ ਕੁਝ ਨੰਗੇਜ਼ਵਾਦੀ ਵਰਣਨ ਵੀ ਹੈ ਜੋ ਆਮ ਪਸੰਦ ਨਹੀਂ ਕੀਤਾ ਜਾਂਦਾ ਤੇ ਕਈ ਉਸਨੂੰ ਯਥਾਰਥਵਾਦੀ ਚਿਤ੍ਰਣ ਆਖਕੇ ਪਸੰਦ ਵੀ ਕਰਦੇ ਹਨ। ਕਹਾਣੀ-ਗੋਂਦ ਹਰ ਥਾਂ ਇਕੋ ਜਿਹੀ ਨਹੀਂ, ਕਈ ਕਹਾਣੀਆਂ ਗੋਂਦ ਦੇ ਪੱਖੋਂ ਬਹੁਤ ਅੱਛੀਆਂ ਹਨ ਤੇ ਕਈ ਢਿਲੀਆਂ। ਇਤਨੇ ਸੈਂਕੜੇ ਕਹਾਣੀਆ ਦੀ ਘਾੜਤ ਵਿਚ ਅਜੇਹਾ ਹੋਣਾ ਕੁਦਰਤੀ ਸੀ, ਨਾਲੇ ਉਸ ਸਮੇਂ ਕਹਾਣੀ ਕਲਾ ਵਿਕਸਤ ਵੀ ਨਹੀਂ ਸੀ। ਇਕ ਗੱਲ ਜ਼ਰੂਰ ਸਲਾਹੁਣ ਯੋਗ ਹੈ ਕਿ ਤ੍ਰਿਯਾ ਚਲਿਤਰ ਸਬੰਧੀ ਇਤਨੀਆਂ ਬਹੁਭਾਂਤੀ ਕਹਾਣੀਆ ਸੰਕਲਿਤ ਕਰਨੀਆਂ ਆਪਣੇ ਆਪ ਵਿਚ ਬਹੁਤ ਵੱਡਾ ਕੰਮ ਸੀ। ਫਿਰ ਗੁਰੂ ਵਿਅਕਤਿਤਵ ਦੀ ਛਾਪ ਵੀ ਕਈ ਸੰਵਾਦਾਂ ਵਿਚ ਪਰਗਟ ਮਿਲਦੀ ਹੈ। ਪਹਿਲਾ ਤੇ ਆਖਰੀ ਚਰਿਤਰ ਚੰਡੀ ਦੇਵੀ ਦਾ ਲਿਖਕੇ ਇਕ ਖਾਸ ਪਰੰਪਰਾ ਦਾ ਪਾਲਣ ਕੀਤਾ ਜਾਪਦਾ ਹੈ। ਚੂੰ ਕਿ ਸਾਰੀਆਂ ਕਹਾਣੀਆਂ ਵਜ਼ੀਰ ਤੇ ਰਾਜੇ ਦੇ ਸੰਵਾਦ ਰੂਪ ਵਿਚ ਹਨ, ਜਦੋਂ ਇਹ ਗੱਲਬਾਤ ਮੁਕਦੀ ਹੈ ਤਾਂ ਸਮਾਪਤੀ ਤੇ ਕਵੀ ਆਪਣੇ ਪਰਮੇਸ਼ਰ ਅਗੇ ਬੇਨਤੀ ਕਰਨ ਲਈ ਤਤਪਰ ਹੋਇਆ ਹੈ।

ਇਹ ਬੇਨਤੀ ਦੇ ੨੦-੨੫ ਛੰਦ ਐਸੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸਿਧਾਂਤ ਨੂੰ ਪਰਗਟ ਕਰਦੇ ਹਨ ਤੇ ਇਹ ਚੌਪਈ ਅਜ ਸਿਖ ਨਿਤਨੇਮ ਦਾ ਭਾਗ ਹੈ।

ਹਮਰੀ ਕਰੋ ਹਾਥ ਦੈ ਰੱਛਾ। ਪੂਰਨ ਹੋਇ ਚਿਤ ਕੀ ਇਛਾ।
ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰਹੁ ਪ੍ਰਤਿਪਾਰਾ।

ਕਹਾਣੀਆਂ ਵਿਚ ਥਾਂ ਥਾਂ ਸਿਖਿਆ ਤੇ ਜੀਵਨ-ਸਿਧਾਂਤ ਦੇ ਨੁਕਤੇ ਮਿਲਦੇ ਹਨ ਜਿਵੇਂ ੨੬੬ ਚਰਿਤਰ ਵਿਚ ਮੂਰਤੀ ਪੂਜਾ ਦਾ ਜ਼ੋਰਦਾਰ ਖੰਡਨ ਕੀਤਾ ਹੈ ਤੇ ਇਵੇਂ ਜਿਵੇਂ ੮੧ ਚਰਿਤਰ ਵਿਚ ਸੱਚੇ ਜੋਗ ਦਾ ਨਿਰੂਪਣ ਹੈ ਅਤੇ ਕਈ ਬਾਣੀ ਦੇ ਟੁਕਾਂਸ਼ ਵੀ ਮਿਲਦੇ ਹਨ। ੩੭੪ ਚਰਿਤਰ ਵਿਚ ਇਕ ਔਰਤ ਚਲਿਤਰ ਨਾਲ ਭਵਾਨੀ ਦੇਵੀ ਬਣ ਜਾਂਦੀ ਹੈ ਤੇ ਪੰਡਤ ਮੁਲਾਂ ਉਸਦੀ ਪੂਜਾ ਹੋਣ ਕਾਰਣ ਖਾਰ ਖਾਂਦੇ ਅਤੇ ਉਸਨੂੰ ਕਹਿੰਦੇ ਹਨ ਕਿ ਤੂੰ ਕੋਈ ਕਰਾਮਾਤ ਦਿਖਾ। ਅਗੋਂ ਉਹ ਕਹਿੰਦੀ ਹੈ ਕਿ ਤੁਸੀਂ ਵੀ ਬੜੇ ਧਰਮ ਦੇ ਠੇਕੇਦਾਰ ਬਣੇ ਫਿਰਦੇ ਹੋ, ਤੁਸੀਂ ਕਰਾਮਾਤ ਦਿਖਾਓ, ਉਹ ਦਿਖਾ ਨਹੀਂ ਸਕਦੇ। ਅਖੀਰ ਉਹ ਔਰਤ ਰਾਜੇ ਨੂੰ ਦਸਦੀ ਹੈ ਕਿ ਚਾਰ ਮੁਖ ਕਰਾਮਾਤਾਂ ਹਨ-੧. ਤਲਵਾਰ ੨. ਮੌਤ ੩. ਰਾਜਾ ਤੇ ੪ ਦੌਲਤ

WWW.SIKHBOOKCLUB.COM

ਕਰਾਮਾਤ ਇਕ ਅਸਿ ਮੋਂ ਪ੍ਰਥਮ ਪਛਾਨਿਯੇ,
ਜਾਂਕੋ ਤੇਜ ਅਰੁ ਤ੍ਰਾਸ ਜਗਤ ਮੋ ਮਾਨਿਯੇ ।
ਜੀਤ ਹਾਰ ਅਰੁ ਮ੍ਰਿਤੁ ਧਾਰ ਜਾਂਕੀ ਬਸਤ,
ਹੋ ਮੇਰੇ ਮਨ ਪਰਮੇਸ਼ਰ ਤਾਂਹੀ ਕੋ ਕਹਤ ।੧੯।
ਦੁਤਿਯ ਕਾਲ ਮੋਂ ਕਰਾਮਾਤ ਪਹਿਚਾਨੀਯਤ.
ਜਿਨ ਕੋ ਚੌਦਹ ਲੋਕ ਚਕਰ ਕਰਿ ਮਾਨਿਯਤ ।
ਕਾਲ ਪਾਇ ਜਗ ਹੋਤ ਕਾਲ ਮਿਟ ਜਾਵਈ,
ਹੋ ਯਾਂਤੇ ਮੁਰ ਮਨ ਤਾਂਹਿ ਗੁਰੂ ਠਹਿਰਾਵਈ ।੨੦।
ਕਰਾਮਾਤ ਰਾਜਾ ਰਸਨਾਗ੍ਰਜ ਜਾਨਿਯਤ,
ਭਲੇ ਬੁਰੇ ਜਾਂਤੇ ਜਗ ਹੋਤ ਪਛਾਨਿਯਤ ।
ਕਰਾਮਾਤ ਚੌਥੀ ਧਨ ਭੀਤਰ ਜਾਨੀਏ,
ਹੋ ਹੋਤ ਰੰਕ ਤੇ ਰਾਵ ਧਰੇ ਤਿਹ ਮਾਨੀਏ ।੨੧।

ਇਸ ਤਰ੍ਹਾਂ ਇਹਨਾਂ ਕਹਾਣੀਆ ਦੇ ਸੰਵਾਦਾਂ ਵਿਚ ਕਈ ਅਮੋਲਕ ਵਿਚਾਰ ਪ੍ਰੋਤੇ ਹੋਏ ਹਨ ਜਿਨ੍ਹਾਂ ਦਾ ਅਧਿਐਨ ਦਿਲਚਸਪੀ-ਭਰਿਆ ਤੇ ਸਿਖਿਆ-ਭਰਪੂਰ ਹੈ । ਜਿਥੋਂ ਤਕ ਇਸ ਗਰੰਥ ਦੇ ਕਾਵਿ ਪੱਖ ਦਾ ਸਬੰਧ ਹੈ, ਉਹ ਵੀ ਕਲਾ ਪੂਰਣ ਹੈ । ਵਧੇਰੇ ਸ਼ਿੰਗਾਰ ਰਸੀ ਵਰਣਨ ਹੈ ਜੋ ਅਜੇਹੀਆਂ ਕਹਾਣੀਆਂ ਵਿਚ ਹੋਣਾ ਸੁਭਾਵਕ ਹੀ ਸੀ । ਪ੍ਰੇਮ ਵਾਰਤਾਲਾਪ ਬੜੇ ਰੋਚਕ ਢੰਗ ਨਾਲ ਛੰਦ-ਬਧ ਕੀਤੇ ਗਏ ਹਨ । ਇਕ ਪੰਜਾਬੀ ਕਬਿਤ ਸੁਣੋ—

ਤਾਜੀ ਕੂੰ ਤੁਰਾਇਕੇ ਅਸਾੜੀ ਓੜਿ ਰਾਹ ਪੌਣਾ,
ਚਾਲਮ ਜਵਾਲ ਦੂਹਾਂ ਨੈਣਾਂ ਨੂੰ ਨਚਾਵਣਾ ।
ਅੰਜਨ ਦਿਵਾਇ ਬਾੜ ਬਿਸਿਖ ਚੜਾਇਕੇ,
ਖੁਸ਼ਾਲੀ ਨੂੰ ਬੜ੍ਹਾਇ ਨਾਲੇ ਕੈਵਾਂ ਨੂੰ ਚੜ੍ਹਾਵਣਾ ।
ਬਦਨ ਦਿਖਾਣਾਂ ਸਾਨੂੰ ਛਾਤੀ ਨਾਲ ਲਾਣਾ ਅਤੇ
ਨੈਣਾਂ ਨਾਲਿ ਨੈਣ ਜੋੜ ਵੇਹਾ ਨੇਹੁ ਛਾਵਣਾ ।
ਬਾਚੇ ਪੱਤਰ ਆਣਾ ਮੈਂ ਹੀ ਮਿਲ ਬਿਆ ਨ ਜਾਣਾ
ਸਾਂਈ ਯਾਰੇ ਜੀ ! ਅਸਾਡੇ ਪਾਸ ਆਵਣਾ ਹੀ ਆਵਣਾ । (੨੨੮ ਚ.)

ਇਸ਼ਕ ਦੇ ਮਾਮਲੇ ਵਿਚ ਨੈਣ, ਚੂੰਕਿ ਵਿਸੇਸ਼ ਰੋਲ ਅਦਾ ਕਰਦੇ ਹਨ, ਇਸ ਕਰਕੇ ਨੈਣਾਂ ਦਾਂ ਵਰਣਨ ਬੜਾ ਸੋਹਣਾ ਕੀਤਾ ਗਿਆ ਹੈ ਮਿਸਾਲ ਲਈ ਇਹ ਦੋਹਰੇ ਧਿਆਨ ਯੋਗ ਹਨ :—

ਮਧੁਰੀ ਮੂਰਤਿ ਮਿਤ ਕੀ, ਬਸੀ ਚਿਤ ਮੈਂ ਚੀਨ ।
ਬਹੁਰਿ ਨਿਕਾਸੇ ਜਾਹਿ ਨਹਿ; ਨੈਨਾ ਭਏ ਰੰਗੀਨ ।੧੧।

ਮਨ ਭਾਵਨ ਕੇ ਨੈਨ ਦੋਊ, ਚੁਭੇ ਚਿਤ ਕੇ ਮਾਹਿ ।
ਮਿਲਨ ਜਯੋਂ ਸਰਕੇ ਪਰੇ, ਨਾਹਿ ਨਿਕਾਰੇ ਜਾਂਹਿ । ੧੨ ।
ਨੈਨ ਪਿਯਾ ਕੇ ਪਾਰਧੀ, ਮਨ ਮੈਂ ਕੀਯਾ ਨਿਵਾਸ,
ਕਾਢਿ ਕਰੇਜਾ ਲੇਹਿ ਜਨੁ, ਯਾਂਤੇ ਅਧਿਕ ਵਿਸ਼ਵਾਸ । ੧੩ ।
ਨੈਨ ਪਿਯਾ ਕੇ ਪਾਲਨੇ, ਕਰਿ ਰਾਖੇ ਕਰਤਾਰ ।
ਜਿਨ ਮਹਿ ਜਨੁ ਝੂਲਹਿ ਘਨੇ, ਹਮ ਸੇ ਬੈਠਿ ਹਜ਼ਾਰ । ੧੪ ।
ਨੈਨ ਰਸੀਲੇ ਰਸ ਭਰੇ, ਝਲਕ ਰਮਨ ਕੀ ਦੇਹਿ ।
ਚੰਚਲਾਨ ਕੇ ਚਿਤ ਕੋ, ਚਮਕਿ ਚੁਰਾਏ ਲੇਹਿ । ੧੫ ।

(੨੪੧ ਚਰਿਤਰ)

ਸ਼ੀਸ਼ੇ ਸ਼ਰਾਬ, ਕਿ ਫੂਲ ਗੁਲਾਬ ਕਿ ਮੱਤ ਕਿਧੋਂ ਮਦਰਾ ਕੇ ਸੇ ਪਿਆਰੇ ।
ਬਾਨਨ ਸੇ ਮ੍ਰਿਗ ਬਾਰਨ ਸੇ, ਤਰਵਾਰਨ ਸੇ ਕਿ ਬਿਖੀ ਬਿਖਯਾਰੇ ।
ਨਾਰਿਨ ਕੇ ਕਜਰਾਰਨ ਕੇ ਦੁਖ ਟਾਰਨ ਹੈਂ ਕਿਧੋਂ ਨੀਂਦ ਨਿਦਾਰੇ ।
ਨੇਹੁ ਜਗੇ ਕਿ ਰੰਗੇ ਰੰਗ ਕਾਹੂੰ ਕੇ, ਮੀਤ ਕੇ ਨੈਨ ਸਖੀ ਰਸਿਯਾਰੇ । ੫ ।

(੨੨੦ ਚ.)

ਜੋ ਲੋਕ ਇਸ ਗਰੰਥ ਨੂੰ ਗੁਰੂ-ਕਿਰਤ ਨਹੀਂ ਮੰਨਦੇ, ਉਹਨਾਂ ਨੂੰ ਇਹ ਗੱਲਾਂ ਧਿਆਨ ਗੋਚਰੀਆਂ ਕਰਨੀਆਂ ਚਾਹੀਦੀਆਂ ਹਨ :—

(੧) ਇਹ ਦਸਮ ਗਰੰਥ ਦਾ ਭਾਗ ਹੈ, 'ਦਸਮ ਗਰੰਥ' ਦੀ ਕੋਈ ਹੱਥ-ਲਿਖਤ ਬੀੜ ਐਸੀ ਨਹੀਂ ਮਿਲੀ ਜਿਸ ਵਿਚ ਇਹ ਗਰੰਥ ਸਾਮਲ ਨ ਹੋਵੇ । ਵੈਸੇ ਇਸਦੇ ਸੁਤੰਤਰ ਖਰੜੇ ਵੀ ਮਿਲਦੇ ਹਨ ਜਿਵੇਂ ਨਾਭੇ ਦੇ ਸਿਰੋਪਾਉ ਗੁਰਦੁਆਰੇ ਵਿਚ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਲਾਇਬਰੇਰੀ ਵਿਚ ਹਜ਼ੂਰੀ ਲਿਖਾਰੀ ਭਾਈ ਛੱਨਾ ਸਿੰਘ ਲਿਖਤ (ਮਸੌਦਾ ਨੰਬਰ ੭੯੩) ਜੋ ਭਾਈ ਸੰਗਤ ਸਿੰਘ ਤਰਗਸ਼ ਵਾਲੀ ਪੋਥੀ ਦਾ ਉਤਾਰਾ ਹੈ ।

(੨) ਹਰ ਹੱਥ-ਲਿਖਤ ਤੇ ਛਪੇ ਗਰੰਥ ਦੇ ਮੁੱਢ ਵਿਚ 'ਪਾਤਸ਼ਾਹੀ ੧੦' ਲਿਖਿਆ ਹੋਇਆ ਹੈ ।

(੩) ਇਹ ਅਨੰਦਪੁਰ, ਸ਼ਤਲੁਜ ਕੰਢੇ ਭਾਦੋਂ ੧੭੫੩ ਬਿ: ਵਿਚ ਸਮਾਪਤ ਕੀਤਾ ਗਿਆ ਸੀ ਜੈਸਾਕਿ ਇਸਦੀ ਅੰਤਮ ਟੂਕ ਤੋਂ ਜ਼ਾਹਰ ਹੈ ।

(੪) ਭਾਈ ਮਨੀ ਸਿੰਘ ਜੀ ਦੀ ਚਿੱਠੀ ਵਿਚ ਵੀ ਸਾਫ਼ ਸੰਕੇਤ ਹੈ ਕਿ 'ਚਰਿਤਰ' ਸਾਹਿਬਾਂ ਰਚਿਤ ਹਨ ।

(੫) ਇਸ ਵਿਚ ਆਈਆਂ ਕੁਝ ਘਟਨਾਵਾਂ ਅਨੰਦਪੁਰ ਯਾ ਗੁਰੂ ਸਾਹਿਬ ਨਾਲ ਸਬੰਧਤ ਹਨ ਜਿਨ੍ਹਾਂ ਨੂੰ ਅਨਘ ਪੁਰਖ ਯਾ ਉਤਮ ਪੁਰਖ ਦੇ ਰੂਪ ਵਿਚ ਅੰਕਿਤ ਕੀਤਾ ਗਿਆ ਹੈ ਜਿਵੇਂ ੧੬;੨੦,੨੧,੨੨ ਚਰਿਤਰ ਯਾ ੭੧ ਚਰਿਤਰ ਵਿਚ ।

(੬) ਇਸ ਗਰੰਥ ਦੇ ਕਈ ਛੰਦ ਸਿਖਾਂ ਦ ਪਾਠ ਵਿਚਾਰ ਦਾ. ਹਿਸਾ ਹਨ ਜਿਵੇਂ ਕਿ ਬੇਨਤੀ ਚੌਪਈ।' 'ਮੇਰੁ ਕਿਯੋ ਤ੍ਰਿਣ ਤੇ ਮੁਹਿ ਜਾਹਿ ਗ਼੍ਰੀਬ ਨਿਵਾਜ ਨ ਦੂਸਰ ਤੋਸੋ।' ਸਵੈਈਆ ਜੋ ਇਸਦੇ ਮੁਦ ਵਿਚ ਆਉਂਦਾ ਹੈ, ਉਹ ਬਚਿਤਰ ਨਾਟਕ ਵਿਚ ਵੀ ਮਿਲਦਾ ਹੈ 'ਜੌਤੀ ਜੀਵੈ ਜੁਗ ਚਾਰ ਤਿਹਾਰੀ' ਸਵੈਯਾ ਸੱਸੀ ਵਾਲੀ ਕਥਾ ਵਿਚ ਹੈ।

(੭) ਇਸ ਗਰੰਥ ਦੇ ਉਪਕ੍ਰਮ ਤੇ ਉਪਸੰਹਾਰ ਵਿਚ ਜੋ ਮਹਾਂ ਸ਼ਕਤੀ ਦੀ ਮਹਿਮਾ ਹੈ, ਉਸਦੇ ਅਨੇਕਾਂ ਵਾਕੰਸ਼ ਬਚਿਤਰ ਨਾਟਕ, ਗਿਆਨ ਪ੍ਰਬੋਧ ਤੇ ਸ਼ਸਤ੍ਰ ਨਾਮਮਾਲਾ ਆਦਿ ਵਿਚ ਸਹਿਜੇ ਲੱਭੇ ਜਾ ਸਕਦੇ ਹਨ।

(੮) ਇਨ ਦੀ ਬੋਲੀ ਤੇ ਸ਼ੈਲੀ ਬਾਕੀ ਦਸਮ ਗਰੰਥ-ਰਚਨਾਵਲੀ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ।

(੯) ਥਾਂ ਥਾਂ ਗੁਰੂ ਆਤਮਾ ਦੇ ਸਿਖਿਆ ਦਾਇਕ ਬੋਲ ਵੀ ਪੁਸ਼ਟੀ ਕਰਦੇ ਹਨ ਕਿ ਇਹ ਦਸਮੇਸ਼ ਰਚਿਤ ਹੀ ਹੈ। ਬਾਕੀ ਚੁਭਦੀ ਅਸ਼ਲੀਲਤਾ ਕਹਾਣੀ ਦਾ ਭਾਗ ਹੈ, ਪਾਤਰਾਂ ਦੀ ਅਪਣੀ ਗੱਲਬਾਤ ਦਾ ਹਿਸਾ ਹੈ। ਵਰਤੀ ਖੁਲ੍ਹ ਸਮੇਂ ਦੀ ਸਾਹਿਤਕ ਰੀਤ ਹੈ, ਵੈਸੇ ਨਹੀਂ।

(੧੦) ਇਸਨੂੰ ਗੁਰਬਾਣੀ ਵਾਲੀ ਕਸਵੱਟੀ ਤੇ ਪਰਖਣਾ ਨਿਆਇ-ਸੰਗਤ ਨਹੀਂ, ਇਹ ਕਹਾਣੀ-ਸਾਹਿਤ ਹੈ ਤੇ ਫਿਰ ਚਲਿਤਰ-ਭਰਪੂਰ ਸਾਹਿਤ। ਹਾਂ, ਜੋ ਕੁਝ ਬਾਣੀ ਦੇ ਰੰਗ ਵਾਲਾ ਸੀ ਜਿਵੇਂ ਬੇਨਤੀ ਚੌਪਈ ਯਾ ਕੁਝ ਹੋਰ ਛੰਦ, ਉਹ ਪੁਰਾਤਨ ਸਮੇਂ ਤੋਂ ਸਿਖ ਅਪਣਾਈ ਆ ਰਹੇ ਹਨ।

ਜੇ ਕਵੀ ਅਨੁਸਾਰ ਇਸਦਾ ਅਸ਼ਲ ਮਨੋਰਥ ਸਮਝ ਲਿਆ ਜਾਵੇ ਤਾਂ ਕੋਈ ਝਗੜਾ ਨਹੀਂ ਰਹਿ ਜਾਂਦਾ। ਉਹ ਮਨੋਰਥ ਹੈ ਗੁੰਗਿਆਂ ਨੂੰ ਜ਼ਬਾਨ ਦੇਣਾ ਤੇ ਮੂਰਖਾਂ ਨੂੰ ਚਤੁਰ ਬਣਾਉਣਾ।

'ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ
ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ।'

## ੬. ਹਿਕਾਯਤਾਂ

'ਹਕਾਯਤ' ਦਾ ਅਰਥ ਹੈ ਕਹਾਣੀ, 'ਹਕਾਯਾਤ' ਇਸੇ ਦਾ ਬਹੁਵਚਨ ਹੈ। ਪੰਜਾਬੀ ਵਿਆਕਰਣ ਅਨੁਸਾਰ ਇਸੇ ਨੂੰ 'ਹਿਕਾਯਤਾਂ' ਕਿਹਾ ਗਿਆ ਹੈ। ਇਹ ਫ਼ਾਰਸੀ ਵਿਚ ੭੫੨ ਬੈਂਤਾਂ ਵਿਚ ਰਚੀਆਂ ੧੧ ਕਹਾਣੀਆਂ ਹਨ ਜਿਨ੍ਹਾਂ ਦਾ ਰੰਗ ਰੂਪ 'ਚਰਿਤਰੋ ਪਖਯਾਨ ਵਰਗੀਆਂ ਕਹਾਣੀਆਂ ਵਰਗਾ ਹੀ ਹੈ। ਕਈ ਸਿਖ ਲੇਖਕਾਂ ਨੇ ਇਹਨਾਂ ਨੂੰ ਜ਼ਫ਼ਰਨਾਮੇ ਦਾ ਅੰਗ ਸਮਝਣ ਦਾ ਭੁਲੇਖਾ ਖਾਧਾ ਹੈ। ਤੇ ਕਈਆਂ ਜ਼ਫ਼ਰਨਾਮੇ ਨੂੰ ਇਕ ਹਿਕਾਯਤ ਮੰਨ ਕੇ ਵਿਚੇ ਸ਼ਾਮਿਲ ਕਰ ਲਿਆ ਤੇ ਹਿਕਾਯਤਾਂ ਦੀ ਗਿਣਤੀ ਬਾਰਾਂ ਮੰਨ ਲਈ ਹੈ। ਦਰ ਅਸਲ ਜ਼ਫ਼ਰਨਾਮਾ ਇਕ ਇਤਿਹਾਸਕ ਚਿਠੀ ਹੈ ਜੋ ਸ੍ਰੀ ਦਸਮੇਸ਼ ਜੀ ਨੇ ਔਰੰਗਜ਼ੇਬ ਨੂੰ ਲਿਖੀ ਤੇ ਹਿਕਾਇਤਾਂ ਉਹ ਛੰਦ-ਬਧ ਕਲਪਿਤ ਕਹਾਣੀਆਂ ਹਨ ਜੋ ਦੇਰ ਚਿਰ ਪਹਿਲਾਂ ਲਿਖੀਆਂ ਗਈਆਂ ਸਨ। ਇਹਨਾਂ ਦਾ ਸਬੰਧ ਇਤਨਾ ਹੀ ਹੈ ਕਿ ਇਹ ਦੋਵੇਂ ਫ਼ਾਰਸੀ ਵਿਚ ਹਨ, ਇਸੇ ਕਰਕੇ ਦਸਮ ਗਰੰਥ ਦੇ ਸੰਪਾਦਕ ਨੇ ਇਹਨਾਂ ਨੂੰ ਇਕ ਥਾਂ ਲਿਖ ਦਿਤਾ। ਵੈਸੇ ਮਜ਼ਮੂਨ ਦਾ ਚਰਾ ਜਿੰਨਾ ਵਾਸਤਾ ਨਹੀਂ ਜਿਵੇਂ ਕਿ ਅੱਗੇ ਆਈ ਵਿਚਾਰ ਤੋਂ ਸਿੱਧ ਹੋ ਜਾਵੇਗਾ।

ਇਕ ਗੱਲ ਬੜੀ ਸਪਸ਼ਟ ਹੈ ਕਿ ਇਹ ਹਿਕਾਯਤਾਂ ਗੁਰੂ ਸਾਹਿਬ ਦੇ ਫ਼ਾਰਸੀ ਬੋਧ ਦਾ ਚੰਗਾ ਪ੍ਰਮਾਣ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਆਪ ਪਹਿਲਾਂ ਤੋਂ ਹੀ ਫ਼ਾਰਸੀ ਵਿਚ ਸ਼ੇਅਰ ਕਹਿਣ ਦਾ ਅਭਿਆਸ ਰੱਖਦੇ ਸਨ। ਜ਼ਫ਼ਰਨਾਮਾ ਲਿਖਣ ਵਿਚ ਵਰਤੀ ਕਾਵਿਕ ਸਫ਼ਾਈ ਤੇ ਜ਼ਬਾਨ ਦਾ ਪ੍ਰਵਾਹ ਵੀ ਇਸ ਗੱਲ ਦਾ ਸਬੂਤ ਹੈ ਕਿ ਉਹਨਾਂ ਨੂੰ ਇਸ ਤੋਂ ਪਹਿਲਾਂ ਫ਼ਾਰਸੀ ਰਚਨਾ ਵਿਚ ਚੰਗੀ ਮੁਹਾਰਤ ਹਾਸਲ ਸੀ। ਜੇ ਇਹ ਮੰਨਿਆਂ ਜਾਵੇ ਕਿ ਪਹਿਲਾਂ ਉਹਨਾਂ ਉਮਰ ਭਰ ਕਦੀ ਫ਼ਾਰਸੀ ਛੰਦ ਨਹੀਂ ਸੀ ਲਿਖੇ ਤੇ ਲੋੜ ਪੈਣ ਤੇ ਇਕ ਦਮ 'ਜ਼ਫ਼ਰਨਾਮੇ' ਵਰਗੀ ਪ੍ਰੌਢ ਰਚਨਾ ਲਿਖ ਦਿਤੀ ਤਾਂ ਇਹ ਗੱਲ ਸਗੋਂ ਵਧੇਰੇ ਅਸੁਭਾਵਕ ਪ੍ਰਤੀਤ ਹੁੰਦੀ। ਸੋ ਹਿਕਾਯਤਾਂ ਇਸ ਗੱਲ ਦਾ ਸਬੂਤ ਹਨ ਕਿ ਗੁਰੂ ਸਾਹਿਬ ਚੰਗੇ ਫ਼ਾਰਸੀਦਾਨ ਸਨ ਤੇ ਫ਼ਾਰਸੀ ਸ਼ਾਇਰੀ ਦਾ ਕਲਾ ਕੌਸ਼ਲ ਰਖਦੇ ਸਨ। ਇਸ ਰਚਨਾ ਦੀ ਅੰਦਰਲੀ ਗਵਾਹੀ ਵੀ ਆਪ ਦੀ ਆਤਮਕ ਛਾਪ ਦਾ ਦਮ ਭਰਦੀ ਹੈ।

ਪਹਿਲੇ ਇਹ, ਹਰ ਕਹਾਣੀ ਅਕਾਲ ਪੁਰਖ ਦੇ ਮੰਗਲਾਚਰਣ ਨਾਲ ਸ਼ੁਰੂ ਹੁੰਦੀ ਹੈ, ਦੂਸਰੇ, ਕਹਾਣੀ ਦੇ ਅੰਤ ਵਿਚ ਕਵੀ ਨੇ ਬਾਰ ਬਾਰ ਅਲੰਕਾਰਕ ਢੰਗ ਨਾਲ ਰੱਬੀ ਰੰਗ ਤੇ ਕਰਮਯੋਗੀ ਜੀਵਨ ਦੀ ਮੰਗ ਕੀਤੀ ਹੈ ਤੇ ਇਸ ਮੰਗ ਲਈ ਫ਼ਾਰਸੀ ਸ਼ਾਇਰੀ ਦਾ ਪ੍ਰਸਿਧ ਪ੍ਰਤੀਕ 'ਰੰਗੀਨ ਸ਼ਰਾਬ', ਆਮ ਵਰਤਿਆ ਹੈ। ਉਮਰ ਖ਼ਯਾਮੀ ਰੰਗ ਵਿਚ ਆਪ ਕਹਿੰਦੇ ਹਨ

ਹ ਪ੍ਰਭੂ ! ਮੈਨੂੰ ਸ਼ਬਜ਼ ਰੰਗ ਦਾ ਪਿਆਲਾ ਦੇਹ ਜੋ ਕਿ ਮੈਨੂੰ ਯੁੱਧ ਸਮੇਂ ਸਦਾ ਲੋੜੀਂਦਾ ਹੈ—

ਬਿਦੇਹ ਸਾਕੀਆ, ਸਾਗਰਿ ਸਬਜ਼ ਰੰਗ,
ਕਿ ਮਾਰਾ ਬ ਕਾਰਸਤ, ਦਰ ਵਕਤਿ ਜੰਗ । (ਹਕਾਯਤ ੧)

ਖ਼ਿਦਿਹ ਸਾਕੀਆ ਪਿਆਲਾ ਫ਼ੀਰੋਜ਼ ਫਾਮ,
ਕਿ ਮਾਰਾ ਬਕਾਰਸਤ ਵਕਤਿ ਤੁਆਮ ।
ਬ ਮਨ ਦਿਹ ਕਿ ਖ਼ੁਸ਼ਤਰ ਦਿਮਾਗ਼ਿ ਕੁਨਮ,
ਕਿ ਰੌਸ਼ਨ ਤਬਾਅ ਚੂੰ ਚਰਾਗ਼ਿ ਕੁਨਮ । (ਹਕਾਯਤ ੪)

ਬਿਦਿਹ ਪਿਆਲਾ ਫ਼ੀਰੋਜ਼ ਰੰਗੀਨ ਰੰਗ,
ਕਿ ਮਾਰਾ ਖ਼ੁਸ਼ ਆਮਦ, ਬਸੇ ਵਕਤਿ ਜੰਗ । (ਹਕਾਯਤ ੬)

ਬਿਦਿਹ ਸਾਕੀਆ ਸੁਰਖ਼ ਰੰਗੋ ਫ਼ਰੰਗ,
ਖ਼ੁਸ਼ ਆਮਦ ਮਰਾ ਵਕਤਿ ਚਦ ਤੇਗ ਜੰਗ । (ਹਕਾਯਤ ੭)

ਬਿਦੇਹ ਸਾਕੀਆ ਸਾਗਰਿ ਸਬਜ਼ ਫ਼ੂੰ,
ਕਿ ਮਾਰਾ ਬਕਾਰਸਤ ਜੰਗ ਅੰਦਰੂੰ ।
ਲਬਾਲਬ ਬਕੁਨ ਦਮ ਬਦਮ ਨੋਸ਼ ਕੁਨ,
ਗ਼ਮਿ ਹਰ ਦੁਆਲਮ, ਫ਼ਰਾਮੋਸ਼ ਕੁਨ । (ਹਕਾਯਤ ੧੧)

ਇਹ ਮੰਗ ਉਸੇ ਭਾਂਤ ਦੀ ਹੈ ਜਿਸ ਤਰ੍ਹਾਂ ਦੀ ਕਿ 'ਦੇਹ ਸ਼ਿਵਾ ਵਰ ਮੋਹਿ ਇਹੈ' ਵਿਚ ਕੀਤੀ ਗਈ ਹੈ ਕਿ ਮੈਂ ਤੇਰੇ ਗੁਣ ਗਾਇਨ ਕਰਕੇ ਇਸ ਕਿਸਮ ਦੀ ਦ੍ਰਿੜ੍ਹਤਾ ਪ੍ਰਾਪਤ ਕਰਾਂ ਕਿ ਕਰਮਯੋਗ ਦੇ ਖੇਤਰ ਵਿਚ ਜੂਝਦਾ ਹੋਇਆ ਮੌਤ ਤੋਂ ਜ਼ਰਾ ਜਿੰਨਾ ਸੰਕੋਚ ਨਾ ਕਰਾਂ ।

ਅਕਾਲੀ ਮੰਗਲਾਚਰਣ ਤੇ ਫਿਰ ਇਸ ਕਿਸਮ ਦੀ ਪ੍ਰਾਰਥਨਾ ਭਾਵੇਂ ਕਹਾਣੀਆ ਦੇ ਵਿਸ਼ਾ-ਵਸਤੂ ਨਾਲ ਰਲਦੀ ਨਹੀਂ ਪਰ ਗੁਰੂ ਕਵੀ ਨੇ ਅਜੇਹਾ ਕੀਤਾ ਹੈ । ਇਸ ਤੋਂ ਬਿਨਾ ਫ਼ਾਰਸੀ ਕਵਿਤਾ ਵਿਚ ਹਿੰਦੀ ਸੰਸਕ੍ਰਿਤ ਸ਼ਬਦਾਂ ਦਾ ਪ੍ਰਯੋਗ ਵੀ ਗੁਰੂ ਸਾਹਿਬ ਦੀ ਵਿਲੱਖਣ ਸ਼ੈਲੀ ਦੀ ਸਾਖੀ ਭਰਦਾ ਹੈ ।

ਹੁਣ ਸਵਾਲ ਉਠਦਾ ਹੈ ਕਿ ਇਹ ਕਹਾਣੀਆਂ ਕੀ ਹਨ ? ਜੇਹਾ ਕਿ ਅਸੀਂ ਪਹਿਲਾਂ ਹੀ ਕਹਿ ਆਏ ਹਾਂ ਇਹ ੧੧ ਕਹਾਣੀਆਂ 'ਚਰਿਤਰ-ਪਖਯਾਨ' ਵਿਚ ਆਈਆਂ ਕਥਾਵਾਂ ਵਰਗੀਆਂ ਹੀ ਹਨ । ਪਹਿਲੀਆਂ ਦੋ ਕਹਾਣੀਆਂ ਦੋ ਰਾਜਿਆਂ ਦੀਆਂ ਹਨ ਤੇ ਬਾਕੀ ਨੌਂ ਇਕ ਕਿਸਮ ਦੇ ਤ੍ਰਿਯਾ ਚਰਿਤਰ ਹਨ ।

ਪਹਿਲੀ ਕਹਾਣੀ ਰਾਜਾ ਮਾਨਧਾਤਾ ਦੀ ਹੈ । ਉਹ ਗੱਦੀ ਦੇਣ ਲਈ ਆਪਣੇ ਚਾਰ ਪੁਤਰਾਂ ਦੀ ਪ੍ਰੀਖਿਆ ਕਰਦਾ ਹੈ । ਇਕ ਨੂੰ ਬਹੁਤ ਸਾਰੇ ਹਾਥੀ, ਦੂਜੇ ਨੂੰ ਘੋੜੇ, ਤੀਜੇ ਨੂੰ ਊਂਠ ਤੇ ਚੌਥੇ ਨੂੰ ਕੇਵਲ ਛੋਲਿਆਂ ਦਾ ਅੱਧਾ ਦਾਣਾ ਤੇ ਇਕ ਮੂੰਗੀ ਦਾ ਦਾਣਾ ਦਿੰਦਾ ਹੈ । ਬਾਕੀ ਰਾਜਕੁਮਾਰ ਹੌਲੀ ਹੌਲੀ ਸਭ ਕੁਝ ਗੁਆ ਬਹਿੰਦੇ ਹਨ ਤੇ ਇਹ ਤੁਛ ਦਾਣੇ ਵਾਲਾ

WWW.SIKHBOOKCLUB.COM

ਸ਼ਹਿਜ਼ਾਦਾ ਫਸਲ ਪੈਦਾ ਕਰਕੇ ਚੰਗਾ ਧਨਪਤਿ ਤੇ ਫੌਜਾਂ ਦਾ ਵਾਲੀ ਬਣ ਜਾਂਦਾ ਹੈ, ਇਹੋ ਰਾਜਾ ਦਲੀਪ ਹੈ ਜਿਸਨੂੰ ਉਸਦਾ ਪਿਤਾ ਰਾਜਗੱਦੀ ਦਿੰਦਾ ਹੈ। ਦੂਜੀ ਕਹਾਣੀ ਚੀਨ ਦੇ ਬਾਦਸ਼ਾਹ ਦੀ ਹੈ, ਉਸਦੇ ਵਜ਼ੀਰਾਂ ਨੇ ਪੁਛਿਆ 'ਤੁਹਾਥੋਂ ਬਾਦ ਕਿਸਨੂੰ ਗੱਦੀ ਬਿਠਾਈਏ ?' ਉਸ ਦਾ ਜਵਾਬ ਸੀ 'ਜਿਸਦੇ ਨ ਹੱਥ ਨ ਪੈਰ, ਨ ਅੱਖਾਂ ਤੇ ਨ ਜ਼ਬਾਨ ਹੋਵੇ।' ਵਜ਼ੀਰਾਂ ਹੈਰਾਨ ਹੋ ਕੇ ਕਿਹਾ ਇਸਦਾ ਕੀ ਭਾਵ ਹੈ ? ਬਾਦਸ਼ਾਹ ਨੇ ਕਿਹਾ ਜੋ ਕਿਸੇ ਦਾ ਮਾਲ ਚੁਰਾਂਦਾ ਨਹੀਂ, ਮਾੜੇ ਪਾਸੇ ਕਦਮ ਨਹੀਂ ਰਖਦਾ, ਮਾੜੀ ਨਜ਼ਰ ਨਾਲ ਵੇਖਦਾ ਨਹੀਂ, ਮਾੜਾ ਬੋਲਦਾ ਨਹੀਂ—ਇਸ ਤਰ੍ਹਾਂ ਦਾ ਬੰਦਾ ਰਾਜਗੱਦੀ ਲਈ ਉਪਯੋਗੀ ਹੈ। ਤੀਜੀ ਕਹਾਣੀ ਬਛਤ੍ਰਮਤੀ ਦੀ ਹੈ ਜੋ ਬੀਰੰਗਨਾ ਯੁੱਧ ਕਰਕੇ ਰਾਜਾ ਸੁਭਟ ਸਿੰਘ ਨੂੰ ਵਰਦੀ ਹੈ। ਇਸ ਲੜਾਈ ਵਿਚ ਅੰਬਰ, ਜੋਧਪੁਰ ਤੇ ਬੂੰਦੀ ਦੇ ਰਾਜੇ ਵੀ ਜੁੱਧ ਕਰਦੇ ਦੱਸੇ ਹਨ। ਚੌਥੀ ਕਹਾਣੀ ਕਾਜ਼ੀ ਦੀ ਔਰਤ ਦੀ ਹੈ, ਜੋ ਆਪਣੇ ਪਤੀ ਦਾ ਸਿਰ ਵੱਢਕੇ ਯਾਰ ਨੂੰ ਖੁਸ਼ ਕਰਦੀ ਹੈ ਤੇ ਪਿਛੋਂ ਉਹ ਵੀ ਪ੍ਰੇਸ਼ਾਨ ਹੁੰਦਾ ਹੈ। ਪੰਜਵੀਂ ਕਹਾਣੀ ਇਕ ਵਜ਼ੀਰ ਦੀ ਲੜਕੀ ਦੀ ਹੈ ਜੋ ਬਹਾਦਰੀ ਤੇ ਚਤੁਰਾਈ ਨਾਲ ਆਪਣੇ ਪਿਤਾ ਨੂੰ ਛੁਡਾਕੇ ਲਿਆਉਂਦੀ ਹੈ। ਛੇਵੀਂ ਕਹਾਣੀ ਅਸਫੰਦਯਾਰ ਦੀ ਪੋਤੀ ਰੋਮ ਦੀ ਮਲਕਾ ਦੀ ਹੈ ਜੋ ਆਪਣੇ ਨਜਾਇਜ਼ ਪੁੱਤਰ ਨੂੰ ਸੰਦੂਕ ਵਿਚ ਪਾ ਕੇ ਦਰਿਆ ਵਿਚ ਰੋੜ੍ਹ ਦਿੰਦੀ ਹੈ ਜਿਸ ਨੂੰ ਧੋਬੀ ਪਾਲਦੇ ਹਨ ਤੇ ਪਿਛੋਂ ਮਲਕਾ ਪਛਾਣ ਕੇ ਆਪਣਾ ਲੈਂਦੀ ਤੇ 'ਦਰਾਬ' ਨਾਂ ਰੱਖ ਕੇ ਰਾਜ ਗੱਦੀ ਤੇ ਬਿਠਾਉਂਦੀ ਹੈ।

ਸੱਤਵੀਂ ਕਹਾਣੀ ਵਿਚ ਔਰਤ ਆਪਣੇ ਯਾਰ ਪਿਛੇ ਦੋ ਪੁੱਤਰ ਕਤਲ ਕਰ ਦਿੰਦੀ ਤੇ ਫਿਰ ਫਕੀਰਨੀ ਹੋ ਕੇ ਉਸ ਨੂੰ ਮਿਲਦੀ ਹੈ। ਅੱਠਵੀਂ ਕਹਾਣੀ ਐਸੀ ਹੈ, ਜਿਸ ਵਿਚ ਇਕ ਚਾਲਾਕ ਔਰਤ ਯਾਰ ਨੂੰ ਸਿਰ ਮੂੰਹ ਮੁੰਨਕੇ ਤੀਵੀਂ ਬਣਾਕੇ ਰਖਦੀ ਹੈ ਤੇ ਰਾਜਾ ਸਮਝਦਾ ਹੈ ਕਿ ਇਹ ਇਸਦੀ ਸਹੇਲੀ ਹੈ।

ਨੌਵੀਂ ਕਥਾ ਵਿਚ ਇਕ ਪ੍ਰੇਮੀ ਜੋੜੇ ਦਾ ਹਾਲ ਹੈ ਜੋ ਕਈ ਸੰਕਟ ਝੱਲ ਕੇ ਅੰਤ ਸਫਲਤਾ ਪਾਉਂਦੇ ਹਨ। ਦਸਵੀਂ ਕਹਾਣੀ ਵਿਚ ਇਕ ਪਰੇਮਕਾ ਆਪਣੇ ਪਰੇਮੀ ਲਈ ਜਫਰ ਜਾਲਦੀ ਤੇ ਸ਼ੇਰ ਸ਼ਾਹ ਦੇ ਤਬੇਲੇ ਵਿਚੋਂ ਘੋੜੇ ਚੁਰਾਕੇ ਉਸਦੀ ਭੇਟ ਕਰਦੀ ਹੈ।

ਗਿਆਰਵੀਂ ਕਹਾਣੀ ਇਕ ਪਠਾਣੀ ਦੀ ਹੈ ਜੋ ਰਹੀਮੇ ਦੀ ਔਰਤ ਸੀ ਤੇ ਜਿਸਨੇ ਪਤੀ ਦੇ ਆਉਣ ਤੇ ਆਪਣੇ ਯਾਰ ਹੁਸਨ ਖਾਂ ਨੂੰ ਵੱਢਕੇ ਮਾਸ ਧਰ ਦਿਤਾ ਸੀ।

ਸੋ ਇਹ ਕਹਾਣੀਆਂ ਬਹਾਦਰੀ, ਚਾਲਾਕੀ ਤੇ ਛਲ ਫਰੇਬ ਦੀਆਂ ਕਹਾਣੀਆਂ ਹਨ। ਉਸ ਸਮੇਂ ਫਾਰਸੀ ਵਿਚ ਐਸੀਆਂ ਕਹਾਣੀਆਂ ਲਿਖਣ ਦਾ ਆਮ ਰਿਵਾਜ ਸੀ। ਤੇ ਗੁਰੂ ਜੀ ਨੇ ਇਹ ਗਲਪ ਰਚਨਾ ਕੀਤੀ। ਜਦੋਂ ਅਸੀਂ 'ਚਰਿਤ੍ਰ ਪਖਯਾਨ' ਦੀਆਂ ਕਹਾਣੀਆਂ ਨਾਲ ਇਹਨਾਂ ਦਾ ਮੁਕਾਬਲਾ ਕਰਦੇ ਹਾਂ ਤਾਂ ਇਹ ਫ਼ਾਰਸੀ ਕਹਾਣੀਆਂ ਰੂਪਕ ਪੱਖ ਤੋਂ ਉਹਨਾਂ ਨਾਲੋਂ ਵਧੇਰੇ ਸੋਹਣੀਆਂ ਤੇ ਦਿਲਚਸਪ ਪ੍ਰਤੀਤ ਹੁੰਦੀਆਂ ਹਨ, ਖ਼ਾਸ ਕਰਕੇ ਫ਼ਾਰਸੀ ਸ਼ਾਇਰੀ ਦਾ ਅੰਦਾਜ਼ ਇਹਨਾਂ ਦੀ ਮਨੋਹਰਤਾ ਵਿਚ ਵਾਧਾ ਕਰਦਾ ਹੈ।

ਉਪਰੋਕਤ ਵੇਰਵਿਆਂ ਤੋਂ ਸਪਸ਼ਟ ਹੀ ਹੈ ਕਿ ਇਹਨਾਂ ਕਹਾਣੀਆਂ ਦਾ ਵਿਸ਼ਾ-ਵਸਤੂ ਜ਼ਫ਼ਰਨਾਮੇ ਨਾਲ ਕਿਸੇ ਤਰ੍ਹਾਂ ਵੀ ਸਬੰਧਿਤ ਨਹੀਂ, ਇਸਨੂੰ ਐਂਵੇ ਖਿਚ-ਧੂਹ ਕੇ ਜੋੜਨਾ ਉਚਿਤ ਪ੍ਰਤੀਤ ਨਹੀਂ ਹੁੰਦਾ । ਚਿਠੀ ਚਿਠੀ ਹੀ ਹੈ ਤੇ ਸੰਕਟ ਕਾਲ ਵਿਚ ਲਿਖੀ ਚਿਠੀ ਤਾਂ ਆਪਣੇ ਵਿਸ਼ੇ ਤੋਂ ਜ਼ਰਾ ਜਿੰਨਾ ਇਧਰ ਉਧਰ ਹੋਣ ਦੀ ਆਗਿਆ ਨਹੀਂ ਦਿੰਦੀ । ਜੇਕਰ ਕਥਾ-ਵਸਤੂ ਕੁਝ ਰਲਦਾ ਮਿਲਦਾ ਹੁੰਦਾ ਤਾਂ ਅਜੇਹਾ ਅਨੁਮਾਨ ਕੀਤਾ ਜਾ ਸਕਦਾ ਸੀ ਪਰੰਤੂ ਇਹਨਾਂ ਕਹਾਣੀਆਂ ਦੀ ਸਾਰੀ ਗੱਲ ਹੀ ਵੱਖਰੀ ਹੈ । ਕੇਵਲ ਇਕੱਠੀਆਂ ਲਿਖੀਆਂ ਵੇਖਕੇ ਤੇ ਫ਼ਾਰਸੀ ਵਿਚ ਹੋਣ ਕਰਕੇ ਇਹਨਾਂ ਨੂੰ ਜ਼ਫ਼ਰਨਾਮੇ ਦਾ ਭਾਗ ਮੰਨ ਲੈਣਾ ਨਿਆਇ-ਸੰਗਤ ਨਹੀਂ । ਸੋ ਨ ਹਕਾਯਤਾਂ ਜ਼ਫ਼ਰਨਾਮੇ ਦਾ ਭਾਗ ਹਨ ਤੇ ਨਾ ਹੀ ਜ਼ਫ਼ਰਨਾਮਾ ਇਹਨਾਂ ਦਾ ਹਿੱਸਾ ਹੈ । ਦੋਵੇਂ ਸੁਤੰਤਰ ਰਚਨਾਵਾਂ ਹਨ ਤੇ ਦੋਹਾਂ ਦੇ ਵੱਖਰੇ ਵੱਖਰੇ ਥਾਂ ਹਨ । ਇਕ ਇਤਿਹਾਸਕ ਹੈ ਤੇ ਇਕ ਕਾਲਪਨਿਕ, ਇਕ ਆਪਬੀਤੀ ਦਸਦੀ ਹੈ ਤੇ ਦੂਜੀ ਜਗਬੀਤੀ ।

SIKHBOOKCLUB.COM

## ੧੦. ਜ਼ਫਰਨਾਮਾ

ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਫ਼ਾਰਸੀ ਰਚਨਾਵਾਂ ਪ੍ਰਾਪਤ ਹਨ—ਹਕਾਯਾਤ, ਫ਼ਤਿਹਨਾਮਾ ਤੇ ਜ਼ਫ਼ਰਨਾਮਾ। ਫ਼ਤਿਹਨਾਮਾ ਸ਼ਾਇਦ ਔਰੰਗਜ਼ੇਬ ਵਲ ਲਿਖੀ ਪਹਿਲੀ ਚਿਠੀ ਹੈ ਜਿਸਦੇ ਕੇਵਲ ੨੪ ਕੁ ਸ਼ੇਅਰ ਪ੍ਰਾਪਤ ਹਨ ਪਰੰਤੂ ਦਸਮ ਗਰੰਥ ਵਿਚ ਇਹ ਸ਼ਾਮਿਲ ਨਹੀਂ। ਜ਼ਫਰਨਾਮਾ ਉਹ ਛੰਦਬਧ ਫ਼ਾਰਸੀ ਖ਼ਤ ਹੈ ਜੋ ਗੁਰੂ ਜੀ ਨੇ ੧੭੬੨ ਬਿ. ਦੇ ਮੁੱਢ ਵਿਚ ਦੀਨੇ ਕਾਂਗੜ (ਜ਼ਿਲਾ ਫ਼ੀਰੋਜ਼ਪੁਰ) ਦੇ ਮੁਕਾਮ ਤੋਂ ਔਰੰਗਜ਼ੇਬ ਦੇ ਨਾਮ ਲਿਖਕੇ ਭੇਜਿਆ ਸੀ। ਕੁਝ ਹੱਥਲਿਖਤ ਬੀੜਾਂ ਵਿਚ ਇਸਨੂੰ 'ਜੰਗਨਾਮਾ' ਕਰਕੇ ਵੀ ਲਿਖਿਆ ਗਿਆ ਹੈ। ਇਸ ਦੇ ਕੁਲ ਪ੍ਰਾਪਤ ਸ਼ੇਅਰ ੧੧੧ ਹਨ, ਕਈਆਂ ਹਕਾਯਤ ਨੰ. ਸੱਤ ਵਿਚ ਆਏ ੪ ਸ਼ੇਅਰ 'ਕੁਜਾ ਸ਼ਾਹਿ ਕੈਖੁਸਰੂ ਓ ਜ਼ਾਮਿ ਜਮ' ਆਦਿ ਮਿਲਾ ਕੇ ਇਹ ਗਿਣਤੀ ੧੧੫ ਦਿਤੀ ਹੈ।

SIKHBOOKCLUB.COM

ਮਾਲਵੇ ਵਿਚ ਕਾਂਗੜ, ਸਿੱਧੂ ਬੈਰਾੜਾਂ ਦੀ ਤਾਕਤ ਦਾ ਗੜ੍ਹ ਸੀ। ਰਾਇ ਜੋਧ ਦੇ ਪੁੱਤਰ ਤਖਤ ਮੱਲ, ਲਖਮੀਰ ਤੇ ਸ਼ਮੀਰ ਆਦਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ। ਸਤਿਗੁਰੂ ਚਮਕੌਰ ਦੀ ਜੰਗ ਬਾਦ ਇਹਨਾਂ ਪਾਸ ਹੀ ਆ ਕੇ ਠਹਿਰੇ ਸਨ ਤੇ ਇਥੋਂ ਹੀ ਆਪ ਨੇ ਇਹ ਖ਼ਤ (ਜ਼ਫਰਨਾਮਾ) ਲਿਖ ਕੇ ਭਾਈ ਦਇਆ ਸਿੰਘ ਦੇ ਹੱਥ ਔਰੰਗਜ਼ੇਬ ਪਾਸ ਅਹਿਮਦ ਨਗਰ ਪਹੁੰਚਦਾ ਕੀਤਾ ਸੀ, ਕਿਉਂਕਿ ਬਾਦਸ਼ਾਹ ਦੱਖਣ ਵਿਚ ਬਗ਼ਾਵਤ ਦਬਾਉਣ ਲਈ ਗਿਆ ਹੋਇਆ ਸੀ ਤੇ ਦੇਰ ਤੋਂ ਉਥੇ ਹੀ ਟਿਕਿਆ ਹੋਇਆ ਸੀ। ਉਸਦੀ ਉਮਰ ਲਗ ਭਗ ੯੦ ਸਾਲ ਹੋ ਚੁਕੀ ਸੀ ਤੇ ਉਹ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ।

ਇਸ ਖ਼ਤ ਦਾ ਕਲੇਵਰ ਕਿਤਨਾ ਕੁ ਸੀ, ਕੁਲ ਕਿੰਨੇ ਸ਼ੇਅਰ ਸਨ, ਇਸ ਬਾਰੇ ਨਿਸਚਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਜੈਸਾ ਕਿ ਅਸੀਂ ਪਿਛੇ ਕਹਿ ਚੁਕੇ ਹਾਂ ਕਿ ਇਹ ਦਸਮ ਗਰੰਥ ਦੀਆਂ ਪੁਰਾਤਨ ਬੀੜਾਂ ਵਿਚ ਬਾਕੀ ਫ਼ਾਰਸੀ ਹਕਾਯਤਾਂ ਦੇ ਨਾਲ ਹੀ ਦਰਜ ਮਿਲਦਾ ਹੈ। ਦਸਮ ਗਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮੂਹ ਰਚਨਾ ਦਾ ਸੰਕਲਿਤ ਗਰੰਥ ਹੈ ਜਿਸ ਵਿਚ ਆਪਦੀ ਹਿੰਦੀ, ਪੰਜਾਬੀ ਤੇ ਫ਼ਾਰਸੀ ਰਚਨਾਵਲੀ ਸੰਭਾਲ ਦੇ ਖ਼ਿਆਲ ਨਾਲ ਇਕੱਤਰ ਕਰ ਦਿਤੀ ਗਈ ਹੈ। ਜ਼ਫ਼ਰਨਾਮਾ ਕਿਉਂਕਿ ਫ਼ਾਰਸੀ ਵਿਚ ਸੀ, ਇਸ ਲਈ ਇਸ ਨੂੰ ਫ਼ਾਰਸੀ ਹਕਾਯਤਾਂ (ਕਹਾਣੀਆਂ) ਦੇ ਮੁੱਢ ਵਿਚ ਲਾ ਦਿਤਾ ਗਿਆ। ਵੈਸੇ ਇਹਨਾਂ ਹਕਾਯਤਾਂ ਨਾਲ, ਜਿਨ੍ਹਾਂ ਵਿਚ ਕੁਝ ਤ੍ਰਿਯਾ ਚਰਿਤਰ ਜਾਂ ਕੁਝ ਰਾਜਿਆਂ

ਦੀਆਂ ਕਹਾਣੀਆਂ ਹਨ, ਇਸਦਾ ਪ੍ਰਸੰਗਕ ਵਾਸਤਾ ਕੋਈ ਨਹੀਂ। ਕੇਵਲ ਭਾਸ਼ਾ ਦੀ ਏਕਤਾ ਕਰਕੇ ਇਸ ਨੂੰ ਇਥੇ ਰਖਿਆ ਗਿਆ ਹੈ। ਆਮ ਸੰਪਰਦਾਈ ਗਿਆਨੀਆਂ ਦਾ ਖਿਆਲ ਸੀ, ਕਿ ਇਹ ਫ਼ਾਰਸੀ ਹਕਾਯਤਾਂ ਵੀ ਗੁਰੂ ਜੀ ਨੇ ਸਿਖਿਆ ਲਈ ਔਰੰਗਜ਼ੇਬ ਵਲ ਲਿਖਕੇ ਜ਼ਫ਼ਰਨਾਮੇ ਦੇ ਨਾਲ ਘੱਲੀਆਂ ਸਨ ਪਰ ਇਹ ਗੱਲ ਠੀਕ ਨਹੀਂ ਕਿਉਂਕਿ ਹਿਕਾਯਤਾਂ ਦਾ ਮਜ਼ਮੂਨ ਇਸ ਤਰ੍ਹਾਂ ਦੀ ਸਿਖਿਆ ਦੀਖਿਆ ਨਹੀਂ। ਹਾਂ, ਇਹ ਤਾਂ ਸੰਭਵ ਹੈ ਕਿ ਦਹ ਖ਼ਤ (ਜ਼ਫ਼ਰਨਾਮਾ) ਹੋਰ ਵਧੇਰੇ ਲੰਮੇਰਾ ਹੋਵੇ ਤੇ ਸਾਡੇ ਤਕ ਮੁਕੰਮਲ ਨ ਪਹੁੰਚਿਆ ਹੋਵੇ। ਚੂੰਕਿ ਇਕ ਪੁਰਾਤਨ ਲੇਖਕ ਭਾ: ਕੇਸਰ ਸਿੰਘ ਛਿੱਬਰ ਨੇ ਜ਼ਫ਼ਰਨਾਮੇ ਦੇ ੧੪੦੦ ਬੈਂਤ ਹੋਣ ਦਾ ਜ਼ਿਕਰ ਕੀਤਾ ਹੈ ਸ਼ਾਇਦ ਭਾਵ ਇਥੇ ਇਕ ਸੌ ਚੌਦਾਂ ਵੀ ਹੋ ਸਕਦਾ ਹੈ ਤੇ ਉਹਨਾਂ ਇਹ ਵੀ ਲਿਖਿਆ ਹੈ ਕਿ ਭਾਈ ਦਇਆ ਸਿੰਘ ਮੁਨਸ਼ੀ ਨੇ, ਜਿਸਦੀ ਜਾਤ ਸੋਪਤੀ ਖਤਰੀ ਸੀ, ਇਹ ਖ਼ਤ ਔਰੰਗਜ਼ੇਬ ਪਾਸ ਪਹੁੰਚਾਉਣ ਦਾ ਜ਼ਿੰਮਾ ਲਿਆ ਸੀ। ਇਹ ਭਾਈ ਦਇਆ ਸਿੰਘ ਮੁਨਸ਼ੀ, ਪੰਜ ਪਿਆਰਿਆਂ ਵਿਚੋਂ ਮੁਖੀ ਪਿਆਰਾ ਹੀ ਸੀ।*

ਓਥੋਂ ਸਾਹਿਬ ਕਾਂਗੜ ਨੂੰ ਕੂਚ ਕਰ ਗਏ
ਉਥੇ ਜਾਇ ਬੈਂਤ ਰਚਉਂਦਾ ਸੌ ਉਚਰਤੇ ਭਏ
ਬਚਨ ਕੀਤਾ, ਜੋ ਕੋਈ ਸਿਖ ਸੀਸ ਦੇਵੇ ਸੋ ਅਉਰੰਗੇ ਪਾਸ ਲੈ ਜਾਏ।
ਦਇਆ ਸਿੰਘ ਖਤਰੀ ਸੋਪਤੀ ਮੁਨਸ਼ੀ ਹਥ ਜੋੜ ਖੜੋਤਾ ਆਇ। ੫੬੩।
ਬਚਨ ਕੀਤਾ 'ਅਦਬ ਨਾਲ ਪੱਤ੍ਰੀ ਅਉਰੰਗੇ ਦੇ ਹਥਿ ਦੇਣੀ।'
ਤਿਨ ਕਹਿਆ, 'ਜੀ ਤੇਰੀ ਕ੍ਰਿਪਾ ਤੇਰੇ ਬਲ ਕਰ ਉਸ ਹੈ ਲੈਣੀ।'

[ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਹੱਥਲਿਖਤ)

ਇਕ ਦੋ ਹੋਰ ਲੇਖਕਾਂ ਵੀ ਜ਼ਫ਼ਰਨਾਮੇ ਦੇ ਸ਼ੇਅਰ ਹੋਰ ਜ਼ਿਆਦਾ ਹੋਣ ਦਾ ਜ਼ਿਕਰ ਕੀਤਾ ਹੈ ਪਰ ਹੁਣ ਜੋ ਕੁਝ ਮਿਲਦਾ ਹੈ, ਉਹ ਇਕ ਸੌ ਗਿਆਰਾਂ ਸ਼ੇਅਰ ਹੀ ਹਨ। ਪਹਿਲੀ ਚਿੱਠੀ 'ਫ਼ਤਿਹਨਾਮਾਂ' ਦੇ ਸ਼ੇਅਰਾਂ ਨੂੰ ਇਸ ਦੇ ਨਾਲ ਨੱਥੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਜਿਥੇ ਉਸ ਵਿਚ ਕੇਵਲ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ‡ ਵਲ ਇਸ਼ਾਰਾ ਹੈ, ਉਥੇ ਜ਼ਫ਼ਰਨਾਮੇ ਵਿਚ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਲ ਸੰਕੇਤ ਹੈ—

ਚਿਹਾਂ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।

---

* ਮਹਿਮਾ ਪ੍ਰਕਾਸ਼ ਵਿਚ ਇਵੇਂ ਦਸਿਆ ਹੈ —

ਦਇਆ ਸਿੰਘ ਸੋਪਤਿ ਜਾਤ, ਸਿਆਲਕੋਟ ਤਾਂਕੋ ਵਤਨ
ਮਹਾਂਬੀਤ ਸੁਭ ਗਾਤ, ਮਨ ਤਨ ਗੁਰ ਅਰਪਨ ਕਰਾ। ੧।

‡ ਚਿ ਸ਼ੁਦ ਗਰ ਸ਼ਗਾਲ ਬ ਮਕਰੋ ਰਿਆ।
ਹਮੀ ਕੁਸ਼ਤ ਦੋ ਬੱਚਹਾਏ ਸ਼ੇਰ ਰਾ। [ਫ਼ਤਿਹਨਾਮਾ

ਇਸ ਤੋਂ ਜ਼ਾਹਰ ਹੈ ਕਿ ਇਹ ਖ਼ਤ ਉਸ ਤੋਂ ਪਿਛੋਂ ਲਿਖਿਆ ਗਿਆ ਵੱਖਰਾ ਖ਼ਤ ਹੈ ਤੇ 'ਜ਼ਫ਼ਰਨਾਮਾ' ਨਾਂ ਤੇ ਇਸੇ ਦੀ ਪ੍ਰਸਿੱਧੀ ਹੈ । ਇਕ ਗੱਲ ਹੋਰ ਵੀ ਪਰਗਟ ਹੁੰਦੀ ਹੈ ਕਿ ਇਹ ਜ਼ਫ਼ਰਨਾਮਾ ਬਾਦਸ਼ਾਹ ਦੀ ਕਿਸੇ ਚਿੱਠੀ ਤੇ ਜ਼ਬਾਨੀ ਸਨੇਹੇ ਦਾ ਜਵਾਬ ਹੈ ਜੋ ਉਸ ਨੇ ਕਿਸੇ ਕਾਜ਼ੀ ਜਾਂ ਹਾਕਮ ਹੱਥ ਗੁਰੂ ਸਾਹਿਬ ਵਲ ਘੱਲਿਆ ਸੀ :--

ਨਵਿਸ਼ਤਾ ਰਸੀਦੋ ਬਗੁਫ਼ਤਾ ਜ਼ਬਾਂ ।
ਬਬਾਯਦ ਕਿ ਕਾਰੀਂ ਬਰਾਹਤ ਰਸਾਂ ।

ਇਸ ਚਿਠੀ ਦੇ ਦੋ ਭਾਗ ਹਨ ਪਹਿਲੇ ੧੨ ਸ਼ਿਅਰਾਂ ਵਿਚ ਮੰਗਲਾਚਰਣ ਹੈ । ਫ਼ਿਰ 'ਦਾਸਤਾਨ' ਨਾਂ ਹੇਠ ਸਾਰੀ ਵਿਥਿਆ ਲਿਖੀ ਹੈ ਕਿ ਕਿਵੇਂ ਸਰਕਾਰੀ ਹਾਕਮਾਂ ਤੇ ਸੈਨਾਪਤੀਆਂ ਵਲੋਂ ਵਿਸ਼ਵਾਸਘਾਤ ਕੀਤਾ ਗਿਆ ਹੈ । ਅਸੀਂ ਇਸ ਚਿਠੀ ਦੇ ਅਹਿਮ ਨੁਕਤਿਆਂ ਬਾਰੇ ਕ੍ਰਮਵਾਰ ਵੀਚਾਰ ਕਰਦੇ ਹਾਂ :—

੧. ਜ਼ਫ਼ਰਨਾਮੇ ਦਾ ਹਰ ਸ਼ਬਦ ਚੜ੍ਹਦੀ ਕਲਾ ਦੀ ਉਗਾਹੀ ਭਰਦਾ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਕਾਲ ਪੁਰਖ ਉਤੇ ਅਟੱਲ ਭਰੋਸਾ ਤੇ ਸਾਹਸ ਕਿੰਨਾ ਦ੍ਰਿੜ੍ਹ ਤੇ ਮਜ਼ਬੂਤ ਸੀ, ਉਹ ਹਿੰਦ ਦੀ ਵੱਡੀ ਸਲਤਨਤ ਨਾਲ ਟੱਕਰ ਲੈਂਦੇ ਤੇ ਸੰਕਟਾ ਵਿਚੋਂ ਲੰਘ ਕੇ ਵੀ ਆਪਣੇ ਆਪ ਨੂੰ ਅਡੋਲ ਰਖਦੇ ਹਨ । ਉਹ ਸਾਫ਼ ਕਹਿੰਦੇ ਹਨ, ਹੇ ਔਰੰਗਜ਼ੇਬ ! ਜੇ ਤੇਰੀ ਨਿਗ੍ਹਾ ਲਸ਼ਕਰਾਂ ਅਤੇ ਮਾਲ ਖਜ਼ਾਨਿਆਂ ਉਤੇ ਹੈ ਤਾਂ ਮੇਰੀ ਨਜ਼ਰ ਕੇਵਲ ਆਪਣੇ ਪ੍ਰਭੂ ਤੇ ਲਗੀ ਹੋਈ ਹੈ :—

'ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ।
ਕਿ ਮਾਰਾ ਨਿਗ੍ਹਾ ਅਸਤ ਯਜ਼ਦਾਂ ਸ਼ੁਕਰ ।'
'ਕਿ ਊਰਾ ਗ਼ਰੂਰ ਅਸਤ ਬਰ ਮੁਲਕੋ ਮਾਲ ।
ਵ ਮਾਰਾ ਪਨਾਹਸਤ ਯਜ਼ਦਾਂ ਅਕਾਲ ।'

ਚਮਕੌਰ ਦੀ ਗੜ੍ਹੀ ਵਿਚ ਚਾਲ੍ਹੀ ਭੁੱਖਣ-ਭਾਣੇ ਸਿਖਾਂ ਦੇ ਨਿਕੇ ਦਸਤੇ ਨੂੰ ਬੇਸ਼ੁਮਾਰ ਸ਼ਾਹੀ ਫੌਜ ਦੇ ਟਿੱਡੀ ਦਲ ਨਾਲ ਟਕਰਾ ਦੇਣਾ ਇਸੇ ਨਿਸ਼ਚੇ ਦਾ ਸ਼ਾਨਦਾਰ ਕਾਰਨਾਮਾ ਸੀ ।

੨. ਇਸ ਚਿੱਠੀ ਵਿਚ ਜਿਥੇ ਔਰੰਗਜ਼ੇਬ ਦੇ ਕਈ ਗੁਣਾਂ ਦੀ ਪ੍ਰਸ਼ੰਸਾ ਹੈ, ਉਥੇ ਨਿਝਕ ਹੋ ਉਸਦੀਆਂ ਕਮਜ਼ੋਰੀਆਂ ਤੇ ਔਗੁਣਾਂ ਤੋਂ ਵੀ ਪਰਦਾ ਚੁਕਿਆ ਹੈ । ਉਸ ਸਮੇਂ ਕਿਸੇ ਦੀ ਮਜਾਲ ਨਹੀਂ ਸੀ ਕਿ ਮੁਗ਼ਲ ਸਾਮਰਾਜ ਦੇ ਇਸ ਵੱਡੇ ਥੰਮ ਨੂੰ ਕੋਈ ਵੰਗਾਰ ਸਕੇ ਪਰ ਗੁਰੂ ਸਾਹਿਬ ਨੇ ਪੂਰੀ ਨਿਰਭੈਤਾ ਨਾਲ ਕਿਹਾ ਕਿ ਬੇਸ਼ਕ ਤੂੰ ਮੁਲਕਾਂ ਦਾ ਬਾਦਸ਼ਾਹ ਹੈਂ ਪਰ ਈਮਾਨਦਾਰੀ ਤੇ ਧਰਮ ਤੋਂ ਸਚਮੁਚ ਸੱਖਣਾ ਹੀ ਹੈਂ ।

'ਸ਼ਹਿਨਸ਼ਾਹ ਔਰੰਗਜ਼ੇਬ ਆਲਮੀਂ ।
ਕਿ ਦਾਰਾਏ ਦੌਰ ਅਸਤ ਦੂਰਸਤ ਦੀਂ ।'

ਆਖ਼ਰ ਤਾੜਨਾ ਵੀ ਕੀਤੀ ਹੈ ਕਿ ਤੂੰ ਬੇਵਫ਼ਾ ਜ਼ਮਾਨੇ ਦੇ ਚੱਕਰ ਵਲ ਵੇਖ, ਕਿਵੇਂ ਉਹ ਸਭ ਨੂੰ ਚੀਰਦਾ ਜਾ ਰਿਹਾ ਹੈ ਤੇ ਇਕ ਦਿਨ ਤੈਨੂੰ ਵੀ ਜ਼ਰੂਰ ਸ਼ਿਕਾਰ ਬਣਾ ਲਵੇਗਾ ।

ਬਬੀਂ ਗਰਦਸ਼ਿ ਬੇਵਫ਼ਾਏ ਜ਼ਮਾਂ,
ਕਿ ਬਰ ਹਰ ਬਿਗੁਜ਼ਰਦ ਮਕੀਨੋ ਮਕਾਂ।

... ... ...

ਮਜ਼ਨ ਤੇਗ ਬਰ ਖ਼ੂਨਿ ਕਸ ਬੇਦਰੇਗ
ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬ ਤੇਗ।

੩. ਜਿਥੇ ਤਕ ਤੇਰੀ ਇਸਲਾਮ ਮਜ਼੍ਹਬ ਦੀ ਸੇਵਾ ਦਾ ਤੱਲਕ ਹੈ, ਇਹ ਵੀ ਇਕ ਢੌਂਗ ਹੀ ਹੈ। ਨ ਤੂੰ ਸੱਚੇ ਦੀਨੀ ਢੰਗਾਂ ਤੇ ਚਲਣ ਵਾਲਾ ਹੈਂ ਤੇ ਨਾ ਹੀ ਤੇਰਾ ਹਜ਼ਰਤ ਦੇ ਅਸਲ ਅਸੂਲਾਂ ਤੇ ਕੋਈ ਯਕੀਨ ਹੈ :—

ਨ ਈਮਾਂ ਪ੍ਰਸਤੀ ਨ ਅਉਜ਼ਾਇ ਦੀਂ।
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ।

ਗੁਰੂ ਸਾਹਿਬ ਨੇ ਇਕ ਗੱਲ ਹੋਰ ਵੀ ਚੇਤੇ ਕਰਾਈ ਹੈ ਕਿ ਇਸਲਾਮ ਬੁਤ-ਪ੍ਰਸਤੀ ਦੇ ਖਿਲਾਫ਼ ਹੈ, ਮੈਂ ਵੀ ਬੁਤਪ੍ਰਸਤੀ ਦਾ ਹਾਮੀ ਨਹੀਂ ਪਰ ਤੂੰ ਅਸੂਲ ਨੂੰ ਛਿੱਕੇ ਟੰਗ ਕੇ ਬੁਤਪ੍ਰਸਤ ਪਹਾੜੀਆਂ ਨਾਲ ਗਾਂਢਾ-ਸਾਂਢਾ ਕੀਤਾ। ਇਹ ਤੇਰੀ ਧਰਮ-ਵਿਰੋਧੀ ਕਾਰਵਾਈ ਸਲਾਹੀ ਨਹੀਂ ਜਾ ਸਕਦੀ।

੪. ਗੁਰੂ ਸਾਹਿਬ ਜਿਥੇ ਇਸ ਚਿੱਠੀ ਦਾ ਸਿਰਲੇਖ ਹੀ 'ਵਿਜੈ ਪੱਤਰ' (ਜ਼ਫ਼ਰਨਾਮਾ) ਰੱਖਦੇ ਹਨ, ਉਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਨੇਕੀ ਦੀ ਜਿੱਤ ਵਿਚ ਕਿਤਨਾ ਅਤੁਟ ਵਿਸ਼ਵਾਸ ਸੀ। ਅਨੰਦਪੁਰ ਦੇ ਉਜਾੜੇ, ਬਰਬਾਦੀ ਤੇ ਪਰਿਵਾਰ ਦੀਆਂ ਹਿਰਦੇ-ਵੇਧਕ ਮੌਤਾਂ ਨੇ ਉਹਨਾਂ ਦੇ ਇਸ ਨਿਸਚੇ ਨੂੰ ਡੋਲਣ ਨਹੀਂ ਦਿਤਾ। ਉਹਨਾਂ ਕਿਹਾ, 'ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿਤੇ ਗਏ, ਆਖਰ ਮਾਸੂਮਾਂ ਦੀ ਕਾਤਲ ਸ਼ਹਿਨਸ਼ਾਹੀਅਤ ਬੁਰੀ ਤਰ੍ਹਾਂ ਮਾਰ ਖਾਏਗੀ ਤੇ ਜਿਉਂਦੀ-ਜਾਗਦੀ ਜਨਤਾ (ਭੁਝੰਗੀ ਖ਼ਾਲਸਾ) ਵਧੇ ਫੁਲੇਗੀ।

ਚਿ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ।
ਕਿ ਆਤਸ਼ ਦਮਾ ਰਾ ਫ਼ਰੋਜ਼ਾਂ ਕੁਨੀ।

੫. ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਲੜਾਈ ਅਤੇ ਖ਼ੂਨ ਖਰਾਬੇ ਦੇ ਹੱਕ ਵਿਚ ਨਹੀਂ ਸਨ। ਉਹ ਚਾਹੁੰਦੇ ਸਨ ਕਿ ਹਰ ਹੀਲੇ ਗੱਲਬਾਤ ਤੇ ਅਮਨ-ਅਮਾਨ ਦੇ ਤਰੀਕੇ ਨਾਲ ਮਾਮਲਾ ਨਿਪਟਾਇਆ ਜਾਵੇ। ਪਰ ਜਦ ਇਹ ਸ਼ਾਂਤੀ ਦੇ ਤਰੀਕੇ ਕਾਰਗਰ ਸਾਬਤ ਨ ਹੋਣ ਤਾਂ ਉਹ ਜ਼ੁਲਮ-ਦਮਨ ਲਈ ਤਲਵਾਰ ਦੀ ਵਰਤੋਂ ਵੀ ਜਾਇਜ਼ ਸਮਝਦੇ ਸਨ। ਸਾਫ਼ ਕਿਹਾ ਹੈ—

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

ਜਦੋਂ ਉਹਨਾਂ ਚਮਕੌਰ ਦੀ ਗੜ੍ਹੀ ਵਿਚ ਲੜਾਈ ਲੜਦਿਆਂ ਅਗੇ ਵਧ ਰਹੇ ਨਾਹਰ ਖ਼ਾਂ ਦੇ ਤੀਰ ਮਾਰਿਆ ਤੇ ਉਹ ਬੇਚਾਰਾ ਥਾਂ ਹੀ ਢਹਿ ਢੇਰੀ ਹੋ ਗਿਆ। ਇਸ ਤੀਰੰਦਾਜ਼ੀ

ਦਾ ਕਮਾਲ ਰੱਖਣ ਦੇ ਬਾਵਜੂਦ ਆਪ ਕਹਿੰਦੇ ਹਨ ਕਿ ਖੁਆਜਾ ਦੀਵਾਰ ਓਹਲੇ ਹੀ ਲੁਕਿਆ ਰਿਹਾ ਜੇ ਉਹ ਵੀ ਮਰਦਾਂ ਵਾਂਗ ਕਿਤੇ ਅੱਗੇ ਆਉਂਦਾ ਤਾਂ ਮਜਬੂਰਨ ਮੈਂ ਉਸ ਨੂੰ ਇਕ ਤੀਰ ਬਖਸ਼ ਛਡਦਾ—

'ਦਰੇਗ਼ਾ ਅਗਰ ਰੂਏ ਓ ਦੀਦਮੇ । ਬਯਕ ਤੀਰ ਲਾਚਾਰ ਬਖਸ਼ੀਦਮੇ ।'

੬. ਬਾਦਸ਼ਾਹ ਦੇ ਦੀਵਾਨਾਂ ਤੇ ਫੌਜੀ ਅਧਿਕਾਰੀਆਂ ਵਲੋਂ ਜੋ ਝੂਠੀਆਂ ਕਸਮਾਂ ਖਾਧੀਆਂ ਗਈਆਂ ਯਾ ਝੂਠੇ ਇਕਰਾਰ ਕੀਤੇ ਗਏ ਕਿ ਜੇਕਰ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਛੱਡ ਜਾਣ ਤਾਂ ਸ਼ਾਹੀ ਫੌਜ ਆਪ ਨੂੰ ਕੁਝ ਨਹੀਂ ਕਹੇਗੀ; ਇਹਨਾਂ ਝੂਠੇ ਇਕਰਾਰਾਂ ਦੀ ਤੇ ਅਹਿਦ ਤੋੜਨ ਦੀ ਕ੍ਰਿਆ ਨੂੰ ਜ਼ਫ਼ਰਨਾਮੇ ਵਿਚ ਬਾਰ ਬਾਰ ਨਿੰਦਿਆ ਗਿਆ ਤੇ ਬਾਦਸ਼ਾਹ ਨੂੰ ਇਨਸਾਫ਼ ਕਰਨ ਲਈ ਪਰੇਰਿਆ ਹੈ। ਬਾਦਸ਼ਾਹ ਜਾਂ ਉਸ ਦੇ ਹਾਕਮਾਂ, ਕਾਜ਼ੀਆਂ ਵਲੋਂ ਲਿਖਤੀ ਤੌਰ ਤੇ ਕੁਰਾਨ ਦੀ ਕਸਮ ਖਾ ਕੇ ਕੋਈ ਅਮਨ-ਅਮਾਨ ਦਾ ਭਰੋਸਾ ਦਿਤਾ ਸੀ। ਇਹ ਲਿਖਤ ਦੋਨੋ ਕਾਗ਼ਜ਼ ਗੁਰੂ ਸਾਹਿਬ ਦੇ ਪਾਸ ਮੌਜੂਦ ਸੀ। ਉਹਨਾਂ ਇਸੇ ਲਈ ਔਰੰਗਜ਼ੇਬ ਨੂੰ ਇਥੋਂ ਤਕ ਕਿਹਾ ਹੈ ਕਿ ਜੇਕਰ ਤੈਨੂੰ ਇਹ ਕਸਮਨਾਮਾ ਦੇਖਣ ਦੀ ਲੌੜ ਪਵੇ ਤਾਂ ਇਹ ਵੀ ਘੱਲ ਕੇ ਦਿਖਾਇਆ ਜਾ ਸਕਦਾ ਹੈ :—

ਤੁਰਾ ਗਰ ਬਬਾਯਦ ਓ ਕਉਲੇ ਕੁਰਾਂ
ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾ।

ਇਸ ਤੋਂ ਪਤਾ ਲਗਦਾ ਹੈ ਕਿ ਸ਼ਾਹੀ ਫੌਜਾਂ ਵਲੋਂ ਬਚਨ-ਭੰਗ ਕਰਨ ਦਾ ਆਪ ਨੂੰ ਕਿਤਨਾ ਗਿਲਾ ਤੇ ਰੋਸ ਸੀ। *ਆਪ ਨੇ ਸਪਸ਼ਟ ਤੌਰ ਤੇ ਇਹ ਗੱਲ ਆਖੀ ਹੈ ਕਿ ਮਰਦ ਉਹ ਜੋ ਬਚਨਾਂ ਦਾ ਪੂਰਾ ਹੋਵੇ, ਇਹ ਠੀਕ ਨਹੀਂ ਕਿ ਦਿਲ ਵਿਚ ਕੁਝ ਹੋਰ ਹੋਵੇ ਤੇ ਮੂੰਹ ਵਿਚ ਕੁਝ ਹੋਰ :—

ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ।
ਨ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ।

੭. ੪-੫ ਸ਼ਿਅਰਾਂ ਵਿਚ ਗੁਰੂ ਸਾਹਿਬ ਨੇ ਮਾਨੋ ਸਰਕਾਰੀ ਪੇਸ਼ਕਸ਼ ਨੂੰ ਦੁਹਰਾਇਆ ਹੈ ਚਾਹੇ ਇਹ ਪੇਸ਼ਕਸ਼ ਖੁਦ ਬਾਦਸ਼ਾਹ ਵਲੋਂ ਕੀਤੀ ਗਈ ਸੀ ਜਾਂ ਫਿਰ ਉਸਦੇ ਖ਼ਾਸ ਰੁਕਨ ਨਵਾਬ ਵਜ਼ੀਰ ਖਾਂ ਆਦਿਕ ਵਲੋਂ। ਭਾਈ ਰਣਧੀਰ ਸਿੰਘ ਜੀ ਨੇ ਇਹ ਅਰਥ ਲਾਏ ਹਨ ਜੋ ਕਾਫ਼ੀ ਢੁਕਵੇਂ ਜਾਪਦੇ ਹਨ। ਸਰਕਾਰੀ ਸੁਝਾਉ ਸੀ ਕਿ ਗੁਰੂ ਸਾਹਿਬ ਕਸਬਾ

---

* ਮਹਾ ਬੋਝ ਹੈ ਸੀਸ ਪੈ ਜਾਨ ਤੇਰੇ। ਭਏ ਕੌਲ ਥੇ ਕੌਲ ਸੋ ਲੌਗ ਤੇਰੇ।
ਲਿਖਾ ਹੈ ਤੁਝੈ ਜਾਨ ਈਮਾਨ ਮੰਗੇ। ਕਰੇਗੋ ਕਹਾਂ ਜੀਵ ਕਰਤਾਰ ਮੰਗੇ
ਸੁਖਨ ਮਰਦ ਕੋ ਜਾਨ ਮੈਂ ਜਾਨ ਰਾਖੇ। ਸੁਖਨ ਥੰਸੁਖਨ ਅਉਰ ਕੀ ਅਉਰ ਭਾਖੇ।
ਦਿਲੋਂ ਜਾਨ ਸੇ ਕਾਮ ਕੋ ਜਾਨ ਕੀਜੈ। ਕਰੋਗੋ ਜ਼ਰੂਰੀ ਨਹੀਂ ਢੀਲ ਕੀਜੈ। ੫੮੨।
[ਸ੍ਰੀ ਗੁਰਸੋਭਾ, ਕ੍ਰਿਤ ਸੈਣਾ ਸਿੰਘ

ਕਾਂਗੜ ਵਿਚ ਤਸ਼ਰੀਫ ਲੈ ਆਉਣ, ਉਥੇ ਫਿਰ ਮੁਲਾਕਾਤ ਹੋ ਸਕੇਗੀ। ਇਹ ਵੀ ਕਿਹਾ, ਇਸ ਰਾਹ ਤੁਹਾਨੂੰ ਕੋਈ ਖ਼ਤਰਾ ਨਹੀਂ ਕਿਉਂਕਿ ਸਾਰੇ ਬੈਰਾੜ ਸਾਡੇ ਮਾਤਹਿਤ ਹਨ। ਤੁਸੀਂ ਆਓ ਤਾਂ ਕਿ ਆਹਮੋ ਸਾਹਮਣੇ ਗੱਲ ਕਰ ਲਈਏ ਤੇ ਮਿਹਰਵਾਨੀ ਕਰਕੇ ਦਿਖਾਈਏ। ਜੇ ਇਥੇ ਆ ਜਾਓ ਤਾਂ ਇਕ ਹਜ਼ਾਰੀ ਦਾ ਮਨਸਬ ਵੀ ਹਾਸਲ ਕਰ ਸਕੋਗੇ।

ਅਸਲ ਸਿਅਰ ਇਹ ਹਨ—

ਕਿ ਤਸ਼ਰੀਫ ਦਰ ਕਸਬਾ ਕਾਂਗੜ ਕੁਨਦ
ਵ ਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ। ੫੮।

ਨ ਜ਼ਰਾ ਦਰੀਂ ਰਾਹਿ ਖ਼ਤਰਾ ਤੁਰਾਸਤ
ਹਮਾ ਕੌਮਿ ਬੈਰਾੜ ਹੁਕਮਿ ਮਰਾਸਤ। ੫੯।

ਬਿਆ ਤਾਂ ਬਮੰਨ ਖ਼ੁਦ ਜ਼ਬਾਨੀ ਕੁਨੇਮ
ਬਰੂਇ ਸ਼ੁਮਾ ਮਿਹਰਬਾਨੀ ਕੁਨੇਮ। ੬੦।

ਯਕੇ ਅਸਪ ਸ਼ਾਇਸਤਾਇ ਯਕ ਹਜ਼ਾਰ
ਬਿਆ ਤ ਬਗੀਰੀ ਬਮਨ ਈ ਦਯਾਰ। ੬੧।

ਇਹ ਗੱਲਾਂ ਗੁਰੂ ਸਾਹਿਬ ਨੇ ਇਸ ਲਈ ਦੁਹਰਾਈਆਂ ਹਨ ਤਾਂ ਜੁ ਬਾਦਸ਼ਾਹ ਨੂੰ ਪਤਾ ਲਗ ਸਕੇ ਕਿ ਹਕੂਮਤ ਨੇ ਕੀ ਕੀ ਭਰੋਸਾ ਦਿਤਾ ਸੀ ਮਗਰ ਪਿਛੋਂ ਇਸਦੇ ਉਲਟ ਕੇਹੀ ਭੈੜੀ ਕਾਰਵਾਈ ਕੀਤੀ।

੮. ਇਕ ਆਦਰਸ਼ਵਾਦੀ ਸੰਗਰਾਮੀਏ ਨੂੰ ਕਿਸ ਤਰ੍ਹਾਂ ਸੰਕਟ ਮਈ ਇਨਕਲਾਬੀ ਸਰਗਰਮੀਆਂ ਵਿਚੋਂ ਲੰਘ ਕੇ ਦ੍ਰਿੜ੍ਹ ਤੇ ਅਡੋਲ ਰਹਿਣਾ ਚਾਹੀਦਾ ਹੈ ਤੇ ਕਿਵੇਂ ਆਪਣੀ ਮਾਨਸਕ ਅਵਸਥਾ ਨੂੰ ਆਸ਼ਾ-ਭਰਪੂਰ ਰੱਖਣਾ ਯੋਗ ਹੈ, ਇਸਦੀ ਮੁਕੰਮਲ ਤਸਵੀਰ 'ਜ਼ਫਰਨਾਮੇ' ਵਿਚ ਮਿਲਦੀ ਹੈ ਜੋ ਪਾਠਕ ਨੂੰ ਸਚਮੁਚ ਪ੍ਰੇਰਨਾ ਤੇ ਉਤਸ਼ਾਹ ਬਖ਼ਸ਼ਦੀ ਹੈ। ਉਹ ਗੁਣਗੁਣਾਉਂਦਾ ਹੈ, 'ਦੁਸ਼ਮਨ ਕੀ ਕਰ ਸਕਦਾ ਹੈ, ਜੇ ਪਰਮੇਸ਼ਰ ਵਰਗਾ ਦੋਸਤ ਮਿਹਰਵਾਨ ਹੋਵੇ।

'ਚਿ ਦੁਸਮਨ ਕੁਨਦ ਮਿਹਰਬਾਂ ਅਸਤ ਦੋਸਤ
ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ।'

੯. ਇਹ ਫਾਰਸੀ ਰਚਨਾ ਗੁਰੂ ਸਾਹਿਬ ਦੀ ਫ਼ਾਰਸੀ ਯੋਗਤਾ ਤੇ ਅਧਿਐਨ ਦਾ ਵੀ ਇਕ ਚੰਗਾ ਪ੍ਰਮਾਣ ਪੇਸ਼ ਕਰਦੀ ਹੈ। ਇਸ ਦੀਆਂ ਅੰਦਰਲੀਆਂ ਗਵਾਹੀਆ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਦਾ ਫਾਰਸੀ ਮੁਤਾਲਿਆ ਕਾਫੀ ਵਿਸ਼ਾਲ ਸੀ, ਚੰਗੇ ਚੰਗੇ ਫਾਰਸੀ ਸ਼ਾਇਰਾਂ ਦੇ ਕਥਨ ਉਹਨਾਂ ਦੀ ਜ਼ਬਾਨ ਤੇ ਸਨ। ਇਕ ਥਾਂ ਸਤਿਗੁਰੂ ਆਪਣੇ ਕਥਨ ਦੀ ਪੁਸ਼ਟੀ ਲਈ ਫਿਰਦੌਸੀ ਦਾ ਹਵਾਲਾ ਦਿੰਦੇ ਕਹਿੰਦੇ ਹਨ ਕਿ ਫਿਰਦੌਸੀ ਨੇ ਕੇਹੀ ਅੱਛੀ ਜ਼ਬਾਨ ਵਿਚ ਕੇਹਾ

ਸੋਹਣਾ ਫ਼ਿਰਾ ਹੈ ਕਿ ਕਾਹਲੀ ਕਰਨਾ ਸ਼ੈਤਾਨ ਦਾ ਕੰਮ ਹੈ —

ਕਿ ਖ਼ੁਸ਼ ਗੁਫਤ ਫਿਰਦੌਸੀਏ ਖ਼ੁਸ਼ ਜ਼ਬਾਂ
ਸ਼ਤਾਬੀ ਬਵਦ ਕਾਰਿ ਅਹਰਿਮਨਾ ।

ਇਵੇਂ ਜਿਵੇਂ ਸ਼ੇਖ ਸਾਅਦੀ ਦੀ 'ਗੁਲਿਸਤਾਂ' ਵਿਚੋਂ ਇਹ ਸ਼ਿਅਰ ਥੋੜੇ ਜੇਹੇ ਫਰਕ ਨਾਲ ਆਪ ਨੇ ਥਾਂ ਸਿਰ ਢੁਕਵਾਂ ਬਣਾ ਕੇ ਵਰਤਿਆ ਹੈ :

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ।

'ਗੁਲਿਸਤਾਂ' ਵਿਚ ਇਹ ਸ਼ਿਅਰ ਇਉਂ ਹੈ :—

ਚੂ ਦਸ਼ਤ ਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ।

ਇਹ ਸੰਕੇਤ ਇਸ ਗੱਲ ਦੀ ਪੁਸ਼ਟੀ ਲਈ ਕਾਫ਼ੀ ਹਨ ਕਿ ਗੁਰੂ ਸਾਹਿਬ ਦੇ ਗਹਿਰੇ ਅਧਿਐਨ ਦੇ ਕਾਰਣ ਚੰਗੇ ਮਹਾਨ ਕਵੀਆਂ ਦੇ ਬਚਨ ਉਹਨਾਂ ਦੀ ਜ਼ਬਾਨ ਤੇ ਸਨ ਤੇ ਲੋੜ ਅਨੁਸਾਰ ਉਹ ਇਹਨਾਂ ਨੂੰ ਪ੍ਰਸੰਗ ਵਿਚ ਅਪਣੇ ਕਥਨ ਦੀ ਪੁਸ਼ਟੀ ਲਈ ਗੁੰਦ ਸਕਣ ਦਾ ਵੀ ਕਮਾਲ ਰਖਦੇ ਸਨ ।

੯. ਸਾਹਿਤਕ ਪੱਖ ਤੋਂ ਇਹ ਗੱਲ ਵੀ ਗੌਰਵ ਤੇ ਨਿਪੁਣਤਾ ਵਾਲੀ ਹੈ ਕਿ ਗੁਰੂ ਸਾਹਿਬ ਨੇ ਇਹ ਫ਼ਾਰਸੀ ਰਚਨਾ ਕਰਦਿਆਂ ਸ਼ੇਅਰਾਂ ਵਿਚ ਕਈ ਹਿੰਦੁਸਤਾਨੀ ਪਦ ਬੜੀ ਖ਼ੂਬਸੂਰਤੀ ਨਾਲ ਪ੍ਰੋਏ ਹਨ । ਕਲਾ ਦਾ ਕਮਾਲ ਇਹ ਹੈ ਕਿ ਅਜੇਹੇ ਸ਼ਬਦ ਓਪਰੇ ਨਹੀਂ ਲਗਦੇ ਸਗੋਂ ਸ਼ੇਅਰ ਦੇ ਬਾਕੀ ਜੁਸੇ ਨਾਲ ਅਭੇਦ ਹੋ ਗਏ ਹਨ । ਜਿਵੇਂ ਸੱਚਾ ਪਾਤਸ਼ਾਹ ਅਕਾਲ, ਤਰੰਕਾਰ (ਟੇਕਾਰ) ਚਾਕਰੇਮ (ਮੈਂ ਚਾਕਰ ਹਾਂ) ਆਦਿ ।

੧੦. ਜਿਥੋਂ ਤਕ ਇਸ ਚਿਠੀ ਦੀ ਕਾਵਿ-ਰਚਨਾ ਵਿਚ ਅਲੰਕਾਰਕ ਸ਼ਿੰਗਾਰਾਂ ਦਾ ਤੱਲਕ ਹੈ, ਉਹ ਵੀ ਕਵੀ-ਗੁਰੂ ਨੇ ਆਪਣੇ ਬਿਆਨ ਵਿਚ ਸਹਿਜ ਸੁਭਾ ਸਜਾਏ ਹਨ, ਕੋਈ ਉਚੇਚ ਨਹੀਂ ਕੀਤਾ । ਕਲਾ ਦੇ ਪੱਖ ਤੇ ਇਹਨਾਂ ਦਾ ਚਮਤਕਾਰ ਮੰਨਣਾ ਪੈਂਦਾ ਹੈ ਜਿਵੇਂ ਇਸ ਸ਼ੇਅਰ ਵਿਚ 'ਕਾਫ' ਤੇ 'ਰੇ' ਦਾ ਅਨੁਪ੍ਰਾਸ—

ਕਮਾਲਿ ਕਰਾਮਾਤ ਕਾਯਮ ਕਰੀਮ ।
ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾ ਕੁਨ ਰਹੀਮ । ੧ ।

ਅਜੇਹੀ ਸ਼ਬਦ ਚਮਤਕਾਰੀ ਵਰਤੋਂ ਅਨੇਕ ਥਾਈਂ ਹੈ । ਜਿਥੋਂ ਤਕ ਰੂਪਕ, ਉਪਮਾ ਤੇ ਦ੍ਰਿਸ਼ਟਾਂਤਾਂ ਦਾ ਤੱਲਕ ਹੈ, ਇਹ ਵੀ ਲੋੜ ਅਨੁਸਾਰ ਵਰਤੇ ਗਏ ਹਨ ਜਿਵੇਂ ਕਿ ਤੀਰਾਂ ਗੋਲੀਆਂ ਦੀ ਇੰਨੀ ਬਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁਲ ਵਾਂਗ ਲਾਲੋ ਲਾਲ ਹੋ ਗਈ. ਮਰੇ ਹੋਏ ਬੰਦਿਆਂ ਦੇ ਸਿਰ ਪੈਰਾਂ ਦੇ ਢੇਰ ਇਉਂ ਲਗ ਗਏ ਜਿਵੇਂ ਖੇਡ ਦਾ ਮੈਦਾਨ ਖਿਦੋ ਖੂੰਡੀਆਂ ਨਾਲ ਭਰਿਆ ਹੋਵੇ । ਜੋ ਹੁਮਾ ਦੇ ਪਰਛਾਵੇਂ ਹੇਠ ਆ ਗਿਆ, ਕਾਂ ਉਸ ਦਾ ਕੁਝ ਵਿਗਾੜ ਨਹੀਂ ਸਕਦਾ, ਸ਼ੇਰ ਦੀ ਸ਼ਰਨ ਆਇਆ ਭੇਡ ਬੱਕਰੀ ਦਾ ਡਰ

ਜਾਂਦਾ ਰਹਿੰਦਾ ਹੈ, ਕਾਲੀਪੋਸ਼ ਫੌਜ ਮੱਖੀਆਂ ਵਾਂਗ ਆ ਪਈ, ਉਹ ਤੇਚ ਹੜ੍ਹ ਵਾਂਗ ਤੇ ਤੇਜ਼ ਤੀਰ ਵਾਂਗ ਆਇਆ। ਜਦ ਸੰਸਾਰ ਦਾ ਦੀਵਾ (ਸੂਰਜ) ਬੁਝ ਗਿਆ ਤਾਂ ਰਾਤ ਦਾ ਬਾਦਸ਼ਾਹ (ਚੰਦਰਮਾਂ) ਪੂਰੀ ਸਜ ਧਜ ਨਾਲ ਨਿਖਰਕੇ ਆਇਆ, ਆਦਿਕ।

੧੨. ਜ਼ਫਰਨਾਮੇ ਦਾ ਛੰਦ ਆਮ ਮਸਨਵੀਆਂ ਵਿਚ ਵਰਤਿਆ ਜਾਣ ਵਾਲਾ, ਫ਼ਾਰਸੀ ਦਾ ਬੜਾ ਪ੍ਰਸਿੱਧ ਬਹਿਰ ਹੈ ਜਿਵੇਂ ਕਿ ਹਿੰਦੀ ਰਚਨਾ ਦਾ ਚੌਪਈ। ਫਿਰਦੌਸੀ ਦੇ ਸ਼ਾਹਨਾਮੇ ਵਰਗੀਆਂ ਮਹਾਨ ਰਚਨਾਵਾਂ ਤੇ ਕਈ ਹੋਰ ਮਸਨਵੀਆਂ ਇਸੇ ਛੰਦ ਵਿਚ ਰਚੀਆਂ ਮਿਲਦੀਆਂ ਹਨ। ਇਸ ਛੰਦ ਦਾ ਵਜ਼ਨ ਹੈ—

ਫਊਲਨ, ਫਊਲਨ, ਫਊਲਨ, ਫਊਲ।

ਇਸ ਜ਼ਫਰਨਾਮੇ ਰਾਹੀਂ ਗੁਰੂ ਸਾਹਿਬ ਦੀ ਖ਼ੁਦਾ-ਪ੍ਰਸਤੀ, ਅਡੋਲਤਾ, ਨਿਧੜਕਤਾ, ਦਲੇਰੀ ਤੇ ਸਚਾਈ ਦਾ ਨੱਬੇ ਵਰੇ ਦੇ ਬੁੱਢੇ ਬਾਦਸ਼ਾਹ ਔਰੰਗਜ਼ੇਬ ਦੇ ਮਨ ਤੇ ਤਕੜਾ ਡੂੰਘਾ ਪ੍ਰਭਾਵ ਪਿਆ। ਉਸ ਨੇ ਮਹਿਸੂਸ ਕੀਤਾ ਕਿ ਸਚਮੁਚ ਇਕ ਰੱਬੀ ਫ਼ਕੀਰ ਨਾਲ ਮੇਰੀ ਹਕੂਮਤ ਤੇ ਸ਼ਾਹੀ ਫੌਜਾਂ ਵਲੋਂ ਜ਼ਿਆਦਤੀ ਹੋਈ ਹੈ। ਇਤਿਹਾਸ ਵਿਚ ਇਸ ਬਾਰੇ ਦੋ ਸੰਕੇਤ ਮਿਲਦੇ ਹਨ, ਇਕ ਤਾਂ ਇਹ ਕਿ ਔਰੰਗਜ਼ੇਬ ਨੇ ਫੌਰਨ ਸਬੰਧਤ ਹਾਕਮਾਂ ਨੂੰ ਫ਼ੁਰਮਾਨ ਘੱਲੇ ਕਿ ਉਹ ਗੁਰੂ ਸਾਹਿਬਾਨ ਨਾਲ ਕਿਸੇ ਕਿਸਮ ਦਾ ਦ੍ਵੈਸ਼ ਭਾਵ ਨ ਕਰਨ। ਦੂਸਰੇ ਜਿਵੇਂ ਕਿਵੇਂ ਸੁਰਖਿਅਤ ਤਰੀਕੇ ਨਾਲ ਉਹਨਾ ਨੂੰ ਮੇਰੇ ਪਾਸ ਪਹੁੰਚਦਾ ਕਰਨ ਤਾਂਕਿ ਜ਼ਬਾਨੀ ਸਾਰੀ ਗਲ ਹੋ ਸਕੇ।* ਸਿਖ ਇਤਿਹਾਸ ਵਿਚ ਇਹ ਵੀ ਆਇਆ ਹੈ ਕਿ ਇਸ ਚਿੱਠੀ ਨੂੰ ਪੜ੍ਹ ਕੇ ਬਾਦਸ਼ਾਹ ਦੇ ਮਨ ਉਤੇ ਅਪਣੇ ਔਗੁਣਾਂ ਤੇ ਕਮਜ਼ੋਰੀਆਂ ਦਾ ਇਤਨਾ ਡੂੰਘਾ ਅਹਿਸਾਸ ਹੋਇਆ ਕਿ ਉਹ ਇਸੇ ਹੀ ਗ਼ਮ ਵਿਚ ਅਪਣੇ ਪ੍ਰਾਣ ਤਿਆਗ ਗਿਆ।

ਕੁਝ ਵੀ ਹੋਵੇ ਇਸ ਸਚਾਈ-ਭਰੀ ਜ਼ੋਰਦਾਰ ਲਿਖਤ ਦੇ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜ ਵੀ ਉਸ ਮਹਾਨ ਇਨਕਲਾਬੀ ਗੁਰੂ ਦੀ ਇਹ ਚਿੱਠੀ ਸਾਮਰਾਜੀ ਤਾਕਤਾਂ ਨੂੰ ਵੰਗਾਰਦੀ ਤੇ ਸੱਚ ਧਰਮ ਲਈ ਜੂਝਣ ਵਾਲਿਆਂ ਨੂੰ ਉਭਾਰਦੀ ਹੈ।

---

* ਇਤਿਹਾਸ ਤੋਂ ਇਹ ਗਲ ਸਪਸ਼ਟ ਹੈ ਕਿ ਔਰੰਗਜ਼ੇਬ ਨੇ ਗੁਰੂ ਸਾਹਿਬ ਦੇ ਇਸ ਪੱਤਰ ਤੋਂ ਪ੍ਰਭਾਵਿਤ ਹੋਕੇ ਸੂਬਾ ਲਾਹੌਰ ਤੇ ਸੂਬਾ ਸਰਹੰਦ ਨੂੰ ਹਦਾਇਤ ਕੀਤੀ ਸੀ ਕਿ ਸਤਿਗੁਰਾਂ ਨੂੰ ਸਤਿਕਾਰ ਪਿਆਰ ਤੇ ਪੂਰੇ ਸਰਕਾਰੀ ਪ੍ਰਬੰਧ ਨਾਲ ਇਥੇ ਪਹੁੰਚਾਇਆ ਜਾਵੇ ਤਾਂ ਕਿ ਮੁਲਾਕਾਤ ਹੋ ਸਕੇ। ਇਸ ਬਾਰੇ ਲਾਹੌਰ ਦੇ ਨਾਇਬ ਸੂਬੇਦਾਰ ਮੁਨਇਮ ਖ਼ਾਂ ਵਲੋਂ ਜੋ ਹਦਾਇਤ ਹੋਈ ਉਸਦਾ ਉਤਾਰਾ ਔਰੰਗਜ਼ੇਬ ਦੇ ਮੁਨਸ਼ੀ ਮਿਰਜ਼ਾ ਇਨਾਯਤੁੱਲਾ ਖ਼ਾਂ ਇਸਮੀ ਵਲੋਂ ਸੰਕਲਿਤ ਸ਼ਾਹੀ ਹੁਕਮਾਂ 'ਅਹਿਕਾਮਿ ਅਲਮਗੀਰੀ' ਵਿਚ ਦਰਜ ਹੈ। ਇਹ ਖਰੜਾ ਰਾਮਪੁਰ (ਯੂ.ਪੀ.) ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ।

[ਫੁਟ ਨੋਟ ਬਾਕੀ ਦੇਖੋ ਸਫ਼ਾ 145]

ਇਸ ਦਾ ਇਹ ਪ੍ਰੇਰਣਾਮਈ ਗੁਣ—ਚੜ੍ਹਦੀ ਕਲਾ—ਸਦਾ ਚਿਰੰਜੀਵ ਰਹੇਗਾ ਤੇ ਅੱਗੁਗਾਮੀ ਸ਼ਕਤੀਆਂ ਨੂੰ ਸਮਰੱਥਾ ਪ੍ਰਦਾਨ ਕਰਦਾ ਰਹੇਗਾ ।

ਭਾਰਤ ਦੇ ਇਤਿਹਾਸ ਵਿਚ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਵਿਚਾਰ ਲਿਆਂਦੇ ਤੇ ਭਾਰਤੀਆਂ ਨੂੰ ਟੁੰਬ ਕੇ ਜਗਾਇਆ, ਉਸ ਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ । ਆਪ ਨੂੰ ਮੁਗਲ ਸਾਮਰਾਜ ਦੇ ਜਬਰ ਵਿਰੁਧ ਜੀਵਨ-ਭਰ ਘੋਲ ਕਰਨਾ ਪਿਆ, ਉਹਨਾਂ ਦੇ ਪਿਤਾ ਨੇ ਵੀ ਇਸੇ ਸੰਗ੍ਰਾਮ ਵਿਚ ਆਪਣਾ ਬਲੀਦਾਨ ਦਿਤਾ ਤੇ ਉਹਨਾਂ ਆਪ ਵੀ ੨੦-੨੫ ਵਰ੍ਹੇ ਇਸ ਅਤਿਆਚਾਰ ਨਾਲ ਟੱਕਰ ਲੈ ਕੇ ਮੁਸ਼ੀਬਤਾਂ ਵਿਚ ਲੰਘਾਏ ਪਰੰਤੂ ਬਾਵਜੂਦ ਇਹਨਾਂ ਔਖਿਆਈਆਂ ਅਤੇ ਸੰਕਟਾਂ ਦੇ ਉਹ ਡੋਲੇ ਨਹੀਂ, ਘਬਰਾਏ ਨਹੀਂ, ਅਪਣੇ ਆਦਰਸ਼ਾਂ ਉਤੇ ਦ੍ਰਿੜ੍ਹ ਰਹੇ । ਉਹਨਾਂ ਦੀ ਇਸ ਅਡੋਲਤਾ ਤੇ ਦ੍ਰਿੜ੍ਹਤਾ ਦੀ ਇਕ ਸੁੰਦਰ ਤੇ ਸ਼ਕਤੀਵਾਨ ਨਿਸ਼ਾਨੀ ਇਹ ਜ਼ਫ਼ਰਨਾਮਾ ਹੈ ਜੋ ਉਹਨਾਂ ਦੇ

---

[ਫੁਟ ਨੋਟ ਸਫ਼ਾ 144 ਦੀ ਬਾਕੀ]

'ਇਸ ਸਮੇਂ' ਬਾਦਸ਼ਾਹ ਸਲਾਮਤ ਵਲੋਂ ਤੁਹਾਨੂੰ (ਮੁਨਯਮ ਖ਼ਾਂ) ਲਿਖਣ ਦੀ ਆਗਿਆ ਹੋਈ ਹੈ ਕਿ ਨਾਨਕ-ਪ੍ਰਸਤਾਂ ਦੇ ਮੁਖੀ ਗੋਬਿੰਦ (ਸਿੰਘ) ਵਲੋਂ ਵਕੀਲ ਰਾਹੀਂ ਸ਼ਾਹੀ ਦਰਬਾਰ ਦੀ ਹਾਜ਼ਰੀ ਭਰਨ ਤੇ ਸ਼ਾਹੀ ਫ਼ੁਰਮਾਨ ਜਾਰੀ ਕਰਨ ਦੀ ਇੱਛਾ ਬਾਰੇ ਅਰਜ਼ੀ ਪੁਜੀ ਸੀ। ਬਾਦਸ਼ਾਹ ਨੇ ਫ਼ੁਰਮਾਨ ਜਾਰੀ ਕਰਕੇ ਉਹਨਾਂ ਨੂੰ ਸਨਮਾਨ ਬਖਸ਼ਿਆ ਹੈ, ਗੁਰਜ ਬਰਦਾਰ ਤੇ ਮਨਸਬਦਾਰ ਮੁਹੰਮਦ ਯਾਰ ਜੋ ਫ਼ੁਰਮਾਨ ਲੈ ਕੇ ਆ ਰਹੇ ਹਨ—ਇਹਨਾਂ ਨੂੰ ਇਹ ਹਸਬੁਲ ਹੁਕਮ ਆਪ ਜੀ ਤਕ ਪਹੁੰਚਾਉਣ ਦੀ ਆਗਿਆ ਹੋਈ ਹੈ । ਆਪਨੂੰ ਚਾਹੀਦਾ ਹੈ ਕਿ ਉਸ (ਗੁਰੂ) ਨੂੰ ਧਰਵਾਸ ਤੇ ਤਸੱਲੀ ਦੇ ਕੇ ਪਾਸ ਸੱਦੋ ਤੇ ਫ਼ੁਰਮਾਨ ਪਹੁੰਚਣ ਤੋਂ ਬਾਦ ਸਾਧਾਰਣ ਪਰਜਾ ਦੀ ਹੈਸੀਅਤ ਇਕ ਮਿਲਣਸਾਰ ਤੇ ਸਿਆਣਾ ਇਤਬਾਰੀ ਬੰਦਾ ਭੇਜਕੇ ਤੇ ਗੁਰਜ ਬਰਦਾਰ ਤੇ ਮਨਸਬਦਾਰ ਨਾਲ ਤੋਰਕੇ ਉਹਨਾਂ ਨੂੰ (ਗੁਰੂ ਜੀ) ਬਾਦਸ਼ਾਹ ਦੇ ਹਜ਼ੂਰ ਪਹੁੰਚਾਓ । ਇਸ ਸਬੰਧੀ ਬਾਦਸ਼ਾਹ ਸਲਾਮਤ ਵਲੋਂ ਅਤਿਅੰਤ ਤਾਕੀਦ ਸਮਝਣਾ ।

[ਮਾਖਜ਼ਿ ਤ੍ਵਾਰੀਖ਼ਿ ਸਿਖਾਂ, ਪੰਨਾ ੭੪]

ਸਾਨੂੰ ਇਹ ਵੀ ਪਤਾ ਹੈ ਕਿ ਬਾਦਸ਼ਾਹ ਨੇ ਜਿਥੇ ਉਕਤ ਗੁਰੂ ਜੀ ਨੂੰ ਮੁਲਾਕਾਤ ਲਈ ਸਤਿਕਾਰ-ਪੂਰਣ ਸੱਦਾ ਦਿਤਾ ਤਾਂ ਦੂਜੇ ਪਾਸੇ ਉਸਨੇ ਪੰਜਾਬ ਦੇ ਪ੍ਰਬੰਧਕ ਢਾਂਚੇ ਵਿਚ ਵੀ ਕੁਝ ਤਬਦੀਲੀ ਦੇ ਹੁਕਮ ਜਾਰੀ ਕੀਤੇ ਜਿਵੇਂ ਕਿ ਨਵਾਬ ਜ਼ਬਰਦੱਸਤ ਖ਼ਾਂ ਸੂਬੇਦਾਰ ਲਾਹੌਰ ਜੋ ਅਨੰਦਪੁਰ ਦੁਆਲੇ ਘੇਰਾ ਪਾਉਣ ਦਾ ਮੋਹਰੀ ਸੀ-ਉਸਨੂੰ ਅਜਮੇਰ ਭੇਜ ਦਿਤਾ ਤੇ ਲਾਹੌਰ ਦੀ ਸੂਬੇਦਾਰੀ ਮੁਅੱਜ਼ਮ ਸ਼ਾਹ (ਬਹਾਦਰ ਸ਼ਾਹ) ਨੂੰ ਸੌਂਪ ਦਿਤੀ ਤੇ ਮੁਨਯਮ ਖ਼ਾਂ ਉਸਦਾ ਨਾਇਬ ਬਣਿਆ । ਇਸੇ ਤਰ੍ਹਾਂ ਲੱਖੀ ਜੰਗਲ ਨੂੰ ਲਾਹੌਰ ਨਾਲੋਂ ਤੋੜਕੇ ਮੁਲਤਾਨ ਸੂਬੇ ਨਾਲ ਲਾ ਦਿਤਾ । ਜਿਥੇ ਕਿ ਮੁਹੰਮਦ ਮੁਇੱਜ਼ਦੀਨ ਸ਼ਾਹ (ਬਹਾਦਰਸ਼ਾਹ ਦਾ ਪੁੱਤਰ) ਬਤੌਰ ਨਾਇਬ ਸੂਬੇਦਾਰ ਦੇ ਸਾਰਾ ਕੰਮ ਚਲਾਉਂਦਾ ਸੀ ।

ਸੰਗ੍ਰਾਮ-ਪੂਰਣ ਜੀਵਨ ਦੇ ਉਭਾਰ ਨੂੰ ਬਹੁਤ ਅੱਛੀ ਤਰ੍ਹਾਂ ਪੇਸ਼ ਕਰਦਾ ਹੈ।

ਇਸ ਤੋਂ ਜਿਥੇ ਗੁਰੂ ਜੀ ਦੀ ਦਲੇਰੀ, ਉਤਸਾਹ ਤੇ ਮਜ਼ਬੂਤ ਇਰਾਦੇ ਦਾ ਪਤਾ ਲਗਦਾ ਹੈ, ਉਥੇ ਸਾਮਰਾਜ ਦੀਆਂ ਕਮਜ਼ੋਰੀਆਂ ਤੋਂ ਵੀ ਪਰਦਾ ਉਠਦਾ ਹੈ। ਇਹ ਚਿਠੀ ਉਸ ਸੰਗ੍ਰਾਮੀਏ ਦਾ ਚਿੱਤ੍ਰ ਮੂਰਤੀਮਾਨ ਕਰਦੀ ਹੈ ਜੋ ਨੇਕੀ ਤੇ ਧਰਮ ਲਈ ਡਟ ਕੇ ਲੜਦਾ ਤੇ ਏਸ ਖਾਤਰ ਆਪਣਾ ਸਭ ਕੁਝ ਨਿਛਾਵਰ ਕਰਕੇ ਵੀ ਜ਼ਰਾ ਦੁਖ ਮਹਿਸੂਸ ਨਹੀਂ ਕਰਦਾ। ਆਮ ਤੌਰ ਤੇ ਮੁਗ਼ਲ ਰਾਜ ਦੇ ਜ਼ਮਾਨੇ ਸਰਕਾਰੀ ਖਤ ਪੱਤਰ ਵਾਰਤਕ ਵਿਚ ਹੀ ਲਿਖੇ ਜਾਂਦੇ ਸਨ ਪਰ ਇਹ ਛੰਦ ਬੱਧ ਪੱਤਰ ਨਿਵੇਕਲੀ ਕਿਸਮ ਦਾ ਹੈ ਤੇ ਇਸ ਦਾ ਕਾਵਿ ਰੂਪ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੋਇਆ ਹੈ। ਸੋ ਇਹ ਰਚਨਾ ਕਲਾ ਦਾ ਹੀ ਕਮਾਲ ਨਹੀਂ, ਜ਼ਿੰਦਗੀ ਦਾ ਕਮਾਲ ਵੀ ਪੇਸ਼ ਕਰਦੀ ਸਾਨੂੰ ਸਭ ਨੂੰ ਅਜ ਵੀ ਉਤਸ਼ਾਹ ਤੇ ਸ਼ਕਤੀ ਪ੍ਰਦਾਨ ਕਰਦੀ ਹੈ।

SIKHBOOKCLUB.COM

## ੧੧. ਫੁਟਕਲ ਰਚਨਾਵਾਂ

ਵੱਡੇ ਛੋਟੇ ਗ੍ਰੰਥਾਂ ਤੋਂ ਇਲਾਵਾ ਕੁਝਕੁ ਫੁਟਕਲ ਰਚਨਾਵਾਂ ਵੀ ਦਸਮ ਗਰੰਥ ਵਿਚ ਆਈਆਂ ਹਨ ਜਿਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ—

(ੳ) ਸ਼ਬਦ ਹਜ਼ਾਰੇ—ਹਿੰਦੀ ਸਾਹਿਤ ਵਿਚ 'ਹਜ਼ਾਰੇ' ਇਕ ਕਾਵਿ-ਰੂਪ ਹੈ। ਕਈ ਕਵੀਆਂ ਦੇ 'ਹਜ਼ਾਰੇ' ਲਿਖੇ ਮਿਲਦੇ ਹਨ। ਹਜ਼ਾਰੇ ਦਾ ਭਾਵ ਹੈ ਚੋਣਵੇਂ ਅਮੋਲਕ ਬਚਨ। ਹਿਜਰ ਵਿਛੋੜੇ ਦੇ ਗੀਤਾਂ ਨੂੰ ਹਜ਼ਾਰੇ ਦੱਸਣਾ ਵਿਉਂਤਪਤੀ ਦੀ ਦ੍ਰਿਸ਼ਟੀ ਤੋਂ ਉਕਾ ਹੀ ਗਲਤ ਹੈ। ਸ੍ਰੀ ਦਸ਼ਮੇਸ਼ ਜੀ ਦੇ ਰਾਗਾਂ ਵਿਚ ਲਿਖੇ ਨੌਂ ਸ਼ਬਦਾਂ ਨੂੰ ਇਹ ਸਿਰਲੇਖ ਪਿਛੋਂ ਦਿਤਾ ਹੈ, ਪਹਿਲੇ 'ਸ਼ਬਦ ਰਾਗਾਂ ਕੇ' ਹੀ ਲਿਖਿਆ ਜਾਂਦਾ ਸੀ। ਇਨ੍ਹਾਂ ਸ਼ਬਦਾਂ ਵਿਚ ਪ੍ਰਭੂ ਅਤੇ ਪ੍ਰਭੂ ਸਿਮਰਨ ਦੀ ਵਡਿਆਈ, ਅਵਤਾਰਵਾਦ ਦਾ ਖੰਡਨ ਅਤੇ ਸੱਚੇ ਸੰਨਿਆਸ ਤੇ ਜੋਗ ਦਾ ਵਰਣਨ ਕੀਤਾ ਗਿਆ ਹੈ। ਇਹ ਰਾਮਕਲੀ ਸੋਰਠਿ, ਕਲਿਆਣ, ਤਿਲੰਗ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿਚ ਹਨ।

'ਮਿਤ੍ਰ ਪਿਆਰੇ ਨੂੰ' ਵਾਲਾ ਬਿਰਹੁ-ਗੀਤ ਵੀ ਮਗਰੋਂ ਇਸੇ ਮਾਲਾ ਵਿਚ ਪ੍ਰੋ ਦਿਤਾ ਗਿਆ, ਜੋ ਕਿ ਇਤਿਹਾਸਕ ਦੱਸ ਅਨੁਸਾਰ ਮਾਛੀਵਾੜੇ ਦੇ ਜੰਗਲ ਵਿਚ ਪਿਛੋਂ ਉਚਾਰਿਆ ਗਿਆ ਸੀ। ਗੁਰੂ ਸਾਹਿਬ ਦਾ ਚਾਰ-ਤੁਕਾ ਇਹ ਪੰਜਾਬੀ ਗੀਤ ਸਚਮੁਚ ਲਾਸਾਨੀ ਹੈ।

(ਅ) ੩੨ ਸਵਈਏ—ਇਹ ਸਵਈਏ ਇਕ ਤਰ੍ਹਾਂ ਅਕਾਲ-ਉਸਤਤਿ ਹੀ ਹਨ. ਵਿਸ਼ੇਸ਼ ਕਰ ਕੇ ਇਹਨਾਂ ਵਿਚ ਅਵਤਾਰਵਾਦ ਤੇ ਮੂਰਤੀ-ਪੂਜਾ ਦਾ ਸਖ਼ਤ ਵਿਰੋਧ ਹੈ। ਗੁਰੂ ਸਾਹਿਬ ਅਸੀਮ ਤੇ ਅਨੰਤ ਸ਼ਕਤੀ ਨੂੰ ਜਨਮ ਮਰਣ ਦੀ ਸੀਮਾ ਵਿਚ ਨਹੀਂ ਮੰਨਦੇ, ਇਸ ਨਾਲ ਸਰਬ ਵਿਆਪਕ ਸੱਤਾ ਦਾ ਸੰਕਲਪ ਧੁੰਦਲਾ ਪੈਂਦਾ ਹੈ। ਹਿੰਦੂ ਮਤ ਵਿਚ ਅਜੇਹੀਆਂ ਅਨੇਕਾਂ ਮਨੌਤਾਂ ਸਨ, ਜਿਨ੍ਹਾਂ ਨੂੰ ਆਪ ਨੇ ਸਪਸ਼ਟ ਸ਼ਬਦਾਂ ਵਿਚ ਰੱਦ ਕੀਤਾ ਹੈ।

ਇਸ ਤੋਂ ਇਲਾਵਾ ਪ੍ਰੋਹਤ ਜਮਾਤ-ਪੰਡਿਤ, ਜੋਗੀ ਤੇ ਮਸੰਦਾਂ ਦੀਆਂ ਕਰਤੂਤਾਂ ਉਤੇ ਵੀ ਸਖ਼ਤ ਆਲੋਚਨਾ ਹੈ।

(ੲ) ਖਾਲਸਾ ਦੇ ਲੱਛਣ ਦੱਸਣ ਵਾਲਾ ਸਵੈਈਆ 'ਜਾਗਤ ਜੋਤਿ ਜਪੈ ਨਿਸ ਬਾਸਰ' ਭਾਵੇਂ ਉਪਰੋਕਤ ਸਵਈਆਂ ਵਿਚ ਜੋੜ ਕੇ '੩੩ ਸਵਈਏ' ਕਰ ਲਏ ਗਏ ਹਨ, ਪਰ

ਇਹ ਸਵਈਆ ਪਿਛੋਂ ਵੱਖਰਾ ਹੀ ਉਚਾਰਿਆ ਗਿਆ ਤੇ ਕਈ ਬੀੜਾਂ ਵਿਚ ਵੱਖਰਾ ਹੀ ਦਰਜ ਮਿਲਦਾ ਹੈ। ਇਸ ਵਿਚ ਖਾਲਸੇ ਦੇ ਚਾਰ ਲੱਛਣ ਬਿਆਨੇ ਗਏ ਹਨ।

੧. ਜਾਗਤ ਜੋਤਿ ਦਾ ਪੁਜਾਰੀ ਹੋਣਾ।

੨. ਮੁਰਦਾ ਕਬਰਾਂ, ਮੜ੍ਹੀਆਂ, ਮਠਾਂ ਆਦਿ ਦੀ ਪੂਜਾ ਤੋਂ ਬਚਣਾ।

੩. ਕਰਮਕਾਂਡਾਂ ਤੋਂ ਪ੍ਰਹੇਜ਼ ਕਰਨਾ।

੪. ਪ੍ਰੇਮਾ ਭਗਤੀ ਦੁਆਰਾ ਅੰਤਰ ਆਤਮੇ ਪਰਮ ਜੋਤਿ ਨੂੰ ਅਨੁਭਵ ਕਰਨਾ।

(ਸ) ਖਾਲਸਾ ਮਹਿਮਾ—ਇਸ ਸਿਰਲੇਖ ਹੇਠ ੪ ਛੰਦ ਹਨ, ਪਹਿਲੇ ਸਵਈਏ ਵਿਚ ਭਾਰਤ ਦੀ ਪੁਰਾਣੀ ਪ੍ਰੋਹਤ ਜਮਾਤ ਉਤੇ ਵਿਅੰਗ ਕਸਿਆ ਗਿਆ ਹੈ ਜੋ ਅਪਣੇ ਆਪ ਨੂੰ ਪੂਜਯ ਬਣਾਕੇ ਲੋਕਾਂ ਨੂੰ ਵਰਗਲਾਉਂਦੀ ਰਹਿੰਦੀ ਸੀ। ਦੋ ਸਵਈਏ ਸਿਖ ਸੰਗਤ ਯਾ ਖਾਲਸੇ ਦੀ ਵਡਿਆਈ ਦੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਸਪਸ਼ਟ ਤੌਰ ਤੇ ਆਖਿਆ ਹੈ ਕਿ ਆਮ ਜਨਤਾ ਹੀ ਮਹਾਨ ਸ਼ਕਤੀ ਹੈ ਜੋ ਕਿ ਸਾਰੇ ਕਰਮ-ਖੇਤਰਾਂ ਵਿਚ ਜਿੱਤਾਂ ਦਿਵਾਉਂਦੀ ਹੈ। ਧਾਰਮਕ, ਵਿਦਿਅਕ ਤੇ ਰਾਜਸੀ ਖੇਤਰਾਂ ਦੀ ਸਫਲਤਾ ਦਾ ਸੇਹਰਾ ਇਨ੍ਹਾਂ ਸਿਰ ਹੀ ਹੈ। ਮੈਂ ਗਰੀਬ ਤਾਂ ਕੁਛ ਵੀ ਕਰਨ-ਜੋਗਾ ਨਹੀਂ ਸੀ, ਇਹਨਾਂ ਦੀ ਬਦੌਲਤ ਹੀ ਸਾਰੀ ਪ੍ਰਾਪਤੀ ਹੋਈ ਹੈ। ਇਸ ਕਰਕੇ ਮੈਂ ਇਹਨਾਂ ਦੀ ਸੇਵਾ, ਪੂਜਾ ਮਾਨਤਾ ਦੇ ਹੱਕ ਵਿਚ ਹਾਂ, ਵਿਹਲੜ ਬ੍ਰਾਹਮਣਾਂ ਦੀ ਨਹੀਂ ਮੇਰੇ ਘਰ ਜੋ ਵੀ ਸਮੱਗਰੀ ਹੈ, ਯਾ ਮੇਰਾ ਤਨ ਮਨ ਵੀ ਹੈ, ਇਹ ਇਹਨਾਂ ਦੇ ਹੀ ਸਮਰਪਨ ਹੈ। ਸ਼ਾਇਦ ਇਸ ਤੋਂ ਪਹਿਲਾਂ ਕਿਸੇ ਗੁਰੂ ਯਾ ਚਿੰਤਕ ਨੇ ਜਨਤਾ ਨੂੰ ਸਿਰਜਨਾਤਮਕ ਸ਼ਕਤੀਆਂ ਦੀ ਸੋਮੀ ਮੰਨਕੇ ਇਉਂ ਸਲਾਹੁਤਾ ਨਹੀਂ ਕੀਤੀ। ਇਹ ਇਕ ਬੜਾ ਕ੍ਰਾਂਤੀਕਾਰੀ ਵਿਚਾਰ ਸੀ ਜਿਸ ਨਾਲ ਗਰੀਬ ਕਿਰਤੀਆਂ ਦਾ ਆਤਮ-ਵਿਸ਼ਵਾਸ ਵਧਿਆ ਤੇ ਉਹ ਹਰ ਮੈਦਾਨ ਫਤੇ ਪਾਉਂਦੇ ਗਏ। ਇਸ ਵਿਚਾਰ ਨਾਲ ਪ੍ਰੋਹਤ ਜਮਾਤ ਦੀ ਮਾਨ ਪ੍ਰਤਿਸ਼ਠਾ ਨੂੰ ਠੇਸ ਲਗਣਾ ਕੁਦਰਤੀ ਗੱਲ ਸੀ।

(ਹ) ਸੱਦ—ਲੱਖੀ ਜੰਗਲ ਵਿਚ ਉਚਾਰਿਆ ਤ੍ਰਿੰਨ-ਤੁਕਾਂ ਦਾ ਟੋਟਕਾ ਹੈ ਜੋ ਕਿ ਖਾਲਸੇ ਦੇ ਉਤਸ਼ਾਹ-ਪੂਰਣ ਆਗਮ ਨੂੰ ਤੱਕਕੇ ਕਿਹਾ ਗਿਆ ਸੀ, ਇਹ ਇਕ ਹੇਕ ਨਾਲ ਗਾਏ ਜਾਣ ਵਾਲੇ ਲੋਕ-ਗੀਤ ਦੀ ਤਰਜ਼ ਉਤੇ ਹੈ। ਇਸਨੂੰ 'ਮਾਝ' ਵੀ ਆਖਦੇ ਹਨ।

(ਕ) ਅਸਫੋਟਕ ਕਬਿੱਤ—ਇਸ ਸਿਰਲੇਖ ਹੇਠ ੪੯ ਵਿਕੋਲਤਰੇ ਛੰਦ ਹਨ ਜੋ ਅੰਤ ਵਿਚ ਦਿਤੇ ਗਏ ਹਨ। ਇਹਨਾਂ ਵਿਚ ਕੁਝ ਛੰਦ ਐਸੇ ਵੀ ਹਨ ਜੋ ਬਚਿਤਰ ਨਾਟਕ ਤੇ ਚਰਿਤਰ-ਪਖਯਾਨ ਵਿਚ ਮਿਲ ਜਾਂਦੇ ਹਨ। ਦੋ ਕਬਿੱਤ ਗੁਰੂ ਦਸਮੇਸ਼ ਜੀ ਦੀ ਭੂਆ ਦੇ ਪੁੱਤਰ ਸੰਗੋਸ਼ਾਹ ਦੀ ਬੀਰਤਾ ਦਰਸਾਉਣ ਵਾਲੇ ਹਨ, ਜੋ ਭੰਗਾਣੀ ਦੇ ਯੁੱਧ ਵਿਚ ਜੂਝ ਮਰਿਆ ਸੀ।

# (ੲ) ਅੰਮ੍ਰਿਤ ਖੰਡ

## ਸ੍ਰੀ ਦਸਮੇਸ਼-ਬਾਣੀ

ਕਹਿਓ ਪ੍ਰਭੂ ਸੁ ਭਾਖਿਹੋਂ । ਕਿਸੂ ਨ ਕਾਨ ਰਾਖਿਹੋਂ
ਕਿਸੂ ਨ ਭੇਖ ਭੀਜਹੋਂ । ਅਲੇਖ ਬੀਜ ਬੀਜਹੋਂ । ੩੪ ।

[ਬਚਿਤ੍ਰ ਨਾਟਕ

SIKHBOOKCLUB.COM

# ਚੋਣਵੀਂ ਸ੍ਰੀ ਦਸਮੇਸ਼-ਬਾਣੀ

ਦੋਹਰਾ ਪਾਤਸ਼ਾਹੀ ੧੦

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ।
ਸਭੁ ਕਿਛੁ ਤੁਮਰੈ ਹਾਥ ਮਹਿੰ, ਤੁਮ ਹੀ ਹੋਤ ਸਹਾਇ । ੫੪ ।
[ਆਦਿ ਗੁਰੂ ਗ੍ਰੰਥ ਸਾਹਿਬ

## ਸ਼ਬਦ ਰਾਗਾਂ ਕੇ ਪਾਤਸ਼ਾਹੀ ੧੦

ਰਾਗੁ ਸੋਰਠਿ ਪਾਤਸਾਹੀ ੧੦

੧. ਪ੍ਰਭ ਜੂ ਤੋ ਕਹ ਲਾਜ ਹਮਾਰੀ ।
ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ । ੧ । ਰਹਾਉ ।
ਪਰਮ ਪੁਰਖ ਪਰਮੇਸਰ ਸੁਆਮੀ ਪਾਵਨ ਪਉਨ ਅਹਾਰੀ ।
ਮਾਧਵ ਮਹਾਂ ਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ । ੧ ।
ਨਿਰਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ ।
ਕ੍ਰਿਪਾ ਸਿੰਧੁ ਕਾਲ ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨਕਾਰੀ । ੨ ।
ਧਨੁਰ ਪਾਨਿ ਧ੍ਰਿਤਮਾਨ ਧਰਾ ਧਰ ਅਨਬਿਕਾਰ ਅਸਿਧਾਰੀ ।
ਹੌਂ ਮਤਿ ਮੰਦ ਚਰਨ ਸਰਨਾਗਤਿ ਕਰ ਗਹਿ ਲੇਹੁ ਉਬਾਰੀ । ੩ ।

ਰਾਮਕਲੀ ਪਾਤਸ਼ਾਹੀ ੧੦

੨. ਪ੍ਰਾਨੀ ਪਰਮ ਪੁਰਖ ਪਗ ਲਾਗੋ ।
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ । ੧ । ਰਹਾਉ ।
ਔਰਨ ਕਹਾਂ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨਾ ਲਾਗੋ ।
ਸਿੰਚਤ ਕਹਾਂ ਪਰੇ ਬਿਖਿਯਨ ਕਹ ਕਬਹੂ ਬਿਖੈ ਰਸ ਤਯਾਗੋ । ੧ ।
ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ।
ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ । ੨ ।
ਜਾਂਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ ।
ਜੌ ਸੁਖ ਚਾਹੋ ਸਦਾ ਸਭਨ ਕੌ ਤੌ ਹਰਿ ਕੇ ਰਸ ਪਾਗੋ । ੩ ।

ਰਾਮਕਲੀ ਪਾਤਿਸਾਹੀ ੧੦

੩. ਰੇ ਮਨ ਐਸੋ ਕਰ ਸੰਨਿਆਸਾ ।
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ । ੧ । ਰਹਾਉ ।
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ।
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤਿ ਲਗਾਓ । ੧ ।
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ।
ਸੀਲ ਸੰਤੋਖ ਸਦਾ ਨਿਰਬਾਹਿਬੋਂ ਹ੍ਵੈਬੋ ਤ੍ਰਿਗੁਣ ਅਤੀਤਿ । ੨ ।
ਕਾਮ ਕ੍ਰੋਧ ਅਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ।
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ । ੩ ।

ਰਾਮਕਲੀ ਪਾਤਿਸਾਹੀ ੧੦ ।

੪, ਰੇ ਮਨ ਇਹ ਬਿਧਿ ਜੋਗੁ ਕਮਾਓ ।
ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜਾਓ । ੧ । ਰਹਾਉ ।
ਤਾਂਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ ।
ਬਾਜੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ । ੧ ।
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ ।
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ । ੨
ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ ।
ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੈ । ੩ ।

ਤਿਲੰਗ ਕਾਫੀ ਪਾਤਿਸਾਹੀ ੧੦

੫. ਕੇਵਲ ਕਾਲ ਈ ਕਰਤਾਰ ।
ਆਦਿ ਅੰਤ ਅਨੰਤ ਮੂਰਤਿ ਗੜ੍ਹਨ ਭੰਜਨਹਾਰ । ੧ । ਰਹਾਉ ।
ਨਿੰਦ ਉਸਤਤ ਜਉਨ ਕੇ ਸਮ ਸ਼ਤ੍ਰ ਮਿਤ੍ਰ ਨ ਕੋਇ ।
ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ । ੧ ।
ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ।
ਕਉਨ ਕਾਜ ਕਹਾਹਿੰਗੇ ਆਨ ਦੇਵਕਿ ਨੰਦ । ੨ ।
ਦੇਵ ਦੈਂਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ।
ਕਉਨ ਉਪਮਾ ਤਉਨ ਕੋ ਮੁਖ ਲੇਤ ਨਾਮੁ ਮੁਰਾਰਿ । ੩ ।

ਰਾਗੁ ਕਲਿਆਣ ਪਾਤਿਸਾਹੀ ੧੦

੬. ਬਿਨ ਕਰਤਾਰ ਨ ਕਿਰਤਮ ਮਾਨੋ ।
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ । ੧ । ਰਹਾਉ ।
ਕਹਾ ਭਯੋ ਜੋ ਆਨ ਜਗਤ ਮੈ ਦਸਕੁ ਅਸੁਰ ਹਰਿ ਘਾਏ ।
ਅਧਿਕ ਪਰਪੰਚ ਦਿਖਾਇ ਸਭਨ ਕਹੁੰ ਆਪਹਿ ਬ੍ਰਹਮ ਕਹਾਏ । ੧ ।

WWW.SIKHBOOKCLUB.COM

ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ ਸੋ ਕਿਮ ਜਾਤਿ ਗਿਨਾਯੋ ।
ਤਾ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ । ੨ ।
ਕੈਸੇ ਤੋਹਿ ਤਾਰਿਹੈ ਸੁਨਿ ਜੜ ਆਪ ਡੁਬਿਯੋ ਭਵ ਸਾਗਰ ।
ਛੁਟਿਹੋ ਕਾਲ ਫਾਸ ਤੇ ਤਬਹੀ ਗਹੋ ਸਰਨਿ ਜਗਤਾਗਰ । ੩ ।

ਰਾਗ ਬਿਲਾਵਲ ਪਾਤਿਸਾਹੀ ੧੦

੭. ਸੋ ਕਿਮ ਮਾਨਸ ਰੂਪ ਕਹਾਏ ।
ਸਿਧ ਸਮਾਧਿ ਸਾਧ ਕਰ ਹਾਰੇ ਕਯੋਂਹੂੰ ਨ ਦੇਖਨ ਪਾਏ । ੧ । ਰਹਾਉ ।
ਨਾਰਦ ਬਿਆਸ ਪਰਾਸਰ ਧ੍ਰੂਅ ਸੇ ਧਿਆਵਤ ਧਿਆਨ ਲਗਾਏ ।
ਬੇਦ ਪੁਰਾਨ ਹਾਰ ਹਠ ਛਾਡਿਓ ਤਦਪਿ ਧਿਆਨ ਨ ਆਏ । ੧ ।
ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹ ਨੇਤਿ ਕਹਾਏ ।
ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ । ੨ ।
ਭੂਮਿ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ ।
ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ । ੩ ।

ਰਾਗ ਦੇਵਗੰਧਾਰੀ ਪਾਤਿਸਾਹੀ ੧੦

੮. ਏਕ ਬਿਨ ਦੂਸਰ ਸੋ ਨ ਚਿਨਾਰ ।
ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ । ਰਹਾਉ ।
ਕਹਾ ਭਯਿਓ ਜੋ ਅਤਿ ਹਿਤ ਚਿਤ ਕਰ ਬਹੁ ਬਿਧਿ ਸਿਲਾ ਪੁਜਾਈ ।
ਪ੍ਰਾਨ ਥਕਿਓ ਪਾਹਨ ਕਹਿ ਪਰਸਤ ਕਛੁ ਕਰ ਸਿਧਿ ਨ ਆਈ । ੧ ।
ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈਹੈ ।
ਤਾ ਮੈਂ ਕਹਾਂ ਸਿਧਿ ਹੈ ਰੇ ਜੜ ਤੋਹਿ ਕਛੂ ਬਰ ਦੈਹੈ । ੨ ।
ਜੋ ਜੀਯ ਹੋਤ ਦੇਤ ਕਛੁ ਤੁਹਿ ਕਰ ਮਨ ਬਚ ਕਰਮ ਬਿਚਾਰ ।
ਕੇਵਲ ਏਕ ਸਰਣ ਸੁਆਮੀ ਬਿਨ ਯੌਂ ਨਹਿ ਕਤਹਿ ਉਧਾਰ । ੩ ।

ਰਾਗ ਦੇਵਗੰਧਾਰੀ ਪਾਤਿਸਾਹੀ ੧੦

੯. ਬਿਨ ਹਰਿ ਨਾਮ ਨ ਬਾਚਨ ਪੈਹੈਂ ।
ਚੌਦਹ ਲੋਕ ਜਾਹਿ ਬਸ ਕੀਨੇ ਤਾਂਤੇ ਕਹਾਂ ਪਲੈਹੈ । ੧ । ਰਹਾਉ ।
ਰਾਮ ਰਹੀਮ ਉਬਾਰ ਨ ਸਕਹੈ ਜਾਕਰ ਨਾਮ ਰਟੈਹੈਂ ।
ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈਂ । ੧ ।
ਬੇਦ ਪੁਰਾਨ ਕੁਰਾਨ ਸਬੈ ਮਤ ਜਾਕਰ ਨੇਤਿ ਕਹੈ ਹੈਂ ।
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਿਆਵਤ ਧਿਆਨ ਨ ਐਹੈਂ । ੨ ।
ਜਾਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਯਾਮ ਕਹੈਹੈਂ ।
ਛੁਟਹੋ ਕਾਲ ਜਾਲ ਤੇ ਤਬਹੀ ਤਾਹਿ ਚਰਨ ਲਪਟੈਹੈਂ । ੩ ।

१०. ਬਿਸ਼ਨਪਦ ਸੋਰਠਿ

ਜੋਗੀ ਜੋਗੁ ਜਟਨ ਮੈ ਨਾਹੀ
ਭ੍ਰਮਿ ਭ੍ਰਮਿ ਮਰਤ ਕਹਾਂ ਪਚ ਪਚ ਕਰਿ, ਦੇਖਿ ਸਮਝ ਮਨ ਮਾਹੀ
ਜੋ ਜਨ ਮਹਾਂ ਤਤ ਕਹੁ ਜਾਨੈ, ਪਰਮ ਗਯਾਨ ਕਹੁ ਪਾਵੈ
ਤਬ ਯਹ ਏਕ ਠਉਰ ਮਨ ਰਾਖੈ, ਦਰਿ ਦਰਿ ਭ੍ਰਮਤ ਨ ਧਾਵੈ
ਕਹਾਂ ਭਯੋ ਗ੍ਰਿਹ ਤਜਿ ਉਠ ਭਾਗੇ, ਬਨ ਮੈਂ ਕੀਨ ਨਿਵਾਸਾ
ਮਨ ਤੋ ਰਹਾ ਸਦਾ ਘਰ ਹੀ ਮੈ, ਸੋ ਨਹੀਂ ਭਯੋ ਉਦਾਸਾ
ਅਧਿਕ ਪ੍ਰਪੰਚ ਦਿਖਾਇ ਠਗਾ ਜਗ, ਜਾਨ ਜੋਗ ਕੋ ਜੋਰਾ
ਤੁਮ ਜੀਅ ਲਖਾ ਤਜੀ ਮਹ ਮਾਇਆ, ਮਾਇਆ ਤੁਮੈਂ ਨ ਛੋਰਾ । ੨੩ । ੯੭ ।

੧੧, ਬਿਸ਼ਨਪਦ ਸੋਰਠਿ

ਭੇਖੀ ਜੋਗਿ ਨ ਭੇਖ ਦਿਖਾਏ
ਨਾਹਨ ਜਟਾ ਬਿਭੂਤਿ ਨਖਨ ਮੈਂ, ਨਾਹਿਨ ਬਸਤ੍ਰ ਰੰਗਾਏ
ਜਉ ਬਨ ਬਸੇ ਜੋਗ ਕਉ ਪਾਈਐ, ਪੰਛੀ ਸਦਾ ਬਸਤ ਬਨ
ਕੁੰਚਰ ਸਦਾ ਧੂਰਿ ਸਿਰ ਮੇਲਤ, ਦੇਖਹੁ ਸਮਝਿ ਤੁਮ ਹੀ ਮਨ
ਦਾਦਰ ਮੀਨ ਸਦਾ ਤੀਰਥ ਮੈ, ਕਰਯੋ ਕਰਤ ਇਸਨਾਨਾ
ਧਯਾਨ ਬਿੜਾਲ ਬਕੀ ਬਕ ਲਾਵਤ, ਤਿਨ ਕਿਆ ਜੋਗ ਪਛਾਨਾ ।
ਜੈਸੇ ਕਸ਼ਟ ਠਗਨ ਕਹ ਠਾਟਤ, ਐਸੇ ਹਰਿ ਹਿਤ ਕੀਜੈ
ਤਬ ਹੀ ਮਹਾਂ ਗਯਾਨ ਕੋ ਜਾਨੈ, ਪਰਮ ਪਿਯੂਖਹਿ ਪੀਜੈ । ੨੪ । ੯੮ ।
(ਪਾਰਸਨਾਥ ਰੁਦ੍ਰਾਵਤਾਰ

ਖਿਆਲ ਪਾਤਿਸਾਹੀ १०

१२. ਮਿਤ੍ਰ ਪਿਆਰੇ ਨੌ ਹਾਲ ਫਕੀਰਾਂ ਦਾ ਕਹਣਾ ।
ਤੁਧ ਬਿਨੁ ਰੋਗੁ ਰਜਾਈਯਾਂ ਦਾ ਓਢਣੁ ਨਾਗ ਨਿਵਾਸਾਂ ਦਾ ਰਹਣਾ ।
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈ ਦਾ ਸਹਣਾ ।
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠਿ ਖੇੜਿਆ ਦਾ ਰਹਣਾ । १ ।

ਸੱਦ ਪਾਤਸਾਹੀ १०

१३. ਸੁਣ ਕੈ ਸਦੁ ਮਾਹੀ ਦਾ ਮੇਹੀਂ*, ਪਾਣੀ ਘਾਹੁ ਮੁਤੋ ਨੇ
ਕਿਸੈ ਨਾਲਿ ਨ ਰਲੀਆ ਕਾਈ, ਕੇਹੋ* ਸ਼ਉਕ ਪਯੋ ਨੇ
ਗਇਆ ਫਿਰਾਕ ਮਿਲਿਆ ਮਿਤ੍ਰ ਮਾਹੀ, ਤਾਂ ਹੀ ਸ਼ੁਕਰ ਕੀਤੋ ਨੇ । १ ।

---

*ਪਾਠਾਂਤ੍ਰ—ਕੋਈ

## 'ਜਾਪੁ' ਵਿਚੋਂ

### ਛਪੈ ਛੰਦ ਤ੍ਵ ਪ੍ਰਸਾਦਿ

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ
ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤ ਕਿਹ
ਅਚਲ ਮੂਰਤਿ ਅਨਭਉ ਪ੍ਰਕਾਸ਼, ਅਮਿਤੋਜ ਕਹਿਜੈ
ਕੋਟਿ ਇੰਦ੍ਰ ਇੰਦ੍ਰਾਣ ਸ਼ਾਹੁ ਸ਼ਾਹਾਣ ਗਣਿਜੈ
ਤ੍ਰਿਭਵਣ ਮਹੀਪ ਸੁਰ ਨਰ ਅਸੁਰ, ਨੇਤਿ ਨੇਤਿ ਬਨ ਤ੍ਰਿਣ ਕਹਤ
ਤ੍ਵ ਸ਼ਰਬ ਨਾਮ ਕਥੈ ਕਵਨ, ਕਰਮ-ਨਾਮ ਬਰਣਤ ਸੁਮਤਿ । ੧ ।

### ਰੂਆਲ ਛੰਦ ਤ੍ਵ ਪ੍ਰਸਾਦਿ

ਆਦਿ ਰੂਪ ਅਨਾਦਿ ਮੂਰਤਿ, ਅਜੋਨਿ ਪੁਰਖ ਅਪਾਰ
ਸਰਬਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ
ਸਰਬ ਪਾਲਕ ਸਰਬ ਘਾਲਕ, ਸਰਬ ਕੋ ਪੁਨ ਕਾਲ
ਜਤ੍ਰ ਤਤ੍ਰ ਬਿਰਾਜ ਹੀ, ਅਵਧੂਤ ਰੂਪ ਰਿਸਾਲ । ੭੫ ।
ਨਾਮ ਠਾਮ ਨ ਜਾਤਿ ਜਾਕਰ, ਰੂਪ ਰੰਗ ਨ ਰੇਖ
SIKHBOOKCLUB.COM
ਆਦਿ ਪੁਰਖ ਉਦਾਰ ਮੂਰਤਿ, ਅਜੋਨਿ ਆਦਿ ਅਸੇਖ
ਦੇਸ ਅਉਰ ਨ ਭੇਸ ਜਾ ਕਰ, ਰੂਪ ਰੇਖ ਨ ਰਾਗ
ਜਤ੍ਰ ਤਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ । ੭੬ ।

ਨਾਮ ਕਾਮ ਬਿਹੀਨ ਪੇਖਤ ਧਾਮਹੂ ਨਹਿੰ ਜਾਹਿ
ਸਰਬ ਮਾਨ ਸਰਬਤ੍ਰ ਮਾਨ, ਸਦੈਵ ਮਾਨਤ ਤਾਹਿ

ਏਕ ਮੂਰਤਿ ਅਨੇਕ ਦਰਸ਼ਨ, ਕੀਨ ਰੂਪ ਅਨੇਕ
ਖੇਲ ਖੇਲਿ ਅਖੇਲ ਖੇਲਨ, ਅੰਤ ਕੋ ਫਿਰਿ ਏਕ । ੭੭ ।

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਿਤੇਬ
ਰੂਪ ਰੰਗ ਨ ਜਾਤਿ ਪਾਤਿ ਸੁ ਜਾਨ ਈ ਕਿਹ ਜੇਬ

ਤਾਤ ਮਾਤ ਨ ਜਾਤਿ ਜਾਕਰ ਜਨਮ ਮਰਨ ਬਿਹੀਨ
ਚਕ੍ਰ ਬਕ੍ਰ ਫਿਰੈ ਚਤੁਰ ਚਕਿ, ਮਾਨ ਹੀ ਪੁਰਿ ਤੀਨ । ੭੮

ਲੋਕ ਚਉਦਹ ਕੇ ਬਿਖੈ, ਜਗ ਜਾਪ ਹੀ ਜਿਹ ਜਾਪੁ ।
ਆਦਿ ਦੇਵ ਅਨਾਦਿ ਮੂਰਤਿ, ਥਾਪਯੋ ਸਬੈ ਜਿਹ ਥਾਪ ।

ਪਰਮ ਰੂਪ ਪੁਨੀਤ ਮੂਰਤਿ, ਪੂਰਨ ਪੁਰਖੁ ਅਪਾਰ ।
ਸਰਬ ਬਿਸ੍ਵ ਰਚਯੋ ਸੁਯੰਭਵ, ਗੜ੍ਹਨ ਭੰਜਨਹਾਰ। ੭੯ ।

ਕਾਲ ਹੀਨ ਕਲਾ ਸੰਜੁਗਤ, ਅਕਾਲ ਪੁਰਖ ਅਦੇਸ
ਧਰਮ ਧਾਮ ਸੁ ਭਰਮ ਰਹਤ, ਅਭੂਤ ਅਲਖ ਅਭੇਸ
ਅੰਗ ਰਾਗ ਨ ਰੰਗ ਜਾਂ ਕਹਿ, ਜਾਤਿ ਪਾਤਿ ਨ ਨਾਮ
ਗਰਬਗੰਜਨ ਦੁਸ਼ਟ ਭੰਜਨ, ਮੁਕਤਿ ਦਾਯਕ ਕਾਮ । ੮੦ ।

ਭਗਵਤੀ ਛੰਦ । ਤ੍ਵ ਪ੍ਰਸਾਦਿ

ਕਿ ਜ਼ਾਹਰ ਜ਼ਹੂਰ ਹੈਂ । ਕਿ ਹਾਜ਼ਰ ਹਜ਼ੂਰ ਹੈਂ ।
ਹਮੇਸੁਲ ਸਲਾਮ ਹੈਂ । ਸਮਸਤੁਲ ਕਲਾਮ ਹੈਂ । ੧੫੦ ।
ਕਿ ਸਾਹਿਬ ਦਿਮਾਗ ਹੈਂ । ਕਿ ਹੁਸਨੁਲ ਚਰਾਗ ਹੈ ।
ਕਿ ਕਾਮਲ ਕਰੀਮ ਹੈਂ । ਕਿ ਰਾਜ਼ਕ ਰਹੀਮ ਹੈਂ । ੧੫੧ ।
ਕਿ ਰੋਜ਼ੀ ਦਿਹੰਦ ਹੈਂ । ਕਿ ਰਾਜ਼ਕ ਰਹਿੰਦ ਹੈਂ ।
ਕਰੀਮੁਲ ਕਮਾਲ ਹੈਂ । ਕਿ ਹੁਸਨੁਲ ਜਮਾਲ ਹੈਂ । ੧੫੨ ।
ਗ਼ਨੀਮੁਲ ਖ਼ਿਰਾਜ ਹੈਂ । ਗਰੀਬੁਲ ਨਿਵਾਜ਼ ਹੈਂ ।
ਹਰੀਫੁਲ ਸ਼ਿਕੰਨ ਹੈ । ਹਿਰਾਸੁਲ ਫਿਕੰਨ ਹੈਂ । ੧੫੩ ।
ਕਲੰਕੰ ਪ੍ਰਣਾਸ ਹੈਂ । ਸਮਸਤੁਲ ਨਿਵਾਸ ਹੈਂ ।
ਅਗੰਜੁਲ ਗ਼ਨੀਮ ਹੈਂ । ਰਜਾਇਕ ਰਹੀਮ ਹੈਂ । ੧੫੪ ।
ਸਮਸਤੁਲ ਜ਼ੁਬਾਂ ਹੈਂ । ਕਿ ਸਾਹਿਬਿ ਕਿਰਾਂ ਹੈਂ ।
ਕਿ ਨਰਕੰ ਪ੍ਰਣਾਸ ਹੈਂ । ਬਹਿਸਤੁਲ ਨਿਵਾਸ ਹੈਂ । ੧੫੫
ਕਿ ਸਰਬੁਲ ਗਵੰਨ ਹੈਂ । ਹਮੇਸੁਲ ਰਵੰਨ ਹੈਂ ।
ਤਮਾਮੁਲ ਤਮੀਜ਼ ਹੈਂ । ਸਮਸਤੁਲ ਅਜ਼ੀਜ਼ ਹੈਂ । ੧੫੬
ਪਰੰ ਪਰਮ ਈਸ ਹੈਂ । ਸਮਸਤੁਲ ਅਦੀਸ ਹੈਂ ।
ਅਦੇਸੁਲ ਅਲੇਖ ਹੈਂ । ਹਮੇਸੁਲ ਅਭੇਖ ਹੈਂ । ੧੫੭
ਜ਼ਿਮੀਨੁਲ ਜ਼ਮਾਂ ਹੈਂ । ਅਮੀਕੁਲ ਇਮਾਂ ਹੈਂ ।
ਕਰੀਮੁਲ ਕਮਾਲ ਹੈਂ । ਕਿ ਜੁਰਅਤ ਜਮਾਲ ਹੈਂ । ੧੫੮ :
ਕਿ ਅਚਲੰ ਪ੍ਰਕਾਸ਼ ਹੈਂ । ਕਿ ਅਮਿਤੋ ਸੁਬਾਸ ਹੈਂ ।
ਕਿ ਅਜਬ ਸਰੂਪ ਹੈਂ । ਕਿ ਅਮਿਤੋ ਬਿਭੂਤਿ ਹੈਂ । ੧੫੯ ।
ਕਿ ਅਮਿਤੋ ਪਸਾ ਹੈਂ । ਕਿ ਆਤਮ ਪ੍ਰਭਾ ਹੈਂ ।
ਕਿ ਅਚਲੰ ਅਨੰਗ ਹੈਂ । ਕਿ ਅਮਿਤੋ ਅਭੰਗ ਹੈਂ । ੧੬੦ ।

ਭੁਯੰਗ ਪ੍ਰਯਾਤ ਛੰਦ

ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ

ਨਿਰਕਾਮੰ ਬਿਭੂਤੇ ਸਮਸਤੁਲ ਸਰੂਪੇ
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ । ੧੯੬ ।

ਸਦਾ ਸਚਿਦਾਨੰਦ ਸਤ੍ਰੰ ਪ੍ਰਣਾਸੀ
ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ
ਅਜਾਇਬ ਬਿਭੂਤੇ ਗਜਾਇਬ ਗਨੀਮੇ
ਹਰੀਅੰ ਕਰੀਅੰ ਕਰੀਮੁਲ ਰਹੀਮੇ । ੧੯੭ ।

ਚਤ੍ਰ ਚਕ੍ਰ ਵਰਤੀ ਚਤ੍ਰ ਚਕ੍ਰ ਭੁਗਤੇ
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ
ਦੁਕਾਲੰ ਪ੍ਰਣਾਸੀ ਦਯਾਲੰ ਸਰੂਪੇ
ਸਦਾ ਅੰਗ ਸੰਗੇ ਅਭੰਗੰ ਬਿਭੂਤੇ । ੧੯੮ ।

## 'ਅਕਾਲ ਉਸਤਤਿ' ਵਿਚੋਂ

ੴ ਉਤਾਰ ਖਾਸੇ ਦਸਖਤ ਕਾ ਪਾਤਿਸਾਹੀ ੧੦

ਅਕਾਲ ਪੁਰਖ ਕੀ ਰਛਾ ਹਮਨੈ । ਸਰਬ ਲੋਹ ਦੀ ਰਛਿਆ ਹਮਨੈ ।
ਸਰਬ ਕਾਲ ਜੀ ਦੀ ਰਛਿਆ ਹਮਨੈ । ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ।

ਆਗੈ ਲਿਖਾਰੀ ਦੇ ਦਸਖਤ

ਤ੍ਵ ਪ੍ਰਸਾਦਿ ਚਉਪਈ

ਪ੍ਰਣਵੋ ਆਦਿ ਏਕੰਕਾਰਾ । ਜਲ ਥਲ ਮਹੀਅਲ ਕੀਓ ਪਸਾਰਾ ।
ਆਦਿ ਪੁਰਖੁ ਅਬਿਗਤਿ ਅਬਿਨਾਸੀ । ਲੋਕ ਚਤੁਰਦਸ ਜੋਤਿ ਪ੍ਰਕਾਸੀ । ੧ ।
ਹਸਤਿ ਕੀਟ ਕੇ ਬੀਚ ਸਮਾਨਾ । ਰਾਵ ਰੰਕ ਜਿਹ ਇਕ ਸਰ ਜਾਨਾ ।
ਅਦ੍ਵੈ ਅਲਖ ਪੁਰਖ ਅਬਿਗਾਮੀ । ਸਭ ਘਟ ਘਟ ਕੇ ਅੰਤਰਜਾਮੀ । ੨ ।

ਅਲਖ ਰੂਪ ਅਛੈ ਅਨਭੇਖਾ । ਰਾਗ ਰੰਗ ਜਿਹ ਰੂਪ ਨ ਰੇਖਾ ।
ਬਰਨ ਚਿਹਨ ਸਭਹੂੰ ਤੇ ਨਿਆਰਾ । ਆਦਿ ਪੁਰਖ ਅਦ੍ਵੈ ਅਬਿਕਾਰਾ । ੩ ।

ਬਰਨ ਚਿਹਨ ਜਿਹ ਜਾਤ ਨ ਪਾਤਾ । ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ ।
ਸਭ ਤੇ ਦੂਰਿ ਸਭਨ ਤੇ ਨੇਰਾ । ਜਲਥਲ ਮਹੀਅਲ ਜਾਹਿ ਬਸੇਰਾ । ੪ ।

ਅਨਹਦ ਰੂਪ ਅਨਾਹਦ ਬਾਨੀ । ਚਰਨ ਸਰਨਿ ਜਿਹ ਬਸਤ ਭਵਾਨੀ ।
ਬ੍ਰਹਮਾ ਬਿਸਨ ਅੰਤੁ ਨਹੀਂ ਪਾਇਓ । ਨੇਤਿ ਨੇਤਿ ਮੁਖ ਚਾਰ ਬਤਾਇਓ । ੫ ।

ਕੋਟਿ ਇੰਦ੍ਰ ਉਪਇੰਦ੍ਰ ਬਨਾਏ । ਬ੍ਰਹਮਾ ਰੁਦ੍ਰ ਉਪਾਇ ਖਪਾਏ ।
ਲੋਕ ਚਤੁਰ ਦਸ ਖੇਲ ਰਚਾਇਓ । ਬਹੁਰ ਆਪ ਹੀ ਬੀਚ ਮਿਲਾਇਓ । ੬ ।

ਦਾਨਵ ਦੇਵ ਫਨਿੰਦ ਅਪਾਰਾ । ਗੰਧ੍ਰਬ ਜੱਛ ਰਚੈ ਸੁਭ ਚਾਰਾ ।
ਭੂਤ ਭਵਿੱਖ ਭਵਾਨ ਕਹਾਨੀ । ਘਟ ਘਟ ਕੇ ਪਟ ਪਟ ਕੀ ਜਾਨੀ । ੭
ਤਾਤ ਮਾਤ ਜਿਹ ਜਾਤ ਨ ਪਾਤਾ । ਏਕ ਰੰਗ ਕਾਹੂ ਨਹੀਂ ਰਾਤਾ ।
ਸਰਬ ਜੋਤਿ ਕੇ ਬੀਚ ਸਮਾਨਾ । ਸਭਹੂੰ ਸਰਬ ਠਉਰ ਪਹਿਚਾਨਾ । ੮
ਕਾਲ ਰਹਤ ਅਨਕਾਲ ਸਰੂਪਾ । ਅਲਖ ਪੁਰਖ ਅਬਗਤਿ ਅਵਧੂਤਾ ।
ਜਾਤ ਪਾਤ ਜਿਹ ਚਿਹਨ ਨ ਬਰਨਾ । ਅਬਗਤ ਦੇਵ ਅਛੈ ਅਨਭਰਮਾ । ੯
ਸਭ ਕੋ ਕਾਲ ਸਭਨ ਕੋ ਕਰਤਾ । ਰੋਗ ਸੋਗ ਦੋਖਨ ਕੋ ਹਰਤਾ ।
ਏਕ ਚਿੱਤ ਜਿਹ ਇਕ ਛਿਨ ਧਿਆਇਓ । ਕਾਲ ਫਾਸਿ ਕੇ ਬੀਚ ਨ ਆਇਓ । ੧੦

ਤ੍ਵ ਪ੍ਰਸਾਦਿ । ਕਬਿਤ ।

ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰੁ ਕੀਓ ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ ।
ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ ਕਹੂ ਮਹਾਦਾਨਿ ਹੁਇਕੈ ਮਾਂਗਿਓ ਧਨ ਦੇਤ ਹੋ
ਕਹੂੰ ਮਹਾਂਰਾਜਨ ਕੋ ਦੀਜਤ ਅਨੰਤ ਦਾਨ ਕਹੂੰ ਮਹਾਂਰਾਜਨ ਤੇ ਛੀਨ ਛਿਤ ਲੇਤ ਹੋਂ ।
ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋਂ । ੧

ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਆਧਰ ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ ।
ਕਹੂੰ ਹੁਇਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ ਕਹੂੰ ਹੁਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ
ਕਹੂੰ ਕੋਕ ਕਾਬਿ ਹੁਇ ਕੈ ਪੁਰਾਨ ਕੋ ਪੜਤ ਮਤ ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ
ਕਹੂ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ । ੨

ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ ਕਹੂੰ ਦਾਨਵਾਨ ਕੋ ਗੁਮਾਨ ਮਤਿ ਦੇਤ ਹੋ ।
ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ ਕਹੂੰ ਇੰਦ੍ਰ ਪਦਵੀ ਛਿਪਾਇ ਛੀਨਲੇਤ ਹੋ ।
ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ ਕਹੂੰ ਨਿਜ ਨਾਰਿ ਪਰ ਨਾਰ ਕੇ ਨਿਕੇਤ ਹੋ ।
ਕਹੂੰ ਬੇਦ ਰੀਤ ਕਹੂੰ ਤਾਸਿਉ ਬਿਪ੍ਰੀਤ ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ । ੩

ਕਹੂੰ ਸਸਤ੍ਰ ਧਾਰੀ ਕਹੂੰ ਬਿਦਿਆ ਕੇ ਬਿਚਾਰੀ ਕਹੂ ਮਾਰੂਤ ਅਹਾਰੀ ਕਹੂ ਨਾਰ ਕੇ ਨਿਕੇਤ ਹੋ
ਕਹੂੰ ਦੇਵਬਾਨੀ ਕਹੂੰ ਸਾਰਦਾ ਭਵਾਨੀ ਕਹੂੰ ਮੰਗਲਾ ਮਿੜਾਨੀ ਕਹੂੰ ਸਿਆਮ ਕਹੂੰ ਸੇਤ ਹੋ
ਕਹੂੰ ਧਰਮ ਧਾਮੀ ਕਹੂੰ ਸਰਬ ਠਉਰ ਗਾਮੀ ਕਹੂੰ ਜਤੀ ਕਹੂੰ ਕਾਮੀ ਕਹੂੰ ਦੇਤ ਕਹੂੰ ਲੇਤ ਹੋ
ਕਹੂੰ ਬੇਦਰੀਤ ਕਹੂੰ ਤਾ ਸਿਉ ਬਿਪ੍ਰੀਤ ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ । ੪

ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ
ਕਹੂੰ ਕਾਨ ਫਾਰੇ ਕਹੂੰ ਡੰਡੀ ਹੋਇ ਪਧਾਰੇ ਕਹੂੰ ਫੂਕ ਫੂਕ ਪਾਵਨ ਕਉ ਪ੍ਰਿਥੀ ਪੈ ਧਰਤ ਹੋ
ਕਤਹੂੰ ਸਿਪਾਹੀ ਹੁਇਕੈ ਸਾਧਤ ਸਿਲਾਹਨ ਕੋ ਕਹੂੰ ਛਤ੍ਰੀ ਹੁਇਕੈ ਅਰਿ ਮਾਰਤ ਮਰਤ ਹੋ ।
ਕਹੂੰ ਭੂਮਿ ਭਾਰ ਕੋ ਉਤਾਰਤ ਹੋ ਮਹਾਰਾਜ ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ । ੫

ਕਹੂੰ ਗੀਤ ਨਾਦ ਕੇ ਨਿਦਾਨ ਕੋ ਬਤਾਵਤ ਹੋ ਕਹੂੰ ਨ੍ਰਿਤਕਾਰੀ ਚਿਤ੍ਰਕਾਰੀ ਕੇ ਨਿਧਾਨ ਹੋ
ਕਤਹੂੰ ਪਯੂਖ ਹੁਇਕੈ ਪੀਵਤ ਪਿਵਾਵਤ ਹੋ ਕਤਹੂੰ ਮਯੂਖ ਊਖ ਕਹੂੰ ਮਦ ਪਾਨ ਹੋ ।
ਕਹੰ ਮਹਾ ਸੂਰ ਹੁਇਕੈ ਮਾਰਤ ਮਵਾਸਨ ਕੋ ਕਹੂੰ ਮਹਾਦੇਵ ਦੇਵਤਾਨ ਕੇ ਸਮਾਨ ਹੋ ।
ਕਹੂੰ ਮਹਾਦੀਨ ਕਹੂੰ ਦ੍ਰਬ ਕੇ ਅਧੀਨ ਕਹੂੰ ਬਿਦਿਆ ਮੈਂ ਪ੍ਰਬੀਨ ਕਹੂੰ ਭੂਮਿ ਕਹੂੰ ਭਾਨ ਹੋ। ੬

ਕਹੂੰ ਅਕਲੰਕ ਕਹੂੰ ਮਾਰਤ ਮਯੰਕ ਕਹੂੰ ਪੂਰਨ ਪ੍ਰਜੰਕ ਕਹੂੰ ਸੁੱਧਤਾ ਕੀ ਸਾਰ ਹੋ।
ਕਹੂੰ ਦੇਵ ਧਰਮ ਕਹੂੰ ਸਾਧਨਾ ਕੇ ਹਰਮ ਕਹੂੰ ਕੁਤਸਤ ਕੁਕਰਮ ਕਹੂੰ ਧਰਮ ਕੇ ਪ੍ਰਕਾਰ ਹੋ ।
ਕਹੂ ਪਉਨਅਹਾਰੀ ਕਹੂੰ ਬਿਦਿਆ ਕੇ ਬਿਚਾਰੀ ਕਹੂੰ ਜੋਗੀ ਜਤੀ ਬ੍ਰਹਮਚਾਰੀ ਨਰ ਕਹੂ ਨਾਰ ਹੋ
ਕਹੂੰ ਛਤ੍ਰਧਾਰੀ ਕਹੂੰ ਛਾਲਾ ਧਰੇ ਛੈਲ ਭਾਰੀ ਕਹੂੰ ਛਕਵਾਰੀ ਕਹੂੰ ਛਲ ਕੇ ਪ੍ਰਕਾਰ ਹੋ । ੭

ਕਹੂ ਗੀਤ ਕੇ ਗਵਯਾ ਕਹੂੰ ਬੇਨ ਕੇ ਬਜਯਾ ਕਹੂੰ ਨਿਰਤ ਕੇ ਨਚਯਾ ਕਹੂੰ ਨਰ ਕੋ ਅਕਾਰ ਹੋ
ਕਹੂ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ ਕਹੂੰ ਰਾਜਾ ਕਹੂ ਰਾਨੀ ਕਹੂ ਨਾਰਿ ਕੇ ਪ੍ਰਕਾਰ ਹੋ ।

ਕਹੂ ਬੇਨ ਕੇ ਬਜਯਾ ਕਹੂੰ ਧੇਨ ਕੇ ਚਰਯਾ ਕਹੂੰ ਲਾਖਨ ਲਵਯਾ ਕਹੂ ਸੁੰਦਰ ਕੁਮਾਰ ਹੋ ।
ਸੁਧਤਾ ਕੀ ਸ਼ਾਨ ਹੋ ਕਿ ਸੰਤਨ ਕੇ ਪ੍ਰਾਨ ਹੋ ਕਿ ਦਾਤਾ ਮਹਾਦਾਨਿ ਹੋ ਕਿ ਨ੍ਰਿਦੋਖੀ ਨਿਰੰਕਾਰ ਹੋ ।੮
ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ ।
ਪ੍ਰਾਨ ਕੇ ਬਚਯਾ ਦੂਧ ਪੂਤ ਕੇ ਦਿਵਯਾ ਰੋਗ ਸੋਗ ਕੇ ਮਿਟਯਾ ਕਿਧੌਂ ਮਾਨੀ ਮਹਾ ਮਾਨ ਹੋ।
ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ ਕਿ ਸਿਧਤਾ ਕੀ ਸੂਰਤਿ ਹੋ ਕਿ ਸੁਧਤਾ ਕੀ ਸ਼ਾਨ ਹੋ
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ ।੯

ਕਹੂੰ ਬ੍ਰਹਮ ਬਾਦ ਕਹੂੰ ਬਿਦਿਆ ਕੋ ਬਿਖਾਦ ਕਹੂ ਨਾਦ ਕੋ ਨਨਾਦ ਕਹੂ ਪੂਰਨ ਭਗਤ ਹੋ
ਕਹੂ ਬੇਦ ਰੀਤ ਕਹੂ ਬਿਦਿਆ ਕੀ ਪ੍ਰਤੀਤ ਕਹੂ ਨੀਤ ਅਉ ਅਨੀਤ ਕਹੂ ਜੁਆਲਾ ਸੀ ਜਗਤ ਹੋ
ਪੂਰਨ ਪ੍ਰਤਾਪ ਕਹੂੰ ਇਕਾਂਤੀ ਕੋ ਜਾਪ ਕਹੂੰ ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ ।
ਕਹੂੰ ਬਰਦੇਤ ਕਹੂ ਛਲ ਸਿਉ ਛਿਨਾਇ ਲੇਤ ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ।੧੦

ਤ੍ਵਪ੍ਰਸਾਦਿ । ਕਬਿਤ ।

ਅਤ੍ਰ ਕੇ ਚਲਯਾ ਛਿਤ ਛਤ੍ਰ ਕੇ ਧਰੱਯਾ ਛਤ੍ਰ ਧਾਰੀਓਂ ਕੇ ਛਲਯਾ ਮਹਾ ਸ਼ਤ੍ਰਨ ਕੇ ਸਾਲ ਹੈਂ ।
ਦਾਨ ਕੇ ਦਿਵੱਯਾ ਮਹਾ ਮਾਨ ਕੇ ਬਢੱਯਾ ਅਵਸਾਨ ਕੇ ਦਿਵੱਯਾ ਹੈਂ ਕਟੈਯਾ ਜਮਜਾਲ ਹੈਂ ।
ਜੁੱਧ ਕੈ ਜਿਤੱਯਾ ਔਂ ਬਿਰੁੱਧ ਕੇ ਮਿਟੱਯਾ ਮਹਾਂ ਬੁੱਧਿ ਕੇ ਦਿਵੱਯਾ ਮਹਾਂ ਮਾਨਹੂੰ ਕੇ ਮਾਨ ਹੈਂ ।
ਗਿਆਨ ਹੂੰ ਕੇ ਗਿਆਤਾ ਮਹਾਂ ਬੁੱਧਿਤਾ ਕੇ ਦਾਤਾ ਦੇਵ ਕਾਲਹੂ ਕੇ ਕਾਲ ਮਹਾਂ ਕਾਲ ਹੂੰ ਕੇ ਕਾਲ ਹੈਂ । ੧ ।

ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੇ ਧਿਆਵੈ ਗੋਰ ਗੁਰਦੇਜੀ ਗੁਨ ਗਾਵੈਂ ਤੇਰੇ ਨਾਮ ਹੈਂ
ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਂਧੈ ਅਰਬ ਕੇ ਅਰਬੀ ਅਰਾਧੈ ਤੇਰੇ ਨਾਮ ਹੈਂ ।

ਫਰਾ ਕੇ ਫਿਰੰਗੀ ਮਾਨੈ ਕੰਧਾਰੀ ਕੁਰੇਸੀ ਜਾਨੈ ਪਛਮ ਕੇ ਪੱਛਮੀ ਪਛਾਨੈ ਨਿਜ ਕਾਮ ਹੈਂ ।
ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਿਆ ਕਰੈ ਦਿੜਵੈ ਤਿਲੰਗੀ ਪਹਚਾਨੈ ਧਰਮ ਧਾਮ ਹੈਂ ।
ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈਂ
ਚਲਤ ਹੈਂ ।
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ ।
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ ਤਿੱਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ ।੩

ਜਿਨੈ ਤੋਹਿ ਧਿਆਯੋ ਤਿਨੈ ਪੂਰਨ ਪ੍ਰਤਾਪ ਪਾਯੋ ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈਂ ।
ਦੇਵ ਦੇਵਤਾਨ ਕੋ ਸੁਰੇਸ ਦਾਨਵਾਨ ਕੋ ਮਹੇਸ ਗੰਗ ਧਾਨ ਕੋ ਅਭੇਸ ਕਹੀਅਤੁ ਹੈਂ ।
ਰੰਗ ਮੈ ਰੰਗੀਨ ਰਾਗ ਰੂਪ ਮੈਂ ਪ੍ਰਬੀਨ ਔਰ ਕਾਹੂ ਪੈ ਨ ਦੀਨ ਸਾਧਅਧੀਨ ਕਹੀਅਤੁ ਹੈਂ ।
ਪਾਈਐ ਨ ਪਾਰ ਤੇਜ ਪੁੰਜ ਮੈਂ ਅਪਾਰ ਸਰਬ ਬਿਦਿਆ ਕੇ ਉਦਾਰ ਹੈ ਅਪਾਰ ਕਹੀਅਤੁ ਹੈਂ
ਹਾਥੀ ਕੀ ਪੁਕਾਰ ਪਲ ਪਾਛੈ ਪਹੁੰਚਤ ਤਾਹਿ ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤ ਹੈਂ ।੪

ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖ ਚਾਰ ਕੇਤੇ ਕ੍ਰਿਸ਼ਨਾ ਅਵਤਾਰ ਕੇਤੇ ਰਾਮ ਕਹੀਅਤ ਹੈਂ
ਕੇਤੇ ਸ਼ਸਿ ਰਾਸੀ ਕੇਤੇ ਸੂਰਜ ਪ੍ਰਕਾਸੀ ਕੇਤੇ ਮੁੰਡੀਆ ਉਦਾਸੀ ਜੋਗ ਦੁਆਰ ਕਹੀਅਤ ਹੈਂ ।
ਕੇਤੇ ਮਹਾਦੀਨ ਕੇਤੇ ਬਿਆਸ ਸੇ ਪ੍ਰਬੀਨ ਕੇਤੇ ਕੁਮੇਰ ਕੁਲੀਨ ਕੇਤੇ ਜਛ ਕਹੀਅਤੁ ਹੈਂ ।
ਕਰਤ ਹੈ ਬਿਚਾਰ ਪੈ ਨ ਪੂਰਨ ਕੋ ਪਾਵੈ ਪਾਰ ਤਾਹੀ ਤੇ ਅਪਾਰ ਨਿਰਧਾਰ ਲਹੀਅਤ ਹੈਂ ।੫

SIKHBOOKCLUB.COM

ਪੂਰਨ ਅਵਤਾਰ ਨਿਰਾਧਾਰ ਹੈ ਨ ਪਾਰਾਵਾਰ ਪਾਈਐ ਨ ਪਾਰ ਪੈ ਅਪਾਰ ਕੈ ਬਖਾਨੀਐ ।
ਅਦ੍ਵੈ ਅਬਿਨਾਸੀ ਪਰਮ ਪੂਰਨ ਪ੍ਰਕਾਸੀ ਮਹਾ ਰੂਪ ਹੂੰ ਕੇ ਰਾਸੀ ਹੈਂ ਅਨਾਸੀ ਕੈ ਕੈ ਮਾਨੀਐ
ਜੰਤ੍ਰ ਹੂੰ ਨ ਜਾਤ ਜਾਕੀ ਬਾਪ ਹੂੰ ਨ ਮਾਇ ਤਾਕੀ ਪੂਰਨ ਪ੍ਰਭਾ ਕੀ ਸੁ ਛਟਾ ਕੈ ਅਨਮਾਨੀਐ
ਤੇਜ ਹੂੰ ਕੋ ਤੰਤ੍ਰ ਹੈਂ ਕਿ ਰਾਜਸੀ ਕੋ ਜੰਤ੍ਰ ਹੈਂ ਕਿ ਮੋਹਨੀ ਕੋ ਮੰਤ੍ਰ ਹੈਂ ਨਿਜੰਤ੍ਰ ਕੈ ਕੈ ਜਾਨੀਐ ।੬

ਤੇਜ ਹੂੰ ਕੋ ਤਰੁ ਹੈਂ ਕਿ ਰਾਜਸੀ ਕੋ ਸਰ ਹੈਂ ਕਿ ਸੁੱਧਤਾ ਕੋ ਘਰ ਹੈਂ ਕਿ ਸਿੱਧਤਾ ਕੀ ਸਾਰ ਹੈਂ
ਕਾਮਨਾ ਕੀ ਖਾਨ ਹੈ ਕਿ ਸਾਧਨਾ ਕੀ ਸਾਨ ਹੈਂ ਬਿਰਕਤਤਾ ਕੀ ਬਾਨ ਹੈਂ ਕਿ ਬੁੱਧ ਕੋ ਉਦਾਰ ਹੈ
ਸੁੰਦਰ ਸਰੂਪ ਹੈਂ ਕਿ ਭੂਪਨ ਕੋ ਭੂਪ ਹੈਂ ਕਿ ਰੂਪ ਹੂ ਕੋ ਰੂਪ ਹੈਂ ਕੁਮਤਿ ਕੋ ਪ੍ਰਹਾਰ ਹੈਂ ।
ਦੀਨਨ ਕੋ ਦਾਤਾ ਹੈਂ ਗਨੀਮਨ ਕੋ ਗਾਰਕ ਹੈਂ ਸਾਧਨ ਕੋ ਰੱਛਕ ਹੈਂ ਗੁਨਨ ਕੋ ਪਹਾਰ ਹੈਂ ।੭

ਸਿੱਧ ਕੋ ਸਰੂਪ ਹੈਂ ਕਿ ਬੁਧਿ ਕੋ ਬਿਭੂਤਿ ਹੈਂ ਕਿ ਕ੍ਰੁਧ ਕੋ ਅਭੂਤ ਹੈਂ ਕਿ ਅੱਛੈ ਅਬਿਨਾਸੀ ਹੈਂ
ਕਾਮ ਕੋ ਕੁਨਿੰਦਾ ਹੈਂ ਕਿ ਖੂਬੀ ਕੋ ਦਹਿੰਦਾ ਹੈਂ ਗਨੀਮਨ ਗਰਿੰਦਾ ਹੈਂ ਕਿ ਤੇਜ ਕੋ ਪ੍ਰਕਾਸੀ ਹੈ
ਕਾਲ ਹੂ ਕੇ ਕਾਲ ਹੈਂ ਕਿ ਸਤ੍ਰਨ ਕੇ ਸਾਲ ਹੈਂ ਮਿਤ੍ਰਨ ਕੋ ਪੋਖਤ ਹੈਂ ਕਿ ਬ੍ਰਿਧਤਾ ਕੀ ਬਾਸੀ ਹੈਂ
ਜਗ ਹੂੰ ਕੋ ਜੰਤ੍ਰ ਹੈਂ ਕਿ ਤੇਜ ਹੂ ਕੋ ਤੰਤ੍ਰ ਹੈਂ ਕਿ ਮੋਹਨੀ ਕੋ ਮੰਤ੍ਰ ਹੈਂ ਕਿ ਪੂਰਨ ਪ੍ਰਕਾਸੀ ਹੈਂ ।

ਰੂਪ ਕੇ ਨਿਵਾਸ ਹੈਂ ਕਿ ਬੁੱਧਿ ਕੇ ਪ੍ਰਕਾਸ ਹੈਂ ਕਿ ਸਿੱਧਤਾ ਕੋ ਬਾਸ ਹੈਂਕਿ ਬੁੱਧਿ ਹੂ ਕੋ ਘਰੁ ਹੈ
ਦੇਵਨ ਕੇ ਦੇਵ ਹੈਂ ਨਿਰੰਜਨ ਅਭੇਵ ਹੈਂ ਅਦੇਵਨ ਕੋ ਦੇਵ ਹੈਂ ਕਿ ਸੁੱਧਤਾ ਕੋ ਸਰੁ ਹੈਂ ।
ਜਾਨ ਕੋ ਬਚੱਯਾ ਹੈਂ ਇਮਾਨ ਕੋ ਦਿੱਵਯਾ ਜਮਜਾਲ ਕੋ ਕਟੱਯਾ ਹੈਂ ਕਿ ਕਾਮਨਾ ਕੋ ਕਰੁ ਹੈਂ
ਤੇਜ ਕੇ ਪ੍ਰਚੰਡ ਹੈਂ ਅਖੰਡਨ ਕੇ ਖੰਡ ਹੈਂ ਮਹੀਪਨ ਕੇ ਮੰਡ ਹੈਂ ਕਿ ਇਸਤ੍ਰੀ ਹੈਂ ਨ ਨਰ ਹੈਂ ।੯

ਬਿਸ੍ਵ ਕੋ ਭਰਨ ਹੈਂ ਕਿ ਅਪਦਾ ਕੋ ਹਰਨ ਹੈਂ ਕਿ ਸੁਖ ਕੋ ਕਰਨ ਹੈਂ ਕਿ ਤੇਜ ਕੋ ਪ੍ਰਕਾਸ਼ ਹੈ
ਪਾਈਐ ਨ ਪਾਰ ਪਾਰਾਵਾਰ ਹੂ ਕੋ ਪਾਰ ਜਾ ਕੋ ਕੀਜਤ ਬਿਚਾਰ ਸੁ ਬਿਚਾਰ ਕੋ ਨਿਵਾਸ ਹੈਂ
ਹਿੰਗੁਲਾ ਹਿਮਾਲੈ ਗਾਵੈ ਹਬਸੀ ਹਲੱਬੀ ਧਿਆਵੈ ਪੂਰਬੀ ਨ ਪਾਰ ਪਾਵੈ ਆਸਾ ਤੇ ਅਨਾਸ ਹੈਂ
ਦੇਵਨ ਕੋ ਦੇਵ ਮਹਾਦੇਵ ਹੂ ਕੇ ਦੇਵ ਹੈਂ ਨਿਰੰਜਨ ਅਭੇਵ ਨਾਥ ਅਦ੍ਵੈ ਅਬਿਨਾਸ ਹੈਂ ।੧੦

ਅੰਜਨ ਬਿਹੀਨ ਹੈਂ ਨਿਰੰਜਨ ਪ੍ਰਬੀਨ ਹੈਂ ਕਿ ਸੇਵਕ ਅਧੀਨ ਹੈਂ ਕਟੱਯਾ ਜਮਜਾਲ ਕੇ ।
ਦੇਵਨ ਕੇ ਦੇਵ ਮਹਾਦੇਵ ਹੂੰ ਕੇ ਦੇਵਨਾਥ ਭੂਮਿ ਕੇ ਭੁਜੱਯਾ ਹੈਂ ਮੁਹੱਯਾ ਮਹਾਬਾਲ ਕੇ ।
ਰਾਜਨ ਕੇ ਰਾਜਾ ਮਹਾ ਸਾਜ ਹੂੰ ਕੇ ਸਾਜਾ ਮਹਾ ਜੋਗ ਹੂ ਕੋ ਜੋਗ ਹੈਂ ਧਰੱਯਾ ਦ੍ਰੁਮ ਛਾਲ ਕੇ
ਕਾਮਨਾ ਕੇ ਕਰ ਹੈਂਕਿ ਬੁਧਿਤਾ ਕੇ ਹਰ ਹੈਂ ਕਿ ਸਿੱਧਤਾ ਕੇ ਸਾਥੀ ਹੈਂ ਕਿ ਕਾਲ ਹੈਂ ਕੁਚਾਲ ਕੇ।੧੧

ਛੀਰ ਕੈਸੀ ਛੀਰਾਵਧ ਛਾਛ ਕੈਸੀ ਛਤ੍ਰਾਨੇਰ ਛਪਾਕਰ ਕੈਸੀ ਛਬਿ ਕਾਲਿੰਦ੍ਰੀ ਕੇ ਕੂਲ ਕੇ ।
ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ, ਗੰਗਾ ਕੀ ਸੀ ਧਾਰ ਚਲੀ ਸਾਤੋਂ ਸਿੰਧ ਰੂਲ ਕੇ
ਪਾਰਾ ਸੀ ਪਲਾਊ ਗੜ ਰੂਪਾ ਕੈਸੇ ਰਾਮਪੁਰ ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੇ ।
ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾ ਗੜ ਕੀਰਤਿ ਤਿਹਾਰੀ ਰਹੀ ਮਾਲਤੀ ਸੇ ਫੂਲ ਕੈ ।੧੨

ਫਟਕ ਸੀ ਕੈਲਾਸ ਕਮਾਊ ਗੜ ਕਾਸੀਪੁਰ ਸੀਸਾ ਸੀ ਸੁਰੰਗਾਬਾਦ ਨੀਕੈ ਸੋਹੀਅਤੁ ਹੈ ।
ਹਿਮਾ ਸੀ ਹਿਮਾਲੈ ਹਰ ਹਾਰ ਸੀ ਹਲੱਬਾ ਨੇਰ ਹੰਸ ਕੈਸੀ ਹਾਜੀਪੁਰ ਦੇਖੇ ਮੋਹੀਅਤੁ ਹੈ ।
ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾ ਗਿਰ ਚਾਂਦਨੀ ਸੀ ਚਾਂਦਾ ਗੜ ਜੌਨ ਜੋਹੀਅਤੁ ਹੈ ।
ਗੰਗਾ ਸਮ ਗੰਗਧਾਰ ਬਕਾਨ ਸੀ ਬਲਿੰਦਾਵਾਦ ਕੀਰਤਿ ਤਿਹਾਰੀ ਕੀ ਉਜਿਆਰੀ ਸੋਹੀਅਤੁ ਹੈ।੧੩

ਫਰਾਸੀ ਫਿਰੰਗੀ ਫਰਾਸੀਸ ਕੇ ਦੁਰੰਗੀ ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ ।
ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾਚਾਰੀ ਪਉਨ ਕੇ ਅਹਾਰੀ ਤੇਰੋ ਨਾਮ ਧਿਆਈਅਤੁ ਹੈ
ਪੂਰਬ ਪਲਾਊ ਕਾਮ ਰੂਪ ਔ ਕਮਾਊ ਸਰਬ ਠਉਰ ਮੈ ਬਿਰਾਜੈ ਜਹਾਂ ਜਹਾਂ ਜਾਈਅਤੁ ਹੈ ।
ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਕੇ ਅਤਾਪੀ ਨਾਥ, ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ । ੧੪

ਤ੍ਵ ਪ੍ਰਸਾਦਿ ॥ ਕਬਿੱਤ ॥

ਖੂਕ ਮਲਹਾਰੀ ਗਜ ਗਦਹਾ ਬਿਭੂਤਧਾਰੀ ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ ।
ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ ਮ੍ਰਿਗ ਤਰੁਵਰ ਸਦੀਵ ਮੋਨ ਸਾਧੇ ਈ ਮਰਤ ਹੈ ।
ਬਿੰਦ ਕੇ ਸਿਧੱਯਾ ਤਾਂਹਿ ਹੀਜ ਕੀ ਬਡੱਯਾ ਦੇਤ ਬੰਦਰਾ ਸਦੀਵ ਪਾਇ ਨਾਂਗੇ ਹੀ ਫਿਰਤ ਹੈ ।
ਅੰਗਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ ।੧

ਭੂਤ ਬਨਚਾਰੀ ਛਿਤ ਛਉਨਾ ਸਭੈ ਦੂਧਾਧਾਰੀ ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤ ਹੈਂ ।
ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ ਤੇ ਤੋ ਗਊਅਨ ਕੇ ਜੱਯਾ ਬ੍ਰਿਖਭਯਾ ਮਾਨੀਅਤ ਹੈਂ ।
ਨਭ ਕੇ ਉਡੱਯਾ ਤਾਂਹਿ ਪੰਛੀ ਕੀ ਬਡੱਯਾ ਦੇਤ ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤ ਹੈਂ
ਜੇਤੇ ਬਡੇ ਗਿਆਨੀ ਤਿਨੰ ਜਾਨੀ ਪੈ ਬਖਾਨੀ ਨਾਹਿ ਐਸੇ ਨ ਪ੍ਰਪੰਚ ਮਨ ਭੂਲ ਆਨੀਅਤ ਹੈਂ।੨

ਭੂਮਿ ਕੇ ਬਸੱਯਾ ਤਾਂਹਿ ਭੂਚਰੀ ਕੇ ਜੱਯਾ ਕਹੈਂ ਨਭਕੇ ਉਡੱਯਾ ਸੋ ਚਿਰੱਯਾ ਕੈ ਬਖਾਨੀਐ ।
ਫਲ ਕੇ ਭਛੱਯਾ ਤਾਂਹਿ ਬਾਂਦਰੀ ਕੇ ਜੱਯਾ ਕਹੈ ਆਦਿਸ ਫਿਰੱਯਾ ਤੇ ਤੋ ਭੂਤ ਕੈ ਪਛਾਨੀਐ ।
ਜਲ ਕੇ ਤਰੱਯਾ ਕੋ ਗੰਗੇਰੀ ਸੀ ਕਹਤ ਜਗ ਆਗ ਕੇ ਭਛੱਯਾ ਸੁ ਚਕੋਰ ਸਮ ਮਾਨੀਐ ।
ਸੂਰਜ ਸਿਵੱਯਾ ਤਾਂਹਿ ਕੌਲ ਕੀ ਬਡਾਈ ਦੇਤ ਚੰਦ੍ਰਮਾ ਸਿਵੱਯਾ ਕੋ ਕਵੀ ਕੈ ਪਹਿਚਾਨੀਐ ।੩

ਨਾਰਾਇਣ ਕੱਛ ਮੱਛ ਤਿੰਦੂਆ ਕਹਤ ਸਭ ਕਉਲ ਨਾਭਿ ਕਉਲ ਜਿਹ ਤਾਲ ਮੈਂ ਰਹਤ ਹੈਂ ।
ਗੋਪੀ ਨਾਥ ਗੂਜਰ ਗੁਪਾਲ ਸਭੈ ਧੇਨਚਾਰੀ ਰਿਖੀਕੇਸ ਨਾਮ ਕੈ ਮਹੰਤ ਲਹੀਅਤ ਹੈਂ ।
ਮਾਧਵ ਭਵਰ ਔ ਅਟੇਰੂ ਕੋ ਕਨ੍ਹਯਾ ਨਾਮ ਕੰਸ ਕੋ ਬਧੱਯਾ ਜਮਦੂਤ ਕਹੀਅਤ ਹੈ ।
ਮੂੜ੍ਹ ਰੂੜ੍ਹ ਪੀਟਤ ਨ ਗੂੜ੍ਹਤਾ ਕੋ ਭੇਦ ਪਾਵੈ ਪੂਜਤ ਨ ਤਾਂਹਿ ਜਾਂਕੇ ਰਾਖੇ ਰਹੀਅਤ ਹੈ ।੪

ਬਿਸ੍ਵਪਾਲ ਜਗਤ ਕਾਲ ਦੀਨ ਦਿਆਲ ਬੈਰੀਸਾਲ ਸਦਾ ਪ੍ਰਤਪਾਲ ਜਮਜਾਲ ਤੇ ਰਹਤ ਹੈ ।
ਜੋਗੀ ਜਟਾਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈ ।
ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈ ।
ਮਾਨਵ ਫਨਿੰਦ ਦੇਵ ਦਾਨਵ ਨ ਪਾਵੈ ਭੇਦ ਬੇਦ ਔ ਕਤੇਬ ਨੇਤ ਨੇਤ ਕੈ ਕਹਤ ਹੈ ।੫

ਨਾਚਤ ਫਿਰਤ ਮੋਰ ਬਾਦਰ ਕਰਤ ਘੋਰ ਦਾਮਨੀ ਅਨੇਕ ਭਾਉ ਕਰਿਓਈ ਕਰਤ ਹੈ ।
ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ ਇੰਦ੍ਰ ਸੋ ਨ ਰਾਜਾ ਭਵ ਭੂਮਿ ਕੋ ਭਰਤ ਹੈ ।
ਸਿਵ ਸੇ ਤਪਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ ।
ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ ਸਦਾ ਜੁੱਗਨ ਕੀ ਚਉਂਕਰੀ ਫਿਰਾਏ ਈ ਫਿਰਤ ਹੈਂ।੬

ਏਕ ਸਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ ।
ਬ੍ਰਹਮਾਂ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤ ਸਮੂਹਨ ਕੇ ਹੁਇ ਹੁਇ ਬਿਤਏ ਹੈਂ
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ ।

ਪੀਰ ਔਂ ਪਿਕਾਂਬਰ ਕਰੋ ਗਨੇ ਨ ਪਰਤ ਏਤੇ ਭੂਮਿ ਹੀ ਤੇ ਹੁਇਕੈ ਫੇਰਿ ਭੂਮਿ ਹੀ ਮਿਲਏ ਹੈਂ ।੭

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ
ਬਡੇ ਬਡੇ ਰਾਜਨ ਕੇ ਦਾਬ ਫਿਰਤ ਦੇਸ ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈਂ ।
ਮਾਨ ਸੇ ਮਹੀਪ ਔਂ ਦਿਲੀਪ ਜੈਸੇ ਛਤ੍ਰਧਾਰੀ ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ ।
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ ਭੋਗ ਭੋਗ ਭੂਮਿ ਅੰਤ ਭੂਮਿ ਮੈ ਮਿਲਤ ਹੈਂ ।੮

ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ ਪੋਸਤੀ ਅਨੇਕਦਾ ਨਿਵਾਵਤ ਹੈ ਸੀਸ ਕੋ ।
ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ ਸੋ ਤੌ ਨ ਡੰਡੌਤ ਅਸਟਾਂਗ ਅਥਤੀਸ ਕੋ ।
ਕਹਾਂ ਭਯੋ ਰੋਗੀ ਜੋ ਪੈ ਡਾਰਿਓ ਰਹਿਓ ਉਰਧ ਮੁਖ ਮਨ ਤੇ ਨ ਮੂੰਡ ਨਿਹਰਾਯੋ
ਆਦਿ ਈਸ ਕੋ ।
ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੋ ।੯

ਸੀਸ ਪਟਕਤ ਜਾਂ ਕੇ ਕਾਨ ਮੈ ਖਜੂਰਾ ਧਸੇ ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰ ਕੇ ਸੋਕ ਸੌਂ ।
ਆਕ ਕੋ ਚਰੱਯਾ ਫਲ ਫੂਲ ਕੋ ਭਛੱਯਾ ਸਦਾ ਬਨ ਕੋ ਭ੍ਰਮੱਯਾ ਔਰ ਦੂਸਰੋ ਨ ਬੋਕ ਸੌਂ ।
ਕਹਾ ਭਯੋ ਭੇਡ ਜੋ ਘਸਤ ਸੀਸ ਬ੍ਰਿਛਨ ਸੋਂ ਮਾਟੀ ਕੋ ਭਛੱਯਾ ਬੋਲ ਪੂਛ ਲੀਜੈ ਜੋਕ ਸੌਂ ।
ਕਾਮਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੌਂ ।੧੦

ਨਾਚਿਓਈ ਕਰਤ ਮੋਰ ਦਾਦਰ ਕਰਤ ਸੋਰ ਸਦਾ ਘਨਘੋਰ ਘਨ ਕਰਿਓ ਈ ਕਰਤ ਹੈ ।
ਏਕ ਪਾਇ ਠਾਢੇ ਸਦਾ ਬਨ ਮੈ ਰਹਤ ਬ੍ਰਿਛ, ਫੂਕ ਫੂਕ ਪਾਂਵ ਭ੍ਰਮ ਸ੍ਰਾਵਗ ਧਰਤ ਹੈ ।
ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ ਕਾਗ ਅਉਰ ਚੀਲ ਦੇਸ ਦੇਸ ਬਿਚਰਤ ਹੈ ।
ਗਿਆਨ ਕੇ ਬਿਹੀਨ ਮਹਾਦਾਨ ਮੈ ਨ ਹੂਜੈ ਲੀਨ ਭਾਵਨਾ ਬਿਹੀਨ ਦੀਨ ਕੈਸੇ ਕੈ ਤਰਤ ਹੈ।੧੧

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ ਕਬਹੂੰ ਸੰਨਿਆਸ ਭੇਸ ਬਨਕੈ ਦਿਖਾਵਈ ।
ਕਹੂੰ ਪਉਨਅਹਾਰੀ ਕਹੂੰ ਬੈਠੇ ਲਾਇ ਤਾਰੀ ਕਹੂੰ ਲੋਭ ਕੀ ਖੁਮਾਰੀ ਸੌਂ ਅਨੇਕ ਗੁਨ ਗਾਵਹੀ
ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ ਕਹੂੰ ਡੰਡ ਧਾਰੀ ਹੁਇਕੈ ਲੋਗਨ ਭ੍ਰਮਾਵਈ ।
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ ।੧੨

ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤਕਾਲ ਕੁੰਚਰ ਔ ਗਦਹਾ ਅਨੇਕਦਾ ਪੁਕਾਰ ਹੀ ।
ਕਹਾ ਭਯੋ ਜੋ ਪੈ ਕਲਵਤ੍ਰ ਲੀਓ ਕਾਂਸੀ ਬੀਚ ਚੀਰ ਚੀਰ ਚੋਰਟਾ ਕੁਠਾਰਨ ਸੋਂ ਮਾਰਹੀ ।
ਕਹਾ ਭਯੋ ਫਾਸੀ ਡਾਰ ਬੂਡਿਓ ਜੜ ਗੰਗਧਾਰ ਡਾਰ ਡਾਰ ਫਾਸਿ ਠਗ ਮਾਰ ਮਾਰ ਡਾਰਹੀ
ਡੂਬੇ ਨਰਕ ਧਾਰ ਮੂੜ ਗਿਆਨ ਕੇ ਬਿਨਾ ਬਿਚਾਰ ਭਾਵਨਾ ਬਿਹੀਨ ਕੈਸੇ ਗਿਆਨ ਕੋ
ਬਿਚਾਰਹੀ ।੧੩

ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ ਤਾਪਨਾ ਅਨੇਕ ਤਨ ਘਾਇਲ ਸਹਤ ਹੈ ।
ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ ਪੂਦਨਾ ਸਦੀਵ ਤੂਹੀ ਤੂਹੀ ਉਚਰਤ ਹੈ ।
ਨਭ ਕੇ ਉਡੇ ਤੇ ਜੋ ਪੈ ਨਾਰਾਇਣ ਪਾਈਯਤ ਅਨਲ ਅਕਾਸ ਪੰਛੀ ਡੋਲਬੋ ਕਰਤ ਹੈ ।
ਆਗ ਮੈਂ ਜਰੇ ਤੇ ਗਤਿ ਰਾਂਡ ਕੀ ਪਰਤ ਕਹਾਂ ਪਤਾਲ ਕੇ ਬਾਸੀ ਕਿਉਂ ਭੁਜੰਗ ਨ ਤਰਤ ਹੈ।੧੪

ਕੋਊ ਭਯੋ ਮੁੰਡੀਆ ਸੰਨਿਆਸੀ ਕੋਊ ਜੋਗੀ ਭਯੋ ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ ।
ਹਿੰਦੂ ਤੁਰਕ ਕੋਊ ਰਾਫਜੀ ਇਮਾਮਸ਼ਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ । ੧੫

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ।
ਅਲਹੁ ਅਭੇਖ ਸੋਈ ਪੁਰਾਨ ਔਂ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ।੧੬

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈਂ ਮਿਲਾਂਹਿਗੇ ।
ਜੈਸੇ ਏਕ ਧੂਰਿ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਂਗੇ ।
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਂਗੇ ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਂਗੇ ।੧੭

ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ ਕੇਤੇ ਅੱਛ ਵੱਛ ਹੁਇ ਸਪੱਛ ਉਡ ਜਾਹਿਂਗੇ ।
ਕੇਤੇ ਨਭ ਬੀਚ ਅੱਛ ਪੱਛ ਕਉ ਕਰਤ ਭੱਛ ਕੇਤਕ ਪ੍ਰਤੱਛ ਹੁਇ ਪਚਾਇ ਖਾਇ ਜਾਹਿਂਗੇ ।
ਜਲ ਕਹਾਂ ਥਲ ਕਹਾਂ ਗਗਨ ਕੇ ਗਉਨ ਕਹਾਂ ਕਾਲ ਕੇ ਬਨਾਇ ਸਬੈ ਕਾਲ ਹੀ ਚਬਾਹਿਂਗੇ ।
ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿਂਗੇ ।੧੮

ਕੂਕਤ ਫਿਰਤ ਕੇਤੇ ਰੋਵਤ ਮਰਤ ਕੇਤੇ ਜਲ ਮੈਂ ਡੁਬਤ ਕੇਤੇ ਆਗ ਮੈਂ ਜਰਤ ਹੈਂ ।
ਕੇਤੇ ਗੰਗ ਬਾਸੀ ਕੇਤੇ ਮਦੀਨਾ ਮਕਾ ਨਿਵਾਸੀ ਕੇਤਕ ਉਦਾਸੀ ਕੇ ਭ੍ਰਮਾਏ ਹੀ ਫਿਰਤ ਹੈਂ
ਕਰਵਤ ਸਹਤ ਕੇਤੇ ਭੂਮਿ ਮੈ ਗਡਤ ਕੇਤੇ ਸੂਆ ਪੈ ਚੜ੍ਹਤ ਕੇਤੇ ਦੂਖ ਕਉ ਭਰਤ ਹੈਂ ।
ਗੈਨ ਮੈਂ ਉਡਤ ਕੇਤੇ ਜਲ ਮੈਂ ਰਹਤ ਕੇਤੇ ਗਿਆਨ ਕੇ ਬਿਹੀਨ ਜਕ ਜਾਰੇ ਹੀ ਮਰਤ ਹੈਂ।੧੯

ਸੋਧ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਬਡੇ ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ ।
ਘਸ ਹਾਰੇ ਚੰਦਨ ਲਗਾਇ ਹਾਰੇ ਚੋਆ ਚਾਰ ਪੂਜ ਹਾਰੇ ਪਾਹਨ ਚਢਾਇ ਹਾਰੇ ਲਾਪਸੀ ।
ਗਾਹਹਾਰੇ ਗੋਰਨ ਮਨਾਇ ਹਾਰੇ ਮੜੀ ਮੱਠ ਲੀਪ ਹਾਰੇ ਭੀਤਨ ਲਗਾਇ ਹਾਰੇ ਛਾਪਸੀ ।
ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਰ ਸਭ ਪਚ ਹਾਰੇ ਪੰਡਤ ਤਪੰਤ ਹਾਰੇ ਤਾਪਸੀ । ੨੦

ਤ੍ਵ ਪ੍ਰਸਾਦਿ । ਸਵੱਯੈ ।

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗਿ ਜਤੀ ਕੇ ।
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ।
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ।
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ । ੧

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁ ਰੰਗ ਸਵਾਰੇ ।
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ।
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ।
ਏਤੇ ਭਏ ਤੁ ਕਹਾਂ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਂਇ ਪਧਾਰੇ । ੨

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ।
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯ ਰਾਜ ਹਜਾਰੇ ।
ਭੂਤ ਭਵਿੱਖ ਭਵਾਨ ਕੈ ਭੂਪਤ ਕਉਨੁ ਗਨੈ ਨਹੀਂ ਜਾਤ ਬਿਚਾਰੇ ।
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੇ ਅੰਤ ਕੇ ਧਾਮ ਸਿਧਾਰੇ । ੩

ਤੀਰਥ ਨ੍ਹਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ।
ਬੇਦ ਪੁਰਾਨ ਕਤੇਬ ਕੁਰਾਨ ਜ਼ਿਮੀਨ ਜ਼ਮਾਨ ਸਬਾਨ ਕੇ ਪੇਖੈ ।
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ ।
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ । ੪

ਸੁਧ ਸਿਪਾਹ ਦੁਰੰਤ ਦੁਬਾਹ ਸੁ ਸਾਜ ਸਨਾਹ ਦੁਰਜਾਨ ਦਲੈਂਗੇ ।
ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ।
ਤੋਰ ਅਰੀਨ ਮਰੋਰ ਮਵਾਸਨ ਮਾਤੇ ਮਤੰਗਨ ਮਾਨ ਮਲੈਂਗੇ ।
ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗ ਜਹਾਨੁ ਨਿਦਾਨ ਚਲੈਂਗੇ । ੫

ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ।
ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ ।
ਗਾੜ੍ਹੇ ਗੜ੍ਹਾਨ ਕ ਤੋੜਨਹਾਰ ਸੁ ਬਾਤਨ ਹੀ ਚਕ ਚਾਰ ਲਵੱਯਾ ।
ਸਾਹਿਬੁ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ । ੬

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ ।
ਜੀਵ ਜਿਤੇ ਜਲ ਮੈਂ ਥਲ ਮੈਂ ਪਲ ਹੀ ਪਲ ਮੈਂ ਸਭ ਥਾਪ ਥਪੈਂਗੇ ।
ਪੁੰਨ ਪ੍ਰਤਾਪਨ ਬਾਢ ਜੈਤ ਧੁਨਿ ਪਾਪਨ ਕੇ ਬਹੁ ਪੁੰਜ ਖਪੈਂਗੇ ।

ਸਾਧ ਸਮੂਹ ਪ੍ਰਸੰਨ ਫਿਰੈ ਜਗ ਸੱਤ੍ਰ ਸਭੈ ਅਵਲੋਕ ਚਪੈਂਗੇ । ੭

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ।
ਕੋਟਿ ਇਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ ।
ਬ੍ਰਹਮ ਮਹੇਸਰ ਬਿਸਨੁ ਸਚੀਪਤਿ ਅੰਤ ਫਸੇ ਜਮ ਫਾਸਿ ਪਰੈਂਗੇ ।
ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ । ੮

ਕਹਾ ਭਯੋ ਦੋਊ ਲੋਚਨ ਮੂੰਦਕੈ ਬੈਠਿ ਰਹਿਓ ਬਕ ਧਿਆਨ ਲਗਾਇਓ ।
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ ਲੋਕ ਗਯੋ ਪਰਲੋਕ ਗਵਾਇਓ ।
ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸ ਸੁ ਬੈਸ ਬਿਤਾਇਓ ।
ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ । ੯

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ।
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ।
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕਉ ਪੂਜਨ ਧਾਇਓ ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ । ੧੦

ਤ੍ਵ ਪ੍ਰਸਾਦਿ ॥ ਸ੍ਵਯੇ ॥

SIKHBOOKCLUB.COM

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ ।
ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ ।
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ।
ਦੀਨ ਦਯਾਲ ਦਯਾ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ । ੧

ਦਾਹਤ ਹੈ ਦੁਖ ਦੋਖਨ ਕੋ ਦਲ ਦੁੱਜਨ ਕੇ ਪਲ ਮੈ ਦਲ ਡਾਰੈ ।
ਖੰਡ ਅਖੰਡ ਪ੍ਰਚੰਡ ਪਹਾਰਨ ਪੂਰਨ ਪ੍ਰੇਮ ਕੀ ਪ੍ਰੀਤ ਸੰਭਾਰੈ ।
ਪਾਰ ਨ ਪਾਇ ਸਕੈ ਪਦਮਾਪਤਿ ਬੇਦ ਕਤੇਬ ਅਭੇਦ ਉਚਾਰੈ ।
ਰੋਜੀ ਹੀ ਰਾਜ ਬਿਲੋਕਤ ਰਾਜਕ ਰੋਖ ਰੂਹਾਨ ਕੀ ਰੋਜੀ ਨ ਟਾਰੈ । ੨

ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿੱਖ ਭਵਾਨ ਬਨਾਏ ।
ਦੇਵ ਅਦੇਵ ਖਪੇ ਅਹੰਮੇਵ ਨ ਭੇਵ ਲਖਿਓ ਭ੍ਰਮ ਸਿਉ ਭਰਮਾਏ ।
ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨ ਆਏ ।
ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉਂ ਕਿਨ ਸ੍ਰੀ ਪਦਮਾਪਤਿ ਪਾਏ । ੩

ਆਦਿ ਅਨੰਤ ਅਗਾਧ ਅਦ੍ਵੈਖ ਸੁ ਭੂਤ ਭਵਿੱਖ ਭਵਾਨ ਅਭੈ ਹੈ ।
ਅੰਤਿ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿੱਦ੍ਰ ਅਛੈ ਹੈ ।

ਲੋਗਨ ਕੇ ਕਰਤਾ ਹਰਤਾ ਜਲ ਮੈ ਥਲ ਮੈ ਭਰਤਾ ਪ੍ਰਭ ਵੈ ਹੈ ।
ਦੀਨ ਦਇਆਲ ਦਇਆਕਰ ਸ੍ਰੀ ਪਤਿ ਸੁੰਦਰ ਸ੍ਰੀ ਪਦਮਾਪਤਿ ਏਹੈ । ੪

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ।
ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ।
ਜਾਨ ਕੋ ਦੇਤ ਅਜਾਨ ਕੋ ਦੇਤ ਜ਼ਮੀਨ ਕੋ ਦੇਤ ਜ਼ਮਾਨ ਕੋ ਦੈਹੈ ।
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈਹੈ । ੫

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ।
ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ ।
ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ ।
ਔਰ ਕੀ ਬਾਤ ਕਹਾਂ ਕਹਤੋਂ ਸੋ ਸੁ ਪੇਟ ਹੀ ਕੇ ਪਟ ਬੀਚ ਬਚਾਵੈ । ੬

ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈ ।
ਭੂਮਿ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈ ।
ਪਾਇ ਸਕੈ ਨਹੀਂ ਪਾਰ ਪ੍ਰਭਾਹੂ ਕੋ ਨੇਤਿ ਹੀ ਨੇਤਹਿ ਬੇਦ ਬਤਾਵੈ ।
ਖੋਜ ਥਕੇ ਸਭ ਹੀ ਖੁਜੀਆ ਸੁਰ ਹਾਰ ਪਰੇ ਹਰਿ ਹਾਥ ਨ ਆਵੈ । ੭

ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭ ਹੂੰ ਮਿਲਿ ਗਾਇਓ ।
ਬੇਦ ਕਤੇਬ ਨ ਭੇਦ ਲਖਿਓ ਸਭ ਹਾਰ ਪਰੇ ਹਰਿ ਹਾਥ ਨ ਆਇਓ ।
ਪਾਇ ਸਕੈ ਨਹੀ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ ।
ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜ ਸਭੈ ਜਗੁ ਛਾਇਓ । ੮

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ ।
ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨਛੇਦ ਪੁਕਾਰੇ ।
ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗਿ ਤਿਹਾਰੇ ।
ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨਹੀ ਕੁਲ ਤਾਰੇ । ੯

ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ ।
ਦੇਸ ਫਿਰਿਓ ਕਰ ਭੇਸ ਤਪੋ ਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ ।
ਆਸਨ ਕੋਟ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ ।
ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ । ੧੦

ੜ੨ ਸ੍ਵੈਯੇ ॥ ਪਾਤਸਾਹੀ ੧੦ ॥

ਸਤਿ ਸਦੇਵ ਸਰੂਪ ਸਤ ਬ੍ਰਤ ਆਦਿ ਅਨਾਦਿ ਅਗਾਧ ਅਜੇ ਹੈ ।
ਦਾਨ ਦਯਾ ਦਮ ਸੰਜਮ ਨੇਮ ਜਤ ਬ੍ਰਤ ਸੀਲ ਸੁ ਬਿਰਤ, ਅਬੇ ਹੈ ।
ਆਦਿ ਅਨੀਲ ਅਨਾਦਿ ਅਨਾਹਦ ਆਪਿ ਅਦ੍ਵੈਖ ਅਭੇਖ ਅਭੇ ਹੈ ।
ਰੂਪ ਅਰੂਪ ਅਰੇਖ ਜਰਾਰਦਨ ਦੀਨ ਦਯਾਲ ਕ੍ਰਿਪਾਲ ਭਏ ਹੈ । ੧

ਆਦਿ ਅਦ੍ਵੈਖ ਅਭੇਖ ਮਹਾ ਪ੍ਰਭ ਸੱਤਿ ਸਰੂਪ ਸੁ ਜੋਤਿ ਪ੍ਰਕਾਸੀ ।
ਪੂਰ ਰਹਯੋ ਸਭ ਹੀ ਘਟ ਕੈ ਪਟ ਤੱਤ ਸਮਾਧਿ ਸੁਭਾਵ ਪ੍ਰਨਾਸੀ ।
ਆਦਿ ਜੁਗਾਦਿ ਜਗਾਦਿ ਤੁਹੀ ਪ੍ਰਭ ਫੈਲ ਰਹਯੋ ਸਭ ਅੰਤਰਿ ਬਾਸੀ ।
ਦੀਨ ਦਯਾਲ ਕ੍ਰਿਪਾਲ ਕ੍ਰਿਪਾ ਕਰ ਆਦਿ ਅਜੋਨਿ ਅਜੈ ਅਬਨਾਸੀ । ੨

ਆਦਿ ਅਭੇਖ ਅਛੇਦ ਸਦਾ ਪ੍ਰਭ ਬੇਦ ਕਤੇਬਨ ਭੇਦੁ ਨ ਪਾਯੋ ।
ਦੀਨ ਦਿਯਾਲ ਕ੍ਰਿਪਾਲ ਕ੍ਰਿਪਾ ਨਿਧ ਸਤਿ ਸਦੇਵ ਸਭੈ ਘਟ ਛਾਯੋ ।
ਸੇਸ ਸੁਰੇਸ ਗਣੇਸ ਮਹੇਸੁਰ ਗਾਹਿ ਫਿਰੈ ਸ੍ਰੁਤਿ ਥਾਹ ਨ ਆਯੋ ।
ਰੇ ਮਨ ਮੂੜ ਅਗੂੜ ਇਸੋ ਪ੍ਰਭ ਤੈਂ ਕਿਹਿ ਕਾਜ ਕਹੋ ਬਿਸਰਾਯੋ । ੩

ਅਚੁੱਤ ਆਦਿ ਅਨੀਲ ਅਨਾਹਦ ਸੱਤ ਸਰੂਪ ਸਦੈਵ ਬਖਾਨੇ ।
ਆਦਿ ਅਜੋਨਿ ਅਜਾਇ ਜਰਾ ਬਿਨੁ ਪਰਮ ਪੁਨੀਤ ਪਰੰਪਰ ਮਾਨੇ ।
ਸਿਧ ਸ੍ਵਯੰਭੂ ਪ੍ਰਸਿਧ ਸਭੈ ਜਗ ਏਕ ਹੀ ਠੌਰ ਅਨੇਕ ਬਖਾਨੇ ।
ਰੇ ਮਨ ਰੰਕ ਕਲੰਕ ਬਿਨਾ ਹਰਿ ਤੈ ਕਿਹਿ ਕਾਰਣ ਤੇ ਨ ਪਹਿਚਾਨੇ । ੪

ਅੱਛਰ ਆਦਿ ਅਨੀਲ ਅਨਾਹਦ ਸੱਤ ਸਦੈਵ ਤੁਹੀ ਕਰਤਾਰਾ ।
ਜੀਵ ਜਿਤੇ ਜਲ ਮੈ ਥਲ ਮੈ ਸਬ ਕੈ ਸਦ ਪੇਟ ਕੌ ਪੋਖਨਹਾਰਾ ।
ਬੇਦ ਪੁਰਾਨ ਕੁਰਾਨ ਦਹੂੰ ਮਿਲ ਭਾਂਤਿ ਅਨੇਕ ਬਿਚਾਰ ਬਿਚਾਰਾ ।
ਔਰ ਜਹਾਨ ਨਿਦਾਨ ਕਛੂ ਨਹਿ ਏ ਸੁਬਹਾਨ ! ਤੁਹੀ ਸਿਰਦਾਰਾ । ੫

ਆਦਿ ਅਗਾਧਿ ਅਛੇਦ ਅਭੇਦ ਅਲੇਖ ਅਜੇਅ ਅਨਾਹਦ ਜਾਨਾ ।
ਭੂਤ ਭਵਿਖ ਭਵਾਨ ਤੁਹੀ ਸਬਹੂੰ ਸਬ ਠੌਰਨ ਮੋ ਮਨੁ ਮਾਨਾ ।
ਦੇਵ ਅਦੇਵ ਮਹੀਧਰ ਨਾਰਦ ਸਾਰਦ ਸੱਤਿ ਸਦੈਵ ਪਛਾਨਾ ।
ਦੀਨ ਦਯਾਲ ਕ੍ਰਿਪਾ ਨਿਧਿ ਕੋ ਕਛੁ ਭੇਦ ਪੁਰਾਨ ਕੁਰਾਨ ਨ ਜਾਨਾ । ੬

ਸੱਤਿ ਸਦੈਵ ਸਰੂਪ ਸੱਤ ਬ੍ਰਤ ਬੇਦ ਕਤੇਬ ਤੁਹੀ ਉਪਜਾਯੋ ।
ਦੇਵ ਅਦੇਵਨ ਦੇਵ ਮਹੀਧਰ ਭੂਤ ਭਵਾਨ ਵਹੀ ਠਹਰਾਯੋ ।
ਆਦਿ ਜੁਗਾਦਿ ਅਨੀਲ ਅਨਾਹਦ ਲੋਕ ਅਲੋਕ ਬਿਲੋਕ ਨ ਪਾਯੋ ।
ਰੇ ਮਨ ਮੂੜ ਅਗੂੜ ਇਸੋ ਪ੍ਰਭ ਤੋਹਿ ਕਹੋ ਕਿਹਿ ਆਨ ਸੁਨਾਯੋ । ੭

WWW.SIKHBOOKCLUB.COM

ਦੇਵ ਅਦੇਵ ਮਹੀਧਰ ਨਾਗਨ ਸਿੱਧ ਪ੍ਰਸਿੱਧ ਬਡੋ ਤਪੁ ਕੀਨੋ ।
ਬੇਦ ਪੁਰਾਨ ਕੁਰਾਨ ਸਬੈ ਗੁਨ ਗਾਇ ਥਕੇ ਪੈ ਤੋ ਜਾਇ ਨ ਚੀਨੋ ।
ਭੂਮ ਅਕਾਸ ਪਤਾਰ ਦਿਸਾ ਬਿਦਿਸਾ ਜਿਹਿ ਸੋ ਸਬ ਕੇ ਚਿਤ ਚੀਨੋ ।
ਪੂਰ ਰਹੀ ਮਹਿ ਮੋ ਮਹਿਮਾ ਮਨ ਮੈ ਤਿਹਿ ਆਨ ਮੁਝੈ ਕਹਿ ਦੀਨੋ । ੮

ਬੇਦ ਕਤੇਬ ਨ ਭੇਦ ਲਹਯੋ ਤਿਹਿ ਸਿਧ ਸਮਾਧਿ ਸਬੈ ਕਰਿ ਹਾਰੇ ।
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭਾਤਿ ਪੁਰਾਨ ਬੀਚਾਰ ਬਿਚਾਰੇ ।
ਆਦਿ ਅਨਾਦਿ ਅਗਾਧਿ ਕਥਾ ਧ੍ਰੂਅ ਸੇ ਪ੍ਰਹਿਲਾਦ ਅਜਾਮਲ ਤਾਰੇ ।
ਨਾਮ ਉਚਾਰ ਤਰੀ ਗਨਿਕਾ ਸੋਈ ਨਾਮੁ ਅਧਾਰ ਬੀਚਾਰ ਹਮਾਰੇ ।੧੦

ਆਦਿ ਅਨਾਦਿ ਅਗਾਧਿ ਸਦਾ ਪ੍ਰਭ ਸਿੱਧ ਸ੍ਰੂਪ ਸਭੋ ਪਹਿਚਾਨਯੋ ।
ਗੰਧ੍ਰਬ ਜੱਛ ਮਹੀਧਰ ਨਾਗਨ ਭੂਮ ਅਕਾਸ ਚਹੂੰ ਚਕ ਜਾਨਯੋ ।
ਲੋਕ ਅਲੋਕ ਦਿਸਾ ਬਿਦਿਸਾ ਅਰੁ ਦੇਵ ਅਦੇਵ ਦੁਹੂੰ ਪ੍ਰਭ ਮਾਨਯੋ ।
ਚਿੱਤ ਅਗਯਾਨ ਸੁ ਜਾਨ ਸੁਯੰਭਵ ਕੌਨ ਕੀ ਕਾਨਿ ਨਿਧਾਨ ਭੁਲਾਨਯੋ । ੧੧

ਕਾਹੂੰ ਲੈ ਠੋਕ ਬਧੇ ਉਰ ਠਾਕੁਰ ਕਾਹੂ ਮਹੇਸ ਕੋ ਏਸ ਬਖਾਨਯੋ ।
ਕਾਹੂੰ ਕਹਿਯੋ ਹਰਿ ਮੰਦਰ ਮੈ ਹਰਿ ਕਾਹੂ ਮਸੀਤ ਕੇ ਬੀਚ ਪ੍ਰਮਾਨਯੋ ।
ਕਾਹੂੰ ਨੈ ਰਾਮ ਕਹਯੋ ਕ੍ਰਿਸਨਾ ਕਹੁ ਕਾਹੂ ਮਨੈ ਅਵਤਾਰਨ ਮਾਨਯੋ ।
ਫੋਕਟ ਧਰਮ ਬਿਸਾਰ ਸਬੈ ਕਰਤਾਰ ਹੀ ਕਉ ਕਰਤਾ ਜੀਅ ਜਾਨਯੋ । ੧੨

ਜੋ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕੋ ਕੌਸਲ ਕੁੱਖ ਜਯੋ ਜੂ ।
ਕਾਲ ਹੂ ਕਾਲ ਕਹੈ ਜਿਹਿ ਕੋ ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ ।
ਸਤ ਸਰੂਪ ਬਿਬੈਰ ਕਹਾਇ ਸੁ ਕਿਉਂ ਪਥ ਕੋ ਰਥ ਹਾਂਕ ਧਯੋ ਜੂ ।
ਤਾਹੀ ਕੋ ਮਾਨਿ ਪ੍ਰਭੂ ਕਰਿ ਕੈ ਜਿਹ ਕੋ ਕੋਊ ਭੇਦ ਨ ਲੈ ਨ ਲਯੋ ਜੂ । ੧੩

ਕਿਯੋਂ ਕਹੁ ਕ੍ਰਿਸਨ ਕ੍ਰਿਪਾਨਿਧਿ ਹੈ ਕਿਹ ਕਾਜ ਤੇ ਬੱਧਕ ਬਾਣੁ ਲਗਾਯੋ ।
ਅਉਰ ਕੁਲੀਨ ਉਧਾਰਤ ਜੋ ਕਿਹ ਤੇ ਅਪਨੋ ਕੁਲ ਨਾਸੁ ਕਰਾਯੋ ।
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ ।
ਤਾਤ ਨ ਮਾਤ ਕਹੈ ਜਿਹਕੋ ਤਿਹ ਕਿਉਂ ਬਸੁਦੇਵਹਿ ਬਾਪੁ ਕਹਾਯੋ । ੧੪

ਕਾਹੇ ਕੋ ਏਸ ਮਹੇਸਹਿ ਭਾਖਤ ਕਾਹਿ ਦਿਜੇਸ ਕੋ ਏਸ ਬਖਾਨਯੋ ।
ਹੈ ਨ ਰਘ੍ਵੇਸ ਜਦ੍ਵੇਸ ਰਮਾ ਪਤਿ ਤੈ ਜਿਨ ਕੋ ਬਿਸ੍ਵਨਾਥ ਪਛਾਨਯੋ ।
ਏਕ ਕੋ ਛਾਡਿ ਅਨੇਕ ਭਜੈ ਸੁਕਦੇਵ ਪਰਾਸਰ ਬਯਾਸ ਝੁਠਾਨਯੋ ।
ਫੋਕਟ ਧਰਮ ਸਜੇ ਸਭਹੀ ਹਮ ਏਕ ਹੀ ਕੋ ਬਿਧਿ ਨੇਕ ਪ੍ਰਮਾਨਯੋ । ੧੫

ਕੋਊ ਦਿਜੇਸ ਕੋ ਮਾਨਤ ਹੈ ਅਰੁ ਕੋਊ ਮਹੇਸ ਕੋ ਏਸ ਬਤੈ ਹੈ।
ਕੋਊ ਕਹੇ ਬਿਸਨੋਸ ਬਿਸੁਨਾਇਕ ਜਾਂਹਿ ਭਜੈ ਅਘ ਓਘ ਕਟੈ ਹੈ।
ਬਾਰ ਹਜਾਰ ਬਿਚਾਰ ਅਰੇ ਜੜ ! ਅੰਤ ਸਮੇਂ ਸਭ ਹੀ ਤਜ ਜੈਹੈ।
ਤਾਂਹੀ ਕੋ ਧਯਾਨ ਪ੍ਰਮਾਨਿ ਹੀਏ ਜੋ ਥਾ ਅਬ ਹੈ ਅਰੁ ਆਗੈ ਊ ਹ੍ਵੈ ਹੈ। ੧੬

ਕੋਟਕ ਇੰਦਰ ਕਰੇ ਜਿਹ ਕੇ ਕਈ ਕੋਟ ਉਪਿੰਦ੍ਰ ਬਨਾਇ ਖਪਾਯੋ।
ਦਾਨਵ ਦੇਵ ਫਨਿੰਦਰ ਧਰਾਧਰ ਪੱਛ ਪਸੂ ਨਹਿ ਜਾਤਿ ਗਨਾਯੋ।
ਆਜ ਲਗੇ ਤਪੁ ਸਾਧਤ ਹੈ ਸਿਵ ਊ ਬ੍ਰਹਮਾ ਕਛੂ ਪਾਰ ਨ ਪਾਯੋ।
ਬੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ। ੧੭

ਧਯਾਨ ਲਗਾਇ ਠਗਿਓ ਸਭ ਲੋਗਨ ਸੀਸ ਜਟਾ ਨਖ ਹਾਥ ਬਢਾਏ।
ਲਾਇ ਬਿਭੂਤ ਫਿਰਯੋ ਮੁਖ ਊਪਰਿ ਦੇਵ ਅਦੇਵ ਸਬੈ ਡਹਕਾਏ।
ਲੋਭ ਕੇ ਲਾਗੇ ਫਿਰਯੋ ਘਰ ਹੀ ਘਰ ਜੋਗ ਕੇ ਨਿਯਾਸ ਸਬੈ ਬਿਸਰਾਏ।
ਲਾਜ ਗਈ ਕਛੂ ਕਾਜੁ ਸਰਯੋ ਨਹ ਪ੍ਰੇਮ ਬਿਨਾ ਪ੍ਰਭ ਪਾਨ ਨ ਆਏ। ੧੮

ਕਾਹੇ ਕਉ ਡਿੰਭ ਕਰੈ ਮਨ ਮੂਰਖ ਡਿੰਭ ਕਰੈ ਅਪਨੀ ਪਤਿ ਖ੍ਵੈ ਹੈ।
ਕਾਹੇ ਕੋ ਲੋਗ ਠਗੇ ਠਗ ਲੋਗਨਿ ਲੋਕ ਗਯੋ ਪਰ ਲੋਕ ਗਵੈਹੈ।
ਦੀਨ ਦਯਾਲ ਕੀ ਠੌਰ ਜਹਾਂ ਤਿਹਿ ਠੌਰ ਬਿਖੈ ਤੁਹਿ ਠੌਰ ਨ ਐਹੈ।
ਚੇਤ ਰੇ ਚੇਤ ਅਚੇਤ ਮਹਾਂ ਜੜ ਭੇਖ ਕੇ ਕੀਨੇ ਅਲੇਖ ਨ ਪੈ ਹੈ। ੧੯

ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈਂ ਪਰਮੇਸਰ ਨਾਹੀ।
ਤਾਹੀ ਕੋ ਪੂਜ ਪ੍ਰਭੂ ਕਰਿ ਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ।
ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਬੈ ਛੁਟਿ ਜਾਂਹੀ।
ਤਾਂਹੀ ਕੋ ਧਯਾਨੁ ਪ੍ਰਮਾਨ ਸਦਾਇਨ ਫੋਕਟ ਧਰਮ ਕਰੇ ਫਲੁ ਨਾਹੀ। ੨੦

ਫੋਕਟ ਧਰਮ ਭਯੋ ਫਲ ਹੀਨ ਜੁ ਪੂਜ ਸਿਲਾ ਜੁਗਿ ਕੋਟ ਗਵਾਈ।
ਸਿੱਧਿ ਕਹਾਂ ਸਿਲ ਕੇ ਪਰਸੈ ਬਲ ਬ੍ਰਿਧ ਘਟੀ ਨਵ ਨਿੱਧਿ ਨ ਪਾਈ।
ਆਜੁ ਹੀ ਆਜੁ ਸਮੋ ਜੁ ਬਿਤਿਯੋ ਨਹਿ ਕਾਜਿ ਸਰਿਯੋ ਕਛੁ ਲਾਜਿ ਨ ਆਈ।
ਸ੍ਰੀ ਭਗਵੰਤ ਭਜਿਯੋ ਨ ਅਰੇ ਜੜ ! ਐਸੇ ਹੀ ਐਸ ਸੁ ਬੈਸ ਗਵਾਈ। ੨੧

ਜੌ ਜੁਗ ਤੇ ਕਰ ਹੈ ਤਪਸਾ ਕਛੁ ਤੋਹਿ ਪ੍ਰਸੰਨੁ ਨ ਪਾਹਨ ਕੈ ਹੈ।
ਹਾਥਿ ਉਠਾਇ ਭਲੀ ਬਿਧਿ ਸੋ ਜੜਿ ਤੋਹਿ ਕਛੂ ਬਰਦਾਨੁ ਨ ਦੈ ਹੈ।
ਕਉਨ ਭਰੋਸ ਭਯਾ ਇਹਕੋ ਕਹੁ ਭੀਰ ਪਰੀ ਨਹਿ ਆਨਿ ਬਚੈ ਹੈ।
ਜਾਨੁ ਰੇ ਜਾਨ ਅਜਾਨ ਹਠੀ ਇਹ ਫੋਕਟ ਧਰਮ ਸੁ ਭਰਮ ਗਵੈ ਹੈ। ੨੨

ਜਾਲ ਬਧੇ ਸਬ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ ।
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿੱਖ ਉਪਾਇ ਮਿਟਾਏ ।
ਅੰਤ ਮਰੇ ਪਛੁਤਾਇ ਪ੍ਰਿਥੀ ਪਰਿ ਜੇ ਜਗ ਮੈਂ ਅਵਤਾਰ ਕਹਾਏ ।
ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹਿ ਨ ਪਾਇਨ ਧਾਏ । ੨੩

ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭਰਮਾਨਯੋ :
ਕਾਲ ਹੀ ਪਾਇ ਸਦਾ ਸਿਵਜੂ ਸਭ ਦੇਸ ਬਿਦੇਸ ਭਇਆ ਹਮ ਜਾਨਯੋ ।
ਕਾਲ ਹੀ ਪਾਇ ਭਯੋ ਮਿਟ ਗਯੋ ਜਗ ਯਾਹੀ ਤੇ ਤਾਹਿ ਸਭੋ ਪਹਿਚਾਨਯੋ ।
ਬੇਦ ਕਤੇਬ ਕੇ ਭੇਦ ਸਬੈ ਤਜਿ ਕੇਵਲ ਕਾਲ ਕ੍ਰਿਪਾ ਨਿਧਿ ਮਾਨਯੋ । ੨੪

ਕਾਲ ਗਯੋ ਇਨ ਕਾਂਮਨ ਸਿਉਂ ਜੜ ਕਾਲ ਕ੍ਰਿਪਾਲ ਹੀਐ ਨ ਚਿਤਾਰਿਯੋ ।
ਲਾਜ ਕੋ ਛਾਡਿ ਨਿਰਲਾਜ ਅਰੇ ਤਜਿ ਕਾਜਿ ਅਕਾਜ ਕੇ ਕਾਜ ਸਵਾਰਿਯੋ ।
ਬਾਜ ਬਨੇ ਗਜਰਾਜ ਬਡੇ ਖਰ ਕੋ ਚੜਿਬੋ ਚਿਤ ਬੀਚ ਬਿਚਾਰਿਯੋ ।
ਸ੍ਰੀ ਭਗਵੰਤ ਭਜਯੋ ਨ ਅਰੇ ਜੜ ! ਲਾਜ ਹੀ ਲਾਜ ਸੁ ਕਾਜ ਬਿਗਾਰਯੋ । ੨੫

ਬੇਦ ਕਤੇਬ ਪੜੇ ਬਹੁਤੇ ਦਿਨ ਭੇਦ ਕਛੂ ਤਿਨਕੋ ਨਹਿ ਪਾਯੋ ।
ਪੂਜਤ ਠੌਰ ਅਨੇਕ ਫਿਰਯੋ ਪਰ ਏਕ ਕਬੈ ਹੀਯ ਮੈ ਨ ਬਸਾਯੋ ।
ਪਾਹਨ ਕੋ ਅਸਥਾਲਯ ਕੋ ਸਿਰ ਨਿਯਾਇ ਫਿਰਿਯੋ ਕਛੁ ਹਾਥ ਨ ਆਯੋ ।
ਰੇ ਮਨ ਮੂੜ ਅਗੂੜ ਪ੍ਰਭੂ ਤਜਿ ਆਪਨ ਹੂੜ ਕਹਾਂ ਉਰਝਾਯੋ । ੨੬

ਜੋ ਜੁਗਿਯਾਨ ਕੇ ਜਾਇ ਉਠਿਯਾਸ੍ਰਮ ਗੋਰਖ ਕੋ ਤਿਹ ਜਾਪੁ ਜਪਾਵੈਂ ।
ਜਾਇ ਸੰਨਯਾਸਨ ਕੇ ਤਿਹ ਕੋ ਕਹ 'ਦੱਤ ਹੀ ਸੱਤ ਹੈ' ਮੰਤ੍ਰ ਦ੍ਰਿੜਾਵੈ ।
ਜੋ ਕੋਊ ਜਾਇ ਤੁਰੱਕਨ ਮੈ ਮਹਿ ਦੀਨ ਕੇ ਦੀਨ ਤਿਸੈ ਗਹਿ ਲਯਾਵੈ ।
ਆਪਹਿ ਬੀਚ ਗਨੈ ਕਰਤਾ ਕਰਤਾਰ ਕੋ ਭੇਦੁ ਨ ਕੋਊ ਬਤਾਵੈ । ੨੭

ਜੌ ਜੁਗੀਆਨ ਕੇ ਜਾਇ ਕਹੈ 'ਸਬ ਜੋਗਨ ਕੋ ਗ੍ਰਿਹ ਮਾਲ ਉਠੈ ਦੈ ।'
ਜੌ ਪਰੋ ਭਾਜਿ ਸੰਨਯਾਸਨ ਕੋ ਕਹੈ ਦੱਤ ਕੇ ਨਾਮ ਪੈ ਧਾਮ ਲੁਟੈ ਦੈ ।
ਜੋ ਕਰਿ ਕੋਊ ਮਸੰਦਨ ਸੌਂ ਕਹੈ ਸਰਬ ਦਰਬ ਲੈ ਮੋਹਿ ਅਬੈ ਦੈ ।
'ਲੇਉ ਹੀ ਲੇਉ' ਕਹੈ ਸਬ ਕੋ ਨਰ ਕੋਊ ਨ ਬ੍ਰਹਿਮ ਬਤਾਇ ਹਮੈ ਦੈ । ੨੮

ਜੋ ਕਰਿ ਸੇਵ ਮਸੰਦਨ ਕੀ ਕਹੈ ਆਨਿ ਪ੍ਰਸਾਦਿ ਸਬੈ ਮੋਹਿ ਦੀਜੈ ।
ਜੋ ਕਛੁ ਮਾਲ ਤਵਾਲਯ ਸੋ ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ ।
ਮੇਰੋ ਹੀ ਧਯਾਨ ਧਰੋ ਨਿਸ ਬਾਸੁਰ ਭੂਲ ਕੇ ਅਉਰ ਕੋ ਨਾਮੁ ਨ ਲੀਜੈ ।
ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ ਲੀਨੇ ਬਿਨਾ ਨਹਿ ਨੈਕੁ ਪ੍ਰਸੀਜੈ । ੨੯

ਆਂਖਨ ਭੀਤਰਿ ਤੇਲ ਕੋ ਡਾਰ ਸੁ ਲੋਗਨ ਨੀਰੁ ਬਹਾਇ ਦਿਖਾਵੈ ।
ਜੋ ਧਨਵਾਨੁ ਲਖੈ ਨਿਜ ਸੇਵਕ ਤਾਂਹੀ ਪਰੋਸਿ ਪ੍ਰਸਾਦਿ ਜਿਮਾਵੈ ।
ਜੋ ਧਨ ਹੀਨ ਲਖੈ ਤਿਂਹ ਦੇਤ ਨ ਮਾਂਗਨ ਜਾਤ ਮੁਖੋ ਨ ਦਿਖਾਵੈ :
ਲੂਟਤ ਹੈਂ ਪਸੁ ਲੋਗਨ ਕੋ ਕਬਹੂ ਨ ਪਰਮੇਸਰ ਕੇ ਗੁਨ ਗਾਵੈ । ੩੦ ।

ਆਂਖਨ ਮੀਚ ਰਹੈ ਬਕ ਕੀ ਜਿਮ ਲੋਗਨ ਏਕ ਪਰਪੰਚ ਦਿਖਾਯੋ ।
ਨਿਆਤ ਫਿਰਯੋ ਸਿਰੁ ਬੱਧਕ ਜਯੋਂ ਅਸ ਧਯਾਨ ਬਿਲੋਕ ਬਿੜਾਲ ਲਜਾਯੋ ।
ਲਾਗਿ ਫਿਰਯੋ ਧਨ ਆਸ ਜਿਤੈ ਤਿਤ ਲੋਕ ਗਯੋ ਪਰਲੋਕ ਗਵਾਯੋ ।
ਸ੍ਰੀ ਭਗਵੰਤ ਭਜਯੋ ਨ ਅਰੇ ਜੜ ! ਧਾਮ ਕੇ ਕਾਮ ਕਹਾਂ ਉਰਝਾਯੋ । ੩੧

ਫੋਕਟ ਕਰਮ ਦ੍ਰਿੜਾਤ ਕਹਾਇਨ ਲੋਗਨ ਕੋ ਕੋਈ ਕਾਮ ਨ ਐਹੈ ।
ਭਾਜਤ ਕਾ ਧਨ ਹੇਤ ਅਰੇ ਜਮ ਕਿੰਕਰ ਤੇ ਨਹ ਭਾਜਨ ਪੈਹੈ ।
ਪੁਤ੍ਰ ਕਲਿਤ੍ਰ ਨ ਮਿੱਤ੍ਰ ਸਬੈ ਊਹਾਂ ਸਿੱਖ ਸਖਾ ਕੋਊ ਸਾਖ ਨ ਦੇਹੈਂ ।
ਚੇਤ ਰੇ ਚੇਤ ਅਚੇਤ ਮਹਾਂ ਪਸੁ ਅੰਤ ਕੀ ਬਾਰ ਅਕੇਲੋ ਈ ਜੈਹੈਂ । ੩੧
ਤੌ ਤਨ ਤਿਆਗਤ ਹੀ ਸੁਨ ਰੇ ਜੜ 'ਪ੍ਰੇਤ' ਬਖਾਨ ਤ੍ਰਿਆ ਭਜਿ ਜੈਹੈ ।
ਪੁਤ੍ਰ ਕਲਤ੍ਰ ਸੁ ਮਿਤ੍ਰ ਸਖਾ ਇਹ 'ਬੇਗ ਨਿਕਾਰਹੁ' ਆਇਸੁ ਦੇ ਹੈ ।
ਭਉਨ ਭੰਡਾਰ ਧਰਾ ਗੜ੍ਹ ਜੇਤਕ ਛਾਡਤ ਪ੍ਰਾਨ ਬਿਗਾਨ ਕਹੈ ਹੈ ।
ਚੇਤ ਰੇ ਚੇਤ ਅਚੇਤ ਮਹਾਂ ਪਸੁ ਅੰਤ ਕੀ ਬਾਰ ਅਕੇਲੋ ਈ ਜੈਹੈ । ੩੨ ।

ਤ੍ਵ ਪ੍ਰਸਾਦਿ ॥ ਲਘੁ ਨਰਾਜ ਛੰਦ

ਜਲ ਹਰੀ । ਥਲੇ ਹਰੀ । ਉਰੇ ਹਰੀ । ਬਨੇ ਹਰੀ । ੧ ।
ਗਿਰੇ ਹਰੀ । ਗੁਫੇ ਹਰੀ । ਛਿਤੇ ਹਰੀ । ਨਭੇ ਹਰੀ । ੨ ।
ਈਹਾਂ ਹਰੀ । ਊਹਾਂ ਹਰੀ । ਜਿਮੀ ਹਰੀ । ਜ਼ਮਾਂ ਹਰੀ । ੩ ।
ਅਲੇਖ ਹਰੀ । ਅਭੇਖ ਹਰੀ । ਅਦੋਖ ਹਰੀ । ਅਦ੍ਵੈਖ ਹਰੀ । ੪ ।
ਅਕਾਲ ਹਰੀ । ਅਪਾਲ ਹਰੀ । ਅਛੇਦ ਹਰੀ । ਅਭੇਦ ਹਰੀ । ੫ ।
ਅਜੰਤ੍ਰ ਹਰੀ । ਅਮੰਤ੍ਰ ਹਰੀ । ਸੁਤੇਜ ਹਰੀ । ਅਤੰਤ੍ਰ ਹਰੀ । ੬ ।
ਅਜਾਤ ਹਰੀ । ਅਪਾਤ ਹਰੀ । ਅਮਿਤ੍ਰ ਹਰੀ । ਅਮਾਤ ਹਰੀ । ੭ ।
ਅਰੋਗ ਹਰੀ । ਅਸੋਕ ਹਰੀ । ਅਭਰਮ ਹਰੀ । ਅਕਰਮ ਹਰੀ । ੮ ।
ਅਜੈ ਹਰੀ । ਅਭੈ ਹਰੀ । ਅਭੇਦ ਹਰੀ । ਅਛੇਦ ਹਰੀ । ੯ ।
ਅਖੰਡ ਹਰੀ । ਅਭੰਡ ਹਰੀ । ਅਡੰਡ ਹਰੀ । ਪ੍ਰਚੰਡ ਹਰੀ । ੧੦ ।
ਅਤੇਵ ਹਰੀ । ਅਭੇਵ ਹਰੀ । ਅਜੇਵ ਹਰੀ । ਅਛੇਵ ਹਰੀ । ੧੧ ।
ਭਜੋ ਹਰੀ । ਥਪੋ ਹਰੀ । ਤਪੋ ਹਰੀ । ਜਪੋ ਹਰੀ । ੧੨ ।
ਜਲਸ ਤੁਹੀ । ਥਲਸ ਤੁਹੀ । ਨਦਿਸ ਤੁਹੀ । ਨਦਸ ਤੁਹੀ । ੧੩ ।

ਬ੍ਰਿਛਸ ਤੁਹੀ । ਪਤਸ ਤੁਹੀ । ਛਿਤਸ ਤੁਹੀ । ਉਰਧਸ ਤੁਹੀ । ੧੪
ਭਜਸ ਤੁਅੰ । ਭਜਸ ਤੁਅੰ । ਰਟਸ ਤੁਅੰ । ਠਟਸ ਤੁਅੰ । ੧੫
ਜਿਮੀ ਤੁਹੀ । ਜਮਾਂ ਤੁਹੀ । ਮਕੀਂ ਤੁਹੀ । ਮਕਾਂ ਤੁਹੀ । ੧੬
ਅਭੂ ਤੁਹੀ । ਅਭੈ ਤੁਹੀ । ਅਛੂ ਤੁਹੀ । ਅਛੈ ਤੁਹੀ । ੧੭
ਜਤਸ ਤੁਹੀ । ਬ੍ਰਤਸ ਤੁਹੀ । ਗਤਸ ਤੁਹੀ । ਮਤਸ ਤੁਹੀ । ੧੮
ਤੁਹੀ ਤੁਹੀ । ਤੁਹੀ ਤੁਹੀ । ਤੁਹੀ ਤੁਹੀ । ਤੁਹੀ ਤੁਹੀ । ੧੯
ਤੁਹੀ ਤੁਹੀ । ਤੁਹੀ ਤੁਹੀ । ਤੁਹੀ ਤੁਹੀ । ਤੁਹੀ ਤੁਹੀ । ੨੦ ।

ਭੁਯੰਗ ਪ੍ਰਯਾਤ ਛੰਦ

ਕਹੂੰ ਆਰਬੀ ਤੋਰਕੀ ਪਾਰਸੀ ਹੋ । ਕਹੂੰ ਪਹਲਵੀ ਪਸ਼ਤਵੀ ਸੰਸਕ੍ਰਿਤੀ ਹੋ ।
ਕਹੂੰ ਦੇਸ ਭਾਖ੍ਯਾ ਕਹੂੰ ਦੇਵ ਬਾਨੀ । ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ । ੨੬
ਕਹੂੰ ਮੰਤ੍ਰ ਬਿਦਿਆ ਕਹੂੰ ਤੰਤ੍ਰ ਸਾਰੰ । ਕਹੂੰ ਜੰਤ੍ਰ ਰੀਤੰ ਕਹੂੰ ਸ਼ਸਤ੍ਰ ਧਾਰੰ ।
ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ । ਕਹੂੰ ਪਿੰਗਲਾ ਚਾਰਣੀ ਗੀਤ ਚਰਚਾ । ੨੭
ਕਹੂੰ ਬੀਨ ਬਿਦਿਆ ਕਹੂੰ ਗਾਨ ਗੀਤੰ । ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ ।
ਕਹੂੰ ਨ੍ਰਿਤ ਬਿਦਿਆ ਕਹੂੰ ਨਾਗ ਬਾਨੀ । ਕਹੂੰ ਗਾਰੜੂ ਗੂੜ ਕਥੈਂ ਕਹਾਨੀ । ੨੮
ਕਹੂੰ ਅੱਛਰਾ ਪੱਛਰਾ ਮੱਛਰਾ ਹੋ । ਕਹੂੰ ਬੀਰ ਬਿਦਿਆ ਅਭੂਤੰ ਪ੍ਰਭਾ ਹੋ ।
ਕਹੂੰ ਛੈਲ ਛਾਲਾ ਧਰੇ ਛਤ੍ਰਧਾਰੀ । ਕਹੂੰ ਰਾਜ ਸਾਜੰ-ਧਿਰਾਜ ਧਿਕਾਰੀ । ੨੯
ਨਮੋ ਨਾਥ ਪੂਰੇ ਸਦਾ ਸਿੱਧ ਦਾਤਾ । ਅਛੇਦੀ ਅਛੈ ਆਦਿ ਅਦ੍ਵੈ ਬਿਧਾਤਾ ।
ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਰੂਪੇ । ਨਮਸਤੰ ਨਮਸਤੰ ਤੁਅਸਤੰ ਅਭੂਤੇ । ੩੦ ।

ਤ੍ਵ ਪ੍ਰਸਾਦਿ ॥ ਨਰਾਜ ਛੰਦ

ਨ ਜੰਤ੍ਰ ਮੈਂ ਨ ਤੰਤ੍ਰ ਮੈਂ, ਨ ਮੰਤ੍ਰ ਬਸ ਆਵਈ
ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ
ਨ ਕਰਮ ਮੈਂ ਨ ਧਰਮ ਮੈਂ ਨ ਭਰਮ ਮੈਂ ਬਤਾਈਐ
ਅਗੰਜ ਆਦਿ ਦੇਵ ਹੈ ਕਹੋ ਸੁ ਕੈਸਿ ਪਾਈਐ । ੫
ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ।
ਹਾਨਿ ਹੈ ਨ ਬਾਨਿ ਹੈ ਸਮਾਨ ਰੂਪ ਜਾਨੀਐ
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ । ੬
ਜਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ ।
ਸਿਤਸੁਪਤੀ ਤਪਸਪਤੀ ਬਨਸਪਤੀ ਜਪਸਿ ਸਦਾ । ਚੰਦ ਸੂਰਜ
ਅਗਸਤ ਆਦਿ ਜੋ ਬਡੇ ਤਪਸਪਤੀ ਬਿਸੇਖੀਐ ।
ਬਿਅੰਤ ਬਿਅੰਤ ਬਿਅੰਤ ਕੋ ਕਰੰਤਿ ਪਾਠ ਦੇਖੀਐ ।

## ੩. 'ਬਚਿਤ੍ਰ ਨਾਟਕ ਗ੍ਰੰਥ' ਵਿਚੋਂ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਤ੍ਵਪ੍ਰਸਾਦਿ । ਸ੍ਰੀ ਮੁਖਵਾਕ ਪਾਤਸ਼ਾਹੀ ੧੦ ।

ਦੋਹਰਾ

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤ ਚਿਤੁ ਲਾਇ ।
ਪੂਰਨ ਕਰੋ ਗ੍ਰਿੰਥ ਇਹ ਤੁਮ ਮੁਹਿ ਕਰਹੁ ਸਹਾਇ । ੧ ।

ਤ੍ਰਿਭੰਗੀ ਛੰਦ

ਸ੍ਰੀ ਕਾਲ ਜੀ ਕੀ ਉਸਤਤਿ ।

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ।
ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ।
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲ ਬਿਖ ਹਰਣੰ ਅਸਿ ! ਸਰਣੰ ।
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ । ੨ ।

ਭੁਜੰਗ ਪ੍ਰਯਾਤ ਛੰਦ ।

ਘਟਾ ਸਾਵਣੰ ਜਾਣ ਸਿਆਮੰ ਸੁਹਾਯੰ । ਮਣੀ ਨੀਲ ਨਗਯੰ ਲਖੰ ਸੀਸ ਨਯਾਯੰ ।
ਮਹਾ ਸੁੰਦ੍ਰ ਸਿਆਮੰ ਮਹਾ ਅਭਿਰਾਮੰ । ਮਹਾਰੂਪ ਰੂਪੰ ਮਹਾ ਕਾਮ ਕਾਮੰ । ੫੯
ਫਿਰੈ ਚਕ੍ਰ ਚੌਦਹੂੰ ਪੁਰੀਅੰ ਮਧਿਆਣੰ । ਇਸੋ ਕੌਣ ਬੀਯੰ ਫਿਰੈ ਆਇਸਾਣੰ ।
ਕਹੋ ਕੁੰਟ ਕੌਨੇ ਬਿਖੈ ਭਾਜ ਬਾਚੈ । ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ । ੬੦
ਕਰੇ ਕੋਟ ਕੋਊ ਧਰੇ ਕੋਟ ਓਟੰ । ਬਚੈਗੋ ਨ ਕਿਉਂਹੂੰ ਕਰੈ ਕਾਲ ਚੋਟੰ ।
ਲਿਖੰ ਜੰਤ੍ਰ ਕੇਤੇ ਪੜੰ ਮੰਤ੍ਰ ਕੋਟੰ । ਬਿਨਾ ਸਰਨ ਤਾਕੀ ਨਹੀਂ ਔਰ ਓਟੰ । ੬੧
ਲਿਖੰ ਜੰਤ੍ਰ ਥਾਕੇ ਪੜੰ ਮੰਤ੍ਰ ਹਾਰੇ । ਕਰੇ ਕਾਲ ਤੇ ਅੰਤ ਲੈ ਕੇ ਬਿਚਾਰੇ ।
ਕਿਤਿਓ ਤੰਤ੍ਰ ਸਾਧੇ ਜੁ ਜਨਮੰ ਬਿਤਾਯੰ । ਭਏ ਫੋਕਟੰ ਕਾਜ ਏਕੈ ਨ ਆਯੰ । ੬੨
ਕਿਤੇ ਨਾਸ ਮੂੰਦੇ ਭਏ ਬ੍ਰਹਮਚਾਰੀ । ਕਿਤੇ ਕੰਠ ਕੰਠੀ ਜਟਾ ਸੀਸ ਧਾਰੀ ।
ਕਿਤੇ ਚੀਰ ਕਾਨੰ ਜੁਗੀਸੰ ਕਹਾਯੰ । ਸਭੈ ਫੋਕਟੰ ਧਰਮ ਕਾਮੰ ਨ ਆਯੰ । ੬੩
ਮਧੁ ਕੀਟਭੰ ਰਾਛਸੇਸੰ ਬਲੀਅੰ । ਸਮੈ ਆਪਨੀ ਕਾਲ ਤੇਊ ਦਲੀਅੰ ।
ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੰ । ਤੇਊ ਕਾਲ ਕੀਨੇ ਪੁਰੇਜੇ ਪੁਰੇਜੰ । ੬੪
ਬਲੀ ਪ੍ਰਿਥੀਅੰ ਮਾਨਧਾਤਾ ਮਹੀਪੰ । ਜਿਨੈ ਰਥ ਚੱਕ੍ਰੰ ਕੀਏ ਸਾਤ ਦੀਪੰ ।
ਭੁਜੰ ਭੀਮ ਭਰਥੰ ਜਗੰ ਜੀਤ ਡੰਡਯੰ । ਤਿਨੈ ਅੰਤ ਕੇ ਅੰਤ ਕੋ ਕਾਲ ਖੰਡਯੰ । ੬੫
ਜਿਨੈ ਦੀਪ ਦੀਪੰ ਦੁਹਾਈ ਫਿਰਾਈ । ਭੁਜਾ ਦੰਡ ਦੇ ਛੋਣਿ ਛੱਤ੍ਰੰ ਛਿਨਾਈ ।
ਕਰੇ ਜੱਗ ਕੋਟੰ ਜਸੰ ਅਨੇਕ ਲੀਤੇ । ਵਹੈ ਬੀਰ ਬੰਕੋ ਬਲੀ ਕਾਲ ਜੀਤੇ । ੬੬

SIKHBOOKCLUB.COM

ਕਈ ਕੋਟ ਲੀਨੇ ਜਿਨੈ ਦੁਰਗ ਢਾਹੇ । ਕਿਤੇ ਸੂਰਬੀਰਾਨ ਕੇ ਸੈਨ ਗਾਹੇ ।
ਕਈ ਜੰਗ ਕੀਨੇ ਸੁ ਸਾਕੇ ਪਵਾਰੇ । ਵਹੈ ਦੀਨ ਦੇਖੇ ਗਿਰੇ ਕਾਲ ਮਾਰੇ । ੬੭

ਜਿਨੈ ਪਾਤਿਸ਼ਾਹੀ ਕਰੀ ਕੋਟ ਜੁਗਾਦੰ । ਰਸੰ ਆਨ ਰੰਸੰ ਭਲੀ ਭਾਂਤਿ ਭੁਗਾਦੰ ।
ਵਹੈ ਅੰਤ ਕੋ ਪਾਵ ਨਾਂਗੇ ਪਧਾਰੇ । ਗਿਰੇ ਦੀਨ ਦੇਖੇ ਹਠੀ ਕਾਲ ਮਾਰੇ । ੬੮

ਜਿਨੈ ਖੰਡੀਅੰ ਦੰਡ ਧਾਰੰ ਅਪਾਰੰ । ਕਰੇ ਚੰਦ੍ਰਮਾ ਸੂਰ ਚੇਰੇ ਦੁਆਰੰ ।
ਜਿਨੈ ਇੰਦ੍ਰ ਸੇ ਜੀਤ ਕੈ ਛੋਡ ਡਾਰੇ । ਵਹੈ ਦੀਨ ਦੇਖੇ ਗਿਰੇ ਕਾਲ ਮਾਰੇ । ੬੯ ।

ਰਸਾਵਲ ਛੰਦ ।

ਜਿਤੇ ਰਾਮ ਹੂਏ । ਸਭੈ ਅੰਤਿ ਮੂਏ । ਜਿਤੇ ਕ੍ਰਿਸਨ ਹ੍ਵੈ ਹੈਂ । ਸਭੈ ਅੰਤ ਜੈ ਹੈਂ । ੭੦
ਜਿਤੇ ਦੇਵ ਹੋਸੀ । ਸਭੈ ਅੰਤ ਜਾਸੀ । ਜਿਤੇ ਬੋਧ ਹ੍ਵੈ ਹੈਂ । ਸਭੈ ਅੰਤ ਛੈ ਹੈਂ । ੭੧
ਜਿਤੇ ਦੇਵਰਾਯੰ । ਸਭੈ ਅੰਤ ਜਾਯੰ । ਜਿਤੇ ਦਈਤ ਏਸੰ । ਤਿਤਿਓ ਕਾਲ ਲੇਸੰ । ੭੨
ਨਰਸਿੰਘਾਵਤਾਰੰ । ਵਹੈ ਕਾਲ ਮਾਰੰ । ਬਡੋ ਡੰਡਧਾਰੀ । ਹਣਿਓ ਕਾਲ ਭਾਰੀ । ੭੩
ਦਿਜੰ ਬਾਵਨੇਯੰ । ਹਣਿਓ ਕਾਲ ਤੇਯੰ । ਮਹਾ ਮੱਛ ਮੁੰਡੰ । ਫਧਿਓ ਕਾਲ ਝੁੰਡੰ । ੭੪
ਜਿਤੇ ਹੋਇ ਬੀਤੇ । ਤਿਤੇ ਕਾਲ ਜੀਤੇ । ਜਿਤੇ ਸਰਨਿ ਜੈਹੈਂ । ਤਿਤਿਓ ਰਾਖ ਲੈ ਹੈਂ । ੭੫

ਭੁਜੰਗ ਪ੍ਰਯਾਤ ਛੰਦ

ਬਿਨਾ ਸਰਨ ਤਾਕੀ ਨ ਅਉਰੈ ਉਪਾਯੰ । ਕਹਾ ਦੇਵ ਦੈਤੰ ਕਹਾਂ ਰੰਕ ਰਾਯੰ ।
ਕਹਾ ਪਾਤਸ਼ਾਹੰ ਕਹਾਂ ਉਮਰਾਯੰ । ਬਿਨਾ ਸ਼ਰਨ ਤਾਕੀ ਨ ਕੋਟੈ ਉਪਾਯੰ । ੭੬

ਜਿਤੇ ਜੀਵ ਜੰਤੰ ਸੁ ਦੁਨੀਯੰ ਉਪਾਯੰ । ਸਭੈ ਅੰਤ ਕਾਲੰ ਬਲੀ ਕਾਲ ਘਾਯੰ ।
ਬਿਨਾ ਸਰਨ ਤਾਕੀ ਨਹੀ ਔਰ ਓਟੰ । ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ । ੭੭

ਨਰਾਜ ਛੰਦ

ਜਿਤੇਕੁ ਰਾਜ ਰੰਕਯੰ । ਹਨੇ ਸੁ ਕਾਲ ਬੰਕਯੰ ।
ਜਿਤੇਕੁ ਲੋਕਪਾਲਯੰ । ਨਿਦਾਨ ਕਾਲ ਦਾਲਯੰ । ੭੮

ਕ੍ਰਿਪਾਣ ਪਾਣ ਜੇ ਜਪੈ । ਅਨੰਤ ਥਾਟ ਤੇ ਥਪੈ ।
ਜਿਤੇਕ ਕਾਲ ਧਯਾਇ ਹੈ । ਜਗਤਿ ਜੀਤ ਜਾਇ ਹੈ । ੭੯

ਬਚਿਤ੍ਰ ਚਾਰ ਚਿਤ੍ਰਯੰ ਪਰਮਯੰ ਪਵਿਤ੍ਰਯੰ ।
ਅਲੋਕ ਰੂਪ ਰਾਜਿਯੰ । ਸੁਣੈ ਸੁ ਪਾਪ ਭਾਜਿਯੰ । ੮੦

ਬਿਸਾਲ ਲਾਲ ਲੋਚਨੰ । ਬਿਅੰਤ ਪਾਪ ਮੋਚਨੰ ।
ਚਮੱਕ ਚੰਦ੍ਰ ਚਾਰੀਅੰ । ਅਘੀ ਅਨੇਕ ਤਾਰੀਅੰ । ੮੧

### ਰਸਾਵਲ ਛੰਦ

ਜਿਤੇ ਲੋਕ ਪਾਲੰ । ਤਿਤੇ ਜੇਰ ਕਾਲੰ । ਜਿਤੇ ਸੂਰ ਚੰਦ੍ਰੰ । ਕਹਾਂ ਇੰਦ੍ਰ ਬਿੰਦ੍ਰੰ । ੮੨

### ਭੁਜੰਗ ਪ੍ਰਯਾਤ

ਫਿਰੇ ਚੌਦਹੂੰ ਲੋਕਯੰ ਕਾਲ ਚਕ੍ਰੰ । ਸਭੈ ਨਾਥ ਨਾਥੇ ਭ੍ਰਮੰ ਭਉਂਹ ਬਕ੍ਰੰ ।
ਕਹਾਂ ਰਾਮ ਕ੍ਰਿਸਨੰ ਕਹਾਂ ਚੰਦ੍ਰ ਸੂਰੰ । ਸਭੈ ਹਾਥ ਬਾਂਧੇ ਖਰੇ ਕਾਲ ਹਜੂਰੰ । ੮੩ ।

### ਸਵੈਯਾ

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾਂਕੀ ਕਲਾ ਹੈ ।
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ।
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ।
ਔਰ ਸੁ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ । ੮੪ ।

### ਭੁਜੰਗ ਪ੍ਰਯਾਤ

ਨਮੋ ਦੇਵ ਦੇਵੰ ਨਮੋ ਖੜਗਧਾਰੰ । ਸਦਾ ਏਕ ਰੂਪੰ ਸਦਾ ਨਿਰਬਿਕਾਰੰ ।
ਨਮੋ ਰਾਜਸੰ ਸਾਤਕੰ ਤਾਮਸੇਅੰ । ਨਮੋ ਨਿਰਬਿਕਾਰੰ ਨਮੋ ਨਿਰਜੁਰੇਅੰ । ੮੫

SIKHBOOKCLUB.COM

### ਰਸਾਵਲ ਛੰਦ

ਨਮੋ ਬਾਣ ਪਾਣੰ । ਨਮੋ ਨਿਰਭਆਣੰ ।
ਨਮੋ ਦੇਵ ਦੇਵੰ । ਭਵਾਣੰ ਭਵੇਅੰ । ੮੬ ।

### ਭੁਜੰਗ ਪ੍ਰਯਾਤ ਛੰਦ

ਨਮੋ ਖਗੰ ਖੰਡੰ ਕ੍ਰਿਪਾਣੰ ਕਟਾਰੰ । ਸਦਾ ਏਕ ਰੂਪੰ ਸਦਾ ਨਿਰਬਿਕਾਰੰ ।
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ । ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ । ੮੭
ਨਮਸਕਾਰਯੰ ਮੋਰ ਤੀਰੰ ਤੁਫੰਗੰ । ਨਮੋ ਖਗ ਅੱਦਗੰ ਅਭੇਯੰ ਅਭੰਗੰ ।
ਗਦਾਯੰ ਗ੍ਰਿਸਟੰ ਨਮੋ ਸੈਹਥੀਅੰ । ਜਿਨੈ ਤੁੱਲੀਅੰ ਬੀਰ ਬੀਓ ਨ ਬੀਅੰ । ੮੮

### ਰਸਾਵਲ ਛੰਦ

ਨਮੋ ਚਕ੍ਰ ਪਾਣੰ । ਅਭੂਤੰ ਭਯਾਣੰ । ਨਮੋ ਉਗ੍ਰਦਾੜੰ । ਮਹਾਂ ਗ੍ਰਿਸਟ ਗਾੜੰ । ੮੯
ਨਮੋ ਤੀਰ ਤੋਪੰ । ਜਿਨੈ ਸਤ੍ਰ ਘੋਪੰ । ਨਮੋ ਧੋਪ ਪਟੰ । ਜਿਨੈ ਦੁਸਟ ਦੱਟੰ । ੯੦
ਜਿਤੇ ਸਸਤ੍ਰ ਨਾਮੰ । ਨਮਸਕਾਰ ਤਾਮੰ । ਜਿਤੇ ਅਸਤ੍ਰ ਭੇਯੰ । ਨਮਸਕਾਰ ਤੇਯੰ । ੯੧

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ ।
ਭੂਲ ਛਿਮੋ ਹਮਰੀ ਪ੍ਰਭੁ ਆਪਨ ਭੂਲਨਹਾਰ ਕਹੂੰ ਕੋਊ ਮੋ ਸੋ ।
ਸੇਵ ਕਰੀ ਤੁਮਰੀ ਤਿਨਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੇ ਸੋ ।
ਯਾ ਕਲਿ ਮੈਂ ਸਭ ਕਾਲ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ । ੯੨*

ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨ ਡਾਰੇ ।
ਧੂਮਰ ਲੋਚਨ ਚੰਡ ਔ ਮੁੰਡ ਸੇ ਮਾਹਿਖ ਸੇ ਪਲ ਬੀਚ ਨਿਵਾਰੇ ।
ਚਾਮਰ ਸੇ ਰਣ ਚਿੱਛਰ ਸੇ ਰਕਤਿੱਛਣ ਸੇ ਝਟ ਦੈ ਝਨਕਾਰੇ ।
ਐਸੋ ਸੁ ਸਾਹਿਬੁ ਪਾਇ ਕਹਾ ਪਰਵਾਹ ਰਹੀ ਇਹ ਦਾਸ ਤਿਹਾਰੇ । ੯੩

ਮੁੰਡਹੁ ਸੇ ਮਧੁ ਕੀਟਭ ਸੇ ਮੁਰ ਸੇ ਅਘ ਸੇ ਜਿਨਿ ਕੋਟਿ ਦਲੇ ਹੈਂ ।
ਓਟ ਕਰੀ ਕਬਹੂੰ ਨ ਜਿਨੈ ਰਣ ਚੋਟ ਪਰੀ ਪਗ ਦ੍ਵੈ ਨ ਟਲੇ ਹੈਂ ।
ਸਿੰਧੁ ਬਿਖੈ ਜੇ ਨ ਬੂੜੇ ਨਿਸਾਚਰ ਪਾਵਕ ਬਾਣ ਬਹੇ ਨ ਜਲੇ ਹੈਂ ।
ਤੇ ਅਸਿ ਤੋਰ ਬਿਲੋਕ ਅਲੋਕ ਸੁ ਲਾਜ ਕੋ ਛਾਡਿਕੈ ਭਾਜਿ ਚਲੇ ਹੈਂ । ੯੪

ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ ।
ਬਾਰਦ ਨਾਦ ਅਕੰਪਨ ਸੇ ਜਗ ਜੰਗ ਜੁਰੇ ਜਿਨ ਸਿਉਂ ਜਮ ਹਾਰੇ ।
ਕੁੰਭ ਅਕੁੰਭ ਸੇ ਜੀਤ ਸਭੈ ਜਗ ਸਾਤ ਹੂੰ ਸਿੰਧੁ ਹਥਿਆਰ ਪਖਾਰੇ ।
ਜੇ ਜੇ ਹੁਤੇ ਅਕਟੇ ਬਿਕਟੇ ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ । ੯੫

ਜੋ ਕਹੂੰ ਕਾਲ ਤੇ ਭਾਜਕੇ ਬਾਚੀਅਤ ਤੋ ਕਿਹ ਕੁੰਟ ਕਹੋ ਭਜਿ ਜਈਐ ।
ਆਗੇ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿ ਅਈਐ ।
ਐਸੋ ਨ ਕੈ ਗਯੋ ਕੋਈ ਸੁ ਦਾਵ ਰੇ ਜਾਹਿ ਉਪਾਵ ਸੋ ਘਾਵ ਬਚਈਐ ।
ਜਾ ਤੇ ਨ ਛੂਟੀਐ ਮੂੜ ਕਹੂੰ ਹਸਿ ਤਾ ਕੀ ਨ ਕਿਉਂ ਸਰਣਾਗਤਿ ਜਈਐ । ੯੬

ਕ੍ਰਿਸਨ ਔ ਬਿਸਨੁ ਜਪੇ ਤੁਹਿ ਕੋਟਿਕ ਰਾਮ ਰਹੀਮ ਭਲੀ ਬਿਧਿ ਧਿਆਯੋ ।
ਬ੍ਰਹਮ ਜਪਿਓ ਅਰੁ ਸੰਭੁ ਥਪਿਓ ਤਿਹ ਤੇ ਤੁਹਿ ਕੋ ਕਿਨਹੂੰ ਨ ਬਚਾਯੋ ।
ਕੋਟ ਕਰੀ ਤਪਸਾ ਦਿਨ ਕੋਟਿਕ ਕਾਹੂੰ ਨ ਕੌਡੀ ਕੋ ਕਾਮ ਕਢਾਯੋ ।
ਕਾਮ ਕਾ ਮੰਤ੍ਰ ਕਸੀਰੇ ਕੇ ਕਾਮ ਨ ਕਾਲ ਕੋ ਘਾਉ ਕਿਨਹੂੰ ਨ ਬਚਾਯੋ । ੯੭

---

* ਇਹ ਸਵੈਯਾ ਚਰਿਤਰ ਪਖਿਆਨ ਦੇ ਮੁਢਲੇ ਅਧਿਆਇ ਵਿਚ ਵੀ ਹੈ ।
ਤੀਜੀ ਤੁਕ ਦਾ ਮਗਰਲਾ ਅੱਧ ਇਉਂ ਹੈ—
ਛਿਨ ਮੈਂ ਧਨ ਲਾਗਤ ਧਾਮ ਭਰੇ ਸੇ ।

ਕਾਹੇ ਕੋ ਕੂਰ ਕਰੈਂ ਤਪਸਾ ਇਨਕੀ ਕੋਊ ਕਉਡੀ ਕੇ ਕਾਮ ਨ ਐਹੈ ।
ਤੋਹਿ ਬਚਾਇ ਸਕੈ ਕਹੁ ਕੈਸੇ ਕਿ ਆਪਨ ਘਾਵ ਬਚਾਇ ਨ ਐਹੈ ।
ਕੋਪ ਕਰਾਲ ਕੀ ਪਾਵਕ ਕੁੰਡ ਮੈ ਆਪ ਟੰਗਿਓ ਤਿਮ ਤੋਹਿ ਟੰਗੈ ਹੈ ।
ਚੇਤ ਰੇ ਚੇਤ ਅਜੈ ਜੀਅ ਮੈਂ ਜੜ ਕਾਲ ਕ੍ਰਿਪਾ ਬਿਨੁ ਕਾਮ ਨ ਐਹੈ । ੯੮

ਤਾਹਿ ਪਛਾਨਤ ਹੈ ਨ ਮਹਾਂ ਪਸੁ ਜਾ ਕੋ ਪ੍ਰਤਾਪੁ ਤਿਹੂੰ ਪੁਰ ਮਾਹੀ ।
ਪੂਜਤ ਹੈ ਪਰਮੇਸਰ ਕੈ ਜਿਹ ਕੈ ਪਰਸੈ ਪਰਲੋਕ ਪਰਾਹੀ ।
ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ ।
ਪਾਇ ਪਰੋ ਪਰਮੇਸਰ ਕੇ ਜੜ੍ਹ । ਪਾਹਨ ਮੈਂ ਪਰਮੇਸਰ ਨਾਹੀਂ । ੯੯ ‡

ਮੋਨ ਭਜੇ ਨਹੀਂ ਮਾਨ ਤਜੇ ਨਹੀ ਭੇਖ ਸਜੇ ਨਹੀ ਮੂੰਡ ਮੁੰਡਾਏ ।
ਕੰਠ ਨ ਕੰਠੀ ਕਠੋਰ ਧਰੇ ਨਹੀਂ ਸੀਸ ਜਟਾਨ ਕੇ ਜੂਟ ਸੁਹਾਏ ।
ਸਾਚੁ ਕਹੋਂ ਸੁਨ ਲੈ ਚਿਤ ਦੈ ਬਿਨ ਦੀਨ ਦਿਆਲ ਕੀ ਸਾਮ ਸਿਧਾਏ ।
ਪ੍ਰੀਤਿ ਕਰੇ ਪ੍ਰਭੁ ਪਾਯਤ ਹੈ ਕ੍ਰਿਪਾਲ ਨ ਭੀਜਤ ਲਾਂਡ ਕਟਾਏ । ੧੦੦

ਕਾਗਦ ਦੀਪ ਸਭੈ ਕਰਿਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋ ।
ਕਾਟ ਬਨਾਸਪਤੀ ਸਗਰੀ ਲਿਖਬੇ ਹੂੰ ਕੇ ਲੇਖਨਿ ਕਾਜ ਬਨੈਹੋਂ ।
ਸਾਰਸੁਤੀ ਬਕਤਾ ਕਰਿਕੈ ਜੁਗਿ ਕੋਟਿ ਗਨੇਸ ਕੇ ਹਾਥ ਲਿਖੈਹੋਂ ।
ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭੁ ਨੈਕ ਰਿਝੈਹੋਂ । ੧੦੧*

[ਪ੍ਰਥਮ ਅਧਿਆਇ

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ
ਪ੍ਰਥਮ ਧਿਆਇ ਸੰਪੂਰਨ ਸੁਭਮਸਤ ।

ਚੌਪਈ

ਤੁਮਰੀ ਮਹਿਮਾ ਅਪਰ ਅਪਾਰਾ । ਜਾਂ ਕਾ ਲਹਿਓ ਨ ਕਿਨ ਹੂੰ ਪਾਰਾ ।
ਦੇਵ ਦੇਵ ਰਾਜਨ ਕੇ ਰਾਜਾ । ਦੀਨ ਦਯਾਲ ਗਰੀਬ ਨਿਵਾਜਾ । ੧

ਦੋਹਰਾ

ਮੂਕ ਉਚਰੈ ਸਾਸਤ੍ਰ ਖਟ, ਪਿੰਗ ਗਿਰਨ ਚੜ੍ਹਿ ਜਾਇ ।
ਅੰਧ ਲਖੈ ਬਧਰੋ ਸੁਨੈ, ਜੋ ਕਾਲ ਕ੍ਰਿਪਾ ਕਰਾਇ । ੨ । **

---

‡ ਚਰਿਤ੍ਰ ਪਖਯਾਨ ਦੇ ੨੬੬ਵੇਂ ਚਰਿਤ੍ਰ ਵਿਚ ਵੀ ਇਹ ਸੰਵੈਯਾ ਦੁਹਰਾਇਆ ਹੈ ।
* ਇਹ ਸਵੈਯਾ ਅਸਫੋਟਕ ਕਬਿਤਾਂ ਦੇ ਅੰਤ ਤੇ ਵੀ ਹੈ ।
** ਇਹ ਦੋਹਰਾ ਚਰਿਤ੍ਰ ਪਖਯਾਨ ਦੇ ਮੁਢਲੇ ਅਧਿਆ ਵਿਚ ਵੀ ਮਿਲਦਾ ਹੈ ।

ਕਹਾਂ ਬੁਧਿ ਪ੍ਰਭੁ ਤੁਛ ਹਮਾਰੀ, ਬਰਨਨ ਸਕੈ ਮਹਿਮਾ ਜੁ ਤਿਹਾਰੀ ।
ਹਮ ਨ ਸਕਤ ਕਰ ਸਿਫਤ ਤੁਮਾਰੀ, ਆਪਿ ਲੇਹੁ ਤੁਮ ਕਥਾ ਸੁਧਾਰੀ । ੩

ਕਹਾਂ ਲਗੋ ਇਹ ਕੀਟ ਬਖਾਨੈ, ਮਹਿਮਾ ਤੋਰ ਤੁਹੀ ਪ੍ਰਭੁ ਜਾਨੈ ।
ਪਿਤਾ ਜਨਮ ਜਿਮ ਪੂਤ ਨ ਪਾਵੈ । ਕਹਾਂ ਤਵਨ ਕਾ ਭੇਦ ਬਤਾਵੈ । ੪

ਤੁਮਰੀ ਮਹਿਮਾ ਤੁਮੈ ਬਨਿ ਆਈ । ਅਉਰਨ ਤੇ ਨਹਿ ਜਾਤ ਬਤਾਈ ।
ਤੁਮਰੀ ਕ੍ਰਿਆ ਤੁਮ ਹੀ ਪ੍ਰਭੁ ਜਾਨੋ । ਊਚ ਨੀਚ ਕਸ ਸਕਤ ਬਖਾਨੋ । ੫

ਸੇਸਨਾਗ ਸਿਰ ਸਹਸ ਬਨਾਈ । ਦ੍ਵੈ ਸਹੰਸ ਰਸਨਾਹੁ ਸੁਹਾਈ ।
ਰਟਤ ਅਬ ਲਗੇ ਨਾਮ ਅਪਾਰਾ । ਤੁਮਰੋ ਤਊ ਨ ਪਾਵਤ ਪਾਰਾ । ੬

ਤੁਮਰੀ ਕ੍ਰਿਆ ਕਹਾਂ ਕੋਊ ਕਹੈ । ਸਮਝਤ ਬਾਤ ਉਰਝ ਮਤਿ ਰਹੈ ।
ਸੂਛਮ ਰੂਪ ਨ ਬਰਨਾ ਜਾਈ । ਬਿਰਧ ਸਰੂਪਹਿੰ ਕਹੋਂ ਬਨਾਈ । ੭ ।

* * *

ਆਤਮ-ਕਥਾ—

ਦੋਹਰਾ

ਤਿਨ ਬੇਦੀਅਨ ਕੇ ਕੁਲ ਬਿਖੈ ਪ੍ਰਗਟੇ ਨਾਨਕ ਰਾਇ ।
ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ । ੪

ਚੌਪਈ

ਤਿਨ ਇਹ ਕਲਿ ਮੋ ਧਰਮੁ ਚਲਾਯੋ । ਸਭ ਸਾਧਨ ਕੋ ਰਾਹੁ ਬਤਾਯੋ ।
ਜੋ ਤਾਂਕੇ ਮਾਰਗ ਮਹਿ ਆਏ । ਤੇ ਕਬਹੂੰ ਨਹੀ ਪਾਪ ਸੰਤਾਏ । ੫
ਜੇ ਜੇ ਪੰਥ ਤਵਨ ਕੇ ਪਰੇ । ਪਾਪ ਤਾਪ ਤਿਨ ਕੇ ਪ੍ਰਭ ਹਰੇ ।
ਦੂਖ ਭੂਖ ਕਬਹੂੰ ਨਾ ਸੰਤਾਏ । ਜਾਲ ਕਾਲ ਕੇ ਬੀਚ ਨਾ ਆਏ । ੬

ਨਾਨਕ ਅੰਗਦ ਕੋ ਬਪੁ ਧਰਾ । ਧਰਮ ਪ੍ਰਚੁਰ ਇਹ ਜਗ ਮੋ ਕਰਾ ।
ਅਮਰਦਾਸ ਪਨਿ ਨਾਮੁ ਕਹਾਯੋ । ਜਨ ਦੀਪਕ ਤੇ ਦੀਪ ਜਗਾਯੋ । ੭

ਜਬ ਬਰਦਾਨ ਸਮੈ ਵਹੁ ਆਵਾ । ਰਾਮਦਾਸ ਤਬ ਗੁਰੂ ਕਹਾਵਾ ।
ਤਿਹ ਬਰਦਾਨ ਪੁਰਾਤਨ ਦੀਆ । ਅਮਰਦਾਸ ਸੁਰ ਪੁਰਿ ਮਗ ਲੀਆ । ੮

ਸ੍ਰੀ ਨਾਨਕ ਅੰਗਦ ਕਰਿ ਮਾਨਾ । ਅਮਰਦਾਸ ਅੰਗਦ ਪਹਿਚਾਨਾ ।
ਅਮਰਦਾਸ ਰਾਮਦਾਸ ਕਹਾਯੋ । ਸਾਧਨ ਲਖਾ ਮੂੜ੍ਹ ਨਹਿ ਪਾਯੋ । ੯

ਭਿੰਨ ਭਿੰਨ ਸਭਹੂੰ ਕਰ ਜਾਨਾ । ਏਕ ਰੂਪ ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨ ਹੀ ਸਿਧਿ ਪਾਈ । ਬਿਨ ਸਮਝੇ ਸਿਧਿ ਹਾਥ ਨ ਆਈ । ੧੦


WWW.SIKHBOOKCLUB.COM

ਰਾਮਦਾਸ ਹਰਿ ਸੋ ਮਿਲ ਗਏ । ਗੁਰਤਾ ਦੇਤ ਅਰਜਨਹਿ ਭਏ ।
ਜਬ ਅਰਜਨ ਪ੍ਰਭੁ ਲੋਕ ਸਿਧਾਏ । ਹਰਿਗੋਬਿੰਦ ਤਿਹ ਠਾਂ ਠਹਿਰਾਏ । ੧੧

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ । ਹਰੀ ਰਾਇ ਤਿਹ ਠਾ ਬੈਠਾਰੇ ।
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ । ਤਿਨ ਤੇ ਤੇਗ ਬਹਾਦਰ ਭਏ । ੧੨

ਤਿਲਕ ਜੰਞੂ ਰਾਖਾ ਪ੍ਰਭ ਤਾਂਕਾ । ਕੀਨੋ ਬਡੋ ਕਲੂ ਮਹਿ ਸਾਕਾ ।
ਸਾਧਨ ਹੇਤਿ ਇਤੀ ਜਿਨਿ ਕਰੀ । ਸੀਸੁ ਦੀਆ ਪਰ ਸੀ ਨ ਉਚਰੀ । ੧੩

ਧਰਮ ਹੇਤ ਸਾਕਾ ਜਿਨਿ ਕੀਆ । ਸੀਸੁ ਦੀਆ ਪਰ ਸਿਰਰੁ ਨ ਦੀਆ ।
ਨਾਟਕ ਚੇਟਕ ਕੀਏ ਕੁਕਾਜਾ । ਪ੍ਰਭ ਲੋਗਨ ਕਹ ਆਵਤ ਲਾਜਾ । ੧੪

ਦੋਹਰਾ

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰਿ ਕੀਯਾ ਪਯਾਨ ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ । ੧੫

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ।
ਹੈ ਹੈ ਹੈ ਸਭ ਜਗ ਭਯੋ‡ ਜੈ ਜੈ ਜੈ ਸੁਰ ਲੋਕ । ੧੬

ਚੌਪਈ

ਅਬ ਮੈਂ ਅਪਨੀ ਕਥਾ ਬਖਾਨੋ । ਤਪ ਸਾਧਤ ਜਿਹ ਬਿਧਿ ਮੁਹਿ ਆਨੋ ।
ਹੇਮਕੁੰਟ ਪਰਬਤ ਹੈ ਜਹਾਂ । ਸਪਤਸ੍ਰਿੰਗ ਸੋਭਿਤ ਹੈ ਤਹਾਂ । ੧

'ਸਪਤ ਸ੍ਰਿੰਗ' ਤਿਹ ਨਾਮੁ ਕਹਾਵਾ । ਪੰਡੁਰਾਜ ਜਹਿੰ ਜੋਗ ਕਮਾਵਾ ।
ਤਹ ਹਮ ਅਧਿਕ ਤਪੱਸਿਆ ਸਾਧੀ । ਮਹਾਂਕਾਲ ਕਾਲਿਕਾ ਅਰਾਧੀ । ੨

ਇਹ ਬਿਧਿ ਕਰਤ ਤਪੱਸਿਆ ਭਯੋ । ਦ੍ਵੈ ਤੇ ਏਕ ਰੂਪ ਹ੍ਵੈ ਗਯੋ ।
ਤਾਤ ਮਾਤ ਮੁਰ ਅਲਖ ਅਰਾਧਾ । ਬਹੁ ਬਿਧਿ ਜੋਗ ਸਾਧਨਾ ਸਾਧਾ । ੩

ਤਿਨ ਜੋ ਕਰੀ ਅਲਖ ਕੀ ਸੇਵਾ । ਤਾਂਤੇ ਭਏ ਪ੍ਰਸੰਨ ਗੁਰਦੇਵਾ ।
ਤਿਨ ਪ੍ਰਭ ਜਬ ਆਇਸ ਮੁਹਿ ਦੀਆ । ਤਬ ਹਮ ਜਨਮ ਕਲੂ ਮਹਿ ਲੀਆ । ੪

ਚਿਤ ਨ ਭਯੋ ਹਮਰੋ ਆਵਨ ਕਹ । ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿਂ ।
ਜਿਉਂ ਤਿਉਂ ਪ੍ਰਭ ਹਮ ਕੋ ਸਮਝਾਯੋ । ਇਮ ਕਹਿਕੈ ਇਹ ਲੋਕ ਪਠਾਯੋ । ੫

ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ—

ਚੌਪਈ

ਜਬ ਪਹਿਲੇ ਹਮ ਸ੍ਰਿਸਟਿ ਬਨਾਈ । ਦਈਤ ਰਚੇ ਦੁਸਟ ਦੁਖਦਾਈ ।
ਤੇ ਭੁਜ ਬਲ ਬਵਰੇ ਹ੍ਵੈ ਗਏ । ਪੂਜਤ ਪਰਮ ਪੁਰਖ ਰਹਿ ਗਏ । ੬

‡ਹੈ ਹੈ ਹੈ ਭੂਯ ਲੋਕ ਭਯੋ ... ... (ਅਨੰਦਪੁਰੀ ਬੀੜ

ਤੇ ਹਮ ਤਮਕਿ ਤਨਕ ਮੋ ਖਾਪੇ । ਤਿਨ ਕੀ ਠਉਰ ਦੇਵਤਾ ਥਾਪੇ ।
ਤੇ ਭੀ ਬਲਿ ਪੂਜਾ ਉਰਝਾਏ । ਆਪਨ ਹੀ ਪਰਮੇਸਰ ਕਹਾਏ । ੭

ਮਹਾਦੇਵ ਅਚੁਤ ਕਹਾਯੋ । ਬਿਸਨ ਆਪ ਹੀ ਕੋ ਠਹਿਰਾਯੋ ।
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ, ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ । ੮

ਤਬ ਸਾਖੀ ਪ੍ਰਭ ਅਸਟ ਬਨਾਏ । ਸਾਖ ਨਮਿਤ ਦੇਬੇ ਠਹਿਰਾਏ ।
ਤੇ ਕਹੈਂ 'ਕਰੋ ਹਮਾਰੀ ਪੂਜਾ । ਹਮ ਬਿਨ ਅਵਰੁ ਨ ਠਾਕੁਰ ਦੂਜਾ ।' ੯

ਪਰਮ ਤਤ ਕੋ ਜਿਨ ਨ ਪਛਾਨਾ । ਤਿਨ ਕਰਿ ਈਸਰ ਤਿਨ ਕਹੁ ਮਾਨਾ ।
ਕੇਤੇ ਸੂਰ ਚੰਦ੍ਰ ਕਹੁ ਮਾਨੈ । ਅਗਨਿਹੋਤ੍ਰ ਕਈ ਪਵਨ ਪ੍ਰਮਾਨੈ । ੧੦

ਕਿਨਹੂੰ ਪ੍ਰਭੁ ਪਾਹਨ ਪਹਿਚਾਨਾ । ਨ੍ਹਾਤ ਕਿਤੇ ਜਲ ਕਰਤ ਬਿਧਾਨਾ ।
ਕੇਤਕ ਕਰਮ ਕਰਤ ਡਰਪਾਨਾ । ਧਰਮਰਾਜ ਕੋ ਧਰਮ ਪਛਾਨਾ । ੧੧

ਜੋ ਪ੍ਰਭੁ ਸਾਖ ਨਮਿਤ ਠਹਰਾਏ । ਤੇ ਹਿਆਂ ਆਇ ਪ੍ਰਭੂ ਕਹਵਾਏ ।
ਤਾਂਕੀ ਬਾਤ ਬਿਸਰ ਜਾਤਿ ਭੀ । ਅਪਨੀ ਅਪਨੀ ਪਰਤ ਸੋਭ ਭੀ । ੧੨

ਜਬ ਪ੍ਰਭ ਕੋ ਨ ਤਿਨੈ ਪਹਿਚਾਨਾ । ਤਬ ਹਰਿ ਇਨ ਮਨੁੱਛਨ ਠਹਿਰਾਨਾ
ਤੇ ਭੀ ਬਸਿ ਮਮਤਾ ਹੁਇ ਗਏ । ਪਰਮੇਸਰ ਪਾਹਨ ਠਹਿਰਏ । ੧੩

ਤਬ ਹਰਿ ਸਿੱਧ ਸਾਧ ਠਹਿਰਾਏ । ਤਿਨ ਭੀ ਪਰਮ ਪੁਰਖ ਨਹੀਂ ਪਾਏ ।
ਜੇ ਕੋਈ ਹੋਤ ਭਯੋ ਜਗਿ ਸਿਆਨਾ । ਤਿਨ ਤਿਨ ਅਪਨੋ ਪੰਥੁ ਚਲਾਨਾ ।੧੪

ਪਰਮ ਪੁਰਖ ਕਿਨਹੂੰ ਨਹ ਪਾਯੋ । ਬੈਰ ਬਾਦ ਹੰਕਾਰ ਬਢਾਯੋ ।
ਪੇਡ ਪਾਤ ਆਪਨ ਤੇ ਜਲੈ । ਪ੍ਰਭ ਕੈ ਪੰਥ ਨ ਕੋਊ ਚਲੈ । ੧੫

ਜਿਨ ਜਿਨਿ ਤਨਿਕ ਸਿੱਧ ਕੋ ਪਾਯੋ । ਤਿਨ ਤਿਨ ਅਪਨਾ ਰਾਹੁ ਚਲਾਯੋ
ਪਰਮੇਸਰ ਨ ਕਿਨਹੂੰ ਪਹਿਚਾਨਾ । 'ਮਮ' ਉਚਾਰਤੇ ਭਯੋ ਦਿਵਾਨਾ । ੧੬

ਪਰਮ ਤੱਤ ਕਿਨਹੂੰ ਨ ਪਛਾਨਾ । ਆਪ ਆਪ ਭੀਤਰਿ ਉਰਝਾਨਾ ।
ਤਬ ਜੇ ਜੇ ਰਿਖਿਰਾਜ ਬਨਾਏ । ਤਿਨ ਆਪਨ ਪੁਨ ਸਿੰਮ੍ਰਿਤ ਚਲਾਏ । ੧੭

ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ । ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ।
ਜਿਨ ਮਨ ਹਰਿ ਚਰਨਨ ਠਹਰਾਯੋ । ਸੋ ਸਿੰਮ੍ਰਿਤਨ ਕੇ ਰਾਹ ਨ ਆਯੋ । ੧੮

ਬ੍ਰਹਮਾ ਚਾਰ ਹੀ ਬੇਦ ਬਨਾਏ । ਸਰਬ ਲੋਕ ਤਿਹ ਕਰਮ ਚਲਾਏ ।
ਜਿਨ ਕੀ ਲਿਵ ਹਰਿ ਚਰਨਨ ਲਾਗੀ । ਤੇ ਬੇਦਨ ਤੈ ਭਏ ਤਿਆਗੀ । ੧੯

ਜਿਨ ਮਤ ਬੇਦ ਕਤੇਬਨ ਤ੍ਯਿਾਗੀ । ਪਾਰਬ੍ਰਹਮ ਕੇ ਭਏ ਅਨੁਰਾਗੀ
ਤਿਨ ਕੇ ਗੂੜ ਮੱਤ ਜੇ ਚਲਹੀ । ਭਾਂਤਿ ਅਨੇਕ ਦੂਖਨ ਸਬ ਦਲਹੀ । ੨੦

ਜੇ ਜੇ ਸਹਤ ਜਾਤਨ ਸੰਦੇਹ । ਪ੍ਰਭ ਕੋ ਸੰਗ ਨ ਛੋਡਤ ਨੇਹ ।
ਤੇ ਤੇ ਪਰਮ ਪੁਰੀ ਕਹ ਜਾਂਹੀ । ਤਿਨ ਹਰਿ ਸਿਉ ਅੰਤਰੁ ਕਛੁ ਨਾਂਹੀ ।੨੬

ਜੇ ਜੇ ਜੀਯ ਜਾਤਨ ਤੇ ਡਰੇ । ਪਰਮ ਪੁਰਖ ਤਜਿ ਤਿਨ ਮਗ ਪਰੇ ।
ਤੇ ਤੇ ਨਰਕ ਕੁੰਡ ਮੋ ਪਰਹੀ । ਬਾਰ ਬਾਰ ਜਗ ਮੋ ਬਪੁ ਧਰਹੀ । ੨੨

ਤਬ ਹਰਿ ਬਹੁਰ ਦੱਤ ਉਪਜਾਇਓ । ਤਿਨ ਭੀ ਅਪਨਾ ਪੰਥੁ ਚਲਾਇਓ ।
ਕਰ ਮੋ ਨਖ ਸਿਰ ਜਟਾ ਸਵਾਰੀ । ਪ੍ਰਭੁ ਕੀ ਕ੍ਰਿਆ ਨ ਕਛੂ ਬਿਚਾਰੀ । ੨੩

ਪੁਨਿ ਹਰਿ ਗੋਰਖ ਕੋ ਉਪਰਾਜਾ । ਸਿਖ ਕਰੇ ਤਿਨਹੂੰ ਬਡ ਰਾਜਾ ।
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ । ਹਰਿ ਕੀ ਪ੍ਰੀਤ ਰੀਤਿ ਨ ਬਿਚਾਰੀ । ੨੪

ਪੁਨਿ ਹਰਿ ਰਾਮਾਨੰਦ ਕੋ ਕਰਾ । ਭੇਸ ਬੈਰਾਗੀ ਕੋ ਜਿਨ ਧਰਾ ।
ਕੰਠੀ ਕੰਠਿ ਕਾਠ ਕੀ ਡਾਰੀ । ਪ੍ਰਭੁ ਕੀ ਕ੍ਰਿਆ ਨ ਕਛੂ ਬਿਚਾਰੀ । ੨੫

ਜੋ ਪ੍ਰਭੁ ਪਰਮ ਪੁਰਖ ਉਪਜਾਏ । ਤਿਨ ਤਿਨ ਅਪਨੇ ਰਾਹ ਚਲਾਏ ।
ਮਹਿਦੀਨ ਤਬ ਪ੍ਰਭ ਉਪਰਾਜਾ । ਅਰਬ ਦੇਸ ਕੋ ਕੀਨੋ ਰਾਜਾ । ੨੬
ਤਿਨ ਭੀ ਏਕ ਪੰਥ ਉਪਰਾਜਾ । ਲਿੰਗ ਬਿਨਾ ਕੀਨੇ ਸਭ ਰਾਜਾ ।
ਸਭ ਤੇ ਅਪਨਾ ਨਾਮੁ ਜਪਾਯੋ । ਸਤਿਨਾਮ ਕਾਹੂੰ ਨ ਦ੍ਰਿੜਾਯੋ । ੨੭

ਸਭ ਅਪਨੀ ਅਪਨੀ ਉਰਝਾਨਾ । ਪਾਰਬ੍ਰਹਮ ਕਾਹੂ ਨ ਪਛਾਨਾ ।
ਤਪ ਸਾਧਤ ਹਰਿ ਮੋਹਿ ਬੁਲਾਯੋ । ਇਮ ਕਹਿਕੈ ਇਹ ਲੋਕ ਪਠਾਯੋ । ੨੮

### ਚੌਪਈ

ਅਕਾਲ-ਪੁਰਖ ਬਾਚ---

ਮੈ ਅਪਨਾ ਸੁਤ ਤੋਹਿ ਨਿਵਾਜਾ । ਪੰਥ ਪ੍ਰਚੁਰ ਕਰਬੇ ਕਹੁ ਸਾਜਾ ।
ਜਾਹਿ ਤਹਾਂ ਤੈ ਧਰਮੁ ਚਲਾਇ । ਕੁਬੁਧਿ ਕਰਨ ਤੇ ਲੋਕ ਹਟਾਇ । ੨੯

### ਦੋਹਰਾ

ਕਬਿਬਾਚ—

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ ।
ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ । ੩੦

### ਚੌਪਈ

ਇਹ ਕਾਰਨਿ ਪ੍ਰਭ ਮੋਹਿ ਪਠਾਯੋ । ਤਬ ਮੈ ਜਗਤ ਜਨਮ ਧਰਿ ਆਯੋ ।
ਜਿਮ ਤਿਨ ਕਹੀ ਇਨੈ ਤਿਮ ਕਹਿਹੋਂ । ਔਰ ਕਿਸੂ ਤੇ ਬੈਰ ਨ ਗਹਿਹੋਂ । ੩੧
ਜੋ ਹਮਕੋ ਪਰਮੇਸਰ ਉਚਰਿਹੈ । ਤੇ ਸਭ ਨਰਕ ਕੁੰਡ ਮਹਿ ਪਰਿਹੈ ।
ਮੋ ਕੋ ਦਾਸ ਤਵਨ ਕਾ ਜਾਨੋ । ਯਾ ਮੈ ਭੇਦ ਨ ਰੰਚ ਪਛਾਨੋ । ੩੨

ਮੈਂ ਹੋ ਪਰਮ ਪੁਰਖ ਕੋ ਦਾਸਾ । ਦੇਖਨ ਆਯੋ ਜਗਤ ਤਮਾਸਾ ।
ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ । ਮ੍ਰਿਤ ਲੋਕ ਤੇ ਮੋਨ ਨ ਰਹਿਹੋਂ । ੩੩

### ਨਰਾਜ ਛੰਦ

ਕਹਿਓ ਪ੍ਰਭੂ ਸੁ ਭਾਖਿਹੋਂ । ਕਿਸੂ ਨ ਕਾਨ ਰਾਖਿਹੋਂ ।
ਕਿਸੂ ਨ ਭੇਖ ਭੀਜਹੋਂ । ਅਲੇਖ ਬੀਜ ਬੀਜਹੋਂ । ੩੪
ਪਖਾਣ ਪੂਜਹੋਂ ਨਹੀ । ਨ ਭੇਖ ਭੀਜਹੋਂ ਕਹੀ ।
ਅਨੰਤ ਨਾਮੁ ਗਾਇ ਹੋਂ । ਪਰਮ ਪੁਰਖ ਪਾਇ ਹੋਂ । ੩੫
ਜਟਾ ਨ ਸੀਸ ਧਾਰਿਹੋਂ । ਨ ਮੁੰਦ੍ਰਕਾ ਸੁਧਾਰਿ ਹੋਂ ।
ਨ ਕਾਨ ਕਾਹੂ ਕੀ ਧਰੋਂ । ਕਹਿਓ ਪ੍ਰਭੂ ਸੁ ਮੈਂ ਕਰੋ । ੩੬
ਭਜੋਂ ਸੁ ਏਕ ਨਾਮਯੰ । ਜੁ ਕਾਮ ਸਰਬ ਠਾਮਯੰ ।
ਨ ਜਾਪ ਆਨ ਕੋ ਜਪੋ । ਨ ਅਉਰ ਥਾਪਨਾ ਥਪੋ । ੩੭
ਬਿਅੰਤ ਨਾਮੁ ਧਿਆਇ ਹੋ । ਪਰਮ ਜੋਤਿ ਪਾਇ ਹੋ ।
ਨ ਧਿਆਨ ਆਨ ਕੋ ਧਰੋਂ । ਨ ਨਾਮ ਆਨ ਉਚਰੋਂ । ੩੮
ਤਵੱਕ ਨਾਮ ਰੱਤਿਯੰ । ਨ ਆਨ ਮਾਨ ਮਤਿਅੰ ।
ਪਰੱਮ ਧਿਆਨ ਧਾਰੀਅੰ । ਅਨੰਤ ਪਾਪ ਟਾਰੀਅੰ । ੩੯
ਤੁਮੇਵ ਰੂਪ ਰਚਿਅੰ । ਨ ਆਨ ਦਾਨ ਮਚਿਅੰ ।
ਤਵੱਕ ਨਾਮ ਉਚਾਰੀਅੰ । ਅਨੰਤ ਦੂਖ ਟਾਰੀਅੰ । ੪੦

### ਚੌਪਈ

ਜਿਨ ਜਿਨ ਨਾਮ ਤਿਹਾਰੋ ਧਿਆਇਆ । ਦੂਖ ਪਾਪ ਤਿਹ ਨਿਕਟ ਨ ਆਇਆ ।
ਜੇ ਜੇ ਅਉਰ ਧਿਆਨ ਕੋ ਧਰਹੀ । ਬਹਿਸ ਬਹਿਸ ਬਾਦਨ ਤੇ ਮਰ ਹੀ । ੪੧
ਹਮ ਏਹ ਕਾਜ ਜਗਤ ਮੋ ਆਏ । ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ । ਦੁਸਟ ਦੋਖੀਅਨ ਪਕਰਿ ਪਛਾਰੋ । ੪੨
ਯਾਹੀ ਕਾਜ ਧਰਾ ਹਮ ਜਨਮੰ । ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਬਾਰਨ । ਦੁਸਟ ਸਭਨ ਕੋ ਮੂਲ ਉਪਾਰਨ । ੪੩
ਜੇ ਜੇ ਭਏ ਪਹਿਲ ਅਵਤਾਰਾ । ਆਪੁ ਆਪੁ ਤਿਨ ਜਾਪੁ ਉਚਾਰਾ ।
ਪ੍ਰਭ ਦੋਖੀ ਕੋਈ ਨ ਬਿਦਾਰਾ । ਧਰਮ ਕਰਨ ਕੋ ਰਾਹੁ ਨ ਡਾਰਾ । ੪੪
ਜੇ ਜੇ ਗਉਸ ਅੰਬੀਆ ਭਏ । ਮੈਂ ਮੈਂ ਕਰਤ ਜਗਤ ਤੇ ਗਏ ।
ਮਹਾਂ ਪੁਰਖ ਕਾਹੂ ਨ ਪਛਾਨਾ । ਕਰਮ ਧਰਮ ਕੋ ਕਛੂ ਨ ਜਾਨਾ । ੪੫


WWW.SIKHBOOKCLUB.COM

ਅਵਰਨ ਕੀ ਆਸਾ ਕਿਛੁ ਨਾਹੀ । ਏਕੈ ਆਸ ਧਰੋ ਮਨ ਮਾਹੀ ।
ਆਨ ਆਸ ਉਪਜਤ ਕਿਛੁ ਨਾਹੀ । ਵਾ ਕੀ ਆਸ ਧਰੋ ਮਨ ਮਾਹੀ । ੪੬

ਦੋਹਰਾ

ਕੋਈ ਪੜਤ ਕੁਰਾਨ ਕੋ ਕੋਈ ਪੜਤ ਪੁਰਾਨ ।
ਕਾਲ ਨ ਸਕਤ ਬਚਾਇ ਕੈ ਫੋਕਟ ਧਰਮ ਨਿਦਾਨ । ੪੭

ਚੌਪਈ

ਕਈ ਕੋਟਿ ਮਿਲਿ ਪੜਤ ਕੁਰਾਨਾ । ਬਾਚਤ ਕਿਤੇ ਪੁਰਾਨ ਅਜਾਨਾ ।
ਅੰਤ ਕਾਲ ਕੋਈ ਕਾਮ ਨਾ ਆਵਾ । ਦਾਵ ਕਾਲ ਕਾਹੂ ਨ ਬਚਾਵਾ । ੪੮
ਕਿਉ ਨ ਜਪੋ ਤਾਕੋ ਤੁਮ ਭਾਈ । ਅੰਤ੍ਰਕਾਲ ਜੋ ਹੋਇ ਸਹਾਈ ।
ਫੋਕਟ ਧਰਮ ਲਖੋ ਕਰ ਭਰਮਾ । ਇਨ ਤੇ ਸਰਤ ਨ ਕੋਈ ਕਰਮਾ । ੪੯
ਇਹ ਕਾਰਨ ਪ੍ਰਭੁ ਹਮੈ ਬੁਲਾਯੋ । ਭੇਦੁ ਭਾਖਿ ਇਹੁ ਲੋਕ ਪਠਾਯੋ ।
ਜੋ ਤਿਨ ਕਹਾ ਸੁ ਸਭਨ ਉਚਰੋਂ । ਡਿੰਭ ਵਿੰਭ ਕਛੁ ਨੈਕੁ ਨ ਕਰੋ । ੫੦

ਰਸਾਵਲ ਛੰਦ

ਨ ਜਟਾ ਮੂੰਡ ਧਾਰੋ । ਨ ਮੁੰਦ੍ਰਕਾ ਸਵਾਰੋ । ਜਪੋ ਤਾਸ ਨਾਮੰ । ਸਰੈ ਸਰਬ ਕਾਮੰ । ੫੧
ਨ ਨੈਨੰ ਮਿਚਾਊਂ । ਨ ਡਿੰਭੰ ਦਿਖਾਊਂ । ਨ ਕੁਕਰਮੰ ਕਮਾਊਂ । ਨ ਭੇਖੀ ਕਹਾਊਂ ।੫੨

SIKHBOOKCLUB.COM

ਚੌਪਈ

ਜੇ ਜੇ ਭੇਖ ਸੁ ਤਨ ਮੈ ਧਾਰੈ । ਤੇ ਪ੍ਰਭ ਜਨ ਕਛੁ ਕੈ ਨ ਬਿਚਾਰੈ ।
ਸਮਝ ਲੇਹੁ ਸਭ ਜਨ ਮਨ ਮਾਹੀਂ । ਡਿੰਭਨ ਮੈ ਪਰਮੇਸੁਰ ਨਾਹੀ । ੫੩
ਜੇ ਜੇ ਕਰਮ ਕਰ ਡਿੰਭ ਦਿਖਾਹੀਂ । ਤਿਨ ਪਰ ਲੋਗਨ ਮੋ ਗਤਿ ਨਾਹੀਂ ।
ਜੀਵਤ ਚਲਤ ਜਗਤ ਕੇ ਕਾਜਾ । ਸ੍ਵਾਂਗ ਦੇਖਿ ਕਰਿ ਪੂਜਤ ਰਾਜਾ । ੫੪
ਸੁਆਂਗਨ ਮੈ ਪਰਮੇਸਰ ਨਾਂਹੀ । ਖੋਜ ਫਿਰੈ ਸਭ ਹੀ ਕੋ ਕਾਂਹੀ ।
ਅਪਨੋ ਮਨੁ ਕਰ ਮੈ ਜਿਹ ਆਨਾ । ਪਾਰਬ੍ਰਹਮ ਕੋ ਤਿਨੀ ਪਛਾਨਾ । ੫੫

ਦੋਹਰਾ

ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸਿ ਕੀਨ ।
ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ । ੫੬

ਚੌਪਈ

ਜੇ ਜੇ ਜਗ ਕੋ ਡਿੰਭ ਦਿਖਾਵੈ । ਲੋਗਨ ਮੂੰਡ ਅਧਿਕ ਸੁਖੁ ਪਾਵੈ ।
ਨਾਸਾਂ ਮੂੰਦ ਕਰੇ ਪ੍ਰਣਾਮੰ । ਫੋਕਟ ਧਰਮ ਨ ਕਉਡੀ ਕਾਮੰ । ੫੭

ਫੋਕਟ ਧਰਮ ਜਿਤੇ ਜਗ ਕਰਹੀ । ਨਰਕ ਕੁੰਡ ਭੀਤਰ ਤੇ ਪਰਹੀ ।
ਹਾਥ ਹਲਾਏ ਸੁਰਗ ਨ ਜਾਹੂ । ਜੋ ਮਨੁ ਜੀਤ ਸਕਾ ਨਹੀਂ ਕਾਹੂ । ੫੮

ਕਬਿ ਬਾਚ

ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ ।
ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ । ੫੯

ਦੋਹਰਾ

ਹਰਿ ਹਰਿਜਨ ਦੁਇ ਏਕ ਹੈਂ ਬਿਬ ਬਿਚਾਰ ਕਛੁ ਨਾਹਿ ।
ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ । ੬੦

ਚੌਪਈ

ਜੇ ਜੇ ਬਾਦਿ ਕਰਤ ਹੰਕਾਰਾ । ਤਿਨ ਤੇ ਭਿੰਨ ਰਹਤ ਕਰਤਾਰਾ ।
ਬੇਦ ਕਤੇਬ ਬਿਖੇ ਹਰਿ ਨਾਹੀ । ਜਾਨ ਲੇਹੁ ਹਰਿ ਜਨ ਮਨ ਮਾਹੀਂ । ੬੧
ਆਂਖ ਮੂੰਦਿ ਕੋਊ ਡਿੰਭ ਦਿਖਾਵੈ । ਆਂਧਰ ਕੀ ਪਦਵੀ ਕਹਿ ਪਾਵੈ ।
ਆਂਖਿ ਮੀਚ ਮਗ ਸੂਝ ਨ ਜਾਈ । ਤਾਂਹਿ ਅਨੰਤ ਮਿਲੈ ਕਿਮ ਭਾਈ । ੬੨
ਬਹੁ ਬਿਸਥਾਰ ਕਹ ਲਉ ਕੋਈ ਕਹੈ । ਸਮਝਤ ਬਾਤਿ ਥਕਤ ਹੁਐ ਰਹੈ ।
ਰਸਨਾ ਧਰੈ ਕਈ ਜੋ ਕੋਟਾ । ਤਦਪਿ ਗਨਤੇ ਤਿਹ ਪਰਤ ਸੁ ਤੋਟਾ । ੬੩

SIKHBOOKCLUB.COM

ਦੋਹਰਾ

ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ ।
ਅਬ ਮੈ ਕਥਾ ਸੰਛੇਪ ਤੇ ਸਭਹੂੰ ਕਹਤ ਸੁਨਾਇ । ੬੪ ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਆਗਿਆ ਕਾਲ ਜਗ ਪ੍ਰਵੇਸ ਕਰਨ ਨਾਮ ਖਸਟਮੋ ਧਿਆਇ ਸਮਾਪਤਮਸਤੁ ਸੁਭਮਸਤੁ । ੬ ।

ਅਥ ਕਬਿ ਜਨਮ ਕਥਨੰ । ਚੌਪਈ

ਮੁਰ ਪਿਤ ਪੂਰਬ ਕੀਅਸਿ ਪਿਆਨਾ । ਭਾਂਤਿ ਭਾਂਤਿ ਕੇ ਤੀਰਥਿ ਨਾਨਾ ।
ਜਬ ਹੀ ਜਾਤ ਤ੍ਰਿਬੇਣੀ ਭਏ । ਪੁੰਨ ਦਾਨ ਦਿਨ ਕਰਤ ਬਿਤਏ । ੧
ਤਹੀ ਪ੍ਰਕਾਸ ਹਮਾਰਾ ਭਇਓ । ਪਟਨਾ ਸਹਰ ਬਿਖੈ ਭਵ ਲਇਓ ।
ਮੱਦ੍ਰ ਦੇਸ ਹਮ ਕੋ ਲੇ ਆਏ । ਭਾਂਤਿ ਭਾਂਤਿ ਦਾਈਅਨ ਦੁਲਰਾਏ । ੨
ਕੀਨੀ ਅਨਿਕ ਭਾਂਤਿ ਤਨ ਰੱਛਾ । ਦੀਨੀ ਭਾਂਤਿ ਭਾਂਤਿ ਕੀ ਸਿੱਛਾ ।
ਜਬ ਹਮ ਧਰਮ ਕਰਮ ਮੋ ਆਏ । ਦੇਵਲੋਕ ਤਬ ਪਿਤਾ ਸਿਧਾਏ । ੩

## ਅਥ ਰਾਜ ਸਾਜ ਕਥਨੰ

### ਚੌਪਈ

ਰਾਜ ਸਾਜ ਹਮ ਪਰ ਜਬ ਆਯੋ । ਜਥਾ ਸ਼ਕਤਿ ਤਬ ਧਰਮ ਚਲਾਯੋ ।
ਭਾਂਤਿ ਭਾਂਤਿ ਬਨ ਖੇਲ ਸ਼ਿਕਾਰਾ । ਮਾਰੇ ਰੀਛ ਰੋਝ ਝੰਖਾਰਾ । ੧

ਦੇਸ ਚਾਲ ਹਮ ਤੇ ਪੁਨਿ ਭਈ । ਸ਼ਹਰ ਪਾਂਵਟਾ ਕੀ ਸੁਧਿ ਲਈ ।
ਕਾਲਿੰਦ੍ਰੀ ਤਟਿ ਕਰੇ ਬਿਲਾਸਾ । ਅਨਿਕ ਭਾਤ ਕੇ ਪੇਖ ਤਮਾਸਾ । ੨

ਤਹ ਕੇ ਸਿੰਘ ਘਨੇ ਚੁਨਿ ਮਾਰੇ । ਰੋਝ ਰੀਛ ਬਹੁ ਭਾਂਤਿ ਬਿਦਾਰੇ ।
ਫਤੇ ਸ਼ਾਹ ਕੋਪਾ ਤਬਿ ਰਾਜਾ । ਲੋਹ ਪਰਾ ਹਮ ਸੋ ਬਿਨੁ ਕਾਜਾ । ੩ ।

* * *

ਭਈ ਜੀਤ ਮੇਰੀ । ਕ੍ਰਿਪਾ ਕਾਲ ਕੇਰੀ । ਰਣੰ ਜੀਤਿ ਆਏ ਜਯੰ ਗੀਤ ਗਾਏ । ੩੪ ।

### ਚਾਹਣੀ ਦੋਹਰਾ

ਜਿਸ ਨੋਂ ਸਾਜਨ ਰਾਖਸੀ ਦੁਸਮਨ ਕਵਨ ਬਿਚਾਰ ।
ਛੋ੍ ਨ ਸਕੇ ਤਿਹ ਛਾਂਹਿ ਕੋਂ ਨਿਹਫਲ ਜਾਇ ਗਵਾਰਿ । ੨੪

ਜੋ ਸਾਧੂ ਸਰਣੀ ਪਰੇ ਤਿਨ ਕੇ ਕਵਨ ਬਿਚਾਰ ।
ਦੰਤ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਸੰਘਾਰ । ੨੫ [ਅਧਿਆ ੧੩

SIKHBOOKCLUB.COM

### ਚੌਪਈ

ਸਰਬ ਕਾਲ ਸਭ ਸਾਧ ਉਬਾਰੇ । ਦੁਖ ਦੈ ਕੈ ਦੋਖੀ ਸਭ ਮਾਰੇ ।
ਅਦਭੁਤਿ ਗਤਿ ਭਗਤਨ ਦਿਖਰਾਈ । ਸਭ ਸੰਕਟ ਤੇ ਲਏ ਬਚਾਈ । ੧

ਸਭ ਸੰਕਟ ਤੇ ਸੰਤ ਬਚਾਏ । ਸਭ ਕੰਟਕ ਕੰਟਕ ਜਿਮ ਘਾਏ ।
ਦਾਸ ਜਾਨ ਮੁਹਿ ਕਰੀ ਸਹਾਇ । ਆਪ ਹਾਥ ਦੈ ਲਯੋ ਬਚਾਇ । ੨

ਅਬ ਜੋ ਜੋ ਮੈਂ ਲਖੇ ਤਮਾਸ਼ਾ । ਸੋ ਸੋ ਕਰੋ ਤੁਮੈ ਅਰਦਾਸਾ ।
ਜੋ ਪ੍ਰਭ ਕਿਰਪਾ ਕਟਾਛ ਦਿਖੈ ਹੈ । ਸੋ ਤਵ ਦਾਸ ਉਚਾਰਤ ਜੈਹੈ । ੩

ਜਿਹ ਜਿਹ ਬਿਧਿ ਮੈਂ ਲਖੇ ਤਮਾਸਾ । ਚਾਹਤ ਤਿਨਕੋ ਕੀਯੋ ਪ੍ਰਕਾਸ਼ਾ ।
ਜੋ ਜੋ ਜਨਮ ਪੂਰਬਲੇ ਹੇਰੇ । ਕਹਿਹੋਂ ਸੁ ਪ੍ਰਭੁ ਪਰਾਕ੍ਰਮ ਤੇਰੇ । ੪

ਸਰਬ ਕਾਲ ਹੈ ਪਿਤਾ ਅਪਾਰਾ । ਦੇਬਿ ਕਾਲਕਾ ਮਾਤ ਹਮਾਰਾ ।
ਮਨੂਆ ਗੁਰ ਮੁਰਿ ਮਨਸਾ ਮਾਈ । ਜਿਨ ਮੋ ਕੋ ਸੁਭ ਕ੍ਰਿਆ ਪੜਾਈ । ੫

ਜਬ ਮਨਸਾ ਮਨ ਮਯਾ ਬਿਚਾਰੀ । ਗੁਰ ਮਨੂਆ ਕਹ ਕਹਿਯੋ ਸੁਧਾਰੀ ।
ਜੇ ਜੇ ਚਰਿਤ ਪੂਰਾਤਨ ਲਹੇ । ਤੇ ਤੇ ਅਬ ਚਹੀਅਤ ਹੈ ਕਹੇ । ੬

ਸਰਬ-ਕਾਲ ਕਰੁਣਾ ਤਬ ਭਰੇ । ਸੇਵਕ ਜਾਨ ਦਯਾ ਰਸ ਢਰੇ ।
ਜੋ ਜੋ ਜਨਮ ਪੂਰਬਲੇ ਭਯੋ । ਸੋ ਸੋ ਸਭ ਸਿਮਰਣ ਕਰ ਦਯੋ । ੭*
ਮੋ ਕੋ ਇਤੀ ਹੁਤੀ ਕਹਿ ਸੁੱਧੰ । ਜਸ ਪ੍ਰਭ ਦਈ ਕ੍ਰਿਪਾ ਕਰਿ ਬੁੱਧੰ ।
ਸਰਬ ਕਾਲ ਤਬ ਭਏ ਦਇਆਲਾ । ਲੋਹ ਰੱਛ ਹਮ ਕੋ ਸਬ ਕਾਲਾ । ੮
ਸਰਬ ਕਾਲ ਰੱਛਾ ਸਬ ਕਾਲ । ਲੋਹ ਰੱਛ ਸਰਬਦਾ ਬਿਸਾਲ ।
ਢੀਠ ਭਯੋ ਤਵ ਕ੍ਰਿਪਾ ਲਖਾਈ । ਐਂਡੋ ਫਿਰੋਂ ਸਭਨ ਭਯੋ ਰਾਈ । ੯ ।
[ਅਧਿਆ ੧੪

ਚੌਬੀਸ ਅਉਤਾਰ ਦੀ ਭੂਮਿਕਾ

ਚੌਪਈ

ਜਬ ਜਬ ਹੋਤ ਅਰਿਸਟ ਅਪਾਰਾ । ਤਬ ਤਬ ਦੇਹ ਧਰਤ ਅਵਤਾਰਾ ।
ਕਾਲ ਸਬਨ ਕੋ ਪੇਖ ਤਮਾਸਾ । ਅੰਤਹ ਕਾਲ ਕਰਤ ਹੈ ਨਾਸਾ । ੨
ਕਾਲ ਸਬਨ ਕਾ ਕਰਤ ਪਸਾਰਾ । ਅੰਤ ਕਾਲ ਸੋਈ ਖਾਪਨਹਾਰਾ ।
ਆਪਨਿ ਰੂਪ ਅਨੰਤ ਨ ਧਰਹੀ । ਆਪਹਿ ਮਧ ਲੀਨ ਪੁਨ ਕਰਹੀ । ੩
ਇਨਮਹਿ ਸ੍ਰਿਸਟਿ ਸੁ ਦਸਅਵਤਾਰਾ । ਜਿਨ ਮਹਿ ਰਮਿਆ ਰਾਮ ਹਮਾਰਾ ।
ਅਨਤ ਚਤੁਰ ਦਸ ਗਨ ਅਵਤਾਰੂ । ਕਹੋ ਜੁ ਤਿਨ ਤਿਨ ਕੀਏ ਅਖਾਰੂ । ੪
ਕਾਲ ਆਪਨੋ ਨਾਮੁ ਛਿਪਾਈ । ਅਵਰਨ ਕੇ ਸਿਰਿ ਦੇ ਬੁਰਿਆਈ ।
ਆਪਨ ਰਹਿਤ ਨਿਰਾਲਮ ਜਗ ਤੇ । ਜਾਨ ਲਏ ਜਾਨਾ ਮੈ ਤਬ ਤੇ । ੫
ਆਪੇ ਰਚੇ ਆਪੇ ਕਲ ਘਾਏ । ਅਵਰਨ ਕੇ ਦੈ ਮੂੰਡ ਹਤਾਏ ।
ਆਪ ਨਿਰਾਲਮ ਰਹਾ ਨ ਪਾਯਾ । ਤਾਂਤੇ ਨਾਮੁ ਬਿਅੰਤ ਕਹਾਯਾ । ੬
ਜੋ ਚਉਬੀਸ ਅਵਤਾਰ ਕਹਾਏ । ਤਿਨ ਭੀ ਤੁਮ ਪ੍ਰਭ ਤਨਕ ਨ ਪਾਏ ।
ਸਭ ਹੀ ਜਗ ਭਰਮੇ ਭਵਰਾਯੰ । ਤਾਂ ਤੇ ਨਾਮੁ ਬਿਅੰਤ ਕਹਾਯੰ । ੭
ਸਭ ਹੀ ਛਲਤ ਨ ਆਪੁ ਛਲਾਯਾ । ਤਾਂ ਤੇ ਛਲੀਆ ਆਪ ਕਹਾਯਾ ।
ਸੰਤਨ ਦੁਖੀ ਨਿਰਖਿ ਅਕੁਲਾਵੈਂ । ਦੀਨਬੰਧੁ ਤਾਂ ਤੇ ਕਹਲਾਵੈ । ੮
ਅੰਤ ਕਰਤ ਸਭ ਜਗ ਕੋ ਕਾਲਾ । ਨਾਮੁ 'ਕਾਲ' ਤਾਂਤੇ ਜਗ ਡਾਲਾ ।
ਸਮੇ ਸੰਤ ਪਰ ਹੋਤ ਸਹਾਈ । ਤਾਂਤੇ ਸੰਗਯਾ ਸੰਤ ਸੁਨਾਈ । ੯
ਨਿਰਖ ਦੀਨ ਪਰ ਹੋਤ ਦਿਆਰਾ । ਦੀਨਬੰਧੁ ਹਮ ਤਬੈ ਬਿਚਾਰਾ ।
ਸੰਤਨ ਪਰ ਕਰੁਣਾ ਰਸ ਢਰਈ । ਕਰੁਣਾ ਨਿਧਿ ਜਗ ਤਬੈ ਉਚਰਈ । ੧੦

---

* ਭਾਵ ਅਵਤਾਰ ਮਾਲਾ ਤੋਂ ਹੈ ।

ਸੰਕਟ ਹਰਤ ਸਾਧਜਨ ਸਦਾ । ਸੰਕਟ ਹਰਣ ਨਾਮੁ ਭਯੋ ਤਦਾ ।
ਦੁਖ ਦਾਹਤ ਸੰਤਨ ਕੇ ਆਯੋ । ਦੁਖ ਦਾਹਨ ਪ੍ਰਭ ਤਾਂਦਨ ਕਹਾਯੋ । ੧੧

ਰਹਾ ਅਨੰਤ ਅੰਤ ਨਹੀ ਪਾਯੋ । ਯਾਂਤੇ ਨਾਮ ਬਿਅੰਤ ਕਹਾਯੋ ।
ਜਗ ਮੈ ਰੂਪ ਸਭਨ ਕੇ ਧਰਤਾ । ਯਾਂਤੇ ਨਾਮ ਬਖਾਨੀਯਤ ਕਰਤਾ । ੧੨

ਕਿਨਹੂੰ ਕਹੂੰ ਨ ਤਾਹਿ ਲਖਾਯੋ । ਇਹ ਕਰਿ ਨਾਮੁ ਅਲਖ ਕਹਾਯੋ ।
ਜੋਨਿ ਜਗਤ ਮੈ ਕਬਹੂੰ ਨ ਆਯਾ । ਯਾਂਤੇ ਸਭੋ ਅਜੋਨਿ ਕਹਾਯਾ । ੧੩

ਬ੍ਰਹਮਾਦਿਕ ਸਭਹੀ ਪਦ ਹਾਰੇ । ਬਿਸ਼ਨ ਮਹੇਸ੍ਰ ਕਉਨ ਬਿਚਾਰੇ ।
ਚੰਦ ਸੂਰ ਜਿਨਿ ਕਰੇ ਬਿਚਾਰਾ । ਤਾਂਤੇ ਜਾਨੀਯਤ ਹੈ ਕਰਤਾਰਾ । ੧੪

ਸਦਾ ਅਭੇਖ ਅਭੇਖੀ ਰਹਈ । ਤਾਂਤੇਂ ਜਗਤ ਅਭੇਖੀ ਕਹਈ ।
ਅਲਖ ਰੂਪ ਕਿਨਹੂੰ ਨਹੀ ਜਾਨਾ । ਤਿਹ ਕਰ ਜਾਤ ਅਲੇਖ ਬਖਾਨਾ । ੧੫

ਰੂਪ ਅਨੂਪ ਸਰੂਪ ਅਪਾਰਾ । ਭੇਖ ਅਭੇਖ ਸਭਨ ਤੇ ਨਿਆਰਾ ।
ਦਾਇਕ ਸਭੋ ਅਜਾਚੀ ਸਭ ਤੇ । ਜਾਨ ਲਯੋ ਕਰਤਾ ਹਮ ਤਬਤੇ । ੧੬

ਲਗਨ ਸ਼ਗਨ ਤੇ ਰਹਤ ਨਿਰਾਲਮ । ਹੈ ਯਹ ਕਥਾ ਜਗਤ ਮੈਂ ਮਾਲੁਮ ।
ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ । ਭੇਖ ਕਰਤ ਕਿਨਹੂੰ ਨਹਿ ਪਾਯਾ । ੧੭

ਜਗ ਆਪਨ ਆਪਨ ਉਰਝਾਨਾ । ਪਾਰਬ੍ਰਹਮ ਕਾਹੂ ਨ ਪਛਾਨਾ ।
ਇਕ ਪੜ੍ਹੀਅਨ ਕਬਰਨ ਵੈ ਜਾਂਹੀ । ਦੁਹੂੰ ਅਨ ਮੈ ਪਰਮੇਸੁਰ ਨਾਹੀ । ੧੮

ਏ ਦੋਊ ਮੋਹ ਬਾਦ ਮੈ ਪਚੇ । ਇਨ ਤੇ ਨਾਥ ਨਿਰਾਲੇ ਬਚੇ ।
ਜਾਂਤੇ ਛੂਟਿ ਗਯੋ ਭ੍ਰਮ ਉਰ ਕਾ । ਤਿਹ ਆਗੈ ਹਿੰਦੂ ਕਿਆ ਤੁਰਕਾ । ੧੯

ਇਕ ਤਸਬੀ ਇਕ ਮਾਲਾ ਧਰਹੀ । ਏਕ ਕੁਰਾਨ ਪੁਰਾਨ ਉਚਰਹੀ ।
ਲਰਤ ਬਿਰੋਧ ਗਏ ਮਰ ਮੂੜਾ । ਪ੍ਰਭ ਕੌ ਰੰਗੁ ਨ ਲਾਗਾ ਗੂੜ੍ਹਾ । ੨੦

ਜੋ ਜੋ ਰੰਗ ਏਕ ਕੇ ਰਾਚੇ । ਤੇ ਤੇ ਲੋਕ ਲਾਜ ਤਜਿ ਨਾਚੇ ।
ਆਦਿ ਪੁਰਖ ਜਿਨ ਏਕੁ ਪਛਾਨਾ । ਦੁਤੀਆ ਭਾਵ ਨ ਮਨ ਮਹਿ ਆਨਾ । ੨੧

ਜੋ ਜੋ ਭਾਵ ਦੁਤੀਆ ਮਹਿ ਰਾਚੇ । ਤੇ ਤੇ ਮੀਤ ਮਿਲਨ ਤੇ ਬਾਚੇ ।
ਏਕ ਪੁਰਖ ਜਿਨ ਨੈਕੁ ਪਛਾਨਾ । ਤਿਨਹੀ ਪਰਮ ਤਤ ਕਹੁ ਜਾਨਾ । ੨੨

ਜੋਗੀ ਸੰਨਿਆਸੀ ਹੈਂ ਜੇਤੇ । ਮੁੰਡੀਆ ਮੁਸਲਮਾਨ ਗਨ ਕੇਤੇ ।
ਭੇਖ ਧਰੇ ਲੂਟਤ ਸੰਸਾਰਾ । ਛਪਤ ਸਾਧ ਜਿਹ ਨਾਮੁ ਅਧਾਰਾ । ੨੩

ਪੇਟ ਹੇਤ ਨਰ ਡਿੰਭੁ ਦਿਖਾਹੀਂ । ਡਿੰਭ ਕਰੇ ਬਿਨੁ ਪਈਯਤ ਨਾਹੀਂ ।
ਜਿਨ ਨਰ ਏਕ ਪੁਰਖੁ ਕਹੁ ਧਿਆਯੋ । ਤਿਨ ਕਰ ਡਿੰਭ ਨ ਕਿਸੀ ਦਿਖਾਯੋ । ੨੪

ਡਿੰਭ ਕਰੇ ਬਿਨੁ ਹਾਥਿ ਨ ਆਵੈ । ਕੋਊ ਨ ਕਾਹੂ ਸੀਸ ਨਿਵਾਵੈ ।
ਜੋ ਇਹੁ ਪੇਟ ਨ ਕਾਹੂ ਹੋਤਾ । ਰਾਵ ਰੰਕ ਕਾਹੂ ਕੋ ਕਹਤਾ । ੨੫
ਜਿਨ ਪ੍ਰਭ ਏਕ ਵਹੈ ਠਹਰਾਯੋ । ਤਿਨ ਕਰਿ ਡਿੰਭ ਨ ਕਿਸੂ ਦਿਖਾਯੋ ।
ਸੀਸ ਦੀਯੋ ਉਨ ਸਿਰਰ ਨਾ ਦੀਨਾ । ਰੰਚ ਸਮਾਨ ਦੇਹ ਕਹਿ ਚੀਨਾ । ੨੬
ਕਾਨ ਫੋਰ ਜੋਗੀ ਕਹਵਾਯੋ । ਅਤਿ ਪ੍ਰਪੰਚ ਕਰ ਬਨਹਿ ਸਿਧਾਯੋ ।
ਏਕ ਨਾਮੁ ਕੋ ਤੱਤੁ ਨ ਲਯੋ । ਬਨ ਕੋ ਭਯੋ ਨ ਗ੍ਰਿਹ ਕੋ ਭਯੋ । ੨੭ ।
[ਬਚਿਤ੍ਰ ਨਾਟਕ ਦੇ ਮੁਢ ਵਿਚੋਂ

ਸਵੈਯਾ

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ।
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ।
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ, ਮੈਂ ਨ ਕਹਯੋ ਸਭ ਤੋਹਿ ਬਖਾਨਯੋ । ੮੬੩

ਦੋਹਰਾ

ਸਗਲ ਦੁਆਰ ਕਉ ਛਾਡ ਕੈ, ਗਹਿਓ ਤੁਹਾਰੋ ਦੁਆਰ ।
ਬਾਂਹਿ ਗਹੇ ਕੀ ਲਾਜ ਅਸਿ, ਗੋਬਿੰਦ ਦਾਸ ਤੁਹਾਰ । ੮੬੪ ।
[ਰਾਮਾਵਤਾਰ

SIKHBOOKCLUB.COM

ਦੋਹਰਾ

ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨੁ ਮਹੇਸ਼ ।
ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ । ੧
[ਮਧੁਸੂਦਨਾਵਤਾਰ

ਦੋਹਰਾ

ਦਾਸ ਜਾਨ ਕਰਿ ਦਾਸ ਪਰਿ ਕੀਜੈ ਕ੍ਰਿਪਾ ਅਪਾਰ ।
ਆਪ ਹਾਥ ਦੈ ਰਾਖ ਮੁਹਿ ਮਨ ਕ੍ਰਮ ਬਚਨ ਬਿਚਾਰ । ੪੩੩

ਚੌਪਈ

ਮੈਂ ਨ ਗਨੇਸਹਿ ਪ੍ਰਿਥਮ ਮਨਾਊਂ । ਕਿਸ਼ਨ ਬਿਸ਼ਨ ਕਬਹੂੰ ਨਹਿੰ ਧਿਆਊਂ ।
ਕਾਨ ਸੁਨੇ ਪਹਿਚਾਨ ਨ ਤਿਨ ਸੋ । ਲਿਵ ਲਾਗੀ ਮੋਰੀ ਪਗ ਇਨ ਸੋ ।
ਮਹਾਂਕਾਲ ਰਖਵਾਰ ਹਮਾਰੋ । ਮਹਾਂ ਲੋਹ ਮੈਂ ਕਿੰਕਰ ਥਾਰੋ ।
ਅਪਨਾ ਜਾਨ ਕਰੋ ਰਖਵਾਰ । ਬਾਹ ਗਹੇ ਕੀ ਲਾਜ ਬਿਚਾਰ । ੪੩੫
ਅਪਨਾ ਜਾਨ ਮੁਝੈ ਪ੍ਰਿਤਪਰੀਐ । ਚੁਨ ਚੁਨ ਸ਼ਤ੍ਰ ਹਮਾਰੇ ਮਰੀਐ ।
ਦੇਗ ਤੇਗ ਜਗ ਮੈਂ ਦੋਊ ਚਲੈ । ਰਾਖ ਆਪ ਮੁਹਿ ਅਉਰ ਨ ਦਲੈ । ੪੩੬

ਤੁਮ ਮਮ ਕਰਹੁ ਸਦਾ ਪ੍ਰਤਿਪਾਰਾ । ਤੁਮ ਸਾਹਿਬੁ ਮੈ ਦਾਸ ਤਿਹਾਰਾ ।
ਜਾਨ ਆਪਨਾ ਮੁਝੈ ਨਿਵਾਜ । ਆਪ ਕਰੋ ਹਮਰੇ ਸਭ ਕਾਜ । ੪੩੭
ਤੁਮ ਹੋ ਸਭ ਰਾਜਨ ਕੇ ਰਾਜਾ । ਆਪੇ ਆਪੁ ਗਰੀਬ ਨਿਵਾਜਾ ।
ਦਾਸ ਜਾਨ ਕਰਿ ਕ੍ਰਿਪਾ ਕਰਹੁ ਮੁਹਿ । ਹਾਰ ਪਰਾ ਮੈ ਆਨ ਦੁਆਰ ਤੁਹਿ । ੪੩੮

ਸਵੈਯਾ

ਹੇ ਰਵਿ ਹੇ ਸਸਿ ਹੇ ਕਰੁਨਾ ਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ ।
ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ।
ਸਸਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ।
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ । ੧੯੦੦

ਜਉ ਕਿਛੁ ਇੱਛ ਕਰੋਂ ਧਨ ਕੀ ਤਉ ਚਲਯੋਂ ਧਨ ਦੇਸਨ ਦੇਸ ਤੇ ਆਵੈ ।
ਅਉ ਸਭ ਰਿੱਧਨਿ ਸਿੱਧਨ ਪੈ ਹਮਰੋ ਨਹੀ ਨੈਕੁ ਹੀਯਾ ਲਲਚਾਵੈ ।
ਅਉਰ ਸੁਨੋ ਕਛੁ ਜੋਗ ਬਿਖੈ ਕਹਿ ਕਉਨ ਇਤੋ ਤਪ ਕੈ ਤਨੁ ਤਾਵੈ ।
ਜੂਝ ਮਰੋਂ ਰਨ ਮੈ ਤਜਿ ਭੈ ਤੁਮ ਤੇ ਪ੍ਰਭ ਸਯਾਮ ਇਹੈ ਬਰੁ ਪਾਵੈ । ੧੯੦੧

ਪੂਰ ਰਹਯੋ ਸਿਗਰੇ ਜਗ ਮੈ ਅਬ ਲਉ ਹਰਿ ਕੋ ਜਸੁ ਲੋਕ ਸੁ ਗਾਵੈ ।
ਸਿੱਧ ਮੁਨੀਸੁਰ ਈਸੁਰ ਬ੍ਰਹਮ ਅਜੌ ਬਲ ਕੋ ਗਨ ਬਯਾਸ ਸੁਨਾਵੈ ।
ਅਤ੍ਰ ਪਰਾਸੁਰ ਨਾਰਦ ਸਾਰਦ ਸ੍ਰੀ ਸੁਕ੍ਰ ਸੇਸ ਨ ਅੰਤਹਿ ਪਾਵੈ ।
ਤਾਂਕੋ ਕਬਿੱਤਨ ਮੈਂ ਕਬਿ ਸਯਾਮ ਕਹਯੋ ਕਹਿ ਕੈ ਕਬਿ ਕਉਨ ਰਿਝਾਵੈ । ੧੯੦੨

'ਕਹਾ' ਭਯੋ ਜੁ ਧਰ ਮੂੰਡ ਜਟਾ, ਸੁ ਤਪੱਧਨ ਕੋ ਜਗ ਭੇਖ ਦਿਖਾਯੋ ।
ਕਹਾਂ ਭਯੋ ਜੁ ਦੋਊ ਲੋਚਨ ਮੂੰਦ, ਭਲੀ ਬਿਧਿ ਸੋ ਹਰਿ ਕੇ ਗੁਨ ਗਾਯੋ ।
ਅਉਰ ਕਹਾਂ ਜੁ ਜੈ ਆਰਤੀ ਲੈ ਕਰਿ ਧੂਪ ਜਗਾਇਕੈ ਸੰਖ ਵਜਾਯੋ ।
ਸਿਆਮ ਕਹੈ ਤੁਮ ਹੀ ਨ ਕਹਹੂ, ਬਿਨ ਪ੍ਰੇਮ ਕਿਹੂੰ ਬ੍ਰਿਜ ਨਾਇਕ ਪਾਯੋ । ੨੨੩੭

ਹਾਰ ਚਲੇ ਗ੍ਰਿਹ ਅਪਨੇ ਕਉ ਬਨ ਮੈ ਬਹੁਤੈ ਤਿਨ ਧਿਆਨ ਲਗਾਏ ।
ਸਿਧ ਸਮਾਧਿ ਅਗਾਧ ਕਥਾ ਮੁਨਿ ਖੋਜ ਰਹੈ ਹਰਿ ਹਾਥ ਨ ਆਏ ।
ਸਿਆਮ ਭਨੈ ਸਭ ਬੇਦ ਕਿਤੇਬਨ, ਸੰਤਨ ਕੇ ਮਤ ਯੌਂ ਠਹਿਰਾਏ ।
ਭਾਖਤ ਹੈ ਕਵਿ ਸੰਤ ਸੁਨੋ, ਜਿਹ ਪ੍ਰੇਮ ਕੀਏ ਤਿਨ ਸ੍ਰੀ ਪਤਿ ਪਾਏ । ੨੪੮੭

ਛਤ੍ਰੀ ਕੋ ਪੂਤ ਹੋਂ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ ।
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗ ਕਹਾਂ ਚਿਤ ਤਾ ਮੈ ਧਰੋ ।
ਅਬ ਰੀਝ ਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ ।
ਜਬ ਆਉ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈਂ ਤਬ ਜੂਝ ਮਰੋ । ੨੪੮੯

ਦਸਮ ਕਥਾ ਭਾਗਵਤ ਕੀ, ਭਾਖਾ ਕਰੀ ਬਨਾਇ ।
ਅਵਰ ਬਾਸਨਾ ਨਾਹਿ ਪ੍ਰਭੁ, ਧਰਮ ਜੁਧ ਕੇ ਚਾਇ । ੨੪੯੦

ਧੰਨ ਜੀਉ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ ।
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ।
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜਿਆਰੈ ।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ । ੨੪੯੨

[ਕ੍ਰਿਸਨਾਵਤਾਰ

ਦੋਹਰਾ

ਜੋ ਜੋ ਤੁਮਰੇ ਧਿਆਨ ਕੋ ਨਿਤ ਉਠ ਧਿਐ ਹੈਂ ਸੰਤ ।
ਅੰਤਿ ਲਹੈਂਗੇ ਮੁਕਤਿ ਫਲ ਪਾਵਹਿੰਗੇ ਭਗਵੰਤ । ੨੬੨

[ਚੰਡੀ ਚਰਿਤ੍ਰ

(੪) **'ਚੰਡੀ ਚਰਿਤ੍ਰ ਉਕਤਿ ਬਿਲਾਸ'** ਵਿਚੋਂ

ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲਖ ਅਨਾਸਾ
ਕੈ ਸਿਵ ਸ਼ਕਤਿ ਦਏ ਸ੍ਰੁਤਿ ਚਾਰ, ਰਜੋ ਤਮ ਸਤ ਤਿਹੂੰ ਪੁਰਿ ਬਾਸਾ
ਦਿਉਸ ਨਿਸਾ ਸਸਿ ਸੂਰ ਕੈ ਦੀਪ ਸੁ, ਸ੍ਰਿਸਟਿ ਰਚੀ ਪੰਜ ਤਤ ਪ੍ਰਕਾਸ਼ਾ
ਬੈਰ ਬਢਾਇ ਲਰਾਇ ਸੁਰਾਸੁਰ, ਆਪਹਿ ਦੇਖਤ ਬੈਠ ਤਮਾਸ਼ਾ । ੧ ।

* * *

ਦੇਹਿ ਸ਼ਿਵਾ ਬਰ ਮੋਹਿ ਇਹੈ, ਸੁ ਸੁਕਰਮਨ ਤੇ ਕਬਹੂੰ ਨ ਟਰੋਂ *
ਨ ਟਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ
ਅਰ ਸਿਖਹੋਂ ਅਪਨੇ ਹੀ ਮਨ ਕੌ, ਇਹ ਲਾਲਚ ਹਉ ਗੁਣ ਤੌ ਉਚਰੋਂ
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬਿ ਜੂਝ ਮਰੋਂ । ੨੩੧ ।

(੫) 'ਵਾਰ ਦੁਰਗਾ ਕੀ' ਵਿਚੋਂ

ਪਉੜੀ—ਪ੍ਰਿਥਮ ਭਗਉਤੀ ਸਿਮਰਿਕੈ ਗੁਰ ਨਾਨਕ ਲਈ ਧਿਆਇ ।
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਸੁ ਕਰੋ ਸਹਾਇ ।
ਅਰਜਨ ਹਰਿਗੋਬਿੰਦ ਨੋ ਫੇਰਿ ਸਿਮਰਾਂ ਸ੍ਰੀ ਹਰਿਰਾਇ ।
ਸ੍ਰੀ ਹਰਿ ਕਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖੁ ਜਾਇ ।
ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ ।
ਸਭ ਥਾਂਇ ਕਰੈਂ ਸਹਾਇ । ੧ ।

* ਹੁਣ ਪਾਠ—ਸੁਭ ਕਰਮਨ ਤੇ—ਪ੍ਰਚਲਤ ਹੋ ਗਿਆ ਹੈ ਪਰ ਪ੍ਰਾਚੀਨ ਅਨੰਦਪੁਰੀ ਬੀੜ ਵਿਚ—ਸੁ ਸੁਕਰਮਨ ਤੇ—ਹੀ ਹੈ ।

### ਪਉੜੀ

ਖੰਡਾ ਪ੍ਰਿਥਮੈ ਮਨਾਇਆ ਜਿਨਿ ਸਭ ਸੰਸਾਰ ਉਪਾਇਆ ।
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਬਣਾਇਆ ।
ਚਉਦਹ ਤਬਕ ਬਣਾਇਕੈ, ਕੁਦਰਤੀ ਦਾ ਖੇਲੁ ਦਿਖਾਇਆ ।*
ਸਿੰਧੁ ਪਰਬਤ ਮੇਦਨੀ ਬਿਨੁ ਥੰਮਾ ਗੈਣੁ ਰਹਾਇਆ ।
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ।
ਤੈਂਹੀ ਦੁਰਗਾ ਸਾਜੀਏ ਦੈਂਤਾ ਦਾ ਨਾਮ ਗਵਾਇਆ ।
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾਂ ਦੇ ਰਾਵਣ ਘਾਇਆ ।
ਤੈਥੋਂ ਹੀ ਬਲੁ ਕ੍ਰਿਸਨ ਲੈ, ਕੰਸੁ ਕਸੀ ਹੂੰ ਪਕੜਿ ਗਿਰਾਇਆ ।
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਜਿਨੀ ਤਨੁ ਤਾਇਆ ।
ਕਿਨੀ ਤੇਰਾ ਅੰਤੁ ਨ ਪਾਇਆ । ੨ ।

### (੬) ਗਿਆਨ ਪ੍ਰਬੋਧ ਵਿਚੋਂ

ਭੁਜੰਗ ਪ੍ਰਯਾਤ ਛੰਦ ਤ੍ਵ ਪ੍ਰਸਾਦਿ

ਨਮੋ ਨਾਥ ਪੂਰੇ ਸਦਾ ਸਿਧ ਕਰਮੰ । ਅਛੇਦੀ ਅਭੇਦੀ ਸਦਾ ਏਕ ਧਰਮੰ
ਕਲੰਕੰ ਬਿਨਾ ਨਿਹਕਲੰਕੀ ਸਰੂਪੇ । ਅਛੇਦੰ ਅਭੇਦੰ ਅਖੇਦੰ ਅਨੂਪੇ । ੧ ।
ਨਮੋ ਲੋਕ ਲੋਕੇਸ੍ਵਰੰ ਲੋਕਨਾਥੇ । ਸਦੈਵੰ ਸਦਾ ਸਰਬ ਸਾਥੰ ਅਨਾਥੇ
ਨਮੋ ਏਕ ਰੂਪੰ ਅਨੇਕੰ ਸਰੂਪੇ । ਸਦਾ ਸਰਬ ਸਾਹੰ ਸਦਾ ਸਰਬ ਭੂਪੇ । ੨ ।
ਅਛੇਦੰ ਅਭੇਦੰ ਅਨਾਮੰ ਅਠਾਮੰ । ਸਦਾ ਸਰਬਦਾ ਸਿਧਿ ਦਾ ਬੁਧਿ ਧਾਮੰ
ਅਜੰਤ੍ਰੰ ਅਮੰਤ੍ਰੰ ਅਤੰਤ੍ਰੰ ਅਭਰਮੰ । ਅਖੇਦੰ ਅਭੇਦੰ ਅਛੇਦੰ ਅਕਰਮੰ । ੩ ।
ਅਗਾਧੇ ਅਬਾਧੇ ਅਗੰਤੇ ਅਨੰਤੇ । ਅਲੇਖੰ ਅਭੇਖੰ ਅਭੂਤੰ ਅਗੰਤੇ
ਨ ਰੰਗੰ ਨ ਰੂਪੰ ਨ ਜਾਤੰ ਨ ਪਾਤੰ । ਨ ਸਤ੍ਰੋ ਨ ਮਿਤ੍ਰੋ ਨਾ ਪੁਤ੍ਰੰ ਨ ਮਾਤੰ । ੪
ਅਭੂਤੰ ਅਭੰਗੀ ਅਭਿਖੰ ਭਵਾਨੰ । ਪਰੇਯੰ ਪੁਨੀਤੰ ਪਵਿਤ੍ਰੰ ਪ੍ਰਧਾਨੰ ।
ਅਗੰਜੇ ਅਭੰਜੇ ਅਕਾਮੰ ਅਕਰਮੰ । ਅਨੰਤੇ ਬਿਅੰਤੇ ਅਭੂਮੇ ਅਭਰਮੰ । ੫ ।
ਨਹੀਂ ਜਾਨ ਜਾਈ ਕਛੂ ਰੂਪ ਰੇਖੰ । ਕਹਾਂ ਬਾਸ ਤਾਂ ਕੋ ਫਿਰੈ ਕਉਨ ਭੇਖੰ
ਕਹਾਂ ਨਾਮ ਤਾਂ ਕੋ ਕਹਾ ਕੈ ਕਹਾਵੈ । ਕਹਾ ਮੈਂ ਬਖਾਨੋ ਕਹੈ ਮੋਂ ਨ ਆਵੈ ।
ਅਜੋਨੀ ਅਜੈ ਪਰਮ ਰੂਪੀ ਪ੍ਰਧਾਨੈ । ਅਛੇਦੀ ਅਭੇਦੀ ਅਰੂਪੀ ਮਹਾਨੈ ।
ਅਸਾਧੇ ਅਗਾਧੇ ਅਗੰਜੁਲ ਗਨੀਮੇ । ਅਰੰਜੁਲ ਆਰਾਧੇ ਰਿਹਾਕੁਲ ਰਹੀਮੇ । ੭
ਸਦਾ ਸਰਬਦਾ ਸਿਧਿਦਾ ਬੁਧਿ ਦਾਤਾ ਨਮੋ ਲੋਕ ਲੋਕੇਸ੍ਵਰੰ ਲੋਕ ਗਯਾਤਾ ।
ਅਛੇਦੀ ਅਭੈ ਆਦਿ ਰੂਪੀ ਅਨੰਤੇ । ਅਛੇਦੀ ਅਛੈ ਆਦਿ ਅਦ੍ਵੈ ਦੁਰੰਤੇ । ੮

*ਇਹ ਤੁਕ ਕੇਵਲ ਅਨੰਦਪੁਰੀ ਬੀੜ ਵਿਚ ਆਈ ਹੈ ।

## (੭) ਸ੍ਰੀ ਸ਼ਸਤ੍ਰ ਮਾਲਾ ਵਿਚੋਂ

ਦੋਹਰਾ

ਸਾਂਗ ਸਰੋਹੀ ਸੈਫ ਅਸਿ ਤੀਰ ਤੁਪਕ ਤਰਵਾਰ
ਸ਼ੱਤ੍ਰਾਂਤਕ ਕਵਚਾਂਤਿ ਕਰ ਕਰੀਐ ਰੱਛ ਹਮਾਰ । ੧

ਅਸਿ ਕ੍ਰਿਪਾਨ ਧਾਰਾਧਾਰੀ ਸੈਲ ਸੂਲ ਜਮਦਾਢ
ਕਵਚਾਂਤਕ ਸਤ੍ਰਾਂਤ ਕਰ ਤੇਗ ਤੀਰ ਧਰ ਬਾਢ । ੨

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ । ੩

ਤੀਰਤਹੀ ਸੈਹਥੀ ਤੁਹੀ ਤੁਹੀ ਤਬਰ ਤਰਵਾਰ
ਨਾਮ ਤਿਹਾਰੋ ਜੋ ਜਪੈ ਭਏ ਸਿੰਧੁ ਭਵ ਪ ਰ । ੪

ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ
ਤੁਹੀਂ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗ ਬੀਰ । ੫

ਤੁਹੀ ਸੂਲ ਸੈਥੀ ਤਬਰ ਤੂੰ ਨਿਖੰਗ ਅਰੁ ਬਾਨ
ਤੁਹੀ ਕਟਾਰੀ ਸੇਲ ਸਭ ਤੁਮਹੀ ਕਰਦ ਕ੍ਰਿਪਾਨ । ੬

ਸ਼ਸਤ੍ਰ ਅਸਤ੍ਰ ਤੁਮਹੀ ਸਿਪਰ ਤੁਮਹੀ ਕਵਚ ਨਿਖੰਗ
ਕਵਚਾਂਤਿਕ ਤੁਮਹੀ ਬਨੇ ਤੁਮ ਬਯਾਪਕ ਸਰਬੰਗ । ੭

ਸ੍ਰੀ ਤੂੰ ਸਭ ਕਾਰਨ ਤੁਹੀ ਤੂੰ ਬਿੱਦਯਾ ਕੋ ਸਾਰ
ਤੁਮ ਸਭ ਕੋ ਉਪਰਾਜਹੀ ਤੁਮਹੀ ਲੇਹੁ ਉਬਾਰ । ੮

ਤੁਮਹੀ ਦਿਨ ਰਜਨੀ ਤੁਹੀ ਤੁਮਹੀ ਜੀਅਨ ਉਪਾਇ
ਕਉਤਕ ਹੇਰਨ ਕੇ ਨਮਿਤ ਤਿਨ ਮੋ ਬਾਦ ਬਢਾਇ । ੯

ਅਸਿ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ
ਰੱਛ ਕਰੋ ਹਮਰੀ ਸਦਾ ਕਵਚਾਂਤਕ ਕਰਵਾਰ। ੧੦

ਤੁਹੀਂ ਕਟਾਰੀ ਦਾੜ੍ਹ ਜਮ ਤੂੰ ਬਿਛੂਓ ਅਰੁ ਬਾਨ
ਤੋਪ ਤਪਦ ਜੇ ਲੀਜੀਐ ਰੱਛ ਦਾਸ ਮੁਹਿ ਜਾਨੁ । ੧੧

ਬਾਂਕ ਬਜ੍ਰ ਬਿਛੂਓ ਤੁਹੀ ਤੁਹੀ ਤਬਰ ਤਰਵਾਰ
ਤੁਹੀਂ ਕਟਾਰੀ ਸੈਹਥੀ ਕਰੀਐ ਰੱਛ ਹਮਾਰ । ੧੨

ਤੁਮੀ ਗੁਰਜ ਤੁਮਹੀ ਗਦਾ ਤੁਮਹੀ ਤੀਰ ਤੁਫੰਗ
ਦਾਸ ਜਾਨ ਮੋਰੀ ਸਦਾ ਰੱਛ ਕਰੋ ਸਰਬੰਗ ! ੧੩

ਛੁਰੀ ਕਲਮ ਰਿਪੁ ਕਰਦ ਭਨਿ ਖੰਜਰ ਬੁਗਦਾ ਨਾਇ
ਅਰਧ ਰਿਜਕ ਸਭ ਜਗਤ ਕੋ ਮੁਹਿ ਤੁਮ ਲੋਹੁ ਬਚਾਇ । ੧੪

ਪ੍ਰਿਥਮ ਉਪਾਵਹੁ ਜਗਤ ਤੁਮ ਤੁਮਹੀ ਪੰਥ ਬਨਾਇ
ਆਪ ਤੁਹੀ ਝਗਰਾ ਕਰੋ ਤੁਮਹੀ ਕਰੋ ਸਹਾਇ । ੧੫

ਮੱਛ ਕੱਛ ਬਾਰਾਹ ਤੁਮ, ਤੁਮ ਬਾਵਨ ਅਵਤਾਰ
ਨਰ ਸਿੰਘ ਬਉਧਾ ਤੁਹੀਂ, ਤੁਹੀਂ ਜਗਤ ਕੋ ਸਾਰ । ੧੬

ਤੁਹੀਂ ਰਾਮ ਸ੍ਰੀ ਕ੍ਰਿਸ਼ਨ ਤੁਮ, ਤੁਹੀਂ ਬਿਸ਼ਨੁ ਕੋ ਰੂਪ
ਤੁਹੀਂ ਪਰਜਾ ਸਭ ਜਗਤ ਕੀ, ਤੁਹੀ ਆਪ ਹੀ ਭੂਪ । ੧੭

ਤੁਹੀਂ ਬਿਪ੍ਰ ਛਤ੍ਰੀ ਤੁਹੀਂ ਤੁਹੀਂ ਰੰਕ ਅਰੁ ਰਾਉ
ਸਾਮ ਦਾਮ ਅਰੁ ਡੰਡ ਤੂੰ, ਤੁਮਹੀ ਭੇਦ ਉਪਾਉ । ੧੮

ਸੀਸ ਤੁਹੀਂ ਕਾਯਾ ਤੁਹੀਂ, ਤੈਂ ਪ੍ਰਾਨੀ ਕੇ ਪ੍ਰਾਨ
ਤੈਂ ਬਿਦਯਾ ਜਗ ਬਕਤ੍ਰ ਹੁਇ, ਕਰੇ ਬੇਦ ਬਖਯਾਨ । ੧੯

ਬਿਸਿਖ ਬਾਨ ਧਨੁਖਾਗ੍ਰ ਭਨ, ਸਰ ਕੈਬਰ ਜਿਹ ਨਾਮ
ਤੀਰ ਖਤੰਗ ਤਤਾਰਚੋ, ਸਦਾ ਕਰੋ ਮਮ ਕਾਮ । ੨੦ ।

SIKHBOOKCLUB.COM

੮. 'ਚਰਿਤ੍ਰ ਪਖਯਾਨ' ਵਿਚੋਂ

ਭੁਜੰਗ ਪ੍ਰਯਾਤ ਛੰਦ ਤ੍ਵ ਪ੍ਰਸਾਦਿ

ਤੁਹੀ ਖੜਗਧਾਰਾ ਤੁਹੀ ਬਾਢਵਾਰੀ,* ਤੁਹੀ ਤੀਰ ਤਰਵਾਰ ਕਾਤੀ ਕਟਾਰੀ
ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ, ਨਿਹਾਰੋਂ ਜਹਾਂ ਆਪ ਤਾਂਹੀ ਵਹੀਂ ਹੈਂ । ੧

ਤੁਹੀ ਜੋਗ ਮਾਯਾ ਤੁਹੀ ਬਾਕਬਾਨੀ, ਤੁਹੀ ਆਪ ਰੂਪਾ ਤੁਹੀ ਸ੍ਰੀ ਭਵਾਨੀ
ਤੁਹੀ ਬਿਸਨੁ ਬ੍ਰਹਮ ਤੂ ਰੁਦ੍ਰ ਰਾਜੈ, ਤੁਹੀ ਬਿਸ੍ਵ ਮਾਤਾ ਸਦਾ ਜੈ ਬਿਰਾਜੈ । ੨

ਤੁਹੀ ਦੇਵ ਤੂ ਦੈਂਤ ਤੈਂ ਜੱਖ ਉਪਾਏ, ਤੁਹੀ ਤੁਰਕ ਹਿੰਦੂ ਜਗਤ ਮੈਂ ਬਨਾਏ
ਤੁਹੀ ਪੰਥ ਹ੍ਵੈਂ ਅਵਤਰੀ ਸ੍ਰਿਸਟਿ ਮਾਹੀ, ਤੁਹੀ ਧਕੰਤ੍ਰ ਤੇ ਬ੍ਰਹਮਾ ਬਾਦੋ ਬਕਾਹੀ । ੩

---

*ਮਹਾਰਾਜਾ ਨਾਭਾ ਦੇ ਤੋਸ਼ੇਖਾਨੇ ਵਿਚ ਇਕ ਖੰਜਰ ਹੈ, ਜਿਸ ਤੇ ਇਹ ਪਹਿਲਾ ਛੰਦ—'ਤੂ ਹੀ ਖੜਗਧਾਰਾ ਤੁਹੀ ਬਾਢਵਾਰੀ ।' ਲਿਖਿਆ ਹੈ ਤੇ ਨਾਲ ਸੰਮਤ ੧੭੪੧ ਬਿ. ਇਉਂ ਦਿਤਾ ਹੈ—'ਸੰਮਤ ੧੭੪੧ ਸਤਿ ਸ੍ਰੀ ਅਕਾਲ ਪੁਰਖ ਜੀ ਸਹਾਇ ।' ਜ਼ਾਹਰ ਹੈ ਕਿ ਇਹ ਛੰਦ ਗੁਰੂ ਜੀ ਨੇ ੨੩-੨੪ ਸਾਲ ਦੀ ਉਮਰ ਵਿਚ ਉਚਾਰਿਆ ਸੀ ।

(ਮਹਾਨਕੋਸ਼, ਪੰਨਾ ੨੦੮੫)

ਤੁਹੀ ਵਿਕ੍ਰਤ ਰੂਪਾ ਤੁਹੀ ਚਾਰੁ ਨੈਨਾ, ਤੁਹੀ ਰੂਪ ਬਾਲਾ ਤੁਹੀ ਬਕ੍ਰ ਬੈਨਾ
ਤੁਹੀ ਬਕ੍ਰ ਤੇ ਬੇਦ ਚਾਰੋਂ ਉਚਾਰੇ, ਤੁਹੀ ਸੁੰਭ ਨੈਸੁੰਭ ਦਾਨੋ ਸੰਘਾਰੇ । ੪

ਮਕੈ ਜੰਗ ਤੇ ਸੋਂ ਭਜੈ ਰੂਪ ਭਾਰੀ, ਬਧੇ ਫਾਫ ਬਾਨਾ ਕਢੀ ਬਾਢਵਾਰੀ ।
ਤੂ ਨਰ ਸਿੰਘ ਹ੍ਵੈ ਕੈ ਹਿਰਨਾਛ ਮਾਰਯੋ, ਤੁਹੀ ਦਾੜ੍ਹ ਪੈ ਭੂਮਿ ਕੋ ਭਾਰ ਧਾਰਯੋ । ੫

ਤੁਹੀ ਰਾਮ ਹ੍ਵੈ ਕੈ ਹਠੀ ਦੈਂਤ ਘਾਯੋ, ਤੁਮੀ ਕ੍ਰਿਸ਼ਨ ਹ੍ਵੈ ਕੰਸ ਕੇਸੀ ਖਪਾਯੋ
ਤੁਹੀ ਜ੍ਵਾਲਪਾ ਕਾਲਕਾ ਕੈ ਬਖਾਨੀ, ਤੁਹੀ ਚੌਦਹੂੰ ਲੋਕ ਕੀ ਰਾਜਧਾਨੀ । ੬

ਤੁਹੀ ਕਾਲ ਕੀ ਰਾਤ ਹ੍ਵੈ ਕੈ ਬਿਹਾਰੈਂ, ਤੁਹੀ ਆਦਿ ਉਪਾਵੈਂ ਤੁਹੀ ਅੰਤ ਮਾਰੈਂ
ਤੁਹੀ ਰਾਜ ਰਾਜੇਸ੍ਵਰੀ ਕੈ ਬਖਾਨੀ, ਤੁਹੀ ਚੌਦਹੂੰ ਲੋਕ ਕੀ ਆਪ ਰਾਨੀ । ੭

ਤੁਮੈ ਲੋਕ ਉਗ੍ਰਾ ਅਤਿਉਗ੍ਰਾ ਬਖਾਨੈ, ਤੁਮੈ ਅਦ੍ਰਜਾ ਬਿਆਸ ਬਾਨੀ ਪਛਾਨੈ
ਤੁਮੀ ਸ਼ੇਸ ਕੀ ਆਪ ਸੱਜਿਯਾ ਬਨਾਈ, ਤੁਹੀ ਕੇਸਰੀ ਬਾਹਨੀ ਕੈ ਕਹਾਈ । ੮
ਤੁ ਤੈ ਸਾਰ ਕੂਟਾਨ ਕਰ ਕੈ ਸੁਹਾਯੋ, ਤੁਹੀ ਚੰਡ ਔ ਮੁੰਡ ਦਾਨੋ ਖਪਾਯੋ
ਤੁਹੀ ਰਕਤ ਬੀਜਾਰਿ ਸੌਂ ਜੁੱਧ ਕੀਨੋ, ਤੁਮੀ ਹਾਥ ਦੈ ਰਾਖ ਦੇਵੇਸ ਲੀਨੋ । ੯
ਤੁਮੀ ਮਹਿਖ ਦਾਨੋ ਬਡੋ ਕੋਪ ਘਾਯੋ । ਤੁ ਧੂਮ੍ਰਾਛ ਜ੍ਵਾਲਾ ਛਕੀ ਸੋ ਜਰਾਯੋ
ਤੁਮੀ ਕੋਂਚਬਕ੍ਰ ਤਾਪ ਨੈਤੈ ਉਚਾਰਯੋ । ਖਿੜ ਫਾਲ ਔ ਚਿਛ ਰਾਛਸ ਬਿਡਾਰਯੋ । ੧੦
ਤੁਮੀ ਡਹ ਡਹਕੇ ਡਵਰ ਕੋ ਬਜਾਯੋ । ਤੁਮੀ ਕਹ ਕਹ ਕੈ ਹਸੀ ਜੁੱਧ ਪਾਯੋ
ਤੁਮੀ ਅਸ੍ਰ ਅਸਿ ਹਾਥ ਮੈਂ ਅਸਤ੍ਰ ਧਾਰੇ । ਅਜੈ ਜੇ ਕਿਤੇ ਕੰਸ ਹੂੰ ਤੇ ਪਛਾਰੇ । ੧੧
ਜਯੰਤੀ ਤੁਹੀ ਮੰਗਲਾ ਰੂਪ ਕਾਲੀ । ਕਪਾਲਨਿ ਤੁਹੀਂ ਹੈ ਤੁਹੀ ਭਦ੍ਰ ਕਾਲੀ
ਦੁਰਗਾ ਤੂ ਛਿਮਾ ਤੂ ਸ਼ਿਵਾ ਰੂਪ ਤੇਰੋ । ਤੂ ਧਾਤ੍ਰੀ ਸ੍ਵਾਹਾ ਨਮਸਕਾਰ ਮੇਰੋ । ੧੨
ਤੁਹੀ ਪ੍ਰਾਤ ਸੰਧਯਾ ਅਰੁਣ ਬਸਤ੍ਰ ਧਾਰੇ । ਤੂ ਮਧਯਾਨ ਮੇਂ ਸ਼ਕਲ ਅੰਬ੍ਰ ਧਾਰੇ
ਤੁਹੀ ਪੀਤ ਬਾਨਾ ਸਯੰਕਾਲ ਧਾਰਯੋ । ਸਭੈ ਸਾਧੂਅਨ ਕੋ ਮਹਾ ਮੋਹ ਟਾਰਯੋ । ੧੩
ਤੁਹੀ ਆਪ ਕੋ ਰਕਤ ਦੰਤਾ ਕਹੈ ਹੈਂ । ਤੁਹੀ ਬਿਪ੍ਰ ਚਿੰਤੋ ਨਰੂ ਕੋ ਚਬੈ ਹੈ ।
ਤੁਹੀ ਨੰਦ ਕੇ ਧਾਮ ਮੈਂ ਅਉਤਰੈਗੀ । ਤੁਹੀ ਕੁੰਭਟੀ ਸਾਕ ਸੋਂਦਨ ਭਰੈਗੀ । ੧੪
ਤੂ ਬੋਧਾ ਤੁਹੀ ਮੱਛ ਕੇ ਰੂਪ ਕੋ ਹੈਂ । ਤੁਹੀ ਕੱਛ ਹ੍ਵੈ ਕੈ ਸਮੁੰਦ੍ਰਹਿ ਮਥੈ ਹੈ
ਤੁਹੀ ਆਪ ਦਿਜ ਰਾਮ ਕੋ ਰੂਪ ਧਰਹੈਂ । ਨਿਛਤ੍ਰਾ ਪ੍ਰਿਥੀ ਬਾਰ ਇੱਕੀਸ ਕਰਹੈਂ । ੧੫

ਤੁਹੀ ਆਪ ਕੋ ਨਿਹਕਲੰਕੀ ਬਨੈ ਹੈਂ । ਸਭੈਂ ਹੀ ਮਲੇਛਾਨ ਕੋ ਨਾਸ ਕੈ ਹੈਂ
ਮੱਯਾ ! ਜਾਨ ਚੇਰੋ ਮਯਾ ਮੋਹਿ ਕੀਜੈ । ਚਹੌਂ ਚਿਤ ਮੈਂ ਜੋ ਵਹੈ ਮੋਹਿ ਦੀਜੈ ।੧੬।(ਚਰਿਤ੍ਰ ੧

ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ
ਪੂਤ ਯਹੈ ਪ੍ਰਣ ਤੋਹਿ, ਪ੍ਰਾਣ ਜਬ ਲਗ ਘਟ ਥਾਰੇ
ਨਿਜ ਨਾਰੀ ਕੇ ਸਾਥਿ, ਨੇਹੁ ਤੁਮ ਨਿਤ ਬਢੈਅਹੁ
ਪਰ ਨਾਰੀ ਕੀ ਸੇਜ, ਭੂਲਿ ਸੁਪਨੇ ਹੂੰ ਨ ਜਈਅਹੁ । ੫੧ ।

ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ
ਪਰ ਨਾਰੀ ਕੇ ਹੇਤੁ, ਸੀਸ 'ਦਸਸੀਸ' ਗਵਾਯੋ
ਹੋ ਪਰ ਨਾਰੀ ਕੇ ਹੇਤੁ, ਕਟਕ ਕਵਰਨ ਕੋ ਘਾਯੋ । ੫੨ ।

ਪਰ ਨਾਰੀ ਸੋ ਨੇਹੁ, ਛੁਰੀ ਪੈਨੀ ਕਰ ਜਾਨਹੁ
ਪਰ ਨਾਰੀ ਕੇ ਭਜੇ, ਕਾਲ ਵ੍ਯਾਪਯੋ ਤਨ ਮਾਨਹੁ
ਅਧਿਕ ਹਰੀਫੀ ਜਾਨਿ, ਭੋਗ ਪਰ ਤ੍ਰਿਯ ਜੁ ਕਰਹੀ
ਹੋ ਅੰਤ ਸ੍ਵਾਨ ਕੀ ਮ੍ਰਿਤ੍ਯੁ, ਹਾਥ ਲੇਂਡੀ ਕੇ ਮਰਹੀ । ੫੩ ।

ਬਾਲ ਹਮਾਰੇ ਪਾਸ, ਦੇਸ ਦੇਸਨ ਤ੍ਰਿਯਹਿ ਆਵਹਿਂ
ਮਨ ਬਾਂਛਤ ਬਰ ਮਾਂਗ, ਜਾਨਿ ਗੁਰ ਸੀਸ ਝੁਕਾਵਹਿਂ
ਸਿਖ ਪੁਤ੍ਰ ਤ੍ਰਿਯ, ਸੁਤਾ ਜਾਨਿ ਅਪਨੇ ਚਿਤ ਧਰੀਐ
ਹੋ ਕਹੁ ਸੁੰਦਰਿ ! ਤਿਹ ਸਾਥ, ਗਵਨ ਕੈਸੇ ਕਰਿ ਕਰੀਐ । ੫੪ ।

(ਚਰਿਤ੍ਰ ੨੧

ਰੀਤਿ ਨ ਜਾਨਤ ਪ੍ਰੀਤਿ ਕੀ, ਪੈਸਨ ਕੀ ਪ੍ਰਤੀਤਿ
ਬਿਛੂ ਬਿਸੀਅਰ, ਬੇਸਯਾ, ਕਹਹੁ ਕਵਨ ਕੇ ਮੀਤ । (ਚਰਿਤ੍ਰ ੧੬

ਸਭ ਕਿਛੁ ਟੂਟੇ ਜੁਰਤ ਹੈਂ, ਜਾਨ ਲੇਹੁ ਮਨ ਮਿਤ
ਏ ਦ੍ਵੈ ਟੂਟੇ ਨਾ ਜੁਰਹਿਂ, ਏਕ ਸੀਸ ਅਰੁ ਚਿਤ । (ਚਰਿਤ੍ਰ ੩੩

ਜਿਯਬੋ ਜਗ ਕੋ ਸਹਲ ਹੈ, ਯਹੈ ਕਠਿਨ ਦ੍ਵੈ ਕਾਮ
ਪ੍ਰਾਤ ਸੰਭਰਬੋ ਰਾਜ ਕੋ, ਰਾਤਿ ਸੰਭਰਬੋ ਰਾਮ । (ਚਰਿਤ੍ਰ ੮੧

ਬਿਰਧ ਮਾਤ ਅਰ ਤਾਤ ਕੀ, ਸੇਵਾ ਕਰੀਯਹੁ ਨਿਤ
ਤਿਆਗ ਨਾ ਬਨ ਕਉ ਜਾਈਐ, ਯਹੈ ਧਰਮ ਸੁਨ ਮਿਤ । (ਚਰਿਤ੍ਰ ੮੧

ਜਨਮਿ ਜਠਰ ਮਹਿ ਆਨਿ, ਪੁਰਖ ਬਹੁਤੇ ਦੁਖ ਪਾਵਹਿ
ਮੂਤ੍ਰ ਧਾਮ ਕੋ ਪਾਇ, ਕਹਹਿਂ ਹਮ ਭੋਗ ਕਮਾਵਹਿਂ
ਥੂਕ, ਤ੍ਰਿਯਾ ਕੋ ਚਾਟ, ਕਹਤ 'ਅਧਰਾਮ੍ਰਿਤ ਪਾਯੋ'
ਬ੍ਰਿਥਾ ਜਗਤ ਮੇਂ ਜਨਮ, ਬਿਨਾ ਜਗਦੀਸ ਗਵਾਯੋ । (ਚਰਿਤ੍ਰ ੮੧

ਅਮਲ ਪਿਯਤ ਜੇ ਪੁਰਖ, ਪਰੇ ਦਿਨ ਰੈਨ ਉਂਘਾਵਤ
ਅਮਲ ਸੁ ਘਰੀ ਨ ਪੀਅਹਿ, ਤਾਪ ਤਿਨ ਕਉ ਚੜ੍ਹ ਆਵਤ
ਅਮਲ ਪੁਰਖ ਜੁ ਪੀਅਹਿ, ਕਿਸੂ ਕਾਰਜ ਕੇ ਨਾਹੀ
ਅਮਲ ਖਾਇ ਜੜ੍ਹ ਰਹੈਂ, ਮ੍ਰਿਤਕ ਹ੍ਵੈ ਕੇ ਘਰ ਮਾਹੀ

ਅੰਤ ਕਾਕ ਕੀ ਮ੍ਰਿਤੁ ਮਰੈ, ਮਨ ਭੀਤਰ ਪਛਤਾਂਹਿ
ਖੰਡਾ ਗਹਿਓ ਨ ਜਸ ਲਹਿਓ, ਕਛੂ ਜਗਤ ਕੇ ਮਾਂਹਿ । (ਚਰਿਤ੍ਰ ੨੪੫

ਅੜਿਲ—ਕਰਾਮਾਤ ਇਕ ਅਸਿ ਮੋ ਪ੍ਰਥਮ ਬਖਾਨੀਐ ।
ਜਾਂ ਕੋ ਤੇਜ ਅਰ ਤ੍ਰਾਸ ਜਗਤ ਮੋ ਮਾਨੀਐ
ਜੀਤ ਹਾਰ ਅਰ ਮ੍ਰਿਤੁ ਧਾਰ ਜਾਂ ਕੀ ਬਸਤ ।
ਹੌ ਮੇਰੇ ਮਨ ਪਰਮੇਸ਼ਰ ਤਾਂ ਹੀ ਕੋ ਕਹਤ। ੧੯

ਦੁਤਿਯ ਕਾਲ਼ ਮੋ ਕਰਾਮਾਤ ਪਹਿਚਾਨਿਯਤ । ਜਿਨਕੇ ਚੌਦਹਿ ਲੋਕ ਚਕ੍ਰ ਕਰ ਮਾਨਿਯਤ
ਕਾਲ ਪਾਇ ਜਗ ਹੋਤ ਕਾਲ਼ ਮਿਟ ਜਾਵਈ ।
ਹੋ ਯਾਂਤੇ ਮੁਰਿ ਮਨਿ ਮਾਹਿ ਗੁਰੂ ਠਹਿਰਾਵਈ । ੨੦

ਕਰਾਮਾਤ ਰਾਜਾ ਰਸਨਾਗ੍ਰਜ ਜਾਨੀਯਤ । ਭਲੋ ਬੁਰੋ ਜਾਂ ਤ ਜਗ ਹੋ ਪਛਾਨਿਯਤ
ਕਰਾਮਾਤ ਚੋਖੀ ਧਨ ਭੀਤਰ ਜਾਨੀਐ । ਹੌ ਹੋਤ ਰੰਕ ਤੇ ਰਾਵ ਧਨੇ ਤਿਹ ਮਾਨੀਐ ।੨੧

ਕਰਾਮਾਤ ਇਨ ਮਹਿ ਨਹੀਂ ਜਾਨਹੁ । ਇਹ ਸਭ ਧਨ ਉਪਾਇ ਪਹਿਚਾਨਹੁ
ਚਮਤਕਾਰ ਇਨ ਮਹਿ ਜੋ ਹੋਈ । ਦਰਿ ਦਰਿ ਭੀਖ ਨ ਮਾਂਗੇ ਕੋਈ । ੨੨ ।

(ਚਰਿਤ੍ਰ ੩੭੩

ਦੋਹਰਾ

ਜੋ ਪੂਜਾ ਅਸਿਕੇਤੁ ਕੀ ਨਿਤਪ੍ਰਤਿ ਕਰੈਂ ਬਨਾਇ
ਤਿਨ ਪਰ ਅਪਨੇ ਹਾਥ ਦੈ, ਅਸਿਧੁਜ ਲੇਤ ਬਚਾਇ । (ਚਰਿਤ੍ਰ ੪੦੫

## ਕਬਿਯੋ ਬਾਚ— ਬੇਨਤੀ ਚੌਪਈ

ਹਮਰੀ ਕਰੋ ਹਾਥ ਦੈ ਰੱਛਾ । ਪੂਰਨ ਹੋਇ ਚਿਤ ਕੀ ਇੱਛਾ ।
ਤਵ ਚਰਨਨ ਮਨ ਰਹੈ ਹਮਾਰਾ । ਅਪਨਾ ਜਾਨ ਕਰੋ ਪ੍ਰਤਿਪਾਰਾ । ੧ ।

ਹਮਰੇ ਦੁਸ਼ਟ ਸਭੈ ਤੁਮ ਘਾਵਹੁ । ਆਪ ਹਾਥ ਦੈ ਮੋਹਿ ਬਚਾਵਹੁ ।
ਸੁਖੀ ਬਸੈ ਮੋਰੋ ਪਰਿਵਾਰਾ । ਸੇਵਕ ਸਿੱਖ ਸਭੈ ਕਰਤਾਰਾ । ੨ ।

ਮੋ ਰੱਛਾ ਨਿਜ ਕਰ ਦੈ ਕਰਿਯੈ । ਸਭ ਬੈਰਿਯਨ ਕੌ ਆਜ ਸੰਘਾਰਿਯੈ ।
ਪੂਰਨ ਹੋਇ ਹਮਾਰੀ ਆਸਾ । ਤੋਰ ਭਜਨ ਕੀ ਰਹੈ ਪਿਆਸਾ । ੩ ।

ਤੁਮਹਿ ਛਾਡਿ ਕੋਇ ਅਵਰ ਨਾ ਧਯਾਊਂ । ਜੋ ਬਰ ਚਹੋਂ ਸੁ ਤੁਮ ਤੇ ਪਾਊਂ ।
ਸੇਵਕ ਸਿੱਖ ਹਮਾਰੇ ਤਾਰੀਅਹਿ । ਚੁਨਿ ਚੁਨਿ ਸ਼ਤ੍ਰ ਹਮਾਰੇ ਮਾਰੀਅਹਿ । ੪ ।

ਆਪ ਹਾਥ ਦੈ ਮੁਝੈ ਉਬਰਿਯੈ । ਮਰਨ ਕਾਲ ਕਾ ਤ੍ਰਾਸ ਨਿਵਰਿਯੈ ।
ਹੂਜੋ ਸਦਾ ਹਮਾਰੇ ਪੱਛਾ । ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ । ੫ ।

ਰਾਖ ਲੇਹੁ ਮੁਹਿ ਰਾਖਨਹਾਰੇ । ਸਾਹਿਬ ਸੰਤ-ਸਹਾਇ ਪਿਆਰੇ
ਦੀਨਬੰਧੁ ਦੁਸ਼ਟਨ ਕੇ ਹੰਤਾ । ਤੁਮਹੋ ਪੁਰੀ ਚਤੁਰ ਦਸ ਕੰਤਾ । ੬ ।

ਕਾਲ ਪਾਇ ਬ੍ਰਹਮਾ ਬਪੁ ਧਰਾ । ਕਾਲ ਪਾਇ ਸਿਵ ਜੂ ਅਵਤਰਾ ।
ਕਾਲ ਪਾਇ ਕਰ ਬਿਸਨੁ ਪ੍ਰਕਾਸ਼ਾ । ਸਕਲ ਕਾਲ ਕਾ ਕੀਆ ਤਮਾਸਾ । ੭ ।

ਜਵਨ ਕਾਲ ਜੋਗੀ ਸ਼ਿਵ ਕੀਓ । ਬੇਦਰਾਜ ਬ੍ਰਹਮਾ ਜੂ ਥੀਓ ।
ਜਵਨ ਕਾਲ ਸਭ ਲੋਕ ਸਵਾਰਾ । ਨਮਸਕਾਰ ਹੈ ਤਾਹਿ ਹਮਾਰਾ । ੮ ।

ਜਵਨ ਕਾਲ ਸਭ ਜਗਤ ਬਨਾਯੋ । ਦੇਵ ਦੈਂਤ ਜੱਛਨ ਉਪਜਾਯੋ ।
ਆਦਿ ਅੰਤਿ ਏਕੈ ਅਵਤਾਰਾ ਸੋਈ ਗੁਰੂ ਸਮਝਿਯਹੁ ਹਮਾਰਾ । ੯ ।

ਨਮਸਕਾਰ ਤਿਸ ਹੀ ਕੋ ਹਮਾਰੀ । ਸਕਲ ਪ੍ਰਜਾ ਜਿਨ ਆਪ ਸਵਾਰੀ ।
ਸਿਵਕਨ ਕੋ ਸਿਵਗੁਨ ਸੁਖ ਦੀਓ । ਸ਼ਤ੍ਰੁਨ ਕੋ ਪਲ ਮੋਂ ਬਧ ਕੀਓ । ੧੦ ।

ਘਟ ਘਟ ਕੇ ਅੰਤਰ ਕੀ ਜਾਨਤ । ਭਲੇ ਬੁਰੇ ਕੀ ਪੀਰ ਪਛਾਨਤ ।
ਚੀਟੀ ਤੇ ਕੁੰਚਰ ਅਸਥੂਲਾ । ਸਭ ਪਰ ਕ੍ਰਿਪਾ ਦ੍ਰਿਸ਼ਟਿ ਕਰ ਫੂਲਾ । ੧੧ ।

ਸੰਤਨ ਦੁਖ ਪਾਏ ਤੇ ਦੁਖੀ । ਸੁਖ ਪਾਏ ਸਾਧੁਨ ਕੇ ਸੁਖੀ ।
ਏਕ ਏਕ ਕੀ ਪੀਰ ਪਛਾਨੈਂ । ਘਟ ਘਟ ਕੇ ਪਟ ਪਟ ਕੀ ਜਾਨੈਂ । ੧੨ ।

ਜਬ ਉਦਕਰਖ ਕਰਾ ਕਰਤਾਰਾ । ਪ੍ਰਜਾ ਧਰਤ ਤਬ ਦੇਹ ਅਪਾਰਾ ।
ਜਬ ਆਕਰਖ ਕਰਤ ਹੋ ਕਬਹੂੰ । ਤੁਮ ਮੈਂ ਮਿਲਤ ਦੇਹ ਧਰ ਸਭ ਹੂੰ । ੧੩ ।

ਜੇਤੇ ਬਦਨ ਸ੍ਰਿਸ਼ਟਿ ਸਭ ਧਾਰੈ । ਆਪੁ ਆਪਨੀ ਬੂਝ ਉਚਾਰੈ ।
ਤੁਮ ਸਭ ਹੀ ਤੇ ਰਹਤ ਨਿਰਾਲਮ । ਜਾਨਤ ਬੇਦ ਭੇਦ ਅਰ ਆਲਮ । ੧੪ ।

ਨਿਰੰਕਾਰ ਨ੍ਰਿਬਿਕਾਰ ਨਿਰਲੰਭ । ਆਦਿ ਅਨੀਲ ਅਨਾਦਿ ਅਸੰਭ ।
ਤਾਂਕਾ ਮੂੜ੍ਹ ਉਚਾਰਤ ਭੇਦਾ । ਜਾਂਕੋ ਭੇਵ ਨਾ ਪਾਵਤ ਬੇਦਾ । ੧੫ ।

ਤਾਂਕੋ ਕਰਿ ਪਾਹਨ ਅਨੁਮਾਨਤ । ਮਹਾ ਮੂੜ੍ਹ ਕਛੁ ਭੇਦ ਨ ਜਾਨਤ ।
ਮਹਾਦੇਵ ਕੋ ਕਹਤ ਸਦਾ ਸਿਵ । ਨਿਰੰਕਾਰ ਕਾ ਚੀਨਤ ਨਹਿ ਭਿਵ । ੧੬ ।

ਆਪੁ ਆਪਨੀ ਬੁਧਿ ਹੈ ਜੇਤੀ । ਬਰਨਤ ਭਿੰਨ ਭਿੰਨ ਤੁਹਿ ਤੇਤੀ ।
ਤੁਮਰਾ ਲਖਾ ਨਾ ਜਾਇ ਪਸਾਰਾ । ਕਿਹ ਬਿਧਿ ਸਜਾ ਪ੍ਰਥਮ ਸੰਸਾਰਾ । ੧੭ ।

ਏਕੈ ਰੂਪ ਅਨੂਪ ਸਰੂਪਾ । ਰੰਕ ਭਯੋ ਰਾਵ ਕਹੀਂ ਭੂਪਾ ।
ਅੰਡਜ ਜੇਰਜ ਸੇਤਜ ਕੀਨੀ । ਉਤਭੁਜ ਖਾਨਿ ਬਹੁਰ ਰਚਿ ਦੀਨੀ । ੧੮ ।

ਕਹੂੰ ਫੂਲਰਾਜਾ ਹ੍ਵੈ ਬੈਠਾ । ਕਹੂੰ ਸਿਮਟਿ ਭਯੋ ਸੰਕਰ ਇਕੈਠਾ ।
ਸਗਰੀ ਸ੍ਰਿਸਟਿ ਦਿਖਾਇ ਅਚੰਭਵ । ਆਦਿ ਜੁਗਾਦਿ ਸਰੂਪ ਸੁਯੰਭਵ । ੧੯ ।

ਅਬ ਰੱਛਾ ਮੇਰੀ ਤੁਮ ਕਰੋ । ਸਿੱਖ ਉਬਾਰਿ ਅਸਿੱਖ ਸੰਘਰੋ ।
ਦੁਸ਼ਟ ਜਿਤੇ ਉਠਵਤ ਉਤਪਾਤਾ । ਸਕਲ ਮਲੇਛ ਕਰੋ ਰਣ ਘਾਤਾ । ੨੦ ।
ਜੇ ਅਸਿਧੁਜ ਤਵ ਸਰਨੀ ਪਰੇ । ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ।
ਪੁਰਖ ਜਵਨ ਪਗ ਪਰੇ ਤਿਹਾਰੇ । ਤਿਨ ਕੇ ਤੁਮ ਸੰਕਟ ਸਭ ਟਾਰੇ । ੨੧ ।
ਜੋ ਕਲ ਕੋ ਇਕ ਬਾਰ ਧਿਐ ਹੈਂ । ਤਾਕੇ ਕਾਲ ਨਿਕਟਿ ਨਹਿ ਐਹੈਂ ।
ਰੱਛਾ ਹੋਇ ਤਾਂਹਿ ਸਭ ਕਾਲਾ । ਦੁਸਟ ਅਰਿਸਟ ਟਰੈਂ ਤਤਕਾਲਾ । ੨੨ ।
ਕ੍ਰਿਪਾ ਦ੍ਰਿਸ਼ਟਿ ਤਨ ਜਾਹਿ ਨਿਹਰਿਹੋ । ਤਾਂਕੇ ਤਾਪ ਤਨਕ ਮੋ ਹਰਿਹੋ ।
ਰਿਧਿ ਸਿੱਧਿ ਘਰ ਮੋ ਸਭ ਹੋਈ । ਦੁਸ਼ਟ ਛਾਹ ਛ੍ਵੈ ਸਕੈ ਨ ਕੋਈ । ੨੩ ।
ਏਕ ਬਾਰ ਜਿਨ ਤੁਮੈ ਸੰਭਾਰਾ । ਕਾਲ ਫਾਸ ਤੇ ਤਾਂਹਿ ਉਬਾਰਾ ।
ਜਿਨ ਨਰ ਨਾਮ ਤਿਹਾਰੋ ਕਹਾ । ਦਾਰਿਦ ਦੁਸ਼ਟ ਦੋਖ ਤੇ ਰਹਾ । ੨੪ ।
ਖੜਗਕੇਤ ! ਮੈਂ ਸਰਣਿ ਤਿਹਾਰੀ । ਆਪ ਹਾਥ ਦੈ ਲੇਹੁ ਉਬਾਰੀ ।
ਸਰਬ ਠੌਰ ਮੋ ਹੋਹੁ ਸਹਾਈ । ਦੁਸ਼ਟ ਦੋਖ ਤੇ ਲੇਹੁ ਬਚਾਈ । ੨੫ । (ਚਰਿਤ੍ਰ ੪੦੫

## ੯. ਖਾਲਸਾ ਮਹਿਮਾ          ਖਾਲਸਾ ਕੌਣ ਹੈ ?

ਜਾਗਤ ਜੋਤਿ ਜਪੈ ਨਿਸਬਾਸਰ, ਏਕ ਬਿਨਾ ਮਨ ਨੈਕ ਨ ਆਨੈ
ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ, ਗੋਰ ਮੜ੍ਹੀ ਮਟ ਭੂਲਿ ਨ ਮਾਨੈ
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਂਹਿ ਨਖਾਲਸ ਜਾਨੈ । ੧ ।

ਜੋ ਕਿਛੁ ਲੇਖੁ ਲਿਖਿਓ ਬਿਧਨਾ ਸੋਈ ਪਾਯਤ ਮਿਸ੍ਰ ਜੂ ਸ਼ੋਕ ਨਿਵਾਰੋ ।
ਮੇਰੋ ਕਛੂ ਅਪਰਾਧੁ ਨਹੀਂ ਗਯੋ ਯਾਦ ਤੇ ਭੂਲ ਨਹ ਕੋਪ ਚਿਤਾਰੋ ।
ਬਾਗੋ ਨਿਹਾਲੀ ਪਠੈ ਦੈਹੋਂ ਆਜੁ ਭਲੇ ਤੁਮ ਕੋ ਨਿਹਚੈ ਜੀ ਧਾਰੋ ।
ਛਤ੍ਰੀ ਸਭੈ ਕ੍ਰਿਤ ਬਿੱਪਨ ਕੇ ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ । ੨ ।

ਸ੍ਵੈਯਾ—ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕ੍ਰਿਪਾ ਫੁਨ ਧਾਮ ਭਰੇ ।
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸ਼ਤ੍ਰ ਮਰੇ ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ । ੩ ।

ਸ੍ਵੈਯਾ—ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ ।
ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ ।
ਆਗੈ ਫਲੈ ਇਨਹੀ ਕੋ ਦਯੋ ਜਗ ਮੇ ਜਸੁ ਅਉਰ ਦਯੋ ਸਭ ਫੀਕੋ ।
ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ । ੪ ।

ਦੋਹਰਾ

ਚਟਪਟਾਇ ਚਿਤ ਮੈਂ ਜਰਯੋ ਤ੍ਰਿਣ ਜਿਯੋਂ ਕ੍ਰੱਧਤ ਹੋਇ ।
ਖੋਜ ਰੋਜ ਕੇ ਹੇਤ ਲਗ ਦਯੋ ਮਿਸ੍ਰ ਜੂ ਰੋਇ । ੫ ।

## ੧੦. ਜ਼ਫ਼ਰਨਾਮਾ

ਕਮਾਲੇ ਕਰਾਮਾਤ ਕਾਯਮ ਕਰੀਮ । ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੋ ਰਹੀਮ । ੧ ।
ਅਮਾਂ ਬਖ਼ਸ਼ ਬਖ਼ਸ਼ਿੰਦਹ ਓ ਦਸਤਗੀਰ । ਰਜ਼ਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ । ੨ ।
ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ । ਕਿ ਬੇਗੂਨ ਬੇਚੂਨ ਚੂੰ ਬੇਨਮੂੰ । ੩ ।
ਨਾ ਸਾਜ਼ੋ ਨ ਬਾਜ਼ੋ ਫ਼ਉਜੋ ਨ ਫ਼ਰਸ਼ ! ਖ਼ੁਦਾਵੰਦ ਬਖ਼ਸ਼ਿੰਦਹਏ ਐਸ਼ ਅਰਸ਼ । ੪ ।
ਜਹਾਂ ਪਾਕ ਜ਼ਬਰਦਸਤ ਜ਼ਾਹਿਰ ਜ਼ਹੂਰ । ਅਤਾ ਮੇਦਿਹਦ ਹਮ ਚੁ ਹਾਜ਼ਰ ਹਜ਼ੂਰ । ੫ ।
ਅਤਾ ਬਖ਼ਸ਼ਦੋ ਪਾਕ ਪਰਵਰਦਗਾਰ । ਰਹੀਮਸਤ ਰੋਜ਼ੀ ਦਿਹੋ ਹਰ ਦਿਯਾਰ । ੬ ।
ਕਿ ਸਾਹਿਬ ਦਿਯਾਰਸਤ ਆਜ਼ਮ ਅਜ਼ੀਮ । ਕਿ ਹੁਸਨੁਲ ਜਮਾਲਸਤ ਰਾਜ਼ਕ ਰਹੀਮ ।੭।
ਕਿ ਸਾਹਿਬ ਸ਼ਊਰਸਤ ਆਜਿਜ਼-ਨਿਵਾਜ਼ । ਗ਼ਰੀਬੁਲ ਪ੍ਰਸਤੋ ਗ਼ਨੀਮੁਲ ਗੁਦਾਜ਼ ।੮।
ਸ਼ਰੀਅਤ ਪ੍ਰਸਤੋ ਫ਼ਜ਼ੀਲਤ ਮੁਆਬ । ਹਕੀਕਤ ਸ਼ਨਾਸੋ ਨਬੀਉਲ ਕਿਤਾਬ । ੯ ।
ਕਿ ਦਾਨਸ਼ ਪ੍ਰਯੋਹਸਤ ਸਾਹਿਬ ਸ਼ਊਰ । ਹਕੀਕਤ ਸ਼ਨਾਸਸਤੋ ਜ਼ਾਹਿਰ ਜ਼ਹੂਰ । ੧੦ ।
ਸ਼ਨਾਸਿੰਦਏ ਇਲਮਿ ਆਲਮ ਖ਼ੁਦਾਇ । ਕੁਸ਼ਾਇੰਦਏ ਕਾਰਿ ਆਲਮ ਕੁਸ਼ਾਇ । ੧੧ ।
ਗੁਜ਼ਾਰਿੰਦਏ ਕਾਰਿ ਆਲਮ ਕਬੀਰ । ਸ਼ਨਾਸਿੰਦਹਏ ਇਲਮਿ ਆਲਮ ਅਮੀਰ ।੧੨।

SIKHBOOKCLUB.COM

### ਦਾਸਤਾਨ

ਮਰਾ ਏਤਬਾਰੇ ਬਰੀਂ ਕਸਮ ਨੇਸਤ । ਕਿ ਏਜ਼ਦ ਗਵਾਹਸਤ ਯਜ਼ਦਾਂ ਯਕੇਸਤ । ੧੩ ।
ਨ ਕਤਰਹ ਮਰਾ ਏਤਬਾਰੇ ਬਰੋਸਤ । ਕਿ ਬਖ਼ਸ਼ੀ ਵ ਦੀਵਾਨ ਹਮਹ ਕਿਜ਼ਬਗੋਸਤ ।੧੪
ਕਸੇ ਕਉਲਿ ਕੁਰਆਂ ਕੁਨਦ ਏਤਬਾਰ । ਹਮਾ ਰੋਜ਼ਿ ਆਖ਼ਰ ਸ਼ਵਦ ਮਰਦ ਖ਼੍ਵਾਰ । ੧੫
ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ । ਬਰੋ ਦਸਤ ਦਾਰਦ ਨਾ ਜ਼ਾਗੋ ਦਲੇਰ । ੧੬
ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ । ਨ ਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ । ੧੭
ਕਸਮ ਮੁਸਹਫ਼ੇ ਖ਼ੁਫ਼ੀਅ ਗਰ ਈਂ ਖ਼ੁਰਮ । ਨ ਅਫ਼ਵਾਜ ਅਜ਼ੀਜ਼ ਚੋਰਿ ਸੁਮ ਅਫ਼ਗਨਮ ।
ਗਰਿਸਨਹ ਚਿ ਕਾਰੇ ਕੁਨਦ ਚਿਹਲ ਨਰ । ਕਿ ਦਹ ਲਕ ਬਰਾਯਦ ਬਰੋ ਬੇਖ਼ਬਰ । ੧੯
ਕਿ ਪੈਮਾਂ ਸ਼ਿਕਨ ਬੇਦਰੰਗ ਆਮਦੰਦ । ਮਯਾਂ ਤੇਗ਼ ਤੀਰੋ ਤੁਫ਼ੰਗ ਆਮਦੰਦ । ੨੦
ਬ ਲਾਚਾਰਗੀ ਦਰਮਿਯਾਂ ਆਮਦੰਦ । ਬ ਤਦਬੀਰ ਤੀਰੋ ਤੁਫ਼ੰਗ ਆਮਦੰਦ । ੨੧
ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ । ਹਲਾਲਸਤ ਬੁਰਦਨ ਬਸ਼ਮਸ਼ੀਰ ਦਸਤ।੨੨
ਚਿ ਕਸਮੇ ਕੁਰਾਂ ਮਨ ਕੁਨਮ ਏਤਬਾਰ । ਵਗਰਨਹ ਤੁ ਗੋਈ ਮਨ ਈਂ ਰਹ ਚਿ ਕਾਰ ।੨੩
ਨਾ ਦਾਨਮ ਕਿ ਈਂ ਮਰਦ ਰੋਬਾਹਿ ਪੇਚ । ਵਗਰ ਹਰਗਿਜ਼ੀਂ ਰਾਹ ਨਿਯਾਰੰਦ ਬਹੇਚ ।
ਹਰਾਂ ਕਸ ਕਿ ਕਉਲੇ ਕੁਰਾਂ ਆਯਦਸ਼ । ਨਜ਼ੋ ਬਸਤਨੋ ਕੁਸ਼ਤਨੋ ਬਾਯਦਸ਼ । ੨੫

ਬਰੰਗੇ ਮਗਸ ਸਯਾਹਪੋਸ਼ ਆਮਦੰਦ । ਬਯਕ ਬਾਰਗੀ ਦਰ ਖ਼ਰੋਸ਼ ਆਮਦੰਦ । ੨੬
ਹਰਾਂਕਸ ਜ਼ਿ ਦੀਵਾਰ ਆਮਦ ਬਿਰੂੰ । ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ । ੨੭
ਕਿ ਬੇਰੂੰ ਨਿਆਮਦ ਕਸੇ ਜ਼ਾਂ ਦਿਵਾਰ । ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ । ੨੮
ਚੁ ਦੀਦਮ ਕਿ ਨਾਹਰ ਬਿਆਮਦ ਬਜੰਗ । ਚਸ਼ੀਦਹ ਯਕੇ ਤੀਰ ਤਨ ਬੇਦਰੰਗ । ੨੯
ਹਮਾਖ਼ਰ ਗੁਰੇਜ਼ੰਦ ਬਜਾਏ ਮੁਸਾਫ਼ । ਬਸੇ ਖ਼ਾਨ ਗੁਰਦੰਦ ਬੇਰੂੰ ਗਜ਼ਾਫ਼ । ੩੦
ਕਿ ਅਫ਼ਗਾਨਿ ਦੀਗਰ ਬਿਆਮਦ ਬਜੰਗ । ਚੁ ਸੈਲੇ ਰਵਾਂ ਹਮਚੁ ਤੀਰੋ ਤੁਫ਼ੰਗ । ੩੧
ਬਸੇ ਹਮਲਹ ਕਰਦੰਦ ਬ-ਮਰਦਾਨਗੀ । ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ । ੩੨
ਬਸੇ ਹਮਲਹ ਕਰਦੰਦ ਬਸੇ ਜ਼ਖ਼ਮ ਖ਼ੁਰਦ । ਦੁ ਕਸ ਰਾ ਬਜਾਂ ਕੁਸ਼ਤ ਜਾਂ ਹਮ ਸਪੁਰਦ ।
ਕਿ ਆਂ ਖ਼੍ਵਾਜਹ ਮਰਦੂਦ ਸਾਯਹ ਦਿਵਾਰ । ਬਮੈਦਾਂ ਨਿਆਮਦ ਬਮਰਦਾਨਹ ਵਾਰ ।੩੪
ਦਰੇਗਾ ! ਅਗਰ ਰੂਏ ਓ ਦੀਦਮੇ । ਬਯਕ ਤੀਰ ਲਾਚਾਰ ਬਖ਼ਸ਼ੀਦਮੇ । ੩੫
ਹਮਾਖ਼ਰ ਬਸੇ ਜ਼ਖ਼ਮ ਤੀਰੋ ਤੁਫ਼ੰਗ । ਦੁ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ । ੩੬
ਬਸੇ ਬਾਰ ਬਾਰੀਦ ਤੀਰੋ ਤੁਫ਼ੰਗ । ਜ਼ਿਮੀ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ । ੩੭
ਸਰੋ ਪਾਇ ਅੰਬੋਹ ਚੰਦਾਂ ਸ਼ੁਦਹ । ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ । ੩੮
ਤਰੰਕਾਰ ਤੀਰੋ ਤੁਫ਼ੰਗੋ ਕਮਾਂ । ਬਰਾਮਦ ਯਕੇ 'ਹਾਇ ਹੂ' ਅਜ਼ ਜਹਾਂ । ੩੯
ਦਿਗਰ ਸ਼ੋਰਸ਼ੇ ਕੈਬਰੇ ਕੀਨਹ ਕੋਸ਼ । ਜ਼ਿ ਮਰਦਾਨਿ ਮਰਦਾਂ ਬਰੂੰ ਰਫ਼ਤ ਹੋਸ਼ । ੪੦
ਹਮਾਖ਼ਰ ਚਿ ਮਰਦੀ ਕੁਨਦ ਕਾਰਜ਼ਾਰ । ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ ।੪੧
ਚਰਾਗ਼ੇ ਜਹਾਂ ਚੂੰ ਸ਼ੁਦਹ ਬੁਰਕਹ ਪੋਸ਼ । ਸ਼ਹੇ ਸ਼ਬ ਬਰਾਮਦ ਹਮਹ ਜਲਵਾ ਜੋਸ਼ । ੪੨
ਹਮਾਂ ਕਸ ਕਿ ਕਉਲੇ ਕੁਰਾਂ ਆਯਦਸ਼ । ਕਿ ਯਜ਼ਦਾਂ ਬਰੋ ਰਹੁਨੁਮਾ ਆਯਦਸ਼ । ੪੩
ਨਾ ਪੇਚੀਦਾ ਮੂਏ ਨ ਰੰਜੀਦ ਤਨ । ਕਿ ਬੇਰੂੰ ਖ਼ੁਦਾਵੁਰਦ ਦੁਸ਼ਮਨ ਸ਼ਿਕਨ। ੪੪
ਨਾ ਦਾਨਮ ਕਿ ਈਂ ਮਰਦ ਪੈਮਾਂ ਸ਼ਿਕਨ । ਕਿ ਦੌਲਤ ਪ੍ਰਸਤਸਤੁ ਈਮਾਂ-ਫ਼ਿਗਨ । ੪੫
ਨਾ ਈਮਾਂ ਪ੍ਰਸਤੀ ਨ ਅਉਜ਼ਾਇ ਦੀਂ । ਨ ਸਾਹਿਬਸ਼ਨਾਸੀ ਨ ਮੁਹੰਮਦ ਯਕੀਂ ।੪੬
ਹਰਾਂ ਕਸ ਕਿ ਈਮਾਂ-ਪ੍ਰਸਤੀ ਕੁਨਦ । ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨਦ । ੪੭
ਕਿ ਈਂ ਮਰਦ ਰਾ ਜ਼ੱਰਹ ਏਤਬਾਰ ਨੇਸਤ । ਚਿ ਕਸਮੇ ਕੁਰਾਨਸਤ ਯਜ਼ਦਾਂ ਯਕੇਸਤ ।
ਚੁ ਕਸਮੇ ਕੁਰਾਂ ਸਦ ਕੁਨਦ ਇਖ਼ਤਯਾਰ । ਮਰਾ ਕਤਰਹ ਨਆਯਦ ਅਜ਼ੋ ਏਤਬਾਰ ।
ਅਗਰਚਿ ਤੁਰਾ ਏਤਬਾਰ ਆਮਦੇ । ਕਮਰ ਬਸਤਹਏ ਪੇਸ਼ਵਾ ਆਮਦੇ । ੫੦
ਕਿ ਫ਼ਰਜ਼ਸਤ ਬਰਸਰਿ ਤੁਰਾ ਈਂ ਸੁਖ਼ਨ । ਕਿ ਕਉਲੇ ਖ਼ੁਦਾ ਅਸਤੁ ਕਸਮਸਤ ਮਨ ।
ਅਗਰ ਹਜ਼ਰਤੇ ਖ਼ੁਦ ਸਿਤਾਦਹ ਸ਼ਵਦ । ਬਜਾਨੋ ਦਿਲੇ ਕਾਰ ਵਾਜਹ ਸ਼ਵਦ । ੫੨
ਸ਼ੁਮਾ ਰਾ ਚੁ ਫ਼ਰਜ਼ ਅਸਤ ਕਾਰੇ ਕੁਨੀ । ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀ । ੫੩
ਨਵਿਸ਼ਤਹ ਰਸੀਦੋ ਬਿਗੁਫ਼ਤਹ ਜ਼ੁਬਾਂ । ਬਬਾਯਦ ਕਿ ਕਾਰੀਂ ਬਰਾਹਤ ਰਸਾਂ । ੫੪
ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ । ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ । ੫੫
ਕਿ ਕਾਜ਼ੀ ਮਰਾ ਗੁਫ਼ਤਹ ਬੇਰੂੰ ਨਯਮ । ਅਗਰ ਰਾਸਤੀ ਖ਼ੁਦ ਬਿਯਾਰੀ ਕਦਮ । ੫੬

ਤੁਰਾ ਗਰ ਬਬ ਯਦ ਓ ਕਉਲੋ ਕੁਰਾਂ । ਬਹਿਰਦੇ ਸ਼ੁਮਾ ਰਾ ਰਸਾਨਮ ਹਮਾਂ । ੫੭
'ਕਿ ਤਸ਼ਰੀਫ਼ ਦਰ ਕਸਬਹ 'ਕਾਂਗੜ' ਕੁਨਦ । ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ।
ਨ ਜ਼ੱਰਹ ਦਰੀਂ ਰਾਹਿ ਖ਼ਤਰਹ ਤੁਰਾਸਤ । ਹਮਹ ਕੌਮਿ ਬੈਰਾੜ ਹੁਕਮੇ ਮਰਾਸਤ । ੫੯
ਬਿਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ । ਬਰੂਏ ਸ਼ੁਮਾ ਮਿਹਰਬਾਨੀ ਕੁਨੇਮ । ੬੦
ਯਕੇ ਅਸਪ ਸ਼ਾਇਸਤਹਏ ਯਕ ਹਜ਼ਾਰ । ਬਿਯਾ ਤਾ ਬਗੀਰੀ ਬ ਮਨ ਈਂ ਦਿਯਾਰ ।' ੬੧
ਸ਼ਹਨਸ਼ਾਹ ਰਾ ਬੰਦਹਏ ਚਾਕਰੇਮ । ਅਗਰ ਹੁਕਮ ਆਯਦ ਬਜਾਂ ਹਾਜ਼ਰੇਮ । ੬੨
ਅਗਰਚਿ ਬਿਆਯਦ ਬਫ਼ਰਮਾਨ ਮਨ । ਹਜ਼ੂਰਤ ਬਿਆਯਮ ਹਮਹ ਜਾਨੋ ਤਨ । ੬੩
ਅਗਰ ਤੂ ਬਯਜ਼ਦਾਂ ਪਰਸਤੀ ਕੁਨੀ । ਬਕਾਰੇ ਮਰਾ ਈਂ ਨ ਸੁਸਤੀ ਕੁਨੀ । ੬੪
ਬਬਾਯਦ ਕਿ ਯਜ਼ਦਾਂ-ਸ਼ਨਾਸੀ ਕੁਨੀ । ਨ ਗੁਫ਼ਤਹ ਕਸਾਂ ਕਸ ਖ਼ਰਾਸ਼ੀ ਕੁਨੀ । ੬੫
ਤੂ ਮਸਨਦ ਨਸ਼ੀਂ ਸਰਵਰੇ ਕਾਇਨਾਤ । ਕਿ ਅਜਬਸਤ ਇਨਸਾਫ਼ ਈਂ ਹਮ ਸਿਫ਼ਾਤ ।
ਕਿ ਅਜਬਸਤ ਇਨਸਾਫ਼ੋ ਦੀਂ ਪਰਵਰੀ । ਕਿ ਹੈਫ਼ ਅਸਤੁ ਸਦ ਹੈਫ਼ ਈਂ ਸਰਵਰੀ ।੬੭
ਕਿ ਅਜਬਸਤੁ ਅਜਬਸਤੁ ਫ਼ਤਵਹ ਸ਼ੁਮਾ । ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਿਯਾਂ । ੬੮
ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ਼ । ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇਗ਼ । ੬੯
ਤੂ ਗ਼ਾਫ਼ਲ ਮਸ਼ਉ ਮਰਦਿ ਯਜ਼ਦਾਂ ਹਿਰਾਸ । ਕਿ ਓ ਬੇਨਿਆਜ਼ਸਤੁ ਓ ਬੇਸਪਾਸ । ੭੦
ਕਿ ਓ ਬੇਮੁਹਾਬਸਤੁ ਸ਼ਾਹਾਨਿਸ਼ਾਹ । ਜ਼ਮੀਨੋ ਜ਼ਮਾਂ ਰਾ ਸੱਚਾਏ ਪਾਤਸ਼ਾਹ । ੭੧
ਖ਼ੁਦਾਵੰਦ ਏਜ਼ਦ ਜ਼ਿਮੀਨੋ ਜ਼ਮਾ । ਕੁਨਿੰਦਸਤ ਹਰ ਕਸ ਮਕੀਨੋ ਮਕਾਂ । ੭੨
ਹਮ ਅਜ਼ ਪਸ਼ਿ ਮੋਰੋ ਹਮ ਅਜ਼ ਪੀਲਤਨ । ਕਿ ਆਜਜ਼ ਨਿਵਾਜ਼ਸਤੁ ਗ਼ਾਫ਼ਲ-ਸ਼ਿਕਨ ।
ਕਿ ਓਰਾ ਚੁ ਇਸਮ ਅਸਤ ਆਜਜ਼ਨਿਵਾਜ਼ । ਕਿ ਓ ਬੇਸਪਾਸ ਅਸਤ ਓ ਬੇਨਿਆਜ਼ ।
ਕਿ ਓ ਬੇ ਨਗੂੰ ਅਸਤ ਓ ਬੇ ਚਗੂੰ । ਕਿ ਓ ਰਹਨੁਮਾ ਅਸਤ ਓ ਰਹਨਮੂੰ । ੭੫
ਕਿ ਬਰ ਸਰ ਤੁਰਾ ਫ਼ਰਜ਼ ਕਸਮਿ ਕੁਰਾਂ । ਬਗੁਫ਼ਤਹ ਸ਼ੁਮਾ ਕਾਰਿ ਖ਼ੂਬੀ ਰਸਾਂ । ੭੬
ਬਬਾਯਦ ਤੁ ਦਾਨਸ਼ ਪਰਸਤੀ ਕੁਨੀ । ਬ ਕਾਰਿ ਸ਼ੁਮਾ ਚੀਰਹ ਦਸਤੀ ਕੁਨੀ । ੭੭
ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ । ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ ।੭੮
ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ । ਕਿ ਆਤਸ਼ ਦਮਾ ਰਾ ਬਦਉਰਾਂ ਕੁਨੀ । ੭੯
ਚਿ ਖ਼ੁਸ਼ ਗੁਫ਼ਤ ਫਿਰਦੌਸੀਏ ਖ਼ੁਸ਼ ਜ਼ੁਬਾਂ—'ਸ਼ਿਤਾਬੀ ਬਵਦ ਕਾਰਿ ਅਹਰਿਮਨਾਂ ।' ੮੦
ਕਿ ਮਾ ਬਾਰਗਹਿ ਹਜ਼ਰਤ ਆਯਮ ਸ਼ੁਮਾ । ਅਜ਼ਾਂ ਰੋਜ਼ ਬਾਸ਼ੀ ਵ ਸ਼ਾਹਿਦ ਸ਼ੁਮਾ । ੮੧
ਵਗਰਨਹ ਤੂ ਈਂ ਹਮ ਫ਼ਰਾਮੁਸ਼ ਕੁਨਦ । ਤੁਰਾ ਹਮ ਫ਼ਰਾਮੋਸ਼ ਯਜ਼ਦਾਂ ਕੁਨਦ । ੮੨
ਬਤੀਂ ਕਾਰ ਗਰ ਤੂ ਬਬੰਦੀ ਕਮਰ । ਖ਼ੁਦਾਵੰਦ ਬਾਸ਼ਦ ਤੁਰਾ ਬਹਿਰਾਵਰ । ੮੩
ਕਿ ਈਂ ਕਾਰ ਨੇਕ ਅਸਤੁ ਦੀਂ ਪਰਵਰੀ । ਚੁ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ । ੮੪
ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ । ਬਰਾਮਦ ਜ਼ਿ ਤੋ ਕਾਰਹਾ ਦਿਲ ਖ਼ਰਾਸ਼ । ੮੫
ਸ਼ਨਾਸਦ ਹਮੀ ਤੋਂ ਨ ਯਜ਼ਦਾਂ ਕਰੀਮ । ਨ ਖ਼ਾਹਦ ਹਮੀ ਤੋ ਬਦੌਲਤ ਅਜ਼ੀਮ । ੮੬
ਅਗਰ ਸਦ ਕੁਰਆਂਰਾ ਬਖ਼ੁਰਦੀ ਕਸਮ । ਮਰਾ ਏਤਬਾਰੇ ਨ ਈਂ ਜ਼ੱਰਹ ਦਮ । ੮੭

ਹਜ਼ੂਰੀ ਨਿਆਯਮ ਨ ਦੀਂ ਰਹ ਪ੍ਰਖਮ । ਅਗਰ ਸ਼ਾਹ ਬਖ਼ਾਹਦ ਨ ਆ ਜਾਂ ਰਵਮ । ੮੮
ਖੁਸ਼ਸਤ ਸ਼ਾਹ ਸ਼ਾਹਾਨਿ ਅਉਰੰਗਜ਼ੇਬ । ਕਿ ਚਾਲਾਕ ਦਸਤਸਤੁ ਚਾਬਕ ਰਕੇਬ । ੮੯
ਬਿ ਹੁਸਨੁਲ ਜਮਾਲ ਅਸਤ ਰਉਸ਼ਨ ਜ਼ਮੀਰ । ਖ਼ੁਦਾਵੰਦ ਮੁਲਕ ਅਸਤ ਸਾਹਿਬ ਅਮੀਰ।
ਬ ਤਰਤੀਬ ਦਾਨਸ਼ ਬਤਦਬੀਰ ਤੇਗ਼ । ਖ਼ੁਦਾਵੰਦਿ ਦੇਗੋ ਖ਼ੁਦਾਵੰਦਿ ਤੇਗ਼ । ੯੧
ਕਿ ਰੌਸ਼ਨ ਜ਼ਮੀਰ ਅਸਤ ਹੁਸਨਲ ਜਮਾਲ । ਖ਼ੁਦਾਵੰਦਿ ਬਖ਼ਸ਼ਿੰਦਹਏ ਮੁਲਕ ਮਾਲ।੯੨
ਕਿ ਬਖ਼ਸ਼ਸ਼ ਕਬੀਰ ਅਸਤ ਦਰ ਜੰਗ ਕੋਹ । ਮਲਾਇਕ ਸਿਫ਼ਤ ਚੂੰ ਸੁਰੱਯਾ ਸ਼ਿਕੋਹ ।੯੩
ਸ਼ਹਨਸ਼ਾਹਿ ਅਉਰੰਗਜ਼ੇਬ ਆਲਮੀਂ । ਕਿ ਦਾਰਾਇ ਦੌਰ ਅਸਤ ਦੂਰਅਸਤ ਦੀਂ । ੯੪
ਮਨਮ ਕੁਸ਼ਤਨਮ ਕੋਹੀਆਂ ਪੁਰ-ਫ਼ਿਤਨ । ਕਿ ਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਨ । ੯੫
ਬਬੀਂ ਗਰਦਸ਼ੇ ਬੇਵਫ਼ਾਏ ਜ਼ਮਾਂ । ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਯਾਂ । ੯੬
ਬਬੀਂ ਕੁਦਰਤਿ ਨੇਕ ਯਜ਼ਦਾਨਿ ਪਾਕ । ਕਿ ਅਜ਼ ਯਕ ਬ ਦਹ ਲਕ ਰਸਾਨਦ ਹਲਾਕ ।
ਚਿ ਦੁਸ਼ਮਨ ਕੁਨਦ ਮਿਹਰਬਾਨਸਤ ਦੋਸਤ । ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ।
ਰਿਹਾਈ ਦਿਹੋ ਰਹਨੁਮਾਈ ਦਿਹਦ । ਜ਼ਬਾਂ ਰਾ ਬਸਿਫ਼ਤ ਆਸ਼ਨਾਈ ਦਿਹਦ । ੯੯
ਖ਼ਸਮ ਰਾ ਚੁ ਕੋਰ ਓ ਕੁਨਦ ਵਕਤੇ ਕਾਰ । ਯਤੀਮਾਂ ਬਿਰੂੰ ਬੁਰਦ ਬੇ ਜ਼ਖਮ ਖ਼ਾਰ ।
ਹਰਾਂ ਕਸ ਕਜ਼ੋ ਰਾਸਤਬਾਜ਼ੀ ਕੁਨਦ । ਰਹੀਮੇ ਬਰੋ ਰਹਮ ਸਾਜ਼ੀ ਕੁਨਦ । ੧੦੧
ਕਸੇ ਖ਼ਿਦਮਤ ਆਯਦ ਬਸੇ ਦਿਲੋਂ ਜਾਂ । ਖ਼ੁਦਾਵੰਦ ਬਿਬਖ਼ਸ਼ੰਦ ਬਰ ਵੈ ਅਮਾਂ । ੧੦੨
ਚਿ ਦੁਸ਼ਮਨ ਕਜ਼ਾਂ ਹੀਲਹਸਾਜ਼ੀ ਕੁਨਦ । ਅਗਰ ਰਹਨੁਮਾ ਬਰ ਵੈ ਰਾਜ਼ੀ ਸ਼ਵਦ ।
ਅਗਰ ਬਰ ਯਕੇ ਆਯਦ ਦਹ ਲਕ ਹਜ਼ਾਰ । ਨਿਗਹਬਾਨ ਓ ਰਾ ਸ਼ਵਦ ਕਿਰਦਗਾਰ ।
ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ । ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ।੧੦੫
ਕਿ ਤੁਰਾ ਗ਼ਰੂਰ ਅਸਤ ਬਰ ਮੁਲਕੋ ਮਾਲ । ਵ ਮਾਰਾ ਪਨਾਹਸਤ ਯਜ਼ਦਾਂ ਅਕਾਲ ।੧੦੬
ਤੁ ਗ਼ਾਫ਼ਲ ਮਸ਼ਉ ਜ਼ੀਂ ਸਿਪੰਜੀ ਸਰਾਇ । ਕਿ ਆਲਮ ਬਿਗੁਜ਼ਰਦ ਸਰੇ ਜਾ ਬਜਾਇ ।
ਬਬੀਂ ਗਰਦਸ਼ੇ ਬੇਵਫ਼ਾਇ ਜ਼ਮਾਂ । ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ । ੧੦੮
ਤੁ ਗਰ ਜਬਰ ਆਜਿਜ਼ ਖ਼ਰਾਸ਼ੀ ਮਕੁਨ । ਕਸਮ ਰਾ ਬਤੇਸ਼ਹ ਤਰਾਸ਼ੀ ਮਕੁਨ । ੧੦੯
ਚੁ ਹੱਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ । ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ ।
ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ । ਨ ਯਕ ਮੂਇ ਓ ਰਾ ਆਜ਼ਾਰ ਆਵੁਰਦ ੧੧੧।

## ਜ਼ਫ਼ਰਨਾਮੇ ਦਾ ਪੰਜਾਬੀ ਰੂਪ

ਉਹ ਸਰਬ ਸ਼ਕਤੀਮਾਨ, ਪਰਮੇਸਰ ਅਡੋਲ, ਬਖਸ਼ਦ, ਅੰਨ, ਖੁਸ਼ੀ ਤੇ ਮੁਕਤੀ ਦੇਣ ਵਾਲਾ ਕ੍ਰਿਪਾਲੂ ਹੈ। ੧। ਉਹ ਰੱਖਜ਼ਾ ਬਾਂਹ ਫੜਨ ਵਾਲਾ, ਬਖਸ਼ਿੰਦ ਤੇ ਮਨਮੋਹਨ ਹੈ।੨। ਉਹ ਰਾਜਿਆਂ ਦਾ ਰਾਜਾ ਗੁਣ-ਦਾਤਾ ਆਗੂ ਹੈ, ਪਰ ਹੈ ਉਹ ਅਰੂਪ, ਲਾਸਾਨੀ ਤੇ ਬੇਮਿਸਾਲ। ੩। ਜਿਸ ਪਾਸ ਘੋੜੇ, ਫੌਜਾਂ ਜਾਇਦਾਦ ਕੁਝ ਵੀ ਨਾ ਹੋਵੇ, ਉਹ ਉਸ ਨੂੰ ਵੀ ਬਹਿਸ਼ਤੀ ਖੁਸ਼ੀਆਂ ਦੇ ਦੇਂਦਾ ਹੈ। ੪। ਉਹ ਪਵਿਤ ਤੇ ਸ਼ਕਤੀਮਾਨ ਸੱਤਾ ਪੁਰੱਖ ਹਾਜ਼ਰ ਨਾਜ਼ਰ ਹੈ। ੫। ਉਹ ਦਾਤਾਰ ਪਾਲਕ ਹਰ ਇਕ ਨੂੰ ਰੋਜ਼ੀ ਦੇਣ ਵਾਲਾ ਹੈ। ੬। ਉਹ ਦੇਸਾਂ ਦਾ ਵਾਲੀ, ਵਡੇ ਤੋਂ ਵਡਾ ਖੂਬਸੂਰਤ ਤੇ ਕ੍ਰਿਪਾਲੂ ਹੈ। ੭। ਅਕਲ ਦਾ ਧਨੀ, ਗ਼ਰੀਬ ਨਿਵਾਜ਼ ਤੇ ਦੁਸ਼ਟ ਦਮਨ ਹੈ। ੮। ਧਰਮ ਦਾ ਰਾਖਾ, ਵਡਿਆਈ ਧੰਗ, ਅਸਲੀਅਤ ਤੇ ਧਰਮ ਗ੍ਰੰਥਾਂ ਦਾ ਗਿਆਤਾ ਹੈ। ੯। ਦ੍ਰਿੜ੍ਹ ਬੁਧੀ ਤੇ ਸੂਝ ਦਾ ਮਾਲਕ ਤੇ ਪੁਰੱਖ ਅਸਲੀ-ਅਤ ਨੂੰ ਸਮਝਣ ਵਾਲਾ ਹੈ। ੧੦। ਉਹ ਇਲਮ ਦਾ ਜਾਣੂ ਦੁਨੀਆਂ ਦਾ ਸੁਆਮੀ ਤੇ ਦੁਨਿਆਵੀ ਵਿਹਾਰਾਂ ਨੂੰ ਸੁਲਝਾਣ ਵਾਲਾ ਦਾਨਾ ਵੀ ਹੈ। ੧੧। ਸੰਸਾਰ ਦੇ ਵਡੇ ਵਡੇ ਕੰਮ ਕਰਨ ਵਾਲਾ ਤੇ ਪੜ੍ਹਿਆਂ ਦੇ ਇਲਮਾਂ ਦਾ ਵਾਕਫ਼, ਹਾਕਮ ਤੇ ਸਭ ਤੇ ਹੁਕਮ ਕਰਨ ਵਾਲਾ ਹੈ। ੧੨।

### ਸਮਾਚਾਰ

ਮੇਰਾ ਇਕੋ ਇਕ ਅਕਾਲ ਪੁਰਖ ਗਵਾਹ ਹੈ ਮੈਨੂੰ ਇਸ ਸੁਗੰਦ ਤੇ ਇਤਬਾਰ ਨਹੀਂ। ੧੩। ਮੈਨੂੰ ਇਸ ਤੇਰੀ ਕਸਮ ਤੇ ਜ਼ਰਾ ਯਕੀਨ ਨਹੀਂ ਕਿਉਂਕਿ ਤੇਰੇ ਬਖਸ਼ੀ ਤੇ ਦੀਵਾਨ ਸਭ ਝੂਠੇ ਹਨ। ੧੪। ਜੋ ਆਦਮੀ (ਅਜੇਹੀ) ਕੁਰਾਨ ਦੀ ਸੁਗੰਦ ਤੇ ਯਕੀਨ ਕਰ ਬੈਠੇ, ਉਹ ਅੰਤ ਖੁਆਰ ਹੁੰਦਾ ਹੈ। ੧੫। (ਪਰ) ਜੋ ਹੁਮਾਂ ਦੇ ਪਰਛਾਵੇਂ ਤਲੇ ਆ ਜਾਵੇ, ਉਸ ਤੇ ਚਾਲਾਕ ਕਾਂ ਦਾ ਅਸਰ ਨਹੀਂ ਪੈਂਦਾ।੧੬। ਜੋ ਸ਼ੇਰ ਦੀ ਸ਼ਰਣ ਆ ਪਵੇ, ਉਸਨੂੰ ਬੱਕਰੀ, ਭੇਡ, ਤੇ ਮ੍ਰਿਗ ਨਹੀਂ ਫੜ ਸਕਦੇ। ੧੭। ਅਗਰ ਮੈਂ ਵੀ ਅਜਿਹੀ ਫਰੇਬ-ਭਰੀ ਸੁਗੰਦ ਖਾਂਦਾ ਤਾਂ ਕਦੀ (ਪਹਾੜੋਂ) ਹੇਠ ਪੈਰ ਨ ਧਰਦਾ। ੧੮। ਭੁਖੇ ਚਾਲੀ ਆਦਮੀ ਕੀ ਕਰਦੇ, ਜੇ ਉਨ੍ਹਾਂ ਤੇ ਟਿੱਡੀ ਦਲ ਲਾ ਪਤਾ ਚੜ੍ਹ ਆਵੇ। ੧੯। ਉਹ ਵਾਅਦਾ ਸ਼ਿਕਨ ਛੇਤੀ ਆਏ ਤੇ ਉਨ੍ਹਾਂ ਤੇਗਾਂ, ਤੀਰ ਤੇ ਬੰਦੂਕਾਂ ਚਲੇਣੀਆਂ ਆ ਅਰੰਭੀਆਂ। ੨੦। ਮਜਬੂਰ ਹੋ ਕੇ ਮੈਂ ਵੀ ਸੰਗ੍ਰਾਮ ਵਿਚ ਆਇਆ ਤੇ ਤੀਰ ਬੰਦੂਕ ਦੀ ਬਿਧਿ ਵਰਤੀ। ੨੧। ਜਦੋਂ ਕੰਮ ਸਭ ਉਪਾਵਾਂ ਤੋਂ ਲੰਘ ਜਾਵੇ, ਤਦ ਹਥ ਵਿਚ ਤਲਵਾਰ ਫੜਨਾ ਜਾਇਜ਼ ਹੈ। ੨੨। ਮੈਂ ਕੁਰਾਨ ਦੀ ਸੌਂਹ ਤੇ ਕੀ ਇਤਬਾਰ ਕਰਾਂ? ਤੂੰ ਹੀ ਦਸ, ਮੈਨੂੰ ਅਜੇਹਾ ਕਰਨ ਦੀ ਕੀ ਲੋੜ ਸੀ। ੨੩। ਮੈਨੂੰ ਇਸ ਲੂਮੜ-ਨੀਤੀ (ਵਾਲੇ ਆਦਮੀ) ਦਾ ਪਤਾ ਨਹੀਂ ਸੀ—ਵਰਨਾ ਮੈਨੂੰ ਕੋਈ ਚੀਜ਼ ਇਸ ਰਾਹ ਤੇ ਨਹੀਂ ਲਿਆ ਸਕਦੀ ਸੀ। ੨੪। ਜੋ ਕੋਈ ਕੁਰਾਨ ਦੀ ਕਸਮ ਤੇ ਇਤਬਾਰ ਕਰ ਆਵੇ, ਉਸ ਨੂੰ ਫੜਨਾ ਯਾ ਮਾਰਨਾ ਨਹੀਂ ਚਾਹੀਦਾ। ੨੫। ਕਾਲੀਪੋਸ਼ ਫੌਜੀ ਮੱਖੀਆਂ ਵਾਂਗ ਆਏ ਤੇ ਸ਼ੋਰ ਮਚਾਉਣ ਲਗ ਪਏ। ੨੬। ਜੋ ਕੋਈ ਦੀਵਾਰ ਦੀ ਓਟ ਤੋਂ

ਬਾਹਰ ਹੋਇਆ ਉਹ ਇਕੋ ਹੀ ਤੀਰ ਨਾਲ ਲਹੂ ਵਿਚ ਡੋਬ ਦਿਤਾ ਗਿਆ । ੨੭ । ਉਸ ਓਟ ਤੋਂ ਫਿਰ ਕਈ ਆਦਮੀ ਬਾਹਰ ਨਾ ਆਇਆ, ਨਾ ਹੀ ਤੀਰ ਖਾ ਕੇ ਖੁਆਰ ਹੋਇਆ । ੨੮ । ਜਦੋਂ ਮੈਂ ਨਾਹਰ ਖ਼ਾਂ ਨੂੰ ਜੰਗ ਵਿਚ ਆਇਆ ਤੱਕਿਆ, ਉਸ ਨੇ ਫੌਰਨ ਇਕ ਤੀਰ ਦਾ ਸੁਆਦ ਚੱਖਿਆ । ੨੯ । ਅੰਤ ਸ਼ੇਖੀਖੋਰ ਖ਼ਾਨ ਰਣਭੂਮੀ ਵਿਚੋਂ ਭੱਜ ਨਿਕਲੇ ੩੦ । ਫਿਰ ਇਕ ਹੋਰ ਪਠਾਣ ਤੀਰ ਤੇ ਗੋਲੀ ਵਾਂਗ ਸੰਗ੍ਰਾਮ ਵਿਚ ਆਇਆ । ੩੧ । ਉਸ ਕਈ ਹਮਲੇ ਕੀਤੇ, ਸਮਝ ਨਾਲ ਤੇ ਬੇਵਕੂਫੀ ਨਾਲ ਵੀ । ੩੨ । ਕਈ ਹੱਲੇ ਕਰਕੇ ਕਈ ਚੋਟਾਂ ਭੀ ਖਾਧੀਆਂ, ਅੰਤ ਦੋ ਨੂੰ ਮਾਰ ਕੇ ਮਰ ਗਿਆ । ੩੩ । ਪਰ ਉਹ ਮੈਨਾ ਦਾ ਬੁਜ਼ਦਿਲ ਖਰਖਾਰ ਬਹਾਦਰਾਂ ਵਾਂਗ ਦੀਵਾਰ ਦੀ ਓਟ ਤੋਂ ਬਾਹਰ ਨਾ ਆਇਆ । ੩੪ । ਅਫਸੋਸ ! ਜੇ ਮੈਂ ਉਸਦਾ ਚੇਹਰਾ ਤੱਕਦਾ, ਜ਼ਰੂਰ ਇਕ ਤੀਰ ਉਸ ਨੂੰ ਬਖਸ਼ਦਾ । ੩੫ । ਅੰਤ ਤੀਰਾਂ ਤੇ ਬੰਦੂਕਾਂ ਦੀਆਂ ਚੋਟਾਂ ਨਾਲ ਦੋਵੇਂ ਪਾਸਿਆ ਦੇ ਸੂਰਮੇ ਮਾਰੇ ਗਏ । ੩੬ । ਤੀਰ ਬੰਦੂਕ ਦੀ ਇਤਨੀ ਬਾਰਸ਼ ਹੋਈ ਕਿ ਲਹੂ ਨਾਲ ਧਰਤੀ ਪੋਸਤ ਦੇ ਫੁਲ ਵਰਗੀ ਹੋ ਗਈ । ੩੭ । ਸਿਰਾਂ ਤੇ ਪੈਰਾਂ ਦੇ ਇਤਨੇ ਢੇਰ ਲਗ ਗਏ, ਮਾਨੋਂ ਸਾਰਾ ਚੋਗਾਨ ਖੂਦੋ ਖੂੰਡੀਆਂ ਨਾਲ ਭਰ ਗਿਆ । ੩੮ । ਇਨ੍ਹਾ ਤੀਰਾਂ ਬੰਦੂਕਾਂ ਦੇ ਕੜਾਕਿਆਂ ਨਾਲ ਦੁਨੀਆਂ ਵਿਚ ਇਕ ਕੁਰਲਾਹਟ ਮਚ ਗਈ । ੩੯ । ਧੂੰਹੀ ਤੀਰਾਂ ਨੇ ਐਸਾ ਸ਼ੋਰ ਮਚਾਇਆ ਕਿ ਵਡੇ ਵਡੇ ਬੀਰਾਂ ਦੇ ਵੀ ਹੋਸ਼ ਉਡ ਗਏ । ੪੦ । ਅਜੇਹੇ ਸਮੇਂ ਅੰਤ ਬੀਰਤਾ ਕਿੰਨਾਂ ਕੁ ਕਝ ਕਰ ਸਕਦੀ ਹੈ । ਜਦੋਂ ਕੇਵਲ ਚਾਲੀਆਂ ਉਤੇ ਬੇਅੰਤ ਟਿਡੀਦਲ ਆ ਚੜ੍ਹੇ । ੪੧ । ਜਦੋਂ ਦੁਨੀਆਂ ਦੇ ਦੀਵੇ (ਸੂਰਜ) ਨੇ ਮੂੰਹ ਢਕ ਲਿਆ, ਰਾਤ ਦਾ ਰਾਜਾ ਚੰਨ, ਜੋਬ ਖਰੋਸ਼ ਨਾਲ ਆਇਆ । ੪੨ । ਜੋ ਕੋਈ ਕੁਰਾਨ ਦੀ ਕਸਮ ਤੇ ਇਤਬਾਰ ਕਰ ਕੇ ਆ ਵੀ ਜਾਂਦਾ ਹੈ (ਭਾਵੇਂ ਉਹ ਝੂਠੀ ਨਿਕਲੇ) ਉਸ ਦੀ ਅਗਵਾਈ ਖੁਦਾ ਆਪ ਕਰਦਾ ਹੈ । ੪੩ । ਜ਼ਰਾ ਵਾਲ ਵਿੰਗਾ ਨ ਹੋਇਆ, ਨ ਕੋਈ ਕਸ਼ਟ ਹੋਇਆ, ਸਾਨੂੰ ਮਾਰਖੋਰੇ ਵੈਰੀਆਂ ਵਿਚੋਂ ਉਹ ਆਪ ਕੱਢ ਲਿਆਇਆ ।੪੪। ਮੈਨੂੰ ਨਹੀਂ ਸੀ ਪਤਾ ਕਿ ਤੂੰ ਬਚਨ ਤੋੜ, ਮਾਇਆਵਾਦੀ ਤੇ ਬੇਦੀਨਾ ਹੈਂ। ੪੫ । ਨ ਤੂੰ ਧਰਮ ਪਾਲਕ, ਨਾ ਹੀ ਦੀਨਦਾਰ ਹੈਂ, ਨ ਤੈਨੂੰ ਮਾਲਕ ਦੀ ਪਛਾਣ ਤੇ ਨ ਹੀ ਤੇਰਾ ਹਜ਼ਰਤ ਮੁਹੰਮਦ ਸਾਹਿਬ ਤੇ ਠੀਕ ਭਰੋਸਾ ਹੈ । ੪੬ । ਜੋ ਕੋਈ ਸੱਚਾ ਧਰਮੀ ਹੈ, ਉਹ ਕਦੀ ਆਪਣੇ ਬਚਨ ਤੋਂ ਪਿਛੇ ਨਹੀਂ ਮੁੜਦਾ । ੪੭ । ਇਸ ਆਦਮੀ ਤੇ ਜ਼ਰਾ ਜਿੰਨਾ ਵੀ ਯਕੀਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦੇ ਲਈ ਕੁਰਾਨ ਦੀ ਕਸਮ ਤੇ ਇਕ ਅੱਲ੍ਹਾ ਦੀ ਜ਼ਾਤ ਕੀ ਹੈ । ੪੮ ।

ਜੇ ਤੂੰ ਕੁਰਾਨ ਦੀਆਂ ਸੁਗੰਦਾਂ ਚੁਕੀ ਜਾਵੇਂ, ਮੈਨੂੰ ਜ਼ਰਾ ਭਰੋਸਾ ਨਹੀਂ । ੪੯ । ਅਗਰ ਤੈਨੂੰ ਭਰੋਸਾ ਆਉਂਦਾ ਤਾਂ ਤੂੰ ਲੱਕ ਬੰਨ੍ਹ ਕੇ ਸਾਹਮਣੇ ਆ ਨਿਕਲਦਾ । ੫੦ । ਤੇਰੇ ਜ਼ਿੰਮੇ ਇਸ ਗੱਲ ਦਾ ਫਰਜ਼ (ਦਾ ਬੋਝ) ਆਉਂਦਾ ਹੈ, ਜੋ ਤੂੰ ਸੁਗੰਦ ਖਾ ਕੇ ਮੇਰੇ ਨਾਲ ਕੀਤੀ । ੫੧ । ਅਗਰ ਤੂੰ ਸਾਹਮਣੇ ਆ ਜਾਵੇਂ, ਤਾਂ ਸਾਰੀ ਅੰਦਰਲੀ ਗੱਲ ਜ਼ਾਹਰ ਹੋ ਜਾਵੇ । ੫੨ । ਤੇਰਾ ਧਰਮ ਉਸ ਕੰਮ ਨੂੰ ਨਿਭਾਉਣਾ ਹੈ ਜੋ ਤੂੰ ਲਿਖਤ ਵਿਚ ਲੈ ਆਂਦਾ

ਹੈ । ੫੩ । ਜ਼ਬਾਨੀ ਕਿਹਾ ਤੇ ਤੇਰਾ ਲਿਖਿਆ ਸਾਨੂੰ ਪੁਜਿਆ, ਚਾਹੀਦਾ ਹੈ ਤੂੰ ਖੁਸ਼ੀ ਨਾਲ ਇਸ ਨੂੰ ਸਿਰੇ ਚੜ੍ਹਾਵੇਂ । ੫੪ । ਮਰਦ ਬਚਨ ਦਾ ਪੱਕਾ ਹੋਣਾ ਚਾਹੀਦਾ ਹੈ, ਮੂੰਹ ਵਿਚ ਹੋਰ ਅਤੇ ਅੰਦਰ ਹੋਰ ਹੋਣਾ ਠੀਕ ਨਹੀਂ । ੫੫ । ਜੋ ਕਾਜ਼ੀ ਨੇ ਮੈਨੂੰ ਕਿਹਾ, ਮੈਂ ਉਸ ਤੋਂ ਬਾਹਰ ਨਹੀਂ, ਪਰ ਜੇ ਤੂੰ ਵੀ ਠੀਕ ਰਸਤੇ ਤੇ ਆ ਜਾਵੇਂ । ੫੬ । ਜੇਕਰ ਤੈਨੂੰ ਕੁਰਾਨ ਦੀ ਕਸਮ (ਜੋ ਲਿਖਤੀ ਮੇਰੇ ਪਾਸ ਮੌਜੂਦ ਹੈ) ਦੀ ਸਬੂਤ ਲਈ ਲੋੜ ਹੋਵੇ ਤਾਂ ਭੇਜ ਦਿਆਂ ?੫੭ ਤੁਸਾਂ ਲਿਖਿਆ ਸੀ, 'ਅਗਰ ਤੂੰ ਕਾਂਗੜ ਨਗਰ ਵਿਚ ਤਸ਼ਰੀਫ ਲਿਆਵੇਂ', ਪਰਸਪਰ ਮੁਲਾਕਾਤ ਹੋ ਸਕਦੀ ਹੈ । ੫੮ । ਇਸ ਰਾਹ ਅੰਦਰ ਤੇਰੇ ਲਈ ਕੋਈ ਖ਼ਤਰਾ ਨਹੀਂ ਕਿਉਂਕਿ ਸਾਰੀ ਬੈਰਾੜ ਕੌਮ ਮੇਰੇ ਹੁਕਮ ਵਿਚ ਹੈ । ੫੯ । ਤੂ ਮੇਰ ਕੋਲ ਆ, ਜ਼ਬਾਨੀ ਗੱਲਬਾਤ ਕਰ ਲਈਏ ਤੇ ਆਮੋ ਸਾਹਮਣੇ ਮਿਹਰਵਾਨੀ ਕਰੀਏ । ੬੦ । ਇਕ ਵਧੀਆ ਘੋੜਾ ਤੇ ਇਕ ਹਜ਼ਾਰੀ ਦਾ ਮਨਸਬ ਜੇ ਆਓ ਤਾਂ ਤੁਹਾਨੂੰ ਦੇ ਦੇਈਏ । ੬੧ । (ਇਹ ਸਰਕਾਰੀ ਪੇਸ਼ਕਸ਼ਾਂ ਦਾ ਹਵਾਲਾ ਦਿਤਾ ਹੈ) । ਅਸੀਂ ਸ਼ਾਹਾਂ ਦੇ ਸ਼ਾਹ (ਰੱਬ) ਦੇ ਚਾਕਰ ਹਾਂ ਤੇ ਉਸ ਦਾ ਹੁਕਮ ਹੋਵੇ ਤਾਂ ਜਾਨ ਤੋਂ ਹਾਜ਼ਰ ਹਾਂ । ੬੨ । ਜੇ ਫੁਰਮਾਨ ਆਵੇ ਮੈਂ ਆ ਜਾਵਾਂਗਾ । ।੬੩ । ਜੇ ਤੂ ਸੱਚਾ ਹੱਕ ਪ੍ਰਸਤ ਹੈਂ, ਤਾਂ ਇਸ ਕੰਮ ਵਿਚ ਆਲਸ ਨਹੀਂ ਕਰਨੀ ਚਾਹੀਦੀ । ੬੪ । ਤੈਨੂੰ ਖੁਦਾ ਦੀ ਪਛਾਣ ਕਰਨੀ ਚਾਹੀਦੀ ਹੈ, ਨਾ ਕਿਸੇ ਨੂੰ ਕੁਝ ਕਹੇਂ ਤੇ ਨ ਕਿਸੇ ਦੇ ਦਿਲ ਨੂੰ ਦਲੂੰਧਰੇ । ੬੫। ਤੂ ਦੁਨੀਆਂ ਦੀ ਰਾਜ ਗੱਦੀ ਤੇ ਬੈਠਣ ਵਾਲਾ ਹੈਂ ਪਰ ਤੇਰੀਆਂ ਇਨ੍ਹਾਂ ਇਨਸਾਫ ਵਾਲੀਆਂ ਖੂਬੀਆਂ ਤੇ ਮੈਨੂੰ (ਵਿਅੰਗ ਨਾਲ) ਹੈਰਾਨੀ ਹੈ । ੬੬ । ਤੇਰਾ ਨਿਆਇ ਤੇ ਦੀਨਦਾਰੀ ਅਜੀਬ ਤਰ੍ਹਾਂ ਦੀ ਹੀ ਹੈ, ਇਸ ਬਾਦਸ਼ਾਹੀ ਤੇ ਲਾਨ੍ਹਤ ਹੈ । ੬7 । ਤੇਰੇ ਸ਼ਰਈ ਹੁਕਮਾਂ ਤੇ ਵੀ ਹੈਰਾਨੀ ਹੈ । ਸਚ ਬਿਨਾਂ ਕੁਝ ਕਹਿਣਾ ਨੁਕਸਾਨਦੇਹ ਹੈ । ੬੮ । ਕਿਸੇ ਦੇ ਖੂਨ ਦਾ ਪਿਆਸਾ ਹੋ ਕੇ ਬੇਪ੍ਰਵਾਹੀ ਨਾਲ ਤੇਗ ਨ ਚਲਾ, ਅਸਮਾਨ ਤੇਰਾ ਵੀ ਲਹੂ ਤਲਵਾਰ ਨਾਲ ਡੋਲ੍ਹੇਗਾ । ੬੯ । ਤੂ ਬੇਪਰਵਾਹ ਨ ਬਣ, ਰੱਬ ਦਾ ਜਾਣਕਾਰ ਹੋ ।੭੦। ਉਹ ਨਿਸ਼ਕਾਮ ਤੇ ਮਾਣ ਦੀ ਭੁਖ ਤੋਂ ਉਪਰ ਹੈ । ਉਹ ਧਰਤੀ ਅਸਮਾਨ ਦਾ ਸੱਚਾ ਬਾਦਸ਼ਾਹ ਤੇ ਨਿਰਭੈ ਹੈ । ੭੧ । ਉਹ ਲੋਕ ਪਰਲੋਕ ਸਾਜਣ ਵਾਲਾ ਤੇ ਮਾਲਕ ਮਕਾਨ ਤੇ ਮਕਾਨਾਂ ਦਾ ਸਿਰਜਣਹਾਰ ਹੈ । 72 । ਮਾਮੂਲੀ ਕੀੜੀ ਤੋਂ ਹਾਥੀ ਤਕ ਸਭ ਦਾ ਪਾਲਕ ਹੈ, ਗਾਫ਼ਲਾਂ ਨੂੰ ਸੋਧਣ ਵਾਲਾ ਹੈ । 73 । ਉਸ ਦਾ ਨਾਮ ਗਰੀਬ ਨਿਵਾਜ਼ ਹੈ ਉਹ ਲਾਲਚਾਂ ਤੇ ਖੁਸ਼ਾਮਦਾਂ ਤੋਂ ਉਰਾਂ ਹੈ । 74 । ਉਹ ਲਾਸਾਨੀ ਵਡਿਆਈ ਵਾਲਾ ਤੇ ਰਾਹ ਦਿਖਾਉਣ ਵਾਲਾ ਆਗੂ ਵੀ ਉਹੋ ਹੈ । 75 । ਤੇਰੇ ਸਿਰ ਤੇ ਉਸ ਸੁਗੰਧ ਦਾ ਭਾਰ ਹੈ ਤੇ ਤੂ ਆਪਣੇ ਬਚਨ ਨੂੰ ਪੂਰਾ ਕਰ । 76 । ਤੈਨੂੰ ਸਿਆਣਪ ਨਾਲ ਕੰਮ ਨਜਿਠਣਾ ਚਾਹੀਦਾ ਹੈ ਤੇ ਆਪਣੀ ਪੂਰੀ ਸਮਰੱਥਾ ਵਰਤਣੀ ਚਾਹੀਦੀ ਹੈ । 77 । ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚਿਆਂ ਨੂੰ ਸ਼ਹੀਦ ਕਰ ਦਿਤਾ । ਅਜੇ ਕੁੰਡਲ-ਦਾਰ ਭੁਝੰਗੀ (ਖਾਲਸਾ) ਤਾਂ ਬਾਕੀ ਹੈ । ੭੮ । ਇਹ ਕੀ ਬੀਰਤਾ ਹੈ ਕਿ ਤੂੰ ਚੰਗਿਆੜੀਆਂ ਨੂੰ ਬੁਝਾਂਦਾ ਫਿਰੇਂ ਤੇ ਪ੍ਰਚੰਡ ਜਵਾਲਾ ਨੂੰ ਭੜਕਾਂਦਾ ਜਾਵੇਂ । 79 । ਫਿਰਦੌਸੀ ਨੇ ਸੋਹਣੀ ਜ਼ਬਾਨ ਵਿਚ ਕਿਆ ਖੂਬ ਕਿਹਾ ਹੈ ਕਿ ਕਾਹਲੀ ਕਰਨਾ ਸ਼ੈਤਾਨਾਂ ਦਾ ਕੰਮ ਹੈ । 80 ।

ਅਸੀਂ ਤੇਰੇ ਰੱਬ ਦੇ ਦਰਬਾਰ ਤੋਂ ਹੀ ਆਏ ਹੋਏ ਹਾਂ, ਹਿਸਾਬ ਵਾਲੇ ਦਿਨ ਉਥੇ ਗਵਾਹ ਹੋਵਾਂਗੇ । 81 । ਅਗਰ ਤੂ ਇਨਸਾਫ ਨੂੰ ਭੁਲਾ ਦਿਤਾ, ਰੱਬ ਤੈਨੂੰ ਵੀ ਭੁਲਾ ਦੇਵੇਗਾ । 82 । ਇਸ ਕੰਮ ਤੇ ਜੋ ਲੱਕ ਪੰਨੇਗਾ, ਰੱਬ ਤੇਨੂੰ ਭਾਗ ਲਾਏਗਾ । 83 । ਧਰਮ ਦੀ ਪਾਲਣਾ ਅੱਛਾ ਕੰਮ ਹੈ, ਰੱਬ ਦੀ ਪਛਾਣ ਉਸ ਤੋਂ ਵੀ ਅਛੇਰੀ ਹੈ । 84 । ਮੇਰੀ ਜਾਚੇ ਤੂ ਰੱਬ ਦਾ ਪਛਾਣੂ ਨਹੀਂ, ਕਿਉਂ ਕਿ ਤੂ ਹਿਰਦੇ ਵੇਧਕ ਕੰਮ ਕੀਤੇ ਹਨ । 85 । ਕ੍ਰਿਪਾਲੂ ਰੱਬ ਵੀ ਤੈਨੂੰ ਨਹੀਂ ਪਛਾਣੇਗਾ, ਨਾ ਹੀ ਉਹ ਤੇਰੀ ਦੌਲਤ ਨੂੰ ਚਾਹੇਗਾ । 86 । ਹੁਣ ਤੂ ਅਗਰ ਸੌ ਕਸਮਾਂ ਵੀ ਖਾਵੇਂ, ਮੈਨੂੰ ਜ਼ਰਾ ਜਿੰਨਾ ਇਤਬਾਰ ਨਹੀਂ । 87 । ਮੈਂ ਤੇਰੇ ਪਾਸ ਨਹੀਂ ਆ ਸਕਦਾ, ਇਸ ਰਾਹ ਮੈਂ ਟੁਰਨ ਲਈ ਤਿਆਰ ਨਹੀਂ ਹਾਂ । ਮੇਰਾ ਵਾਹਿਗੁਰੂ ਪਾਤਸ਼ਾਹ ਜਿਧਰ ਲਿਜਾਏਗਾ ਉਧਰ ਜਾਵਾਂਗਾ । 88 । ਹੇ ਔਰੰਗਜ਼ੇਬ ਬਾਦਸ਼ਾਹ ! ਤੂ ਭਾਗਵਾਨ ਹੁਸ਼ਿਆਰ ਫੁਰਤੀਲਾ ਘੋੜ ਸਵਾਰ ਹੈਂ । 89 । ਖੂਬਸੂਰਤ, ਸਿਆਣਾ, ਦੇਸਾਂ ਤੇ ਅਮੀਰਾਂ ਦਾ ਸੁਆਮੀ ਵੀ ਤੂੰ ਹੈ । 90 । ਚਤੁਰਾਈ ਵਾਲਾ; ਜੰਗੀ ਹੁਨਰਾਂ ਦਾ ਜਾਣੂ ਤੇ ਦੇਗ ਤੇਗ ਦਾ ਵੀ ਧਨੀ ਹੈਂ । 91 । ਸਿਆਣਾ ਤੇ ਸੁੰਦਰ ਹੈਂ ਤੇ ਮਾਲ ਮੁਲਕ ਵੀ ਦਾਨ ਵਿਚ ਦੇਣ ਜੋਗਾ ਹੈਂ ।92। ਦਾਨਾਂ ਵਿਚ ਵਡਾ ਦਾਨੀ,ਜੰਗ ਵਿਚ ਪਰਬਤ ਸਾਮਾਨ ਹੈਂ, ਤੇਰੇ ਵਿਚ ਕਈ ਉਚੀਆਂ ਸਿਫਤਾਂ ਹਨ । 93 । ਤੂੰ ਸੰਸਾਰ ਦਾ ਬਾਦਸ਼ਾਹ ਜ਼ਰੂਰ ਹੈਂ ਮਗਰ ਸਮੇਂ ਦਾ ਵਾਲੀ ਹੁੰਦਾ ਹੋਇਆ ਧਰਮ ਤੋਂ ਦੂਰ ਹੀ ਹੈਂ । 94 । ਮੈਂ ਬੁਤਪ੍ਰਸਤ ਸ਼ਰਾਰਤੀ ਪਹਾੜੀਆਂ ਨੂੰ ਸੋਧਣ ਵਾਲਾ ਹਾਂ ਕਿਉਂਕਿ ਉਹ ਬੁਤ ਪੂਜਕ ਹਨ ਤੇ ਮੈਂ ਬੁਤ ਘਾਤਕ । 95 । ਬੇਵਫਾ ਜ਼ਮਾਨੇ ਦੇ ਚੱਕਰ ਵਲ ਤਕ, ਜਿਸ ਪਾਸੇ ਪੈਂਦਾ ਹੈ, ਉਸ ਨੂੰ ਹਾਨੀ ਪਹੁੰਚਾਉਂਦਾ ਹੈ । 96 । ਉਸ ਪਵਿਤਰ ਰੱਬ ਦੀ ਬਰਕਤ ਵੇਖ ਜੋ ਇਕ ਤੋਂ ਦਸ ਲੱਖ ਨੂੰ ਮਰਵਾ ਦੇਂਦਾ ਹੈ । 97 । ਵੈਰੀ ਕੀ ਵਿਗਾੜ ਸਕਦਾ ਹੈ, ਅਗਰ 'ਰੱਬ ਮਿਤ੍ਰ' ਮੇਹਰਬਾਨ ਹੋਵੇ, ਕਿਉਂਕਿ ਉਸਦਾ ਕੰਮ ਬਖਸ਼ਸ਼ ਹੈ । 98 । ਉਹ ਛੁਟਕਾਰਾ ਕਰਾਉਂਦਾ ਤੇ ਰਸਤਾ ਦਿਖਾਉਂਦਾ ਹੈ ਅਤੇ ਸਾਡੀ ਜ਼ਬਾਨ ਨੂੰ ਮਹਿਮਾ ਕਰਨ ਦਾ ਸ਼ੌਕ ਸਿਖਾਉਂਦਾ ਹੈ । 99 । ਉਹ ਮੌਕਾ ਪੈਣ ਤੇ ਵੈਰੀਆਂ ਨੂੰ ਅੰਨ੍ਹਿਆਂ ਕਰ ਦੇਂਦਾ ਹੈ ਤੇ ਅਨਾਥਾਂ ਨੂੰ ਬਿਨਾਂ ਤਕਲੀਫ ਦੇ ਬਾਹਰ ਕਢ ਲੈਂਦਾ ਹੈ । 100 । ਜੋ ਆਦਮੀ ਠੀਕ ਦਰੁਸਤ ਕੰਮ ਕਰਦਾ ਹੈ, ਦਿਆਲੂ ਰੱਬ ਉਸਤੇ ਮੇਹਰ ਕਰਦਾ ਹੈ । 101 । ਜੋ ਦਿਲ ਜਾਨ ਨਾਲ ਉਸਦੀ ਸੇਵਾ ਵਿਚ ਆਵੇ, ਉਹ ਉਸਦੀ ਰਾਖੀ ਕਰਦਾ ਹੈ । 102 । ਦੁਸ਼ਮਨ ਦੀ ਠੱਠ ਭੱਜ ਕੀ ਕਰ ਸਕਦੀ ਹੈ, ਜੇ ਰੱਬ ਉਸ ਉਤੇ ਕ੍ਰਿਪਾ ਕਰੇ । 103। ਅਗਰ ਇਕ ਆਦਮੀ ਤੇ ਬੇਅੰਦਾਜ ਮੁਲਖਈਆ ਚੜ੍ਹ ਆਵੇ, ਉਸਦਾ ਰਾਖਾ ਕਰਤਾਰ ਹੁੰਦਾ ਹੈ । 104 । ਜੇ ਤੇਰੀ ਨਜ਼ਰ ਫੌਜ ਤੇ ਧਨ ਹੈ ਤੇ ਤਾਂ ਸਾਡੀ ਟੇਕ ਕੇਵਲ ਵਾਹਿਗੁਰੂ ਤੇ ਹੈ । 105। ਜੇ ਤੈਨੂੰ ਮੁਲਕਾਂ ਤੇ ਦੌਲਤਾਂ ਦਾ ਮਾਣ ਹੈ, ਤਾਂ ਸਾਨੂੰ ਆਪਣੇ ਪ੍ਰਭੂ ਦੀ ਓਟ ਹੈ । 106 । ਇਹ ਚਾਰ ਦਿਨ ਦੀ ਸਰਾਂ ਵਿਚ ਤੂੰ ਨਿਸਚਿੰਤ ਨ ਹੋ, ਥਾਂ ਥਾਂ ਸਭ ਦੁਨੀਆਂ ਟੁਰਦੀ ਜਾ ਰਹੀ ਹੈ । 107 । ਬੇਵਫਾ ਸਮੇਂ ਦੇ ਚੱਕਰ ਨੂੰ ਵੇਖ, ਜੋ ਹਰ ਥਾਂ ਤੇ ਆਦਮੀ ਦੇ ਸਿਰ ਤੋਂ ਲੰਘਦਾ ਜਾ ਰਿਹਾ ਹੈ ।108। ਅਗਰ ਤੂ ਤਕੜਾ ਹੈਂ, ਤਾਂ ਗਰੀਬਾਂ ਨੂੰ ਤੰਗ ਨ ਕਰ ਤੇ ਆਪਣੀ ਸਹੁੰ ਨੂੰ ਰੇਸਿਆਂ ਨਾਲ ਨ ਛਿਲ। 109 । ਅਗਰ ਰੱਬ ਮਿਤ੍ਰ ਹੋਵੇ ਫਿਰ ਵੈਰੀ ਕੀ ਕਰ ਸਕਦਾ ਹੈ, ਭਾਵੇਂ, ਉਹ ਕਈ ਤਰ੍ਹਾਂ ਦੀ ਦੁਸ਼ਮਨੀ ਕਰੇ । 110 । ਵੈਰੀ ਭਾਵੇਂ ਹਜ਼ਾਰਾਂ ਦੁਸ਼ਮਣੀਆਂ ਕਿਉਂ ਨਾ ਕਰੇ, ਉਸਦਾ ਇਕ ਵਾਲ ਵੀ ਵਿੰਗਾ ਨਹੀਂ ਕਰ ਸਕਦਾ । 111 ।

ਸਮਾਪਤ

ਅੰਤਿਕਾ —

ਜ਼ਫ਼ਰਨਾਮੇ ਤੋਂ ਪਹਿਲਾਂ ਇਕ ਖ਼ਤ ਮਾਛੀਵਾੜੇ ਤੋਂ ਗੁਰੂ ਜੀ ਵਲੋਂ ਔਰੰਗਜ਼ੇਬ ਵਲ ਲਿਖਣ ਦੀ ਸੂਹ ਮਿਲਦੀ ਹੈ। ਇਸਦਾ ਉਤਾਰਾ ਬਾਵਾ ਸੁਮੇਰ ਸਿੰਘ ਪਟਨਾ ਪਾਸ ਸੀ ਤੇ ਉਨ੍ਹਾਂ ਤੋਂ ਬਾਬੂ ਜਗਨਨਾਥ ਰਤਨਾਕਰ ਨੇ ਨਕਲ ਲਈ ਸੀ ਪਰ ਉਹ ਕਾਗਜ਼ ਭੈੜ ਪੈਣ ਕਾਰਣ ਚੂਰ ਚੂਰ ਹੋ ਚੁਕਾ ਸੀ। ਫਿਰ ਵੀ ਉਨ੍ਹਾਂ ਜਿਵੇਂ ਕਿਵੇਂ ਜੋੜ ਕੇ ਪੜ੍ਹਿਆ, ਉਹ ਉਹ ਸਾਢੇ ਤੇਰਾਂ ਸ਼ਿਅਰਾਂ ਦਾ ਪੱਤਰ ਸ. ਉਮਰਾਉ ਸਿੰਘ ਮਜੀਠੀਏ ਨੂੰ ਭੇਜ ਦਿਤਾ। ਭਾਈ ਵੀਰ ਸਿੰਘ ਜੀ ਨੇ ਜੁਲਾਈ ੧੯੪੨ ਵਿਚ ਖਾਲਸਾ ਸਮਾਚਾਰ ਵਿਚ ਛਾਪ ਦਿਤਾ। ਇਹ ਅਧੂਰਾ ਪੱਤਰ ਦਸਮ ਗ੍ਰੰਥ ਵਿਚ ਤਾਂ ਭਾਵੇਂ ਦਰਜ ਨਹੀਂ ਪਰ ਇਹ ਦਸਮੇਸ਼ ਜੀ ਦੀ ਕਲਮੋਂ ਹੀ ਸਮਝਿਆ ਗਿਆ ਹੈ। ਪਰ ਮੇਰੀ ਰਾਇ ਹੈ ਕਿ ਇਸਦੀ ਸ਼ੈਲੀ ਜ਼ਫ਼ਰਨਾਮੇ ਨਾਲ ਨਹੀਂ ਰਲਦੀ।

## ਫ਼ਤਿਹਨਾਮਾ

ਬਨਾਮਿ ਖ਼ੁਦਾਵੰਦਿ ਤੇਗੋ ਤਬਰ। ਖ਼ੁਦਾਵੰਦਿ ਤੀਰੋ ਸਿਨਾਨੋ ਸਿਪਰ। ੧।
ਖ਼ੁਦਾਵੰਦਿ ਮਰਦਾਨਿ ਜੰਗ ਆਜ਼ਮਾ। ਖ਼ੁਦਾਵੰਦਿ ਅਸਪਾਨਿ ਪਾ ਦਰ ਹਵਾ। ੨।
ਹਮਾ ਕੂ ਤੁਰਾ ਪਾਤਸ਼ਾਹੀ ਬਿਦਾਦ। ਬਮਾ ਦੌਲਤੇ ਦੀਂ ਪਨਾਹੀ ਬਿਦਾਦ। ੩।
ਤੁਰਾ ਤੁਰਕ ਤਾਜ਼ੀ ਬਮਕਰੋ ਰਿਆ। ਮਰਾ ਚਾਰਹਸਾਜ਼ੀ ਬਸਿਦਕੋ ਸਫ਼ਾ। ੪।
ਨਾ ਜ਼ੇਬਦ ਤੁਰਾ ਨਾਮ ਅਉਰੰਗਜ਼ੇਬ। ਕਿ ਅਉਰੰਗਜ਼ੇਬਾਂ ਨਿਆਯਦ ਫ਼ਰੇਬ। ੫।
ਨ ਤਸਬੀਹਤ ਅਜ਼ ਸਜੋ ਰਿਸ਼ਤਹਏ ਬੇਸ਼। ਕਜ਼ਾਂ ਦਾਨਾ ਸਾਜ਼ੀ ਵਜ਼ੋ ਦਾਨਾ ਖ਼ੇਸ। ੬।
ਤੂ ਖ਼ਾਕਿ ਪਿਦਰ ਰਾ ਬ ਕਿਰਦਾਰਿ ਜ਼ਿਸ਼ਤ। ਬਖ਼ੂਨਿ ਬਿਰਾਦਰ ਬਿਦਾਦੀ ਸਰਿਸ਼ਤ। ੭।
ਵਜ਼ਾ ਖ਼ਾਨਹਏ ਖ਼ਾਮ ਕਰਦੀ ਬਿਨਾ। ਬਰਾਇ ਦਰੇ ਦਉਲਤੇ ਖ਼ੇਸ਼ ਰਾ। ੮।
ਮਨ ਅਕਨੂੰ ਬਅਫ਼ਜ਼ਾਲਿ ਪੁਰਸ਼ ਅਕਾਲ। ਕੁਨਮ ਆਬਿਆਹਨ ਚੁਨਾਂ ਬਰਸ਼ਿ ਕਾਲ। ੯।
ਕਿ ਹਰਗਿਜ਼ ਅਜ਼ਾਂ ਚਾਰ ਦੀਵਾਰ ਸ਼ੂਮ, ਨਿਸ਼ਾਨਿ ਨ ਮਾਨਦ ਬਰੀਂ ਪਾਕ ਬੂਮ। ੧੦।
ਜ਼ਿ ਕੋਹਿ ਦੱਕਨ ਤਿਸ਼ਨਾ ਕਾਮ ਆਮਦੀ। ਜ਼ਿ ਮੇਵਾੜ ਹਮ ਤਲਖ਼ ਜਾਮ ਆਮਦੀ। ੧੧।
ਬਰੀਂ ਸੂ ਚੂੰ ਅਕਨੂੰ ਨਿਗਾਹਤ ਦਵਦ। ਕਿ ਆਂ ਤਲਖ਼ੀ ਓ ਤਿਸ਼ਨਗੀਯਤ ਰਵਦ। ੧੨।
ਚੁਨਾਂ ਆਤਸ਼ਿ ਸ਼ੋਰਿ ਨਾਅਲਤ ਨਿਹਮ। ਜ਼ਿ ਪੰਜਾਬ ਆਬਤ ਨ ਖ਼ੁਰਦਨ ਦਿਹਮ। ੧੩।
ਚਿ ਸ਼ੁਦ ਗਰ ਸ਼ਿਗਾਲਿ ਬਮਕਰਿ ਰਿਆ। ਹਮੀ ਕੁਸ਼ਤਹ ਦੋ ਬੱਚਹਾਏ ਸ਼ੇਰ ਰਾ। ੧੪।
ਚੂ ਸ਼ੇਰਿ ਜ਼ਿਆਂ ਜ਼ਿੰਦਾ ਮਾਨਦ ਹਮੀਂ। ਜ਼ਿ ਤੋ ਇੰਤਕਾਮਿ ਸਤਾਨਦ ਹਮੀ। ੧੫।
ਨ ਦੀਗਰ ਗਰਾਇਮ ਬਨਾਮਿ ਖ਼ੁਦਾਤ। ਕਿ ਦੀਦਮ ਖ਼ੁਦਾ ਓ ਕਲਾਮਿ ਖ਼ੁਦਾਤ। ੧੬।
ਬਸੌਗੰਦਿ ਤੋ ਇਅਤਬਾਰਿ ਨਮਾਂਦ। ਮਰਾ ਜੁਜ਼ ਬ ਸ਼ਮਸ਼ੀਰ ਕਾਰਿ ਨਮਾਂਦ। ੧੭।
ਤੂ ਦੀਂ ਗੁਰਗਿ ਬਾਰਾਂ ਕਸ਼ੀਦਹ ਅਗ਼ਰ। ਨਿਹਮ ਨੀਜ਼ ਸ਼ੇਰਿ ਜ਼ਿ ਦਾਮਿ ਬਦਰ। ੧੮।
ਅਗਰ ਬਾਜ਼ ਗੁਫ਼ਤੋ ਸ਼ੁਨੀਦਤ ਬਆਸਤ। ਨੁਮਾਇਮ ਤੁਰਾ ਜਾਦਏ ਪਾਕ ਰਾਸਤ। ੧੯।
ਬਮੈਦਾਂ ਦੋ ਲਸ਼ਕਰ ਸਫ਼ਾ ਰਾ ਬਵੰਦ। ਜ਼ੂਦੀ ਬਹਮ ਆਸ਼ਕਾਰਾ ਸ਼ਵੰਦ। ੨੦।
ਮਿਆਨਿ ਦੋ ਮਾਨਦ ਦੋ ਫਰਸੰਗ ਰਾ। ... ... ... । ੨੧।
ਅਜ਼ਾਂ ਪਸ ਦਰ ਆਂ ਅਰਸਾਏ ਕਾਰਜ਼ਾਰ। ਮਨ ਆਯਮ ਜ਼ਤੀਦਹ ਤੂ ਬਾ ਦੋ ਸਵਾਰ। ੨੨।
ਤੂ ਅਜ਼ ਨਾਜ਼ ਨਿਅਮਤ ਸਮਰ ਖ਼ੁਰਦਹਈ। ਜ਼ਿ ਜੰਗੀ ਜਵਾਨਾਂ ਨ ਬਰਖ਼ੁਰਦਈ। ੨੩।
ਬਮੈਦਾਂ ਬਿਆ ਖ਼ੁਦ ਬਤੇਗ਼ੋ ਤਬਰ। ਮਕੁਨ ਖ਼ਲਕ ਖ਼ੱਲਾਕ ਜ਼ੇਰੋ ਜ਼ਬਰ। ੨੪। .........

## ਫਤਿਹਨਾਮੇ ਦਾ ਪੰਜਾਬੀ ਰੂਪ

ਨਾਮ ਲੈ ਕੇ ਤਲਵਾਰ ਤੇ ਛਵੀਂ ਦੇ ਮਾਲਕ ਦਾ। ਅਤੇ ਤੀਰ ਅਣੀ ਅਤੇ ਢਾਲ ਦੇ ਮਾਲਕ ਦਾ। ੧। ਜੰਗ ਵਿਚ ਹੰਦੇ ਹੋਏ ਸੂਰਮਿਆਂ ਦੇ ਵਾਲੀ ਦਾ, ਤੇ ਹਵਾ ਵਰਗੇ ਤੇਜ਼ ਘੋੜਿਆਂ ਵਾਲੇ ਰੱਬ ਦਾ। ੨। ਉਸਨੇ ਜਿਸ ਤੈਨੂੰ ਬਾਦਸ਼ਾਹੀ ਦਿਤੀ, ਸਾਨੂੰ ਧਰਮ-ਰੱਖਿਆ ਦਾ ਇਕਬਾਲ ਦਿਤਾ। ੩। ਤੈਨੂੰ ਦਗੇ ਤੇ ਫਰੇਬ ਭਰੀ ਲੁਟਮਾਰ ਦੀ ਮੁਹਿੰਮ (ਦਿਤੀ) ਤੇ ਮਨੂੰ ਜਿਸ ਸਚਾਈ ਤੇ ਸਾਫ-ਦਿਲੀ ਵਾਲੀ ਤਦਬੀਰ (ਬਖਸ਼ੀ)। ੪।

ਔਰੰਗਜ਼ੇਬ ਨਾਮ ਤੈਨੂੰ ਫਬਦਾ ਨਹੀਂ, ਸ਼ਾਹੀ ਤਖਤਾਂ ਨੂੰ ਸੁਭਾਇਮਾਨ ਕਰਨ ਵਾਲਿਆਂ ਲਈ ਦਗੇ ਫਰੇਬ ਨਹੀਂ ਸੋਭਦੇ। ੫। ਤੇਰੀ ਤਸਬੀ, ਮਣਕੇ ਧਾਗੇ ਤੋਂ ਵਧ (ਕੁਝ ਭੀ) ਨਹੀਂ ਕਿਉਂਕਿ ਤੂੰ ਉਨ੍ਹਾਂ ਮਣਕਿਆਂ ਨੂੰ ਚੋਗਾ-ਦਾਣਾ ਬਣਾਉਂਦਾ ਤੇ ਇਸ ਧਾਗੇ ਦਾ ਜਾਲ ਵਿਛਾਉਂਦਾ ਹੈ। ੬। ਤੂੰ ਪਿਉ ਦੀ ਮਿਟੀ ਭੈੜੀਆਂ ਕਰਤੂਤਾਂ ਕਰਕੇ ਭਰਾ ਦੇ ਲਹੂ ਨਾਲ ਗੁੰਨ੍ਹੀ ਹੈ। ੭। ਅਤੇ ਉਸ ਮਿਟੀ ਨਾਲ ਆਪਣੀ ਨਾਸ਼ਮਾਨ ਹਕੂਮਤ ਲਈ ਕੱਚੇ ਕੋਠੇ ਦੀ ਨੀਂਹ ਰਖੀ ਹੈ। ੮। ਮੈਂ ਹੁਣ ਅਕਾਲ ਪੁਰਖ ਦੀ ਕ੍ਰਿਪਾ ਨਾਲ ਲੋਹੇ ਦੇ ਪਾਣੀ (ਤੇਗ ਦੀ ਧਾਰ) ਦੀ ਅਜੇਹੀ ਬਾਰਸ਼ ਕਰਾਂਗਾ। ੯। ਕਿ ਇਸ ਪਵਿਤਰ ਧਰਤੀ ਉਤੇ ਉਸ ਭੈੜੀ ਬਸਤੀ ਦਾ ਨਿਸ਼ਾਨ ਨ ਰਹੇਗਾ। ੧੦। ਦੱਖਣ ਦੇ ਪਹਾੜਾਂ ਤੋਂ ਤੂੰ ਪਿਆਸੀ ਸੂਰਤ ਵਿਚ ਅਸਫਲ ਮੁੜਿਆ ਤੇ ਮੇਵਾੜ ਤੋਂ ਵੀ ਕੌੜਾ ਘੁੱਟ ਭਰਕੇ ਆਇਆਂ ਹੈਂ। ੧੧। ਹੁਣ ਜਦ ਤੇਰੀ ਨਜ਼ਰ ਇਸ ਪਾਸੇ ਦੌੜੀ ਹੈ, ਤਾਂ ਤੇਰੀ ਤਲਖੀ ਤੇ ਪਿਆਸ ਜ਼ਰੂਰ ਮਿਟ ਜਾਏਗੀ।੧੨। ਮੈਂ ਇਸ ਤਰ੍ਹਾਂ ਤੇਰੇ ਪੈਰਾਂ ਹੇਠ ਅੱਗ ਰਖਾਂਗਾ ਕਿ ਪੰਜਾਬ 'ਚੋਂ ਤੈਨੂੰ ਪਾਣੀ ਨਹੀਂ ਪੀਣ ਦਿਆਂਗਾ। ੧੩। ਕੀ ਹੋਇਆ ਜ ਗਿੱਦੜ ਨੇ ਦਗੇ ਨਾਲ ਸ਼ੇਰ ਦੇ ਦ ਬੱਚੇ ਮਾਰ ਦਿਤੇ। ੧੪। ਜਦੋਂ ਕਿ ਖੂਨੀ ਸ਼ੇਰ ਅਜੇ ਤਕ ਜੀਉਂਦਾ ਹੈ, ਉਹ ਤੇਰੇ ਪਾਸੋਂ ਬਦਲਾ ਲਏਗਾ। ੧੫। ਮੈਂ ਮੁੜ ਤੇਰੀ ਖੁਦਾ (ਦੀ ਕਸਮ) ਤੇ ਕੋਈ ਯਕੀਨ ਨਹੀਂ ਰਖਾਂਗਾ ਕਿਉਂਕਿ ਮੈਂ ਇਸ ਨੂੰ ਵੇਖ ਲਿਆ ਹੈ। ੧੬। ਤੇਰੀ ਸਹੁੰ ਉਤੇ ਮੈਨੂੰ ਰਤਾ ਯਕੀਨ ਨਹੀਂ ਰਿਹਾ, ਹੁਣ ਮੈਨੂੰ ਤੇਗ ਫੜਨ ਬਿਨਾ ਕੋਈ ਚਾਰਾ ਨਹੀਂ। ੧੭। ਜੇ ਤੂੰ ਹੀ ਬੜਾ ਚਾਲਾਕ ਬਘਿਆੜ ਨਿਕਲਿਆ ਹੈਂ, ਮੈਂ ਭੀ (ਤੇਰੇ ਟਾਕਰੇ ਤੇ) ਪਿੰਜਰੇ ਚੋਂ ਇਕ ਸ਼ੇਰ (ਖਾਲਸਾ) ਛਡਾਂਗਾ।੧੮। ਜੇ ਫਿਰ ਮੇਰੇ ਨਾਲ ਤੇਰੀ ਗੱਲ ਬਾਤ ਹੋਈ, ਮੈਂ ਤੈਨੂੰ ਠੀਕ ਰਾਹ ਦਿਖਾਵਾਂਗਾ। ੧੯। ਮੈਦਾਨ ਵਿਚ ਦੋ ਫੌਜਾਂ ਕਤਾਰ ਬੰਨ੍ਹ ਲੈਣ, ਛੇਤੀ ਹੀ ਆਪਸ ਵਿਚ ਸਨਮੁਖ ਹੋ ਜਾਣ।੨੦। ਦੋਹਾਂ ਦੇ ਵਿਚਕਾਰ ਦੋ ਫਰਸੰਗ ਦੀ ਵਿਥ ਰਹੇ। ੨੧। ਇਸ ਤੋਂ ਬਾਦ ਉਸ ਮੈਦਾਨਿ ਜੰਗ ਵਿਚ ਮੈਂ ਇਕੱਲਾ ਆਵਾਂਗਾ ਤੇ ਤੂੰ ਦੋ ਘੋੜ-ਚੜ੍ਹੇ ਨਾਲ ਲੈ ਕੇ ਆਵੀਂ। ੨੨। ਤੂੰ ਲੋਕ ਪਿਓਰ ਤੇ ਐਸ਼ ਆਰਾਮ ਦੇ ਮੇਵੇ ਤਾਂ ਖਾਧੇ ਹਨ, ਪਰ ਤੂੰ ਜੋਧੇ ਬੀਰਾਂ ਦੇ ਹੱਥ ਨਹੀਂ ਵੇਖੇ। ੨੩। ਤੂੰ ਆਪ ਖੁਦ ਤਲਵਾਰ ਤੇ ਛਵੀ ਲੈ ਕੇ ਮੈਦਾਨ ਵਿਚ ਆ, ਖੁਦਾ ਦੀ ਖਲਕਤ ਨੂੰ ਨਾਂ ਮਰਵਾ। ੨੪।